Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English



Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
For the Best advice for BUYING-SELLING-RENTING
Ben Singh Bashal (Realtor/Broker) Kamaljeet Kaur (Realtor/Broker)
Ph: 317-809-1818 Ph: 317-909-9295
midlandrealtygroup@yahoo.com kahlonkamaljeet@gmail.com
Midland Realty Group-Company You Trust

Kamaljeet Kaur
Mortgage rates available from 2.1% to 3%



Twenty-Second Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 22, Issue 47, November 20, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਕਰਤਾਰਪੁਰ ਸਾਹਿਬ ਲਾਂਘਾ ਮੁੜ ਖੁੱਲ੍ਹਿਆ

## ਪ੍ਰਕਾਸ਼ ਪੁਰਬ ਮੌਕੇ ਵੱਖ-ਵੱਖ ਧਿਰਾਂ ਸਿਆਸੀ ਲਾਹਾ ਲੈਣ ਲਈ ਪੱਬਾਂ ਭਾਰ

**ਚੰਡੀਗੜ੍ਹ:** ਮੋਦੀ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਭਾਈਚਾਰੇ ਨੂੰ ਵੱਡੀ ਸੌਗਾਤ ਦਿੱਤੀ ਹੈ। ਸਰਕਾਰ ਨੇ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹ ਦਿੱਤਾ ਹੈ। ਇਹ ਲਾਂਘਾ ਗੁਰਦੁਆਰਾ ਕਰਤਾਰਪੁਰ ਸਾਹਿਬ ਨਾਲ ਜੁੜਦਾ ਹੈ ਜਿਥੇ ਗੁਰੂ ਨਾਨਕ ਨੇ ਆਪਣੇ ਆਖਰੀ ਵਰ੍ਹੇ ਕਿਰਤ ਕਰਦਿਆਂ ਬਿਤਾਏ ਸਨ ਪਰ ਕੋਵਿਡ-19 ਮਹਾਮਾਰੀ ਕਾਰਨ ਇਸ ਲਾਂਘੇ ਰਾਹੀਂ ਸ਼ਰਧਾਲੂਆਂ ਦੀ ਆਵਾਜਾਈ ਮਾਰਚ 2020 ਵਿਚ ਰੋਕ ਦਿੱਤੀ ਗਈ ਸੀ। ਇਸ ਤੋਂ ਬਾਅਦ ਪੁਰਜ਼ੋਰ ਮੰਗ ਦੇ ਬਾਵਜੂਦ ਇਹ ਯਾਤਰਾ ਮੁੜ ਸ਼ੁਰੂ ਨਹੀਂ ਹੋ ਸਕੀ ਸੀ।

ਲਾਂਘਾ ਖੁੱਲ੍ਹਣ ਨਾਲ ਜਿਥੇ ਸਿੱਖ ਸੰਗਤ ਵਿਚ ਖੁਸ਼ੀ ਦੀ ਲਹਿਰ ਹੈ, ਉਸੇ ਸਿਆਸੀ ਧਿਰਾਂ ਸਿੱਖਾਂ ਨੂੰ ਦਿੱਤੀ ਇਸ ਸੌਗਾਤ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਭੱਜ-ਨੱਠ ਕਰਨ ਲੱਗੀਆਂ ਹਨ। ਪੰਜਾਬ ਭਾਜਪਾ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਲੈ ਕੇ ਅਕਾਲੀ ਦਲ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੀਤੇ ਸਮੇਂ ਵਿਚ ਕੇਂਦਰ ਸਰਕਾਰ ਨੂੰ ਲਾਂਘਾ ਖੋਲ੍ਹਣ ਲਈ ਕੀਤੀਆਂ ਆਪਣੀਆਂ ਅਪੀਲਾਂ ਦਾ ਹਵਾਲਾ ਦਿੱਤਾ ਜਾ ਰਿਹਾ ਹੈ।



ਉਧਰ, ਭਾਜਪਾ ਵੱਲੋਂ ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਮੋਦੀ ਸਰਕਾਰ ਦੀ ਗੁਰੂ ਨਾਨਕ ਦੇਵ ਜੀ ਤੇ ਸਿੱਖ ਭਾਈਚਾਰੇ ਪ੍ਰਤੀ ਅਥਾਹ ਸ਼ਰਧਾ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਯਾਦ ਰਹੇ ਕਿ ਕੇਂਦਰ ਸਰਕਾਰ ਦੇ ਇਸ ਐਲਾਨ ਤੋਂ ਇਕ ਦਿਨ ਪਹਿਲਾਂ ਪੰਜਾਬ ਭਾਜਪਾ ਦੀ ਲੀਡਰਸ਼ਿਪ ਦੀਆਂ ਸਰਗਰਮੀਆਂ ਤੋਂ ਤੈਅ ਹੋ ਗਿਆ ਸੀ ਕਿ ਸਿੱਖ ਸੰਗਤ ਲਈ ਵੱਡੀ ਖੁਸ਼ਖ਼ਬਰੀ ਆਉਣ ਵਾਲੀ ਹੈ। ਪੰਜਾਬ ਤੋਂ ਭਾਜਪਾ ਆਗੂਆਂ ਦਾ ਵੱਡਾ ਵਫ਼ਦ ਲਗਾਤਾਰ ਦੋ ਦਿਨ ਰਾਸ਼ਟਰਪਤੀ ਤੋਂ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤਾਂ ਕਰਦਾ ਰਿਹਾ ਹੈ।

ਇਨ੍ਹਾਂ ਮੁਲਾਕਾਤਾਂ ਤੋਂ ਸਪਸ਼ਟ ਸੀ ਕਿ ਸਰਕਾਰ ਨੇ ਇਹ ਲਾਂਘਾ ਖੋਲ੍ਹਣ ਦਾ ਫੈਸਲਾ ਕਰ ਲਿਆ ਹੈ ਪਰ ਉਹ ਇਸ ਦਾ ਸਿਹਰਾ ਕਿਸੇ ਹੋਰ ਧਿਰ ਨੂੰ ਦੇਣ ਲਈ ਤਿਆਰ ਨਹੀਂ। ਪੰਜਾਬ ਦੇ ਭਾਜਪਾ ਆਗੂਆਂ ਦਾ ਵਫ਼ਦ ਨਵੀਂ ਦਿੱਲੀ ਜਾ ਕੇ ਉਚੇਚਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਿਆ ਹੈ ਅਤੇ ਮੰਗ ਕੀਤੀ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੋਂ ਪਹਿਲਾਂ ਪਹਿਲਾਂ ਕਰਤਾਰਪੁਰ ਲਾਂਘਾ ਮੁੜ ਖੋਲ੍ਹਿਆ ਜਾਵੇ। ਇਹ ਲਾਂਘਾ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਦੋ ਸਾਲ ਪਹਿਲਾਂ ਨਵੰਬਰ 2019 ਨੂੰ ਖੋਲ੍ਹਿਆ ਗਿਆ ਸੀ।

ਸ਼ਰਧਾਲੂ ਇਹ ਲਾਂਘਾ ਖੋਲ੍ਹਣ ਦੀ ਮੰਗ ਚਿਰਾਂ ਤੋਂ ਕਰ ਰਹੇ ਸਨ ਪਰ 2018 ਵਿਚ ਪੰਜਾਬ ਦੇ ਤਤਕਾਲੀ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨ ਫੇਰੀ ਦੌਰਾਨ ਇਹ ਮਾਮਲਾ ਉੱਭਰਿਆ। ਇਸ ਫੇਰੀ ਤੋਂ ਬਾਅਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅਚਾਨਕ ਲਾਂਘੇ ਦੇ ਨੀਂਹ ਪੱਥਰ ਦੀ ਤਰੀਕ ਐਲਾਨ ਦਿੱਤੀ। ਉਸ ਸਮੇਂ ਲੋਕ ਸਭਾ ਚੋਣਾਂ ਸਿਰ ਉਤੇ ਸਨ ਤੇ ਅਣਸਰਦੇ ਨੂੰ ਭਾਰਤ ਸਰਕਾਰ ਨੇ ਵੀ ਨੀਂਹ ਪੱਥਰ ਦੀ ਤਰੀਕ ਐਲਾਨ ਦਿੱਤੀ।

ਉਦਘਾਟਨ ਤੋਂ ਲੈ ਕੇ ਲਾਂਘਾ ਤਿਆਰ ਹੋਣ ਤੱਕ ਭਾਜਪਾ ਆਗੂਆਂ, ਇਥੋਂ ਤੱਕ ਕੇ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਹੱਦ ਪਾਰੋਂ ਅਤਿਵਾਦ ਆਉਣ ਦਾ ਰੌਲਾ ਪਾਈ ਰੱਖਿਆ। ਲਾਂਘਾ ਖੁੱਲ੍ਹਣ ਤੋਂ ਬਾਅਦ ਵੀ ਭਾਰਤ ਸਰਕਾਰ ਦੇ ਸਖਤ ਨਿਯਮ ਸ਼ਰਧਾਲੂਆਂ ਦਾ ਰਾਹ ਰੋਕਦੇ ਰਹੇ। ਇਸ ਤੋਂ ਬਾਅਦ ਕਰੋਨਾ ਮਹਾਮਾਰੀ ਦੇ ਡਰ ਕਾਰਨ ਲਾਂਘਾ ਬੰਦ ਕਰ ਦਿੱਤਾ ਗਿਆ। ਭਾਵੇਂ ਮਹਾਮਾਰੀ ਦਾ ਕਹਿਰ ਘਟਦੇ ਹੀ ਪਾਕਿਸਤਾਨ ਨੇ ਮੁੜ ਲਾਂਘਾ ਖੋਲ੍ਹਣ ਦਾ ਐਲਾਨ ਕਰ ਦਿੱਤਾ ਪਰ ਭਾਰਤ ਵਾਲੇ ਪਾਸਿਉਂ ਹਾਂਪੱਖੀ ਹੁੰਗਾਰੇ ਦਾ ਉਡੀਕ ਲੰਮੀ ਹੋ ਗਈ।

ਪਿਛਲੇ ਸਾਲ ਗੁਰਪੁਰਬ ਉਤੇ ਵੀ ਇਹ ਮੰਗ ਜ਼ੋਰ ਸ਼ੋਰ ਨਾਲ ਉਠੀ ਸੀ ਪਰ ਮੋਦੀ ਸਰਕਾਰ ਨੇ ਕਰੋਨਾ ਦਾ ਬਹਾਨਾ ਬਣਾਈ ਰੱਖਿਆ। ਹੁਣ ਅਚਾਨਕ ਕੇਂਦਰ ਸਰਕਾਰ ਦੀ ਇਸ ਸੌਗਾਤ ਨੂੰ ਅਗਲੇ ਵਰ੍ਹੇ ਪੰਜ ਸੂਬਿਆਂ ਵਿਚ ਹੋਣ ਵਾਲੀਆਂ ਚੋਣਾਂ ਦਾ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਇਸ ਸਮੇਂ ਕੇਂਦਰ ਵਿਚ ਸੱਤਾਧਾਰੀ ਭਾਜਪਾ ਕਿਸਾਨ ਅੰਦੋਲਨ ਕਾਰਨ ਕਸੂਤੀ ਫਸੀ ਹੋਈ ਹੈ। ਇਸ ਨੂੰ ਪੰਜਾਬ ਦੀ ਸਿਆਸਤ ਵਿਚ ਸਰਗਰਮੀ ਲਈ ਤਰ੍ਹਾਂ ਤਰ੍ਹਾਂ ਦੇ ਪਾਪੜ ਵੇਲਣੇ ਪੈ ਰਹੇ ਹਨ ਪਰ ਇਸ ਦੇ ਪੈਰ ਫਿਰ ਵੀ ਨਹੀਂ ਲੱਗ ਰਹੇ।

ਅਗਲਾ ਵਰ੍ਹਾ ਚੜ੍ਹਦੇ ਹੀ ਉਤਰ ਪ੍ਰਦੇਸ਼, ਪੰਜਾਬ, ਉਤਰਾਖੰਡ, ਮਨੀਪੁਰ ਤੇ ਗੋਆ ਵਿਚ ਵਿਧਾਨ ਸਭਾ ਚੋਣਾਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਕੇਂਦਰ ਵਿਚ ਸੱਤਾ ਸਾਂਭੀ ਬੈਠੀ ਭਾਜਪਾ ਲਈ ਇਹ ਚੋਣਾਂ ਵੱਡੀ ਚੁਣੌਤੀ ਹਨ। ਕਿਸਾਨ ਅੰਦੋਲਨ, ਮਹਿੰਗਾਈ, ਬੇਰੁਜ਼ਗਾਰੀ, ਕਰੋਨਾ ਖਿਲਾਫ ਜੰਗ ਵਿਚ ਨਾਕਾਮੀਆਂ ਇਸ ਭਗਵਾ ਧਿਰ ਲਈ ਚੁਣੌਤੀ ਬਣੀਆਂ ਹੋਈਆਂ ਹਨ।

ਖਾਸਕਰ ਕਿਸਾਨ ਅੰਦੋਲਨ ਨੇ ਭਾਜਪਾ ਨੂੰ ਸੋਚੀਂ ਪਾਇਆ ਹੋਇਆ ਹੈ। ਪੰਜਾਬ ਵਿਚ ਭਾਜਪਾ ਆਗੂਆਂ ਨੂੰ ਘਰੋਂ ਬਾਹਰ ਨਹੀਂ ਨਿਕਲਣ ਦਿੱਤਾ ਜਾ ਰਿਹਾ। ਪੰਜਾਬ ਤੋਂ ਬਾਅਦ ਉਤਰ ਪ੍ਰਦੇਸ਼ ਵਿਚ ਸਿੱਖ ਭਾਈਚਾਰੇ ਦੀ ਵੱਡੀ ਗਿਣਤੀ ਹੈ। ਪਿਛਲੇ ਦਿਨੀਂ ਭਾਜਪਾ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿਚ ਵੀ ਮੋਦੀ ਦੀਆਂ ਸਿੱਖਾਂ ਲਈ 'ਕੁਰਬਾਨੀਆਂ' ਦਾ ਉਚੇਚੇ ਤੌਰ ਉਤੇ ਜ਼ਿਕਰ ਕੀਤਾ ਗਿਆ ਸੀ। ਇਸ ਤੋਂ ਇਲਾਵਾ ਮੋਦੀ ਵੱਲੋਂ ਸਿੱਖ ਭਾਈਚਾਰੇ ਲਈ ਕੀਤੇ ਕੰਮਾਂ ਬਾਰੇ ਇਕ ਕਿਤਾਬ

*(ਬਾਕੀ ਸਫਾ 6 'ਤੇ)*

### ਸਰਕਾਰ ਕੋਲ ਕੋਈ ਚਾਰਾ ਨਹੀਂ ਸੀ...

**ਚੰਡੀਗੜ੍ਹ:** ਸਿਆਸੀ ਮਾਹਰ ਦੱਸਦੇ ਹਨ ਕਿ ਕੇਂਦਰ ਦੀ ਭਾਜਪਾ ਸਰਕਾਰ ਕੋਲ ਕਿਸਾਨਾਂ ਅੱਗੇ ਝੁਕਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਪਰ ਉਹ ਇਨ੍ਹਾਂ ਜੁਗਤਾਂ ਵਿਚ ਉਲਝੀ ਹੋਈ ਹੈ ਕਿ ਨਰਿੰਦਰ ਮੋਦੀ ਦੇ 'ਮਜ਼ਬੂਤ ਪ੍ਰਧਾਨ ਮੰਤਰੀ' ਵਾਲੀ ਪੈਂਠ ਨੂੰ ਕੋਈ ਖੋਰਾ ਨਾ ਲੱਗੇ। ਇਸ ਸਮੇਂ ਭਾਰਤ ਤੋਂ ਇਲਾਵਾ ਕੌਮਾਂਤਰੀ ਪੱਧਰ ਉਤੇ ਭਾਜਪਾ ਦੇ ਮਾੜੇ ਫਿਰਕੂ ਇਰਾਦਿਆਂ ਦੀ ਚਰਚਾ ਹੋ ਰਹੀ ਹੈ। ਘੱਟ ਗਿਣਤੀਆਂ ਬਾਰੇ ਭਗਵਾ ਧਿਰ ਦੀਆਂ ਰਣਨੀਤੀਆਂ ਖਿਲਾਫ ਪੂਰੇ ਮੁਲਕ ਵਿਚ ਰੋਹ ਹੈ। ਚੋਣਾਂ ਨੇੜੇ ਮੋਦੀ ਸਰਕਾਰ ਦੀਆਂ ਘੱਟ ਗਿਣਤੀ ਭਾਈਚਾਰੇ ਨੂੰ 'ਸੌਗਾਤਾਂ' ਇਸ ਦਾ ਦਾਗ ਨੂੰ ਧੋਣ ਦੀ ਕਵਾਇਦ ਜਾਪ ਰਹੀ ਹੈ।



M Vivek Malik
Law Office of
M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ
ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com




ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

# ਪੰਜਾਬ ਸਰਕਾਰ ਨੇ ਬਿਜਲੀ ਸਮਝੌਤਿਆਂ ਦੀ ਥਾਂ ਦਰਾਂ ਰੱਦ ਕੀਤੀਆਂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਆਖਰੀ ਸੈਸ਼ਨ 'ਚ ਕਾਂਗਰਸ ਸਰਕਾਰ ਨੇ ਬੇਸ਼ੱਕ ਪ੍ਰਾਈਵੇਟ ਤਾਪ ਬਿਜਲੀ ਘਰਾਂ ਨਾਲ ਹੋਏ ਬਿਜਲੀ ਸਮਝੌਤੇ ਤਾਂ ਰੱਦ ਨਹੀਂ ਕੀਤੇ ਪਰ ਇਨ੍ਹਾਂ ਥਰਮਲਾਂ ਵੱਲੋਂ ਦਿੱਤੀ ਜਾਂਦੀ ਮਹਿੰਗੀ ਬਿਜਲੀ ਦੀਆਂ ਦਰਾਂ ਨੂੰ ਰੱਦ ਕਰ ਦਿੱਤਾ ਹੈ।

ਸਦਨ 'ਚ 'ਦਿ ਪੰਜਾਬ ਐਨਰਜੀ ਸਕਿਉਰਿਟੀ, ਰਿਫਾਰਮ, ਟਰਮੀਨੇਸ਼ਨ ਐਂਡ ਰੀ-ਡੀਟਰਮੀਨੇਸ਼ਨ ਆਫ ਟੈਰਿਫ ਬਿੱਲ-2021' ਪਾਸ ਕਰ ਦਿੱਤਾ ਹੈ। ਮੌਜੂਦਾ ਕਾਂਗਰਸ ਸਰਕਾਰ ਦੇ ਕਾਰਜਕਾਲ ਦਾ ਇਹ ਵਿਧਾਨ ਸਭਾ ਦਾ ਆਖਰੀ ਸੈਸ਼ਨ ਸੀ ਜਿਸ ਵਿਚ ਬਿਜਲੀ ਸਮਝੌਤਿਆਂ ਬਾਰੇ ਅਹਿਮ ਐਲਾਨ ਕੀਤੇ ਗਏ ਹਨ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਬਤੌਰ ਸਦਨ ਦੇ ਨੇਤਾ ਇਹ ਪਹਿਲਾ ਅਤੇ ਮੌਜੂਦਾ ਕਾਰਜਕਾਲ ਦਾ ਆਖਰੀ ਸੈਸ਼ਨ ਸੀ। ਬਿਜਲੀ ਦਰਾਂ ਖਾਰਜ ਕਰਨ ਲਈ ਬਿੱਲ ਸਦਨ ਵਿਚ ਪੇਸ਼ ਕੀਤਾ ਗਿਆ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮੌਜੂਦ ਨਹੀਂ ਸਨ। ਉਨ੍ਹਾਂ ਦੇ ਸਦਨ 'ਚ ਦਾਖਲੇ 'ਤੇ ਸਪੀਕਰ ਨੇ ਪਹਿਲਾਂ ਹੀ ਪਾਬੰਦੀ ਲਗਾਈ ਹੋਈ ਸੀ। ਪੰਜਾਬ ਵਿਧਾਨ ਸਭਾ 'ਚ ਇਹ ਪਾਸ ਬਿੱਲ ਦੇ ਕਾਨੂੰਨ ਬਣਨ ਮਗਰੋਂ ਪ੍ਰਾਈਵੇਟ ਤਾਪ ਬਿਜਲੀ ਘਰਾਂ, ਸੋਲਰ ਅਤੇ ਬਾਇਓਮਾਸ ਪਲਾਂਟਾਂ ਤੋਂ ਬਿਜਲੀ ਲੈਣ ਲਈ ਮੌਜੂਦਾ ਦਰਾਂ ਖਾਰਜ ਹੋ ਜਾਣਗੀਆਂ ਅਤੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਤਰਫੋਂ ਨਵੇਂ ਸਿਰੇ ਤੋਂ ਬਿਜਲੀ ਦਰਾਂ ਨਿਰਧਾਰਿਤ ਕੀਤੀਆਂ ਜਾਣਗੀਆਂ।



ਬਿੱਲ ਰਾਹੀਂ ਰੈਗੂਲੇਟਰੀ ਕਮਿਸ਼ਨ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਪ੍ਰਾਈਵੇਟ ਪਲਾਂਟਾਂ ਨਾਲ ਨਿਸ਼ਚਿਤ ਮੌਜੂਦਾ ਦਰਾਂ ਨੂੰ ਦੁਬਾਰਾ ਤੈਅ ਕਰੇ। ਜਿੰਨਾਂ ਸਮਾਂ ਪੱਕੇ ਤੌਰ 'ਤੇ ਦਰਾਂ ਤੈਅ ਨਹੀਂ ਹੋ ਜਾਂਦੀਆਂ, ਉੱਨਾ ਸਮਾਂ ਰੈਗੂਲੇਟਰੀ ਆਰਜ਼ੀ ਬਿਜਲੀ ਦਰਾਂ ਨਿਰਧਾਰਿਤ ਕਰੇਗਾ। ਸਦਨ ਵਿਚ ਬਿੱਲ 'ਤੇ ਬਹਿਸ ਦੌਰਾਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਗੱਠਜੋੜ ਸਰਕਾਰ ਵੱਲੋਂ ਕੀਤੇ ਮਹਿੰਗੇ ਬਿਜਲੀ ਸਮਝੌਤਿਆਂ ਕਾਰਨ ਖਜਾਨੇ ਨੂੰ 50 ਹਜ਼ਾਰ ਕਰੋੜ ਦਾ ਰਗੜਾ ਲੱਗਿਆ ਹੈ ਜਿਸ ਦੀ ਕੋਈ ਕਮਿਸ਼ਨ ਬਣਾ ਕੇ ਜਾਂਚ ਹੋਣੀ ਚਾਹੀਦੀ ਹੈ। ਵਿੱਤ ਮੰਤਰੀ ਨੇ ਇਨ੍ਹਾਂ ਸਮਝੌਤਿਆਂ ਦੀਆਂ ਗਲਤ ਮੱਦਾਂ ਬਾਰੇ ਵੀ ਚਾਣਨਾ ਪਾਇਆ।

ਕੈਬਨਿਟ ਮੰਤਰੀ ਪਰਗਟ ਸਿੰਘ ਨੇ ਵ੍ਹਾਈਟ ਪੇਪਰ 'ਤੇ ਕਿਹਾ ਕਿ ਪਛਵਾੜਾ ਕੋਲਾ ਖਾਣ ਦਾ ਕੋਲਾ ਵਰਤਣ ਦੀ ਥਾਂ ਵਿਦੇਸ਼ੀ ਕੋਲਾ ਵਰਤਿਆ ਗਿਆ ਅਤੇ ਇਨ੍ਹਾਂ ਬਿਜਲੀ ਸਮਝੌਤਿਆਂ ਕਰਕੇ ਪਬਲਿਕ ਸੈਕਟਰ ਦੇ ਥਰਮਲਾਂ ਨੂੰ ਵੀ ਢਾਹ ਲੱਗੀ ਹੈ। 'ਆਪ' ਦੇ ਅਮਨ ਅਰੋੜਾ ਨੇ ਸੁਆਲ ਕੀਤਾ ਕਿ ਜੇਕਰ ਬਿਜਲੀ ਸਮਝੌਤੇ ਰੱਦ ਕੀਤੇ ਜਾਂਦੇ ਹਨ ਤਾਂ ਪੰਜ ਹਜ਼ਾਰ ਮੈਗਾਵਾਟ ਦਾ ਖੱਪਾ ਕਿਵੇਂ ਪੂਰਿਆ ਜਾਵੇਗਾ ਤਾਂ ਉਦੋਂ ਹੀ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਸਪਸ਼ਟ ਕੀਤਾ ਕਿ ਬਿਜਲੀ ਸਮਝੌਤੇ ਰੱਦ ਨਹੀਂ ਕੀਤੇ ਜਾ ਰਹੇ ਹਨ ਬਲਕਿ ਬਿਜਲੀ ਦਰਾਂ ਬਾਰੇ ਮੁੜ ਗੱਲਬਾਤ ਕੀਤੀ ਜਾ ਰਹੀ ਹੈ। ਨਵਜੋਤ ਸਿੱਧੂ ਨੇ ਕਿਹਾ ਕਿ ਮੁੜ ਗੱਲਬਾਤ ਨਹੀਂ, ਟੈਰਿਫ ਰੱਦ ਕੀਤਾ ਜਾ ਰਿਹਾ ਹੈ। ਅਮਨ ਅਰੋੜਾ ਨੇ ਕਿਹਾ ਕਿ ਸਰਕਾਰ ਪਾਵਰ ਸੁਧਾਰਾਂ ਜਰੀਏ ਮੁੜ ਪਾਵਰ ਵਿਚ ਆਉਣ ਦੀ ਗੱਲ ਕਰ ਰਹੀ ਹੈ। ਜੋ ਸਮਝੌਤੇ ਰੱਦ ਵੀ ਹੋਏ ਹਨ, ਉਨ੍ਹਾਂ ਨੂੰ ਕੇਂਦਰੀ ਬਿਜਲੀ ਟ੍ਰਿਬਿਊਨਲ ਤੋਂ ਸਟੇਅ ਮਿਲ ਗਈ ਹੈ। ਨਵਜੋਤ ਸਿੱਧੂ ਨੇ ਬਹਿਸ ਮੌਕੇ ਨੁਕਤਾ ਉਠਾਇਆ ਕਿ ਪ੍ਰਾਈਵੇਟ ਥਰਮਲਾਂ ਲਈ ਜੋ ਪੰਜ ਹਜ਼ਾਰ ਏਕੜ ਜੋ ਜਮੀਨ ਲਈ ਗਈ, ਉਸ 'ਚ ਕਿਸਾਨਾਂ ਨਾਲ ਠੱਗੀ ਮਾਰੀ ਗਈ ਹੈ ਜਿਸ ਦੀ ਜਾਂਚ ਹੋਣੀ ਚਾਹੀਦੀ ਹੈ। ਉਦੋਂ ਦੀ ਸਰਕਾਰ ਨੇ ਜਾਣਬੁੱਝ ਕੇ ਕੰਪਨੀਆਂ ਨੂੰ ਸਸਤੀ ਜਮੀਨ ਲੈ ਕੇ ਦਿੱਤੀ।

'ਆਪ' ਆਗੂ ਹਰਪਾਲ ਚੀਮਾ ਨੇ ਬਿਜਲੀ ਸਮਝੌਤਿਆਂ ਦੀ ਗੱਲ ਕਰਦਿਆਂ ਕਾਂਗਰਸੀ ਵਿਧਾਇਕਾਂ 'ਤੇ ਲੱਗੇ ਮਾਫੀਏ ਦੇ ਦੋਸ਼ਾਂ ਦੀ ਗੱਲ ਕਰ ਦਿੱਤੀ।

## ਬਿਜਲੀ ਸਮਝੌਤਿਆਂ ਬਾਰੇ ਵ੍ਹਾਈਟ ਪੇਪਰ ਜਾਰੀ

**ਚੰਡੀਗੜ੍ਹ:** ਕਾਂਗਰਸ ਸਰਕਾਰ ਵੱਲੋਂ ਜਾਰੀ ਵ੍ਹਾਈਟ ਪੇਪਰ ਵਿਚ ਗੱਲ ਸਾਹਮਣੇ ਆਈ ਹੈ ਕਿ ਪ੍ਰਾਈਵੇਟ ਥਰਮਲ ਵੱਧ ਸਮਰੱਥਾ ਦੇ ਲਾਏ ਗਏ ਹਨ ਅਤੇ 5350 ਮੈਗਾਵਾਟ ਦੇ ਹਾਲੇ ਹੋਰ ਲਾਏ ਜਾਣ ਦੀ ਵਿਉਂਤ ਸੀ। ਸਮਝੌਤਿਆਂ ਵਿਚ ਥਰਮਲਾਂ ਨੂੰ ਦਿੱਤੇ ਜਾਣ ਵਾਲੇ ਕੋਲੇ ਦੀ ਗੁਣਵੱਤਾ ਵਧੇਰੇ ਚੰਗੇਰੀ ਦਿਖਾ ਕੇ ਬਿਜਲੀ ਦਰਾਂ ਨੂੰ ਘੱਟ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਜਦਕਿ ਇਹ ਸੱਚ ਨਹੀਂ ਸੀ। ਬਿਜਲੀ ਸਮਝੌਤਿਆਂ ਵਿਚ ਸਰਕਾਰ ਪੱਖੀ ਜਾਂ ਸਮਝੌਤਾ ਤੋੜਨ ਲਈ ਕਿਸੇ ਮਦ ਨੂੰ ਸ਼ਾਮਲ ਨਹੀਂ ਕੀਤਾ ਗਿਆ। ਤੱਥ ਵੀ ਇਹ ਕੱਢੇ ਗਏ ਹਨ ਕਿ ਤਲਵੰਡੀ ਸਾਬੋ ਥਰਮਲ ਤੋਂ 952 ਕਰੋੜ ਦੇ ਜਰਮਾਨੇ ਵੀ ਵਸੂਲੇ ਨਹੀਂ ਗਏ ਹਨ।

## ਬਿਜਲੀ ਸਮਝੌਤਿਆਂ ਦੀ ਵਿਜੀਲੈਂਸ ਜਾਂਚ ਹੋਵੇਗੀ: ਚੰਨੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਐਲਾਨ ਕੀਤਾ ਕਿ ਗੱਠਜੋੜ ਸਰਕਾਰ ਦੌਰਾਨ ਹੋਏ ਬਿਜਲੀ ਖਰੀਦ ਸਮਝੌਤਿਆਂ, ਭ੍ਰਿਸ਼ਟਾਚਾਰ ਅਤੇ ਹੋਰ ਬੇਨੇਮੀਆਂ ਦੀ ਛੇਤੀ ਹੀ ਵਿਜੀਲੈਂਸ ਤੋਂ ਜਾਂਚ ਕਰਵਾਈ ਜਾਵੇਗੀ ਜਿਸ ਵਿਚ ਲੁੱਟ ਕਰਨ ਵਾਲੇ ਲੋਕਾਂ ਦੀ ਜਿੰਮੇਵਾਰੀ ਤੈਅ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਉਨ੍ਹਾਂ ਸਾਰੇ ਬੇਈਮਾਨ ਆਗੂਆਂ ਖਿਲਾਫ ਕਾਰਵਾਈ ਹੋਵੇਗੀ ਜਿਨ੍ਹਾਂ ਰੇਤਾ, ਟਰਾਂਸਪੋਰਟ ਅਤੇ ਨਸ਼ਿਆਂ ਦੇ ਵੱਖੋ-ਵੱਖ ਮਾਫੀਆ ਰਾਹੀਂ ਜੇਬਾਂ ਭਰੀਆਂ।

# ਪਹਿਲੀ ਤੋਂ ਦਸਵੀਂ ਕਲਾਸ ਤੱਕ ਦੇ ਸਾਰੇ ਵਿਦਿਆਰਥੀਆਂ ਲਈ ਪੰਜਾਬੀ ਲਾਜ਼ਮੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿਚ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਬਾਰੇ ਮੰਤਰੀ ਪਰਗਟ ਸਿੰਘ ਨੇ ਪੰਜਾਬੀ ਭਾਸ਼ਾ ਨਾਲ ਸਬੰਧਤ ਦੋ ਅਹਿਮ ਬਿੱਲ 'ਪੰਜਾਬੀ ਤੇ ਹੋਰ ਭਾਸ਼ਾਵਾਂ ਸਿੱਖਿਆ (ਸੋਧ) ਬਿੱਲ, 2021' ਅਤੇ 'ਪੰਜਾਬ ਰਾਜ ਭਾਸ਼ਾ (ਸੋਧ) ਬਿੱਲ-2021' ਪੇਸ਼ ਕੀਤੇ ਜੋ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ। ਸੂਬਾ ਭਰ ਦੇ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਕਲਾਸ ਤੱਕ ਦੇ ਸਾਰੇ ਵਿਦਿਆਰਥੀਆਂ ਲਈ ਪੰਜਾਬੀ ਲਾਜ਼ਮੀ ਵਿਸੇ ਵਜੋਂ ਸਖਤੀ ਨਾਲ ਲਾਗੂ ਕਰਨ ਲਈ ਬਿੱਲ ਪਾਸ ਕੀਤਾ ਗਿਆ।



ਚੀਫ ਖਾਲਸਾ ਦੀਵਾਨ ਨੇ ਪੰਜਾਬ ਵਿਧਾਨ ਸਭਾ ਵਿਚ ਪੰਜਾਬੀ ਭਾਸ਼ਾ ਦੇ ਹੱਕਾਂ ਤੇ ਹਿੱਤਾਂ ਦੀ ਰਾਖੀ ਲਈ ਦੋ ਅਹਿਮ ਬਿੱਲ ਪਾਸ ਹੋਣ 'ਤੇ ਖੁਸ਼ੀ ਪ੍ਰਗਟਾਈ ਹੈ। ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਅਤੇ ਆਨਰੇਰੀ ਸਕੱਤਰ ਸ਼ਵਿੰਦਰ ਸਿੰਘ ਕੱਥੂਨੰਗਲ ਨੇ ਪੰਜਾਬੀ ਭਾਸ਼ਾ ਦੇ ਹੱਕਾਂ, ਹਿੱਤਾਂ ਅਤੇ ਵਿਕਾਸ ਲਈ ਪੇਸ਼ ਕੀਤੇ ਗਏ ਬਿੱਲਾਂ ਨੂੰ ਸਰਕਾਰ ਵੱਲੋਂ ਕਾਨੂੰਨੀ ਰੂਪ ਦੇਣ ਦੀ ਠੋਸ ਅਤੇ ਸਾਰਥਕ ਕਾਰਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚੇ ਜਿੰਨਾ ਸਹਿਜ ਅਤੇ ਸਰਲ ਗਿਆਨ ਆਪਣੀ ਮਾਂ ਬੋਲੀ ਰਾਹੀਂ ਪ੍ਰਾਪਤ ਕਰਦੇ ਹਨ, ਕਿਸੇ ਹੋਰ ਭਾਸ਼ਾ ਵਿਚ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਮਾਨਸਿਕਤਾ ਨੂੰ ਮਾਂ ਬੋਲੀ ਰਾਹੀਂ ਹੀ ਪ੍ਰਫੁਲਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਦਫਤਰਾਂ ਵਿਚ ਪੰਜਾਬੀ ਭਾਸ਼ਾ ਪ੍ਰਤੀ ਕਾਨੂੰਨਾਂ ਦੀ ਕੀਤੀ ਗਈ ਅਮਲਦਾਰੀ ਸੂਬੇ ਵਿਚ ਮਾਤ ਭਾਸ਼ਾ ਪੰਜਾਬੀ ਦਾ ਸਤਿਕਾਰ ਅਤੇ ਮਾਣ ਹੋਰ ਵੀ ਵਧਾਏਗੀ।

## ਐਸ.ਐਫ.ਜੇ. ਨੂੰ ਅਤਿਵਾਦੀ ਸੰਗਠਨ ਐਲਾਨਣ ਦੀ ਮੰਗ

**ਨਵੀਂ ਦਿੱਲੀ:** ਐਨ.ਆਈ.ਏ. ਨੇ ਕੈਨੇਡੀਅਨ ਅਥਾਰਟੀ ਨੂੰ ਅਪੀਲ ਕੀਤੀ ਹੈ ਕਿ ਉਹ ਅਮਰੀਕਾ ਆਧਾਰਤ ਸਿੱਖ ਫਾਰ ਜਸਟਿਸ (ਐਸ.ਐਫ.ਜੇ.) ਨੂੰ ਅਤਿਵਾਦੀ ਸੰਗਠਨ ਐਲਾਨੇ। ਸੂਤਰਾਂ ਅਨੁਸਾਰ ਇਸ ਸਬੰਧੀ ਰਸਮੀ ਅਪੀਲ ਭਾਰਤ ਸਰਕਾਰ ਵੱਲੋਂ ਕੀਤੀ ਗਈ ਹੈ।

ਹਾਲ ਹੀ ਵਿਚ ਐਨ.ਆਈ.ਏ. ਦੀ ਇਕ ਟੀਮ ਕੈਨੇਡਾ ਗਈ ਸੀ। ਟੀਮ ਨੇ ਉਥੋਂ ਦੇ ਅਧਿਕਾਰੀਆਂ ਨੂੰ ਮਿਲ ਕੇ ਉਨ੍ਹਾਂ ਨੂੰ ਆਪਸੀ ਕਾਨੂੰਨੀ ਸਹਿਯੋਗ ਸਮਝੌਤੇ ਤਹਿਤ ਭਾਰਤ ਵੱਲੋਂ ਕੀਤੀਆਂ ਅਪੀਲਾਂ 'ਤੇ ਫੌਰੀ ਕਾਰਵਾਈ ਲਈ ਕਿਹਾ ਸੀ। ਕਾਬਲੇਗੌਰ ਹੈ ਕਿ ਆਈ.ਜੀ. ਪੱਧਰ ਦੇ ਅਧਿਕਾਰੀ ਦੀ ਅਗਵਾਈ ਹੇਠ ਐਨ.ਆਈ.ਏ. ਦੀ ਟੀਮ 5 ਨਵੰਬਰ ਨੂੰ ਐਸ.ਐਫ.ਜੇ. ਵਰਗੀਆਂ ਸੰਸਥਾਵਾਂ ਵੱਲੋਂ ਖਾਲਿਸਤਾਨ ਬਣਾਉਣ ਲਈ ਇਕੱਠੇ ਕੀਤੇ ਜਾ ਰਹੇ ਫੰਡ ਦੇ ਸਰੋਤਾਂ ਦਾ ਪਤਾ ਲਗਾਉਣ ਲਈ ਕੈਨੇਡਾ ਗਈ ਸੀ।

ਤੰਦੂਰੀਏ ਅਤੇ ਕੁੱਕ ਦੀ ਲੋੜ ਹੈ

ਸੇਨ ਅੰਤੋਨੀਓ (ਟੈਕਸਾਸ) ਸਥਿਤ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਕੁੱਕ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਰਜਿੰਦਰ ਸਿੰਘ ਸੰਘੇੜਾ

ਕਾਲ ਕਰੋ ਜਾਂ ਟੈਕਸਟ ਕਰੋ:

ਫੋਨ: 210-834-2469

# ਕਾਂਗਰਸ ਵੱਲੋਂ ਰਿਆਇਤਾਂ ਦੇ ਗੱਫਿਆਂ ਨਾਲ ਮੇਲਾ ਲੁੱਟਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੀ ਕਾਂਗਰਸ ਸਰਕਾਰ ਕੋਲ ਤਿੰਨ ਕੁ ਮਹੀਨੇ ਦਾ ਸਮਾਂ ਹੀ ਬਾਕੀ ਬਚਿਆ ਹੈ। ਇਸੇ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਧੜਾਧੜ ਐਲਾਨ ਕਰ ਰਹੇ ਹਨ। ਬਿਜਲੀ ਸਸਤੀ ਕਰਨ ਦੇ ਨਾਲ-ਨਾਲ ਹਰ ਵਰਗ ਨੂੰ ਖੁਸ਼ ਕਰਨ ਲਈ ਉਹ ਅਨੇਕ ਤਰ੍ਹਾਂ ਦੀਆਂ ਰਿਆਇਤਾਂ ਦੇਣ ਦੇ ਵੀ ਫੈਸਲੇ ਕਰ ਰਹੇ ਹਨ। ਪਹਿਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ ਵਿਚ ਉਹ ਬੇਹੱਦ ਸਰਗਰਮ ਹੋਏ ਦਿਖਾਈ ਦੇ ਰਹੇ ਹਨ। ਇਸ ਨਾਲ ਬਚਾਅ ਦੀ ਸਥਿਤੀ ਵਿਚ ਆਈ ਕਾਂਗਰਸ ਚੋਣਾਂ ਲਈ ਮੁੜ ਅੰਗੜਾਈ ਭਰਦੀ ਨਜ਼ਰ ਆ ਰਹੀ ਹੈ।

ਹੁਣ ਕਾਂਗਰਸੀ ਇਕ ਤਰ੍ਹਾਂ ਨਾਲ ਲੋਕ ਕਚਹਿਰੀ ਵਿਚ ਜਾਣ ਜੋਗੇ ਜ਼ਰੂਰ ਹੋ ਗਏ ਹਨ। ਜਿਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਦੇ ਨਾਂ ਉਤੇ ਇਹ ਸਰਕਾਰ ਹੋਂਦ ਵਿਚ ਆਈ ਸੀ, ਉਨ੍ਹਾਂ ਉਤੇ ਪਹਿਲਾਂ ਨਮੋਸ਼ੀ ਬਣੀ ਹੋਈ ਸੀ। ਕੁਝ ਮਹੀਨਿਆਂ ਦੇ ਅਰਸੇ ਵਿਚ ਇਨ੍ਹਾਂ ਨੂੰ ਪੂਰਾ ਕਰ ਸਕਣਾ ਵੀ ਸੰਭਵ ਨਹੀਂ ਸੀ, ਪਰ ਇਸ ਸਮੇਂ ਦੌਰਾਨ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਕਈ ਪੱਖਾਂ ਤੋਂ ਉਭਾਰ ਬਣਿਆ ਹੈ, ਜਿਸ ਨਾਲ ਕਾਂਗਰਸੀ ਸਫਾਂ ਨੇ ਅੰਗੜਾਈ ਭਰੀ ਹੈ।



ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫਾ ਦੇਣ ਤੋਂ ਪਹਿਲਾਂ ਵੀ ਪਾਰਟੀ ਅੰਦਰ ਅਨੇਕਾਂ ਤਰ੍ਹਾਂ ਦੇ ਵਿਵਾਦ ਪੈਦਾ ਹੋ ਗਏ ਸਨ। ਕਈ ਧੜੇਬੰਦੀਆਂ ਵੀ ਉੱਭਰੀਆਂ ਸਨ। ਇਸ ਸਭ ਕੁਝ ਤੋਂ ਉਪਰ ਵੱਡੇ-ਛੋਟੇ ਆਗੂਆਂ ਦੀ ਆਪਸ ਵਿਚ ਤਿੱਖੀ ਬਿਆਨਬਾਜ਼ੀ ਨੇ ਪਾਰਟੀ ਦੀ ਧਾਰ ਨੂੰ ਪੂਰੀ ਤਰ੍ਹਾਂ ਖੁੰਢਾ ਕਰ ਦਿੱਤਾ ਸੀ। ਜਿਸ ਤਰ੍ਹਾਂ ਦੀ ਨੀਵੇਂ ਪੱਧਰ ਦੀ ਬਿਆਨਬਾਜ਼ੀ ਪਾਰਟੀ ਦੇ ਸੂਬਾ ਪ੍ਰਧਾਨ ਥਾਪੇ ਗਏ ਨਵਜੋਤ ਸਿੰਘ ਸਿੱਧੂ ਉਸ ਸਮੇਂ ਮੁੱਖ ਮੰਤਰੀ ਬਾਰੇ ਕਰਦੇ ਰਹੇ ਅਤੇ ਜਿਸ ਤਰ੍ਹਾਂ ਦਾ ਜਵਾਬ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਨੂੰ ਦਿੰਦੇ ਰਹੇ, ਉਸ ਨੇ ਪਾਰਟੀ ਨੂੰ ਕੱਖੋਂ ਹੌਲੇ ਕਰਕੇ ਰੱਖ ਦਿੱਤਾ ਸੀ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪਾਰਟੀ ਅੰਦਰ ਇਕ-ਦੂਜੇ ਵਿਰੁੱਧ ਅਨੇਕਾਂ ਆਗੂਆਂ ਵਲੋਂ ਕੀਤੀ ਜਾਂਦੀ ਰਹੀ ਬਿਆਨਬਾਜ਼ੀ ਦਾ ਪਾਰਟੀ ਦੀ ਹਾਈਕਮਾਨ ਨੇ ਕੋਈ ਨੋਟਿਸ ਤੱਕ ਨਹੀਂ ਸੀ ਲਿਆ। ਇਸ ਤਰ੍ਹਾਂ ਲੱਗਦਾ ਸੀ ਕਿ ਕਾਂਗਰਸ ਅੰਦਰ ਜ਼ਾਬਤਾ ਨਾਂ ਦੀ ਕੋਈ ਚੀਜ਼ ਨਾ ਰਹੀ ਹੋਵੇ ਅਤੇ ਇਕ ਤਰ੍ਹਾਂ ਨਾਲ ਇਸ ਦਾ ਪੂਰਾ ਢਾਂਚਾ ਹੀ ਹਿੱਲ ਗਿਆ ਜਾਪਦਾ ਸੀ। ਗੱਲ ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫ਼ੇ ਉਤੇ ਹੀ ਖਤਮ ਨਹੀਂ ਹੋਈ, ਸਗੋਂ ਨਵਜੋਤ ਸਿੰਘ ਸਿੱਧੂ ਨੇ ਖੁੱਲ੍ਹੇ ਰੂਪ ਵਿਚ ਆਪਣੀ ਸਰਕਾਰ ਦੀਆਂ ਨੀਤੀਆਂ ਵਿਰੁੱਧ ਵੀ ਗੋਲੇ ਦਾਗ ਕੇ ਇਸ ਵਿਚ ਪੂਰੀ ਤਰ੍ਹਾਂ ਚਿੱਬ ਪਾ ਦਿੱਤੇ ਸਨ। ਚੰਨੀ ਸਰਕਾਰ ਦਾ ਹੁਣ ਤੱਕ ਦਾ ਬਹੁਤਾ ਸਮਾਂ ਆਪਣੇ ਆਪ ਨੂੰ ਇਸ ਗੋਲਾਬਾਰੀ ਤੋਂ ਬਚਾਉਣ ਵਿਚ ਹੀ ਲਗਦਾ ਰਿਹਾ ਹੈ। ਜਦੋਂ ਨਵਜੋਤ ਸਿੰਘ ਸਿੱਧੂ ਨੇ ਸ਼ਰੇਆਮ ਗੱਜ-ਵੱਜ ਕੇ ਆਪਣੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦਿੱਤਾ, ਉਸ ਸਮੇਂ ਇਹ ਹੀ ਲਗਦਾ ਸੀ ਕਿ ਅਜਿਹੀ ਅਨੁਸ਼ਾਸਨਹੀਣਤਾ ਲਈ ਉਸ ਦਾ ਅਸਤੀਫਾ ਹਾਈਕਮਾਨ ਵੱਲੋਂ ਪ੍ਰਵਾਨ ਕਰ ਲਿਆ ਜਾਏਗਾ। ਪਰ ਸ਼ਾਇਦ ਉੱਪਰਲੀ ਲੀਡਰਸ਼ਿਪ ਨੂੰ ਪੰਜਾਬ ਵਿਚ ਅਜਿਹਾ ਡਰਾਮਾ ਦੇਖਣ ਦੀ ਆਦਤ ਪੈ ਗਈ ਸੀ ਅਤੇ ਇਹ ਵੀ ਕਿ ਕਿਸੇ ਵੀ ਤਰ੍ਹਾਂ ਦੀ ਅਨੁਸ਼ਾਸਨਹੀਣਤਾ ਨੂੰ ਉਨ੍ਹਾਂ ਨੇ ਪਾਰਟੀ ਦੀ ਰਵਾਇਤ ਹੀ ਸਮਝਣਾ ਸ਼ੁਰੂ ਕਰ ਦਿੱਤਾ ਸੀ।

ਪਿਛਲੇ ਦਿਨੀਂ ਜਿਸ ਤਰ੍ਹਾਂ ਵੱਡੇ ਕਾਂਗਰਸੀ ਆਗੂ ਅਸ਼ਵਨੀ ਸੇਖੜੀ ਨੇ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਦੀ ਖੁੱਲ੍ਹੇਆਮ ਸਖ਼ਤ ਆਲੋਚਨਾ ਕੀਤੀ ਅਤੇ ਜਿਸ ਤਰ੍ਹਾਂ ਨਵਜੋਤ ਸਿੰਘ ਸਿੱਧੂ ਨੇ ਉਸ ਨੂੰ ਹੱਲਾਸ਼ੇਰੀ ਦਿੱਤੀ, ਉਸ ਨਾਲ ਕਾਂਗਰਸੀਆਂ ਦੇ ਗੁੱਥਮ-ਗੁੱਥਾ ਹੋਣ ਦਾ ਸਿਲਸਿਲਾ ਹੋਰ ਤੇਜ਼ ਹੋ ਗਿਆ ਹੈ। ਕਾਂਗਰਸੀ ਵਿਧਾਇਕ ਫ਼ਤਹਿਜੰਗ ਸਿੰਘ ਬਾਜਵਾ ਨੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਿਰੁੱਧ ਮੋਰਚਾ ਖੋਲ੍ਹ ਲਿਆ ਹੈ। ਹੁਣ ਮੁੱਖ ਮੰਤਰੀ ਦੇ ਗੋਡੇ ਟੇਕਣ ਤੋਂ ਬਾਅਦ ਸਾਬਕਾ ਪ੍ਰਧਾਨ ਸੁਨੀਲ ਜਾਖੜ ਅਤੇ ਲੋਕ ਸਭਾ ਦੇ ਕਾਂਗਰਸੀ ਮੈਂਬਰ ਮਨੀਸ਼ ਤਿਵਾੜੀ ਨੇ ਇਸ ਘਟਨਾਕ੍ਰਮ ਵਿਰੁੱਧ ਭੜਾਸ ਕੱਢਣੀ ਸ਼ੁਰੂ ਕਰ ਦਿੱਤੀ ਹੈ। ਇਸ ਤਰ੍ਹਾਂ ਲਗਦਾ ਹੈ ਕਿ ਅਜਿਹੇ ਮਾਹੌਲ ਵਿਚ ਹਰ ਕਾਂਗਰਸੀ ਆਗੂ ਇਕ-ਦੂਜੇ ਵਿਰੁੱਧ ਸਖ਼ਤ ਤੋਂ ਸਖ਼ਤ ਬਿਆਨਬਾਜ਼ੀ ਕਰਨ ਨੂੰ ਆਪਣਾ ਹੱਕ ਸਮਝਣ ਲੱਗ ਪਿਆ ਹੈ। ਇਸ ਨੇ ਪਾਰਟੀ ਦੇ ਜ਼ਾਬਤੇ ਨੂੰ ਪੂਰੀ ਤਰ੍ਹਾਂ ਭੰਗ ਕਰਕੇ ਰੱਖ ਦਿੱਤਾ ਹੈ।

# ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਕਾਲ ਕਰੋ: ਮਿ. ਸਿੰਘ

**ਫੋਨ: 515-291-1961**

# ਫਲੈਟ ਵਿਕਾਊ ਹੈ

ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿਤ ਮਾਰਕਿਟ।

*ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ*

**ਫੋਨ: 513-884-0456 ਜਾਂ 513-759 0010**

*(ਮੈਸੇਜ ਛੱਡ ਸਕਦੇ ਹੋ)*

## Flat For Sale

**Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.**

***For more details please contact: Singh***

**Ph: 513-884-0456 or 513-759 0010**

*(Leave Message)*

40-41

## ਬੂਟਾ ਬਾਸੀ ਅਤੇ ਪਰਿਵਾਰ ਨੂੰ ਸਦਮਾ

ਫਰਿਜ਼ਨੋ (ਕੈਲੀਫੋਰਨੀਆ): ਕੈਲੀਫੋਰਨੀਆ ਤੋਂ ਛਪਦੇ 'ਸਾਂਝੀ ਸੋਚ ਅਖਬਾਰ' ਅਤੇ 'ਸਾਂਝੀ ਸੋਚ' ਟੀਵੀ ਸੰਚਾਲਕ ਬੂਟਾ ਸਿੰਘ



ਬਾਸੀ ਦੇ ਪਿਤਾ ਮਾਸਟਰ ਹਰਭਜਨ ਸਿੰਘ ਬਾਸੀ ਪਿਛਲੇ ਦਿਨੀਂ 93 ਸਾਲ ਦੀ ਖੁਸ਼ਹਾਲ ਜ਼ਿੰਦਗੀ ਭੋਗ ਕੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ ਪਿਛਲੇ ਲੰਮੇ ਸਮੇਂ ਤੋਂ ਬੂਟਾ ਸਿੰਘ ਬਾਸੀ ਕੋਲ ਕੈਲੀਫੋਰਨੀਆ ਵਿਚ ਰਹਿ ਰਹੇ ਸਨ। ਉਨ੍ਹਾਂ ਨੇ ਪੰਜਾਬ ਅੰਦਰ ਲੰਮਾ ਸਮਾਂ ਵਿੱਦਿਅਕ ਸੇਵਾਵਾਂ ਦਿੱਤੀਆਂ ਅਤੇ ਯੂਨੀਅਨਾਂ ਵਿੱਚ ਸੰਘਰਸ਼ਮਈ ਜੀਵਨ ਗੁਜ਼ਾਰਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਮਿਤੀ 18 ਨਵੰਬਰ ਦਿਨ ਵੀਰਵਾਰ ਨੂੰ Allen mortuary Turlock CA ਵਿਖੇ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ MODETO-CERE GURDWARA SAHIB H¨GHON CA ਵਿਖੇ ਹੋਵੇਗੀ। ਵਧੇਰੇ ਜਾਣਕਾਰੀ ਜਾਂ ਦੁੱਖ ਸਾਂਝਾ ਕਰਨ ਲਈ ਬੂਟਾ ਸਿੰਘ ਬਾਸੀ ਨਾਲ (209) 303-1260 'ਤੇ ਸੰਪਰਕ ਕਰ ਸਕਦੇ ਹੋ।

*To Advertise with Punjab Times*

***Call: 847-359-0746***

# Matrimonials

## ਲੜਕੇ ਦੀ ਲੋੜ ਹੈ

Looking for educated Punjabi Sikh girl for Jatt boy 28, 6', US born and raised. Never married. RN-Nurse. Vegetarian/non-drinker preferred. Send bio and picture to dina.kaur@yahoo.com.

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 36 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892

ਜੱਟ ਸਿੱਖ, ਕੱਦ 6 ਫੁੱਟ, ਉਮਰ 40 ਸਾਲ (ਸਿੰਗਲ) ਅਮੈਰੀਕਨ ਸਿਟੀਜ਼ਨ ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਵਿਜ਼ੀਟਰ ਵੈਲਕਮ। ਸੰਪਰਕ ਕਰੋ: 925-778-0353

Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5'-7", US Citizen, belongs to educated family from Punjab, India. Please contact at: sukhkaran1978@outlook.com

***To Advertise with Punjab Times Call: 847-359-0746 Fax:847-705-9388, e-mail:punjabtimes1@gmail.com***

LAW OFFICES OF
# VIVEK MALIK

Follow us on :



ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No.
**866-424-4000**

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਂਸ
- Family & General Immigration ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
- Naturalization & Citizenship ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers ਰੀਮੂਵਲ ਡਿਫੈਂਸੀ ਐਂਡ ਵੇਵਰਸ

Languages SPOKEN Punjabi | Hindi | Urdu | Spanish & English

# ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 608-886-2500**

41-48

# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

## Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

## ਸਫਰ ਜਾਰੀ ਹੈ...22ਵੇਂ ਸਾਲ 'ਚ (ਪਹਿਲੀ ਜਨਵਰੀ 2000-2021)

# ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ

## ਸਮੂਹ ਪਾਠਕਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

**ਆਓ! ਅਸੀਂ ਗੁਰੂ ਨਾਨਕ ਦੇਵ ਜੀ ਨੂੰ ਤਸਵੀਰਾਂ ਦੀ ਥਾਂ ਉਨ੍ਹਾਂ ਦੀ ਬਾਣੀ ਵਿਚੋਂ ਦੇਖਣ ਦੀ ਕੋਸ਼ਿਸ਼ ਕਰੀਏ, ਤਸਵੀਰ ਕਿਸੇ ਦੀ ਕਲਪਨਾ ਹੈ, ਬਾਣੀ ਉਨ੍ਹਾਂ ਦੀ ਆਪਣੀ ਹੈ**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



*ਗੁਲਜ਼ਾਰ ਸਿੰਘ ਸੰਧੂ | ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਹਰਚਰਨ ਸਿੰਘ ਪਰਹਾਰ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਇਕਬਾਲ ਜੱਬੋਵਾਲ | ਪ੍ਰਿੰ.ਸਰਵਣ ਸਿੰਘ*

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।

ਪੰਜਾਬ ਟਾਈਮਜ਼

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

**Published simultaneously from Chicago, California & New York.**

Ph: 847-359-0746

*e-mail: punjabtimes1@sbcglobal.net, website: www.punjabtimesusa.com*

# ਮਾਲਵਾ ਬ੍ਰਦਰਜ਼ ਯੂ.ਐਸ.ਏ. ਜਥੇਬੰਦੀ ਮੁੜ ਸਥਾਪਿਤ

**ਨਿਊਯਾਰਕ (ਬਿਊਰੋ):** ਨਿਊਯਾਰਕ ਵਿੱਚ ਮੁੜ ਤੋਂ ਮਾਲਵਾ ਬ੍ਰਦਰਜ਼ ਯੂਐਸਏ ਜਥੇਬੰਦੀ ਨੂੰ ਸੁਰੂ ਕੀਤਾ ਗਿਆ ਹੈ, ਜਿਸ ਵਿੱਚ ਪਹਿਲਾਂ ਕਈ ਕਾਰਨਾਂ ਕਾਰਨ ਆਪਸੀ ਵਖਰੇਵੇਂ ਪੈ ਗਏ ਸਨ, ਜਿਨ੍ਹਾਂ ਨੂੰ ਘੱਟ ਕਰਦਿਆਂ ਮੁੜ ਤੋਂ ਸਾਰੇ ਮੈਂਬਰ ਇੱਕ ਮੰਚ 'ਤੇ ਇਕ ਮਿਕ ਹੁੰਦੇ ਹੋਏ ਨਜ਼ਰ ਆਏ। ਮਾਲਵਾ ਬ੍ਰਦਰਜ਼ ਯੂਐਸਏ ਜਥੇਬੰਦੀ ਦਾ ਹੁਣ ਮੁੱਖ ਮਕਸਦ ਪੰਜਾਬ ਤੋਂ ਦੂਰ ਸੱਤ ਸਮੁੰਦਰ ਪਾਰ ਵਿਦੇਸ਼ ਰਹਿੰਦਿਆਂ ਪੰਜਾਬੀਆਂ ਅਤੇ ਪੰਜਾਬੀਆਂ ਦੇ ਪਰਿਵਾਰਾਂ ਨੂੰ ਆਪਸ ਵਿੱਚ ਜੋੜਨਾ ਹੋਵੇਗਾ।

ਮਾਲਵਾ ਬ੍ਰਦਰਜ਼ ਜਥੇਬੰਦੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਪੰਜਾਬੀ ਭਾਈਚਾਰੇ ਨੂੰ ਇਕਮਿਕ ਕਰਨ ਤੇ ਪੰਜਾਬ 'ਚ ਵਸਦੇ ਨੇੜਲੇ ਪਿੰਡਾਂ ਵਾਲਿਆਂ ਨਾਲ ਪ੍ਰੇਮ ਸਬੰਧ ਮਜ਼ਬੂਤ ਬਣਾਉਣ ਲਈ ਇਸ ਜਥੇਬੰਦੀ ਦਾ ਮੁੜ ਤੋਂ ਨਿਰਮਾਣ ਕੀਤਾ ਹੈ। ਸੋ ਸਾਰੇ ਮੈਂਬਰਾਂ ਵਲੋਂ ਸਰਬਸੰਮਤੀ ਨਾਲ ਵੱਖ ਵੱਖ ਅਹੁਦੇ ਵੰਡੇ ਗਏ, ਜਿਨ੍ਹਾਂ ਵਿਚ ਜੱਬਰ ਸਿੰਘ ਗਰੇਵਾਲ ਨੂੰ ਜਥੇਬੰਦੀ ਦਾ ਸਰਪ੍ਰਸਤ ਬਣਾਇਆ ਗਿਆ। ਵੀਰ ਸਿੰਘ ਮਾਂਗਟ ਨੂੰ ਚੇਅਰਮੈਨ, ਗੁਰਮੀਤ ਸਿੰਘ ਬੁੱਟਰ ਨੂੰ ਪ੍ਰਧਾਨ, ਦਲਵੀਰ ਸਿੰਘ ਸਿੱਧੂ ਨੂੰ ਜਨਰਲ ਸਕੱਤਰ, ਮੋਹਿੰਦਰ ਸਿੰਘ ਬਰਾੜ ਅਤੇ ਜਸਬੀਰ ਸਿੰਘ ਨੂੰ ਕੈਸ਼ੀਅਰ ਬਣਾਇਆ ਗਿਆ। ਇਸ ਮੌਕੇ ਜਥੇਬੰਦੀ ਦੇ ਸਾਰੇ ਮੈਂਬਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ, ਜਿਸ ਵਿਚ ਗਿੱਲ ਪਰਦੀਪ ਵੱਲੋਂ ਆਪਣੇ ਸ਼ਾਇਰਾਨਾ ਅੰਦਾਜ਼ ਵਿੱਚ ਸਾਰਿਆਂ ਨਾਲ ਕਈ ਗੱਲਾਂ ਸਾਂਝੀਆਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਸਾਰੇ ਹੀ ਮੈਂਬਰ ਅਹੁਦੇਦਾਰ ਹੋਣਗੇ ਤੇ ਸਭ ਨੂੰ ਬਰਾਬਰ ਸਥਾਨ ਦਿੱਤਾ ਜਾਵੇਗਾ। ਜਥੇਬੰਦੀ ਕਿਸੇ ਲੀਡਰ ਜਾਂ ਪਾਰਟੀ ਲਈ ਕੋਈ ਕੰਮ ਨਹੀਂ ਕਰੇਗੀ।



ਗੁਰਮੀਤ ਸਿੰਘ ਗਿੱਲ ਤੇ ਗੁਰਮੀਤ ਸਿੰਘ ਬੁੱਟਰ ਨੇ ਸਾਰਿਆਂ ਨੂੰ ਰਾਜਨੀਤਕ ਪਾਰਟੀਆਂ ਤੋਂ ਉੱਪਰ ਉੱਠ ਕੇ ਪੰਜਾਬੀ ਭਾਈਚਾਰੇ ਦੀ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਦੀ ਗੱਲ ਕੀਤੀ। ਇਸ ਮੌਕ ਅਜਮੇਰ ਸਿੰਘ ਵੱਲੋਂ ਆਏ ਵੀਰਾਂ ਦਾ ਧੰਨਵਾਦ ਕੀਤਾ ਗਿਆ। ਬਲਾਕਾ ਸਿੰਘ ਤੇ ਸਰਦੂਲ ਸਿੰਘ ਨੇ ਸਾਰਿਆਂ ਨੂੰ ਦਸਵੰਧ ਕੱਢਣ ਅਤੇ ਬਾਣੀ ਨਾਲ ਜੁੜਨ ਦੀ ਅਪੀਲ ਕੀਤੀ।


**ਵਧੀਆ ਲੇਖ ਤੇ ਤਾਜ਼ਾ ਖਬਰਾਂ ਪੜ੍ਹਨ ਲਈ ਪੰਜਾਬ ਟਾਈਮਜ਼ (ਅਖਬਾਰ) ਘਰ ਮੰਗਵਾਓ**
**ਫੋਨ: 847-359-0746**
**punjabtimesusa.com**

## ਤੰਦੂਰੀਏ ਦੀ ਲੋੜ ਹੈ

ਜਾਰਜੀਆ, ਕੋਲੰਬਸ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਤੰਦੂਰੀਏ ਦੀ ਲੋੜ ਹੈ
*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*
ਸੰਪਰਕ ਕਰੋ: ਸੂਰਤ ਸਿੰਘ ਖਾਰਾ
ਫੋਨ: 205-799-2350

## ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਮਿਲਵਾਕੀ (ਵਿਸਕਾਨਸਿਨ) ਨੇੜੇ ਇੰਡੀਅਨ ਰੈਸਟੋਰੈਂਟ ਵਿਕਾਊ ਹੈ
ਸੇਲ: 60,000 ਪ੍ਰਤੀ ਮਹੀਨਾ
ਸੰਪਰਕ ਕਰੋ: 317-874-8086

**Indian Restaurent For Sale**
Indian Restaurent For Sale
Near Milwaukee (WI)
Per Month Sale: 60,000
**Contact: 317-874-8086**

## ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
*ਸੰਪਰਕ ਕਰੋ: ਮਿਸਟਰ ਸਿੰਘ*
ਫੋਨ: 608-886-2500
41-48

## ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




### ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

### ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

### ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

### ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

*ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।*

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**
Established in 2000
22nd Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅੰਮ੍ਰਿਤਸਰ ਹਵਾਈ ਅੱਡੇ ਤੋਂ ਛੇ ਨਵੀਆਂ ਘਰੇਲੂ ਉਡਾਣਾਂ ਸ਼ੁਰੂ

**ਅੰਮ੍ਰਿਤਸਰ:** ਕਰੋਨਾ ਕਾਲ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਹਵਾਈ ਕੰਪਨੀ ਗੋ-ਫਸਟ ਵੱਲੋਂ 6 ਨਵੀਆਂ ਘਰੇਲੂ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਤਿੰਨ ਉਡਾਣਾਂ ਦਿੱਲੀ ਵਾਸਤੇ, 2 ਉਡਾਣਾਂ ਮੁੰਬਈ ਵਾਸਤੇ ਅਤੇ ਇਕ ਉਡਾਣ ਸ੍ਰੀਨਗਰ ਲਈ ਹੈ।



ਇਨ੍ਹਾਂ ਨਵੀਆਂ ਘਰੇਲੂ ਉਡਾਣਾਂ ਦੀ ਸ਼ੁਰੂਆਤ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਹਵਾਈ ਕੰਪਨੀ ਦੇ ਅਧਿਕਾਰੀਆਂ ਨਾਲ ਮਿਲ ਕੇ ਕੀਤੀ। ਉਨ੍ਹਾਂ ਕਿਹਾ ਕਿ ਕਰੋਨਾ ਮਹਾਮਾਰੀ ਕਾਰਨ ਕਈ ਕੌਮੀ ਤੇ ਕੌਮਾਂਤਰੀ ਉਡਾਣਾਂ ਰੱਦ ਹੋ ਗਈਆਂ ਸਨ, ਜਿਸ ਕਰਕੇ ਅੰਮ੍ਰਿਤਸਰ ਦੀ ਆਰਥਿਕਤਾ ਨੂੰ ਝਟਕਾ ਲੱਗਾ ਸੀ ਪਰ ਹੁਣ ਇਹ ਨਵੀਆਂ ਘਰੇਲੂ ਉਡਾਣਾਂ ਮੁੜ ਸ਼ੁਰੂ ਹੋ ਗਈਆਂ ਹਨ, ਜਿਸ ਨਾਲ ਜ਼ਿਲ੍ਹੇ ਦੀ ਆਰਥਿਕਤਾ ਵਿਚ ਸੁਧਾਰ ਆਵੇਗਾ। ਉਨ੍ਹਾਂ ਦੱਸਿਆ ਕਿ ਹਵਾਈ ਕੰਪਨੀ ਗੋ-ਫਸਟ ਦੇ ਮਾਲਕ ਮੋਹਿਤ ਕੁਮਾਰ ਤੇ ਸੁਮਿਤ ਕੁਮਾਰ ਨੇ ਭਰੋਸਾ ਦਿੱਤਾ ਕਿ ਜਲਦੀ ਹੀ ਸਥਾਨਕ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਵੀ ਸ਼ੁਰੂ ਕਰਨਗੇ।

ਉਨ੍ਹਾਂ ਮੰਗ ਕੀਤੀ ਕਿ ਯੂ.ਏ.ਈ., ਗੁਹਾਟੀ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਵੀ ਉਡਾਣਾਂ ਸ਼ੁਰੂ ਕੀਤੀਆਂ ਜਾਣ। ਹਵਾਈ ਕੰਪਨੀ ਦੇ ਪ੍ਰਬੰਧਕਾਂ ਨੇ ਭਰੋਸਾ ਦਿੱਤਾ ਕਿ ਇਹ ਉਡਾਣਾਂ ਵੀ ਜਲਦੀ ਸ਼ੁਰੂ ਕੀਤੀਆਂ ਜਾਣਗੀਆਂ। ਸੰਸਦ ਮੈਂਬਰ ਨੇ ਕਿਹਾ ਕਿ ਬੰਦ ਹੋਈਆਂ ਕੌਮਾਂਤਰੀ ਉਡਾਣਾਂ ਬਾਰੇ ਉਹ ਲਗਾਤਾਰ ਉਨ੍ਹਾਂ ਹਵਾਈ ਕੰਪਨੀਆਂ ਨਾਲ ਸੰਪਰਕ ਕਰ ਰਹੇ ਹਨ ਅਤੇ ਜਲਦੀ ਹੀ ਇਹ ਉਡਾਣਾਂ ਵੀ ਸ਼ੁਰੂ ਹੋ ਜਾਣਗੀਆਂ।

## ਸੋਨੂੰ ਸੂਦ ਦੀ ਭੈਣ ਮੋਗਾ ਤੋਂ ਲੜੇਗੀ ਚੋਣ

**ਮੋਗਾ:** ਬੌਲੀਵੁੱਡ ਅਦਾਕਾਰ ਸੋਨੂੰ ਸੂਦ ਨੇ ਆਪਣੀ ਭੈਣ ਮਾਲਵਿਕਾ ਸੂਦ ਸੱਚਰ ਰਾਹੀਂ ਸਿਆਸੀ ਪਾਰੀ ਖੇਡਣ ਦਾ ਐਲਾਨ ਤਾਂ ਕਰ ਦਿੱਤਾ ਪਰ ਸਿਆਸੀ ਪਾਰਟੀ ਦਾ ਫੈਸਲਾ ਹਾਲੇ ਵੀ ਗੁਪਤ ਰੱਖਿਆ ਹੈ। ਸੂਦ ਨੇ ਇਥੇ ਪ੍ਰੈੱਸ ਕਾਨਫਰੰਸ 'ਚ ਸਪੱਸ਼ਟ ਕਰ ਦਿੱਤਾ ਕਿ ਉਸ ਦੀ ਭੈਣ ਪੰਜਾਬ ਦੀ ਸਿਆਸਤ 'ਚ ਆਵੇਗੀ ਪਰ ਉਹ ਨਹੀਂ। ਉਨ੍ਹਾਂ ਨੇ ਸੰਕੇਤ ਦਿੱਤਾ ਕਿ ਉਨ੍ਹਾਂ ਦੀ ਭੈਣ ਮੋਗਾ ਸ਼ਹਿਰੀ ਵਿਧਾਨ ਸਭਾ ਹਲਕੇ ਤੋਂ ਚੋਣ ਲੜੇਗੀ ਪਰ ਸਿਆਸੀ ਪਾਰਟੀ ਦਾ ਅਜੇ ਕੋਈ ਫੈਸਲਾ ਨਹੀਂ ਲਿਆ। ਅਦਾਕਾਰ ਦੀ ਭੈਣ ਮਾਲਵਿਕਾ ਸੂਦ ਸੱਚਰ ਦੀ ਸਿਆਸਤ 'ਚ ਐਂਟਰੀ ਨਾਲ ਹੀ ਇਕ ਆਡਿਓ ਵੀ ਵਾਇਰਲ ਹੋਈ ਹੋ ਰਹੀ ਹੈ ਜਿਸ ਵਿਚ ਇਕ ਲੜਕੀ ਖੁਦ ਨੂੰ ਦਿੱਲੀ ਤੋਂ ਚੰਚਲ ਦੱਸਦੀ ਹੋਈ ਆਖ ਰਹੀ ਹੈ ਕਿ ਆਪ ਨੂੰ ਮੈਸੇਜ ਲਈ ਕਾਲ ਕੀਤੀ ਹੈ ਕਿ ਜਿਵੇਂ ਚੰਗਾ ਡਾਕਟਰ ਦਵਾਈ ਕਰ ਸਕਦਾ ਹੈ, ਉਵੇਂ ਇਕ ਐਮ.ਐਲ.ਏ. (ਹਾਕਮ ਧਿਰ ਦੇ ਐਮ.ਐਲ.ਏ. ਦਾ ਨਾਮ ਲੈ ਕੇ ਆਖ ਰਹੀ ਹੈ) ਉਹ ਹੀ ਲੋਕਾਂ ਦੀ ਸੱਚੀ ਭਲਾਈ ਕਰ ਸਕਦੇ ਹਨ ਨਾ ਕਿ ਕੋਈ ਫਿਲਮੀ ਐਕਟਰ। ਮਾਲਵਿਕਾ ਦੇ 'ਆਪ' ਜਾਂ ਕਾਂਗਰਸ 'ਚ ਸ਼ਾਮਲ ਹੋਣ ਦੀਆਂ ਕਿਆਸਅਰਾਈਆਂ ਬਾਰੇ ਵੀ ਸੋਸ਼ਲ ਮੀਡੀਆ 'ਤੇ ਤਨਜ ਕੱਸੇ ਜਾ ਰਹੇ ਹਨ ਕਿ ਉਹ ਕਿਸ ਪਾਰਟੀ ਦੇ ਸੰਭਾਵੀ ਉਮੀਦਵਾਰ ਦੀ ਕੁਰਬਾਨੀ ਲਵੇਗੀ।

## ਢਾਡੀਆਂ ਵੱਲੋਂ 24 ਨਵੰਬਰ ਤੋਂ ਮਰਨ ਵਰਤ ਰੱਖਣ ਦਾ ਐਲਾਨ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਅਤੇ ਢਾਡੀਆਂ ਵਿਚਾਲੇ ਚੱਲ ਰਿਹਾ ਵਿਵਾਦ ਹੋਰ ਡੂੰਘਾ ਹੁੰਦਾ ਜਾਪ ਰਿਹਾ ਹੈ। ਇਕ ਦਿਨ ਦੀ ਭੁੱਖ ਹੜਤਾਲ ਖਤਮ ਕਰਨ ਮਗਰੋਂ ਢਾਡੀਆਂ ਨੇ 24 ਨਵੰਬਰ ਤੋਂ ਮਰਨ ਵਰਤ ਰੱਖਣ ਦਾ ਐਲਾਨ ਕੀਤਾ ਹੈ।

ਆਪਣੀਆਂ ਮੰਗਾਂ ਸਬੰਧੀ ਗੁਰੂ ਹਰਗੋਬਿੰਦ ਸਾਹਿਬ ਸ਼੍ਰੋਮਣੀ ਢਾਡੀ ਸਭਾ ਦੇ ਝੰਡੇ ਹੇਠ ਢਾਡੀਆਂ ਵੱਲੋਂ ਇੱਥੇ ਵਿਰਾਸਤੀ ਮਾਰਗ ਵਿਚ ਸ਼੍ਰੋਮਣੀ ਕਮੇਟੀ ਖਿਲਾਫ ਰੋਸ ਵਜੋਂ ਇਕ ਦਿਨ ਦੀ ਭੁੱਖ ਹੜਤਾਲ ਰੱਖੀ ਗਈ ਸੀ ਜਿਸ ਵਿਚ 11 ਢਾਡੀ ਭੁੱਖ ਹੜਤਾਲ 'ਤੇ ਬੈਠੇ ਸਨ। ਇਹ ਭੁੱਖ ਹੜਤਾਲ ਸਮਾਪਤ ਕਰਨ ਤੋਂ ਬਾਅਦ ਢਾਡੀ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਐਮਏ ਨੇ 24 ਨਵੰਬਰ ਤੋਂ ਮਰਨ ਵਰਤ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਬਣਾਏ ਨਿਯਮਾਂ ਦੀ ਸੋਧ ਨਹੀਂ ਕੀਤੀ ਜਾਂਦੀ, ਇਹ ਸੰਘਰਸ਼ ਜਾਰੀ ਰਹੇਗਾ। ਢਾਡੀਆਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਦੀ ਬੰਦ ਕੀਤੀ ਭੇਟਾ ਸ਼ੁਰੂ ਕੀਤੀ ਜਾਵੇ ਅਤੇ ਢਾਡੀ ਦਰਬਾਰ ਦਾ ਘੱਟ ਕੀਤਾ ਸਮਾਂ ਮੁੜ ਵਧਾਇਆ ਜਾਵੇ। ਸ੍ਰੀ ਅਕਾਲ ਤਖਤ ਵੱਲੋਂ ਜਿਨ੍ਹਾਂ ਛੇ ਢਾਡੀ ਜਥਿਆਂ 'ਤੇ ਰੋਕ ਲਾਈ ਹੈ, ਉਸ ਨੂੰ ਹਟਾਇਆ ਜਾਵੇ। ਇਸ ਤੋਂ ਇਲਾਵਾ ਕੁਝ ਹੋਰ ਮੰਗਾਂ ਵੀ ਸ਼ਾਮਲ ਹਨ।

## ਕਰਤਾਰਪੁਰ ਸਾਹਿਬ ਲਾਂਘਾ ਮੁੜ ਖੁੱਲ੍ਹਿਆ

*(ਸਫਾ ਇਕ ਦੀ ਬਾਕੀ)*

ਵੀ ਛਪਵਾ ਕੇ ਵੰਡੀ ਜਾ ਰਹੀ ਹੈ।

ਪੰਜਾਬ ਤੋਂ ਬਾਅਦ ਉਤਰ ਪ੍ਰਦੇਸ਼ ਭਾਜਪਾ ਲਈ ਵੱਡੀ ਚੁਣੌਤੀ ਹੈ। 403 ਸੀਟਾਂ ਵਾਲੀ ਉਤਰ ਪ੍ਰਦੇਸ਼ ਵਿਧਾਨ ਸਭਾ 'ਚ ਜੋ ਪਾਰਟੀ 202 ਜਾਂ ਉਸ ਤੋਂ ਜ਼ਿਆਦਾ ਸੀਟਾਂ ਲਵੇਗੀ, ਉਹ ਨਾ ਸਿਰਫ ਸੂਬੇ 'ਤੇ ਰਾਜ ਕਰੇਗੀ, ਸਗੋਂ ਰਾਸ਼ਟਰੀ ਪੱਧਰ 'ਤੇ ਵੀ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹੋਵੇਗੀ। ਭਾਜਪਾ ਲਈ ਇਹ ਚੋਣਾਂ ਕਰੋ ਜਾਂ ਮਰੋ ਦੀ ਹੈਸੀਅਤ ਰੱਖਦੀਆਂ ਹਨ। ਪੱਛਮੀ ਬੰਗਾਲ 'ਚ ਮਮਤਾ ਬੈਨਰਜੀ ਦੇ ਹੱਥੋਂ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ ਜੇਕਰ ਯੂ.ਪੀ. 'ਚ ਉਸ ਦਾ ਗ੍ਰਾਫ ਹੇਠਾਂ ਗਿਆ ਤਾਂ ਪਾਰਟੀ 'ਚ ਭਾਜੜ ਮੱਚ ਜਾਵੇਗੀ।

ਹਾਲ ਹੀ ਵਿਚ ਹੋਈਆਂ ਜ਼ਿਮਨੀ ਚੋਣਾਂ ਵਿਚ ਭਾਜਪਾ ਪੱਲੇ ਵੱਡੀ ਨਮੋਸ਼ੀ ਨੇ ਵੀ ਭਗਵਾ ਧਿਰ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਇਹ ਵੀ ਚਰਚਾ ਹੈ ਕਿ ਕੇਂਦਰ ਸਰਕਾਰ ਚੋਣਾਂ ਤੋਂ ਪਹਿਲਾਂ ਕਿਸਾਨਾਂ ਦੇ ਮਸਲੇ ਹੱਲ ਕਰਨ ਲਈ ਹੱਥ-ਪੈਰ ਮਾਰਨ ਲੱਗੀ ਹੈ ਤੇ ਆਉਣ ਵਾਲੇ ਦਿਨਾਂ ਵਿਚ ਇਸ ਬਾਰੇ ਕੋਈ ਫੈਸਲਾ ਕੀਤਾ ਜਾ ਸਕਦਾ ਹੈ। ਚੇਤੇ ਰਹੇ ਕਿ ਕਿਸਾਨ ਜਥੇਬੰਦੀਆਂ ਭਾਜਪਾ ਨੂੰ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਝਟਕਾ ਦੇਣ ਦੀ ਰਣਨੀਤੀ ਬਣਾ ਰਹੀਆਂ ਹਨ। ਇਸ ਸਬੰਧੀ ਅਗਲੇ ਦਿਨਾਂ ਲਈ ਰਣਨੀਤੀ ਉਲੀਕੀ ਗਈ ਹੈ। ਖਾਸਕਰ ਉਤਰ ਪ੍ਰਦੇਸ਼ ਵਿਚ ਭਾਜਪਾ ਨੂੰ ਵੱਡਾ ਸਿਆਸੀ ਖੋਰਾ ਲਾਉਣ ਦੀ ਤਿਆਰੀ ਹੋ ਰਹੀ ਹੈ। ਇਸ ਤੋਂ ਇਲਾਵਾ 29 ਨਵੰਬਰ ਤੋਂ ਸ਼ੁਰੂ ਹੋ ਰਹੀ ਸੰਸਦ ਨੂੰ ਘੇਰਾ ਪਾਉਣ ਦਾ ਐਲਾਨ ਹੋ ਚੁੱਕਾ ਹੈ।

## ਤੀਜੇ ਬਦਲ ਲਈ ਸਰਗਰਮੀਆਂ

**ਮੁਹਾਲੀ:** ਪੰਜਾਬ ਲੋਕ ਹਿੱਤ ਪਾਰਟੀ ਦੇ ਕੌਮੀ ਪ੍ਰਧਾਨ ਤੇ ਸਾਬਕਾ ਮੰਤਰੀ ਮਲਕੀਤ ਸਿੰਘ ਬੀਰਮੀ ਨੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਰਾਜ ਸਭਾ ਦੇ ਮੈਂਬਰ ਸੁਖਦੇਵ ਸਿੰਘ ਢੀਂਡਸਾ ਨਾਲ ਹੱਥ ਮਿਲਾਉਂਦਿਆਂ ਸੰਯੁਕਤ ਦਲ ਨਾਲ ਸਿਆਸੀ ਗੱਠਜੋੜ ਕਰਨ ਦਾ ਐਲਾਨ ਕੀਤਾ। ਸ੍ਰੀ ਬੀਰਮੀ ਲੁਧਿਆਣਾ ਵਿਚ ਚਾਰ ਵਾਰ ਵਿਧਾਇਕ ਦੀ ਚੋਣ ਜਿੱਤੇ ਹਨ ਅਤੇ ਜੇਲ੍ਹ ਮੰਤਰੀ ਵੀ ਰਹਿ ਚੁੱਕੇ ਹਨ।

ਇਸ ਮੌਕੇ ਸੁਖਦੇਵ ਸਿੰਘ ਢੀਂਡਸਾ ਨੇ ਦਾਅਵਾ ਕੀਤਾ ਕਿ ਆਉਂਦੇ ਦੋ ਹਫਤਿਆਂ ਤੱਕ ਪੰਜਾਬ ਦਾ ਭਲਾ ਚਾਹੁਣ ਵਾਲੀਆਂ ਹਮਖ਼ਿਆਲੀ ਪਾਰਟੀਆਂ ਦਾ ਸਪੱਸ਼ਟ ਰੂਪ ਵਿਚ ਤੀਜਾ ਬਦਲ ਨਜ਼ਰ ਆਵੇਗਾ। ਸ੍ਰੀ ਢੀਂਡਸਾ ਨੇ ਦੱਸਿਆ ਕਿ 35 ਓ.ਬੀ.ਸੀ. ਵਿੰਗਾਂ ਸਮੇਤ ਬੀਰਮੀ ਵੱਲੋਂ ਬਿਨਾਂ ਸ਼ਰਤ ਉਨ੍ਹਾਂ ਨਾਲ ਮਿਲ ਕੇ ਪੰਜਾਬ ਦੀ ਤਰੱਕੀ ਲਈ ਕੰਮ ਕਰਨ ਦੀ ਹਾਮੀ ਭਰਨਾ ਨਾਲ ਤੀਜੇ ਬਦਲ ਦਾ ਮੁੱਢ ਬੱਝਿਆ ਗਿਆ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮਿਲ ਕੇ ਚੋਣਾਂ ਲੜਨ ਬਾਰੇ ਪੁੱਛੇ ਜਾਣ 'ਤੇ ਢੀਂਡਸਾ ਨੇ ਕਿਹਾ ਕਿ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਮਗਰੋਂ ਉਨ੍ਹਾਂ ਦੀ ਕਦੇ ਵੀ ਕੈਪਟਨ ਨਾਲ ਗੱਲ ਨਹੀਂ ਹੋਈ। ਭਾਜਪਾ ਨਾਲ ਹੱਥ ਮਿਲਾਉਣ ਬਾਰੇ ਸ੍ਰੀ ਢੀਂਡਸਾ ਨੇ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਕਿਸਾਨ ਵਿਰੋਧੀ ਤਿੰਨ ਖੇਤੀ ਕਾਨੂੰਨ ਰੱਦ ਨਹੀਂ ਕਰਦੀ, ਉਦੋਂ ਤੱਕ ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਹੈ ਅਤੇ ਜੇ ਮੋਦੀ ਸਰਕਾਰ ਕਾਨੂੰਨ ਰੱਦ ਕਰਦੀ ਹੈ ਤਾਂ ਇਸ ਬਾਰੇ ਵਿਚਾਰਿਆ ਜਾਵੇਗਾ।

## ਪੰਜਾਬ ਤੋਂ ਬਾਅਦ ਪੱਛਮੀ ਬੰਗਾਲ ਵੱਲੋਂ ਬੀ.ਐਸ.ਐਫ. ਬਾਰੇ ਮਤਾ ਪਾਸ

**ਕੋਲਕਾਤਾ:** ਪੱਛਮੀ ਬੰਗਾਲ ਵਿਧਾਨ ਸਭਾ ਨੇ ਬੀ.ਐਸ.ਐਫ. ਦੇ ਅਧਿਕਾਰ ਖੇਤਰ ਨੂੰ ਵਧਾਉਣ ਦੇ ਕੇਂਦਰ ਦੇ ਫੈਸਲੇ ਖਿਲਾਫ ਮਤਾ ਪਾਸ ਕਰ ਦਿੱਤਾ। ਇਸ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਨੇ ਵੀ ਅਜਿਹਾ ਮਤਾ ਪਾਸ ਕੀਤਾ ਹੈ।

## ਮਨਪ੍ਰੀਤ ਨੇ ਵਿਸ਼ੇਸ਼ ਪੈਕੇਜ ਮੰਗਿਆ

**ਚੰਡੀਗੜ੍ਹ:** ਦੇਸ਼ 'ਤੇ ਬਾਹਰੀ ਹਮਲਿਆਂ ਸਮੇਂ ਪੰਜਾਬ ਹਮੇਸ਼ਾ ਮੋਹਰੀ ਭੂਮਿਕਾ ਨਿਭਾਉਂਦਾ ਰਿਹਾ ਹੈ ਤੇ ਇਸ ਲਈ ਕੇਂਦਰ ਸਰਕਾਰ ਬਜਟ ਦੀ ਵੰਡ ਤੋਂ ਇਲਾਵਾ ਗੁਆਂਢੀ ਰਾਜਾਂ ਨੂੰ ਦਿੱਤੇ ਗਏ ਵਿਸ਼ੇਸ਼ ਪੈਕੇਜਾਂ ਵਾਂਗ ਸੂਬੇ ਨੂੰ ਵਿਸ਼ੇਸ਼ ਫੰਡ ਦੇਣ ਪਹਿਲ ਕਰੇ।

ਇਹ ਗੱਲ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰੀ ਵਿੱਤ ਮੰਤਰੀ ਸ੍ਰੀਮਤੀ ਨਿਰਮਲਾ ਸੀਤਾਰਮਨ ਨਾਲ ਆਨਲਾਈਨ ਗੱਲਬਾਤ ਦੌਰਾਨ ਕਹੀ, ਜਿਸ ਦੌਰਾਨ ਮੁਲਕ ਵਿਚ ਨਿਵੇਸ਼, ਬੁਨਿਆਦੀ ਢਾਂਚੇ ਅਤੇ ਵਿਕਾਸ ਨੂੰ ਹੁਲਾਰਾ ਦੇਣ ਬਾਰੇ ਚਰਚਾ ਕੀਤੀ ਗਈ। ਖੇਤੀ ਪ੍ਰਧਾਨ ਸੂਬੇ ਵਿਚ ਸਨਅਤੀ ਵਿਕਾਸ ਨੂੰ ਪ੍ਰਫੁੱਲਿਤ ਕਰਨ ਲਈ ਵਿਸ਼ੇਸ਼ ਪੈਕੇਜ ਦੇਣ 'ਤੇ ਵਿਚਾਰ ਕਰਨ ਦੀ ਜ਼ੋਰਦਾਰ ਢੰਗ ਨਾਲ ਪੈਰਵੀ ਕਰਦਿਆਂ ਵਿੱਤ ਮੰਤਰੀ ਨੇ ਕੇਂਦਰੀ ਮੰਤਰੀ ਨੂੰ ਜਾਣਕਾਰੀ ਦਿੱਤੀ ਕਿ ਇਹ ਸਰਹੱਦੀ ਸੂਬਾ ਵੀ ਆਪਣੇ ਗੁਆਂਢੀ ਰਾਜਾਂ ਜਿਵੇਂ ਹਿਮਾਚਲ ਪ੍ਰਦੇਸ਼, ਜੰਮੂ ਤੇ ਕਸ਼ਮੀਰ ਅਤੇ ਉਤਰਾਖੰਡ ਵਾਂਗ ਵਿਸ਼ੇਸ਼ ਪੈਕੇਜਾਂ ਦਾ ਹੱਕਦਾਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਸਨੀਕ ਬਹੁਤ ਮਿਹਨਤੀ ਹਨ ਅਤੇ ਪੰਜਾਬ ਨੂੰ ਸਿਰਫ ਭੂਗੋਲਿਕ ਸਥਿਤੀ ਤੋਂ ਹੀ ਨਾ ਵਿਚਾਰਿਆ ਜਾਵੇ ਕਿਉਂਕਿ ਸੂਬੇ ਨੇ ਸੰਨ 1947, 1962, 1965 ਅਤੇ 1971 ਵਿਚ ਦੇਸ਼ ਲਈ ਲੜਾਈ ਲੜਨ ਤੋਂ ਇਲਾਵਾ ਸਰਹੱਦ ਪਾਰੋਂ 'ਗੁਆਂਢੀ ਮੁਲਕਾਂ' ਵੱਲੋਂ ਫੈਲਾਏ ਅਤਿਵਾਦ ਖਿਲਾਫ ਵੀ ਦਸ ਸਾਲਾਂ ਤੱਕ ਕੌਮੀ ਲੜਾਈ ਲੜੀ ਹੈ।

## ਮੁੜ ਸਰਗਰਮ ਹੋਣਗੇ ਰਾਮੂਵਾਲੀਆ

**ਚੰਡੀਗੜ੍ਹ:** ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ 24 ਨਵੰਬਰ ਤੋਂ ਪੰਜਾਬ ਵਿਚ ਲੋਕ ਸੇਵਾ ਸਰਗਰਮੀਆਂ ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਇਸ ਲਈ ਉਨ੍ਹਾਂ ਲੋਕ ਭਲਾਈ ਪਾਰਟੀ ਦੇ ਸਾਰੇ ਮੈਂਬਰਾਂ ਅਤੇ ਅਹੁਦੇਦਾਰਾਂ ਦੀ ਮੀਟਿੰਗ 24 ਨਵੰਬਰ ਨੂੰ ਲੁਧਿਆਣਾ 'ਚ ਸੱਦੀ ਹੈ।

## ਸੁਖਪਾਲ ਖਹਿਰਾ ਵੱਲੋਂ ਈ.ਡੀ. ਰਿਮਾਂਡ ਦੌਰਾਨ ਭੁੱਖ ਹੜਤਾਲ ਸ਼ੁਰੂ

**ਚੰਡੀਗੜ੍ਹ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਗ੍ਰਿਫਤਾਰ ਕੀਤੇ ਗਏ ਸੀਨੀਅਰ ਕਾਂਗਰਸੀ ਆਗੂ ਸੁਖਪਾਲ ਖਹਿਰਾ ਨੇ ਈ.ਡੀ. ਰਿਮਾਂਡ ਦੌਰਾਨ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਇਸ ਗੱਲ ਦਾ ਪ੍ਰਗਟਾਵਾ ਖਹਿਰਾ ਦੇ ਪੁੱਤਰ ਮਹਿਤਾਬ ਸਿੰਘ ਖਹਿਰਾ ਨੇ ਸੋਸ਼ਲ ਮੀਡੀਆ ਰਾਹੀਂ ਕੀਤਾ। ਮਹਿਤਾਬ ਅਨੁਸਾਰ ਉਸ ਦੇ ਪਿਤਾ ਨੂੰ ਈ.ਡੀ. ਰਿਮਾਂਡ ਦੌਰਾਨ ਦਿਨ ਭਰ ਪੁੱਛਗਿੱਛ ਤੋਂ ਬਾਅਦ ਚੰਡੀਗੜ੍ਹ ਪੁਲਿਸ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਸੈਕਟਰ 19 ਦੇ ਥਾਣੇ 'ਚ ਰੱਖਿਆ ਗਿਆ ਹੈ। ਮਹਿਤਾਬ ਖਹਿਰਾ ਨੇ ਦੋਸ਼ ਲਾਇਆ ਕਿ ਚੰਡੀਗੜ੍ਹ ਪੁਲਿਸ ਸੁਖਪਾਲ ਖਹਿਰਾ ਨਾਲ ਅਣਮਨੁੱਖੀ ਸਲੂਕ ਕਰ ਰਹੀ ਹੈ। ਉਸ ਦੇ ਪਿਤਾ ਨੂੰ ਕੜਾ ਉਤਾਰਨ ਲਈ ਕਿਹਾ ਜਾ ਰਿਹਾ ਹੈ ਜੋ ਕਿ ਸਿੱਖੀ 'ਤੇ ਹਮਲਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਫਰਿਜ਼ਨੋ ’ਚ ਲੱਗੀਆਂ ‘ਆਸੀਸ ਪ੍ਰੋਗਰਾਮ’ ਦੀਆਂ ਰੌਣਕਾਂ

**ਫਰਿਜ਼ਨੋ (ਬਿਊਰੋ):** ਅੱਜ ਦੇ ਸਮੇਂ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਪਰਿਵਾਰ ਲਈ ਇਕ-ਦੂਜੇ ਨੂੰ ਸਮਾਂ ਦੇਣਾ ਮੁਸ਼ਕਲ ਹੋ ਗਿਆ ਹੈ। ਖਾਸਕਰ ਬਹੁਤੀਆਂ ਬਜ਼ੁਰਗ ਅਤੇ ਸਿਆਣੀ ਉਮਰ ਦੀਆਂ ਔਰਤਾਂ ਘਰ ਬਾਹਰੀ ਕੰਮ-ਕਾਰ ਤੋਂ ਇਲਾਵਾ ਘਰ ਦੇ ਚੁੱਲ੍ਹੇ-ਚੌਕੇ (ਰਸੋਈ) ਤੱਕ ਸੀਮਤ ਹੋ ਗਈਆਂ ਹਨ। ਇਸੇ ਤਰ੍ਹਾਂ ਆਪਣੇ ਪਰਿਵਾਰ ਦੇ ਸੋਹਣੇ ਭਵਿੱਖ ਅਤੇ ਜ਼ਰੂਰਤਾਂ ਲਈ ਵੱਖ-ਵੱਖ ਖੇਤਰਾਂ ਵਿੱਚ ਨੌਕਰੀਆਂ ਕਰ ਮਰਦਾਂ ਦੇ ਬਰਾਬਰ ਘਰ ਦੀ ਆਰਥਿਕਤਾ ਵਿੱਚ ਹਿੱਸਾ ਵੀ ਪਾਉਂਦੀਆਂ ਹਨ। ਇਨ੍ਹਾਂ ਬਜ਼ੁਰਗ ਔਰਤਾਂ ਦੀ ਦੇਣ ਅਤੇ ਮਿਲੇ ਆਸ਼ੀਰਵਾਦ ਦੇ ਸਤਿਕਾਰ ਨੌਜਵਾਨ ਬੀਬੀਆਂ ਨੇ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਫਾਊਲਰ ਦੇ ਪੈਨਜ਼ੈਕ ਪਾਰਕ ਵਿੱਚ ‘ਆਸੀਸ’ ਪ੍ਰੋਗਰਾਮ ਦਾ ਆਗਾਜ਼ ਕੀਤਾ, ਜਿਸ ਵਿੱਚ ਮਾਂਵਾਂ-ਧੀਆਂ, ਸੱਸਾ-ਨੂੰਹਾਂ, ਪੋਤੀਆਂ-ਦੋਹਤੀਆਂ ਆਦਿ ਸਭ ਇਕੱਠੀਆਂ ਹੋਈਆਂ ਅਤੇ ਵਿਚਾਰਾਂ ਦੀ ਸਾਂਝ ਪਾਈ। ਇਸ ਸਮੇਂ ਬਜ਼ੁਰਗ ਔਰਤਾਂ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਇਸ ਤੋਂ ਇਲਾਵਾ ਮਨੋਰੰਜਨ ਲਈ ਗਿੱਧਾ, ਬੋਲੀਆਂ ਅਤੇ ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਹੋਇਆ ਪਰ ਇਸ ਸਾਲ ਔਰਤਾਂ ਨੇ ਪੁਰਾਣੇ ਸਮੇਂ ਦੀਆਂ ਆਪਣੇ ਹੱਥੀਂ ਕਢਾਈ ਅਤੇ ਮੀਨਾਕਾਰੀ ਕੀਤੀਆਂ ਫੁਲਕਾਰੀਆਂ ਅਤੇ ਚਾਦਰਾਂ ਦੀ ਅਜ਼ਮਾਇਸ਼ ਵੀ ਕੀਤੀ। ਇਸ ਤੋਂ ਇਲਾਵਾ ਹੱਥੀਂ ਕਢਾਈ ਕਰਨ ਦੇ ਮੁਕਾਬਲੇ ਵੀ ਹੋਏ।

ਪ੍ਰੋਗਰਾਮ ਵਿੱਚ ਸ਼ਾਮਲ ਔਰਤਾਂ ਦੁਆਰਾ ਪੰਜਾਬੀ ਵਿਰਸੇ ਨੂੰ ਯਾਦ ਕਰਦੇ ਹੋਏ ਗੀਤ ਅਤੇ ਬੋਲੀਆਂ ਗਾਈਆਂ ਗਈਆਂ। ਇਸ ਸਮੇਂ ਅਜੋਕੇ ਸਮਾਜਿਕ ਹਾਲਾਤ ‘ਤੇ ਚੋਟ ਕਰਦੀਆਂ ਵਿਅੰਗਮਈ ਸਕਿੱਟਾਂ ਵੀ ਪੇਸ਼ ਕੀਤੀਆਂ ਗਈਆਂ। ਬਜ਼ੁਰਗ ਔਰਤਾਂ ਦਾ ‘ਸੀਨੀਅਰ ਗਿੱਧਾ’ ਵੀ ਖਿੱਚ ਦਾ ਕੇਂਦਰ ਰਿਹਾ। ਸੱਜ-ਸਵਰ ਕੇ ਆਈਆਂ ਬੀਬੀਆਂ ਨੂੰ ਇਨਾਮ ਦਿੱਤੇ ਗਏ, ਜਿਸ ਨੂੰ ਸਫਲ ਬਣਾਉਣ ਵਿੱਚ ਰਮਨ ਵਿਰਕ, ਜਗਮੀਤ ਰੈਪਸੀ ਅਤੇ ਅਰਵਿੰਦ ਸੇਖੋਂ ਤੋਂ ਇਲਾਵਾ ਬਹੁਤ ਸਾਰੀਆਂ ਔਰਤਾਂ ਨੇ ਸਹਿਯੋਗ ਦਿੱਤਾ। ਸਟੇਜ ਦਾ ਸੰਚਾਲਨ ਸ਼ਾਇਰਾਨਾ ਅੰਦਾਜ਼ ਵਿੱਚ ਅੰਜੂ ਮੀਰਾ ਨੇ ਕੀਤਾ। ਪ੍ਰੋਗਰਾਮ ਵਿੱਚ ਹਾਜ਼ਰ ਸਮੂਹ ਔਰਤਾਂ ਨੇ ਖਾਣੇ ਦੇ ਸਟਾਲਾਂ ਤੋਂ ਖਾਣੇ ਦਾ ਅਨੰਦ ਵੀ ਮਾਣਿਆ। ਇਹ ਪ੍ਰੋਗਰਾਮ ਹਰ ਸਾਲ ਵਾਂਗ ਯਾਦਗਾਰੀ ਹੋ ਨਿੱਬੜਿਆ।



# ਸਰੋਆ ਤੇ ਮਨਹਾਸ ਪਰਿਵਾਰ ਨੂੰ ਸਦਮਾ

**ਸਿਆਟਲ (ਬਿਊਰੋ):** ਜਲੰਧਰ ਨੇੜੇ ਵਰਿਆਣਾ ਦੇ ਵਸਨੀਕ ਕੁਲਵੰਤ ਸਿੰਘ ਮਿਨਹਾਸ ਦੇ ਵੱਡੇ ਭਰਾ ਗੋਬਿੰਦਰ ਸਿੰਘ ਮਿਨਹਾਸ (67) ਤੇ ਉਨ੍ਹਾਂ ਦੀ ਪਤਨੀ ਕੁਲਦੀਪ ਕੌਰ (65) ਦਾ ਇਕ ਮਹੀਨੇ ਦੇ ਅੰਦਰ ਦੇਹਾਂਤ ਹੋ ਗਿਆ, ਜਿਸ ‘ਤੇ ਪੰਜਾਬੀ ਭਾਈਚਾਰੇ ਵਲੋਂ ਪਰਿਵਾਰ ਨਾਲ ਦੁਖ ਸਾਂਝਾ ਕੀਤਾ ਗਿਆ।



ਇਸ ਮੌਕੇ ਜਗਤਾਰ ਸਿੰਘ ਸਰੋਆ, ਇਕਬਾਲ ਸਿੰਘ ਸਰੋਆ, ਅਵਤਾਰ ਸਿੰਘ ਸਰੋਆ ਤੇ ਕੁਲਵੰਤ ਸਿੰਘ ਨਾਲ ਕੁਲਦੀਪ ਕੌਰ ਦੇ ਸਸਕਾਰ ਮੌਕਤ ਸ਼ਰਧਾਂਜਲੀ ਭੇਟ ਕਰਦਿਆਂ ਵਾਸਦੇਵ ਸਿੰਘ ਪਰਹਾਰ ਤੇ ਮਨਜੀਤ ਸਿੰਘ ਨੇ ਦੱਸਿਆ ਕਿ ਦੋਵੇਂ ਮਿਹਨਤੀ, ਮਿਲਣਸਾਰ ਤੇ ਸਾਊ ਸੁਭਾਅ ਦੇ ਸਨ। ਉਨ੍ਹਾਂ ਦੇ ਜਾਣ ਨਾਲ ਪੰਜਾਬੀ ਭਾਈਚਾਰੇ ਨੂੰ ਘਾਟਾ ਪਿਆ ਹੈ।

ਉਹ ਆਪਣੇ ਪਿੱਛੇ 3 ਪੁੱਤਰ ਪਰਵਿੰਦਰ ਸਿੰਘ, ਜਸਕਰਨ ਸਿੰਘ ਤੇ ਹਰਪ੍ਰੀਤ ਸਿੰਘ ਛੱਡ ਗਏ ਹਨ।

# ਹੈਰੀ ਗਿੱਲ ਅਤੇ ਅਵਤਾਰ ਗਿੱਲ ਨੂੰ ਸਦਮਾ

**ਫਰਿਜ਼ਨੋ (ਕੈਲੀਫੋਰਨੀਆ):** ਫਰਿਜ਼ਨੋ ਨੇੜਲੇ ਸ਼ਹਿਰ ਕੁਦਰਜ਼ ਦੇ ਉੱਘੇ ਕਾਰੋਬਾਰੀ ਗਿੱਲ ਇੰਸ਼ੋਰੈਂਸ ਵਾਲੇ ਹੈਰੀ ਗਿੱਲ ਅਤੇ ਅਵਤਾਰ ਗਿੱਲ ਨੂੰ ਉਸ ਵੇਲੇ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਮਾਤਾ ਕੁਲਦੀਪ ਕੌਰ ਗਿੱਲ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਆਖ ਗਏ। ਮਾਤਾ ਕੁਲਦੀਪ ਕੌਰ ਗਿੱਲ ਦਾ ਪਿਛਲਾ ਪਿੰਡ ਮਕਸੂਦੜਾ ਜ਼ਿਲ੍ਹਾ ਲੁਧਿਆਣਾ ਵਿੱਚ ਪੈਂਦਾ ਹੈ ਅਤੇ ਉਹ ਲੰਮੇ ਸਮੇਂ ਤੋਂ ਕੁਦਰਜ਼ ਕੈਲੀਫੋਰਨੀਆ ਵਿਚ ਆਪਣੇ ਬੇਟਿਆਂ ਕੋਲ ਰਹਿ ਰਹੇ ਸਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅਵਤਾਰ ਸਿੰਘ ਗਿੱਲ ਨਾਲ (559) 352-7222 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।




A & I WATSONVILLE, CA

A & I Transport Inc.


123 E Lee Rd, Watsonville, CA Ph: 831-763-7805

ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ

ਕਲਾਸ ‘ਏ’ ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ
ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

- Class A Driver. • Clean driving record • Ability to pass DOT drug test.

*We offer the following benefits of employment*

- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

*Signing bonus subject to terms and conditions.

For More Information Call (24 hours) Armando or Vicente, Ph: (831) 763-7805

# ਹੁਣ ਨਵਜੋਤ ਸਿੱਧੂ ਵੀ ਗਾਉਣ ਲੱਗਾ ਚੰਨੀ ਸਰਕਾਰ ਦੇ ਸੋਹਲੇ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਦਾਅਵਾ ਕੀਤਾ ਹੈ ਕਿ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਮਗਰੋਂ ਉਨ੍ਹਾਂ (ਸਿੱਧੂ) ਦੇ 13 ਨੁਕਾਤੀ ਏਜੰਡੇ ਦੇ ਨਤੀਜੇ ਹਕੀਕੀ ਰੂਪ 'ਚ ਦਿਸਣ ਲੱਗੇ ਹਨ। ਉਨ੍ਹਾਂ ਕਿਹਾ ਕਿ ਕਰਜ਼ੇ ਦੀ ਪੰਡ ਹੇਠ ਦੱਬੇ ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨ ਨਾਲ ਜੁੜੇ ਮਿਸ਼ਨ ਦੇ ਇੱਛਤ ਨਤੀਜੇ ਮਿਲ ਰਹੇ ਹਨ। ਸਿੱਧੂ ਨੇ ਸਾਫ ਕਰ ਦਿੱਤਾ ਕਿ ਉਹ ਅੰਮ੍ਰਿਤਸਰ ਤੋਂ ਹੀ ਵਿਧਾਨ ਸਭਾ ਚੋਣ ਲੜਨਗੇ।

ਸ੍ਰੀ ਸਿੱਧੂ ਨੇ ਕਿਹਾ, ''ਟਰਾਂਸਪੋਰਟ ਮਾਫੀਆ ਦੀ ਨਕੇਲ ਕਸਣੀ, ਬਿਜਲੀ ਖਰੀਦ ਸਮਝੌਤਿਆਂ (ਪੀ.ਪੀ.ਏ.) ਨੂੰ ਨਵਿਆਉਣ ਦਾ ਅਮਲ ਸ਼ੁਰੂ ਕਰਨਾ ਤੇ ਰੇਤੇ ਦੀਆਂ ਕੀਮਤਾਂ ਨੂੰ ਕੰਟਰੋਲ ਵਿਚ ਲਿਆਉਣ ਲਈ ਸਾਡੇ (ਸਰਕਾਰ) ਵੱਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ, ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨ ਲਈ ਚੁੱਕਿਆ ਸਾਡਾ ਪਹਿਲਾ ਕਦਮ ਹੈ।'' ਸਿੱਧੂ ਨੇ ਇਸ਼ਾਰਾ ਕੀਤਾ ਕਿ ਉਨ੍ਹਾਂ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਰਮਿਆਨ ਹੁਣ 'ਸਭ ਕੁਝ ਚੰਗਾ' ਹੈ ਤੇ ਦੋਵੇਂ ਆਗੂ 2022 ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਮਿਲ ਕੇ ਕੰਮ ਕਰਨਗੇ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਕ ਵਾਰ ਫਿਰ ਕਾਂਗਰਸ ਦੀ ਸਰਕਾਰ ਬਣੇਗੀ ਤੇ ਕੋਈ ਵੀ ਤਾਕਤ (ਵਿਰੋਧੀ ਪਾਰਟੀਆਂ) ਇਸ ਨੂੰ ਰੋਕ ਨਹੀਂ ਸਕਦੀ। ਅਗਾਮੀ ਚੋਣਾਂ ਵਿਚ ਮੁੱਖ ਮੰਤਰੀ ਦੇ ਉਮੀਦਵਾਰ



ਵਜੋਂ ਉਨ੍ਹਾਂ ਦੀ ਦਾਅਵੇਦਾਰੀ ਬਾਰੇ ਪੁੱਛੇ ਜਾਣ 'ਤੇ ਸਿੱਧੂ ਨੇ ਪਹਿਲਾਂ ਤਾਂ ਜਵਾਬ ਦੇਣ ਤੋਂ ਟਾਲਾ ਵਟਣਾ ਚਾਹਿਆ, ਪਰ ਫਿਰ ਉਨ੍ਹਾਂ ਕਿਹਾ ਕਿ 'ਇਹ ਫੈਸਲਾ ਪਾਰਟੀ ਹਾਈ ਕਮਾਂਡ ਨੇ ਲੈਣਾ ਹੈ।'

ਆਪਣੇ ਉਚ ਆਦਰਸ਼ਾਂ ਦੀ ਗੱਲ ਕਰਦਿਆਂ ਸਿੱਧੂ ਨੇ ਕਿਹਾ, ''ਜੇਕਰ ਕੁਝ ਵੀ ਗਲਤ ਹੁੰਦਾ ਹੈ ਤਾਂ ਉਸ ਖਿਲਾਫ ਆਵਾਜ਼ ਬੁਲੰਦ ਕਰਨੀ ਮੇਰੀ ਜ਼ਿੰਦਗੀ ਦਾ ਇਕੋ ਇਕ ਮਿਸ਼ਨ ਹੈ। ਮੈਂ ਹਮੇਸ਼ਾ ਇਹੀ ਕੀਤਾ ਹੈ ਤੇ ਅੱਗੋਂ ਵੀ ਇਹ ਜਾਰੀ ਰਹੇਗਾ। 2007 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਪੰਜਾਬ ਸਰਕਾਰ ਸਿਰ 30,000 ਕਰੋੜ ਰੁਪਏ ਕਰਜ਼ੇ ਦੀ ਪੰਡ ਸੀ। 2017 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੌਕੇ ਪੰਡ ਦਾ ਬੋਝ ਵਧ ਕੇ 1.82 ਲੱਖ ਕਰੋੜ ਰੁਪਏ ਹੋ ਗਿਆ ਤੇ ਅੱਜ ਇਹ ਕਰਜ਼ਾ 3 ਲੱਖ ਕਰੋੜ ਰੁਪਏ ਦੀ ਸਿਖਰ 'ਤੇ ਹੈ।

ਇਸ ਪੰਡ ਦਾ ਬੋਝ ਕਿਸ ਨੂੰ ਝੱਲਣਾ ਪਏਗਾ? ਪੰਜਾਬ ਦੇ ਲੋਕਾਂ ਨੂੰ। ਸਾਨੂੰ ਇਹ ਰੋਕਣਾ ਹੋਵੇਗਾ। ਇਕ ਛੋਟੀ ਜਿਹੀ ਸ਼ੁਰੂਆਤ ਕੀਤੀ ਹੈ ਤੇ ਮੈਨੂੰ ਯਕੀਨ ਹੈ ਕਿ ਅਸੀਂ ਇਸ ਨੂੰ ਨਿਆਂਸੰਗਤ ਅੰਤ ਤੱਕ ਲੈ ਕੇ ਜਾਵਾਂਗੇ।" ਗੱਲਬਾਤ ਦੌਰਾਨ ਸਿੱਧੂ ਨੇ ਅਗਾਮੀ ਚੋਣ ਪਟਿਆਲਾ ਤੋਂ ਲੜਨ ਦੀਆਂ ਕਨਸੋਆਂ ਨੂੰ ਖਾਰਜ ਕਰ ਦਿੱਤਾ। ਸਿੱਧੂ ਨੇ ਕਿਹਾ, "ਮੈਂ ਅੰਮ੍ਰਿਤਸਰ ਤੋਂ ਇਲਾਵਾ ਹੋਰ ਕਿਤੋਂ ਚੋਣ ਨਹੀਂ ਲੜਾਂਗਾ। ਮੈਂ ਹਮੇਸ਼ਾਂ ਆਪਣੇ ਬੋਲਾਂ ਨੂੰ ਪੁਗਾਇਆ ਹੈ। ਮੈਂ ਸੀਟ ਬਦਲੀ ਨੂੰ ਉਦੋਂ ਵੀ ਸਵੀਕਾਰ ਨਹੀਂ ਕੀਤਾ ਸੀ ਜਦੋਂ ਸਾਬਕਾ ਵਿੱਤ ਮੰਤਰੀ ਮਰਹੂਮ ਅਰੁਣ ਜੇਤਲੀ ਨੂੰ ਸਾਲ 2014 ਵਿਚ ਅੰਮ੍ਰਿਤਸਰ ਸੰਸਦੀ ਸੀਟ ਤੋਂ ਚੋਣ ਲੜਾਈ ਗਈ ਸੀ। ਉਦੋਂ ਮੈਨੂੰ ਰਾਜ ਸਭਾ ਸੀਟ ਦੇ ਨਾਲ ਹਰਿਆਣਾ, ਦਿੱਲੀ ਜਾਂ ਚੰਡੀਗੜ੍ਹ ਤੋਂ ਚੋਣ ਲੜਨ ਦੀ ਵੀ ਪੇਸ਼ਕਸ਼ ਹੋਈ ਸੀ।"

## 'ਆਪ' ਨੇ 13 ਨੁਕਾਤੀ ਏਜੰਡੇ 'ਤੇ ਸਰਕਾਰ ਘੇਰੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਪੰਜਾਬ ਸਰਕਾਰ ਦੇ 13 ਨੁਕਾਤੀ ਏਜੰਡੇ ਸਬੰਧੀ ਕੀਤੇ ਗਏ ਦਾਅਵੇ ਨੂੰ ਮਹਿਜ਼ ਛਲਾਵਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਬਾਰੇ ਸਟੈਂਡ ਸਪੱਸ਼ਟ ਕਰਨ ਕਿ ਦੋਸ਼ੀਆਂ ਨੂੰ ਸਜ਼ਾ ਕਦੋਂ ਤੱਕ ਮਿਲੇਗੀ?

## ਚੰਨੀ ਦੀ ਕਾਰਗੁਜ਼ਾਰੀ ਤੋਂ ਖੁਸ਼ ਹਾਂ: ਬਾਜਵਾ

**ਦਸੂਹਾ:** ਰਾਜ ਸਭਾ ਮੈਂਬਰ ਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਚਰਨਜੀਤ ਚੰਨੀ ਵੱਲੋਂ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਮਗਰੋਂ ਵਿੱਢੀਆਂ ਸਿਆਸੀ ਸਰਗਰਮੀਆਂ ਦੀ ਸਮੁੱਚੇ ਪੰਜਾਬੀਆਂ ਸਮੇਤ ਵਿਰੋਧੀ ਵੀ ਸ਼ਲਾਘਾ ਕਰ ਰਹੇ ਹਨ। ਉਨ੍ਹਾਂ ਚੰਨੀ ਸਰਕਾਰ ਦੀ ਕਾਰਗੁਜ਼ਾਰੀ ਪ੍ਰਤੀ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਕਾਂਗਰਸ ਹੀ ਅਜਿਹੀ ਪਾਰਟੀ ਹੈ ਜੋ ਸਾਰੇ ਵਰਗਾਂ ਨੂੰ ਬਰਾਬਰ ਨੁਮਾਇੰਦਗੀ ਦਿੰਦੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਚੰਨੀ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰੇਗੀ। ਨਵਜੋਤ ਸਿੰਘ ਸਿੱਧੂ ਬਾਰੇ ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਹਰੇਕ ਨੂੰ ਆਪਣੀ ਗੱਲ ਕਰਨ ਦਾ ਅਧਿਕਾਰ ਹੈ।

# ਚੜੂਨੀ ਨੇ ਜੌੜਾਮਾਜਰਾ ਨੂੰ ਸੌਂਪੀ ਪੰਜਾਬ ਦੀ ਕਮਾਨ



**ਸਮਾਣਾ:** ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਮਿਸ਼ਨ ਪੰਜਾਬ 2022 ਲਈ ਰਛਪਾਲ ਸਿੰਘ ਜੌੜਾਮਾਜਰਾ ਨੂੰ ਪੰਜਾਬ ਦਾ ਮੁਖੀ ਥਾਪਿਆ ਤੇ ਨਾਲ ਹੀ ਉਨ੍ਹਾਂ ਜੌੜਾਮਾਜਰਾ ਨੂੰ ਵਿਧਾਨ ਸਭਾ ਹਲਕਾ ਸਮਾਣਾ ਤੋਂ ਉਮੀਦਵਾਰ ਵੀ ਐਲਾਨਿਆ। ਉਨ੍ਹਾਂ ਕਿਹਾ ਕਿ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਕਿਸਾਨ ਉਮੀਦਵਾਰ ਖੜ੍ਹੇ ਕੀਤੇ ਜਾਣਗੇ।

ਇਥੇ ਰਛਪਾਲ ਸਿੰਘ ਜੌੜਾਮਾਜਰਾ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਨੂੰ ਖਤਮ ਕਰਨ 'ਤੇ ਤੁਲੀ ਹੋਈ ਹੈ, ਜਿਸ ਦਾ ਪ੍ਰਤੱਖ ਪ੍ਰਮਾਣ ਕੇਂਦਰ ਵੱਲੋਂ ਪਾਸ ਕੀਤੇ ਗਏ ਖੇਤੀ ਕਾਨੂੰਨ ਹਨ। ਉਨ੍ਹਾਂ ਬਾਕੀ ਸਿਆਸੀ ਪਾਰਟੀਆਂ ਨੂੰ ਵੀ ਕਰੜੇ ਹੱਥੀ ਲੈਂਦਿਆਂ ਕਿਹਾ ਕਿ ਵੱਖ ਵੱਖ ਸਿਆਸੀ ਪਾਰਟੀਆਂ ਨੇ ਕਿਸਾਨਾਂ ਨੂੰ ਅੱਜ ਤੱਕ ਸੁਫਨੇ ਦਿਖਾ ਕੇ ਸੱਤਾ 'ਤੇ ਰਾਜ ਕੀਤਾ ਹੈ। ਕਿਸੇ ਵੀ ਪਾਰਟੀ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਨਹੀਂ ਦਿੱਤਾ ਪਰ ਹੁਣ ਦੇਸ਼ ਦਾ ਕਿਸਾਨ ਜਾਗ ਚੁੱਕਾ ਹੈ ਤੇ ਉਹ ਇਨ੍ਹਾਂ ਰਵਾਇਤੀ ਸਿਆਸੀ ਪਾਰਟੀਆਂ ਨੂੰ ਮੂੰਹ ਨਹੀਂ ਲਗਾਵੇਗਾ। ਸ੍ਰੀ ਚੜੂਨੀ ਨੇ ਕਿਹਾ ਕਿ ਕਿਸਾਨਾਂ ਦੇ ਮਸਲੇ ਹੱਲ ਕਰਵਾਉਣ ਲਈ ਇਸ ਵਾਰ ਕਿਸਾਨਾਂ ਨੂੰ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ 'ਤੇ ਉਤਾਰਿਆ ਜਾਵੇਗਾ ਤੇ ਸੂਬੇ ਵਿਚ ਕਿਸਾਨਾਂ ਦੀ ਸਰਕਾਰ ਬਣਾਈ ਜਾਵੇਗੀ।

## ਪੰਜਾਬ ਨੇ ਮੋਦੀ ਨੂੰ ਸਪੱਸ਼ਟ ਸੰਦੇਸ਼ ਦੇ ਦਿੱਤਾ ਹੈ: ਕਿਸਾਨ ਮੋਰਚਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਹਾ ਗਿਆ ਕਿ ਪੰਜਾਬ ਦੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ 10 ਨਵੰਬਰ ਨੂੰ ਦੋ ਬਿੱਲ ਪੇਸ਼ ਕੀਤੇ ਤੇ ਕੰਟਰੈਕਟ ਫਾਰਮਿੰਗ ਬਾਰੇ ਐਕਟ 2013 ਰੱਦ ਕਰਨ ਲਈ ਵੀ ਬਿੱਲ ਪੇਸ਼ ਕੀਤਾ, ਜਿਸ ਨਾਲ ਪੰਜਾਬ ਸਰਕਾਰ ਨੇ ਮੋਦੀ ਸਰਕਾਰ ਨੂੰ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਕੇਂਦਰੀ ਖੇਤੀ ਕਾਨੂੰਨ ਵੀ ਰੱਦ ਕਰਨ ਦੀ ਲੋੜ ਹੈ। ਮੋਰਚੇ ਨੇ ਦੱਸਿਆ ਕਿ ਕੰਟਰੈਕਟ ਫਾਰਮਿੰਗ ਐਕਟ 2013 ਅਤੇ ਇਸ ਨੂੰ ਰੱਦ ਕਰਨ ਦੇ ਮਾਮਲੇ ਵਿਚ ਪੰਜਾਬ ਸਰਕਾਰ ਨੇ ਕਿਹਾ ਕਿ ਜਦੋਂ ਤੱਕ ਕਿਸਾਨਾਂ ਦਾ ਡਰ ਦੂਰ ਨਹੀਂ ਹੋ ਜਾਂਦਾ, ਉਦੋਂ ਤੱਕ ਇਸ ਐਕਟ ਨੂੰ ਮੌਜੂਦਾ ਰੂਪ ਵਿਚ ਚਾਲੂ ਰੱਖਣਾ ਵਿਅਰਥ ਹੈ ਤੇ ਇਸ ਲਈ ਇਹ ਉਚਿਤ ਹੋਵੇਗਾ ਕਿ ਐਕਟ ਨੂੰ ਰੱਦ ਕੀਤਾ ਜਾਵੇ।

# ਆਮ ਆਦਮੀ ਪਾਰਟੀ ਨੇ ਅਗਾਮੀ ਚੋਣਾਂ ਲਈ 10 ਉਮੀਦਵਾਰ ਐਲਾਨੇ

**ਚੰਡੀਗੜ੍ਹ:** ਉਮੀਦਵਾਰ ਐਲਾਨਣ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਾਜੀ ਮਾਰੇ ਜਾਣ ਮਗਰੋਂ ਹੁਣ ਆਮ ਆਦਮੀ ਪਾਰਟੀ (ਆਪ) ਨੇ ਵੀ ਪਹਿਲ ਸ਼ੁਰੂ ਕੀਤੀ ਹੈ। ਆਮ ਆਦਮੀ ਪਾਰਟੀ ਨੇ ਆਗਾਮੀ ਚੋਣਾਂ ਲਈ ਆਪਣੇ 10 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ।



'ਆਪ' ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਵੱਲੋਂ ਜਾਰੀ ਸੂਚੀ ਤੋਂ ਸਾਫ ਹੈ ਕਿ ਕਿਸੇ ਵੀ ਮੌਜੂਦਾ ਵਿਧਾਇਕ ਦਾ ਹਲਕਾ ਨਹੀਂ ਬਦਲਿਆ ਗਿਆ ਹੈ।

'ਆਪ' ਵੱਲੋਂ ਉਮੀਦਵਾਰਾਂ ਦੇ ਅਗੇਤੇ ਐਲਾਨ ਪਿੱਛੇ ਸਿਆਸੀ ਮਜਬੂਰੀ ਦੱਸੀ ਜਾ ਰਹੀ ਹੈ। ਬਠਿੰਡਾ ਦਿਹਾਤੀ ਤੋਂ 'ਆਪ' ਵਿਧਾਇਕਾ ਰੁਪਿੰਦਰ ਰੂਬੀ ਨੇ ਕਾਂਗਰਸ ਦਾ ਪੱਲਾ ਫੜ ਲਿਆ ਹੈ ਅਤੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ 'ਆਪ' ਵਿਧਾਇਕ ਜਗਤਾਰ ਸਿੰਘ ਜੱਗਾ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਆਮ ਆਦਮੀ ਮੰਨ ਕੇ ਆਪਣੀ ਸਿਆਸੀ ਇੱਛਾ ਜ਼ਾਹਿਰ ਕਰ ਦਿੱਤੀ ਹੈ।

'ਆਪ' ਦੇ ਪੰਜਾਬ ਯੂਨਿਟ ਨੇ ਭਵਿੱਖ 'ਚ ਇਸ ਵਰਤਾਰੇ ਨੂੰ ਠੱਲ੍ਹਣ ਲਈ ਉਮੀਦਵਾਰਾਂ ਦਾ ਅਗੇਤਾ ਐਲਾਨ ਕੀਤਾ ਹੈ। 'ਆਪ' ਨੇ ਸੂਚੀ ਐਲਾਨ ਕੇ ਕਾਂਗਰਸ 'ਚ ਸ਼ਾਮਲ ਹੋਈ ਰੁਪਿੰਦਰ ਰੂਬੀ ਵੱਲੋਂ ਲਾਏ ਦੋਸ਼ਾਂ ਕਿ 'ਆਪ' ਦੇ ਕਈ ਵਿਧਾਇਕ ਨਵੇਂ ਹਲਕੇ ਲੱਭ ਰਹੇ ਹਨ, ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ ਕਿਉਂਕਿ 10 ਵਿਧਾਇਕਾਂ ਦੇ ਪੁਰਾਣੇ ਹਲਕੇ ਹੀ ਰਹਿਣਗੇ। ਕਾਂਗਰਸ ਦੀ ਸਿਆਸੀ ਨੀਅਤ ਨੂੰ ਦੇਖਦੇ ਹੋਏ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਤੋਂ ਹਰੀ ਝੰਡੀ ਲੈਣ ਮਗਰੋਂ ਉਮੀਦਵਾਰ ਐਲਾਨੇ ਗਏ ਹਨ। ਸੂਚੀ ਅਨੁਸਾਰ ਗੜ੍ਹਸ਼ੰਕਰ ਤੋਂ ਜੈ ਕਿਸ਼ਨ ਰੋੜੀ, ਜਗਰਾਓਂ ਤੋਂ ਸਰਵਜੀਤ ਕੌਰ ਮਾਣੂਕੇ, ਨਿਹਾਲ ਸਿੰਘ ਵਾਲਾ ਤੋਂ ਮਨਜੀਤ ਬਿਲਾਸਪੁਰ, ਕੋਟਕਪੂਰਾ ਤੋਂ ਕੁਲਤਾਰ ਸਿੰਘ ਸੰਧਵਾਂ, ਤਲਵੰਡੀ ਸਾਬੋ ਤੋਂ ਬਲਜਿੰਦਰ ਕੌਰ, ਬੁਢਲਾਡਾ ਤੋਂ ਪ੍ਰਿੰਸੀਪਲ ਬੁੱਧ ਰਾਮ, ਦਿੜਬਾ ਤੋਂ ਹਰਪਾਲ ਸਿੰਘ ਚੀਮਾ, ਸੁਨਾਮ ਤੋਂ ਅਮਨ ਅਰੋੜਾ, ਬਰਨਾਲਾ ਤੋਂ ਗੁਰਮੀਤ ਸਿੰਘ ਮੀਤ ਹੇਅਰ, ਮਹਿਲ ਕਲਾਂ ਤੋਂ ਕੁਲਵੰਤ ਪੰਡੋਰੀ 'ਆਪ' ਉਮੀਦਵਾਰ ਹੋਣਗੇ।

ਪਾਰਟੀ ਨੇ ਟਿਕਟਾਂ ਦੀ ਵੰਡ 'ਚ ਐਤਕੀਂ 'ਆਪ' ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੂੰ ਅਧਿਕਾਰ ਦਿੱਤੇ ਹਨ ਜਿਸ ਤੋਂ ਕਈ ਸਿਆਸੀ ਸੰਕੇਤ ਮਿਲਦੇ ਹਨ। ਜਾਰੀ ਸੂਚੀ ਹੇਠ ਭਗਵੰਤ ਮਾਨ ਦੇ ਦਸਤਖਤ ਹਨ। ਇਸ ਤੋਂ ਪਹਿਲਾਂ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਸੂਚੀ ਜਾਰੀ ਕੀਤੀ ਜਾਂਦੀ ਸੀ। ਹੁਣ ਭਗਵੰਤ ਮਾਨ ਨੂੰ ਦਿੱਤੇ ਇਸ ਥਾਪੜੇ ਤੋਂ 'ਆਪ' ਦੀ ਪੰਜਾਬ ਯੂਨਿਟ ਦੇ ਹੌਸਲੇ ਵਧੇ ਹਨ।

# ਕਾਂਗਰਸ ਨੇ ਸੁਖਬੀਰ ਬਾਦਲ ਨੂੰ ਫਸਾਉਣ ਲਈ ਸਾਜ਼ਿਸ਼ ਘੜੀ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਸਰਕਾਰ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਝੂਠੇ ਕੇਸ ਵਿਚ ਫਸਾਉਣ ਦੀ ਸਾਜ਼ਿਸ਼ ਘੜਨ ਦੀ ਗੱਲ ਕਰਦਿਆਂ ਬੇਅਦਬੀ ਮਾਮਲੇ ਦੀ ਜਾਂਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੌਜੂਦਾ ਜੱਜ ਦੀ ਨਿਗਰਾਨੀ ਹੇਠ ਕਰਾਉਣ ਦੀ ਮੰਗ ਕੀਤੀ ਹੈ। ਸੀਨੀਅਰ ਅਕਾਲੀ ਆਗੂ ਮਹੇਸ਼ ਇੰਦਰ ਸਿੰਘ ਗਰੇਵਾਲ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਡਾ. ਦਲਜੀਤ ਸਿੰਘ ਚੀਮਾ ਨੇ ਸਾਂਝੀ ਪ੍ਰੈੱਸ ਕਾਨਫਰੰਸ ਵਿਚ ਦੱਸਿਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ 22 ਅਕਤੂਬਰ ਨੂੰ ਸਵੇਰੇ 11.30 ਵਜੇ ਤੋਂ ਦੁਪਹਿਰ 1.30 ਵਜੇ ਪੰਜਾਬ ਰਾਜ ਭਵਨ ਦੇ ਗੈਸਟ ਹਾਊਸ ਵਿਚ ਗੁਪਤ ਮੀਟਿੰਗ ਕਰਕੇ ਸਾਜ਼ਿਸ਼ ਰਚੀ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਸੀਨੀਅਰ ਪੁਲਿਸ ਅਧਿਕਾਰੀ ਤੇ ਸੇਵਾ ਮੁਕਤ ਪੁਲਿਸ ਅਧਿਕਾਰੀ



ਆਰ.ਐਸ. ਖੱਟੜਾ, ਸੁਲੱਖਣ ਸਿੰਘ ਤੋਂ ਇਲਾਵਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਤੇ ਕੁਲਬੀਰ ਜੀਰਾ ਵੀ ਸ਼ਾਮਲ ਸਨ। ਗਰੇਵਾਲ ਨੇ ਦੱਸਿਆ ਕਿ ਕਾਂਗਰਸ ਸਰਕਾਰ ਸੱਤਾ ਵਿਰੋਧੀ ਲਹਿਰ ਨੂੰ ਖਤਮ ਕਰਨ ਦੇ ਮਕਸਦ ਨਾਲ ਸਿਆਸੀ ਵਿਰੋਧੀਆਂ ਤੇ ਖਾਸ ਤੌਰ 'ਤੇ ਬਾਦਲ ਪਰਿਵਾਰ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਲੋਕਾਂ ਦਾ ਧਿਆਨ ਪਾਸੇ ਕਰਨਾ ਸੀ।

ਉਨ੍ਹਾਂ ਕਿਹਾ ਕਿ ਸਾਬਕਾ ਆਈ.ਜੀ. ਆਰ.ਐਸ. ਖੱਟੜਾ ਦੀ ਜ਼ਿੰਮੇਵਾਰੀ ਲਗਾਈ ਗਈ ਸੀ ਕਿ ਉਹ ਬਾਦਲ ਪਰਿਵਾਰ ਖਿਲਾਫ ਝੂਠੇ ਗਵਾਹ ਤਿਆਰ ਕਰਨ। ਉਨ੍ਹਾਂ ਕਿਹਾ ਕਿ ਖੱਟੜਾ ਨਾਲ ਵਾਅਦਾ ਕੀਤਾ ਗਿਆ ਹੈ ਕਿ ਉਸ ਨੂੰ ਸੰਵਿਧਾਨਕ ਅਹੁਦਾ ਦਿੱਤਾ ਜਾਵੇਗਾ ਤੇ ਉਸ ਦੇ ਪੁੱਤਰ ਨੂੰ ਪਟਿਆਲਾ ਜਾਂ ਮਾਲਵਾ ਖਿੱਤੇ ਵਿਚੋਂ ਕਾਂਗਰਸ ਪਾਰਟੀ ਦੀ ਟਿਕਟ ਦਿੱਤੀ ਜਾਵੇਗੀ।

ਗਰੇਵਾਲ ਨੇ ਕਿਹਾ ਕਿ ਇਸ ਸੌਦੇ ਵਜੋਂ ਕਾਂਗਰਸੀ ਵਰਕਰ ਰਾਜਿੰਦਰ ਕੌਰ ਮੀਮਸਾ ਨੂੰ ਅਕਾਲੀ ਦਲ ਪ੍ਰਧਾਨ ਦੇ ਖਿਲਾਫ ਝੂਠੇ ਗਵਾਹ ਵਜੋਂ ਪੇਸ਼ ਹੋਣ ਲਈ ਤਿਆਰ ਕੀਤਾ ਗਿਆ ਹੈ। ਸਾਜ਼ਿਸ਼ ਤਹਿਤ ਰਾਜਿੰਦਰ ਕੌਰ ਇਕ ਪ੍ਰੈੱਸ ਕਾਨਫਰੰਸ ਕਰੇਗੀ ਅਤੇ ਡੀ.ਜੀ.ਪੀ. ਨੂੰ ਫੋਨ ਕਰ ਕੇ ਪੁੱਛੇਗੀ ਕਿ ਉਸ ਦੀ ਸ਼ਿਕਾਇਤ ਕਿਉਂ ਨਹੀਂ ਦਰਜ ਕੀਤੀ ਜਾ ਰਹੀ। ਫਿਰ ਪੂਰੀ ਸਾਜ਼ਿਸ਼ ਤਹਿਤ ਗੱਲ ਅੱਗੇ ਵਧਾਏਗੀ। ਚੰਦੂਮਾਜਰਾ ਤੇ ਡਾ. ਚੀਮਾ ਨੇ ਪੰਜਾਬ ਦੇ ਰਾਜਪਾਲ ਨੂੰ ਅਪੀਲ ਕੀਤੀ ਹੈ ਕਿ ਉਹ ਮਾਮਲੇ 'ਚ ਢੁਕਵੀਂ ਕਾਰਵਾਈ ਕਰਨ। ਉਨ੍ਹਾਂ ਦੱਸਿਆ ਕਿ ਉਹ ਜਲਦੀ ਹੀ ਰਾਜਪਾਲ ਨਾਲ ਮੁਲਾਕਾਤ ਵੀ ਕਰਨਗੇ। ਉਨ੍ਹਾਂ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਪਾਰਟੀ ਨੂੰ ਰਾਜ ਭਵਨ ਦੇ ਉਸ ਹਿੱਸੇ ਦੀ 22 ਅਕਤੂਬਰ ਦੀ ਸੀ.ਸੀ.ਟੀ.ਵੀ. ਫੁਟੇਜ ਦੇਣ ਜਿਥੇ ਮੀਟਿੰਗ ਹੋਈ ਸੀ। ਉਨ੍ਹਾਂ ਐਸ.ਆਈ.ਟੀ. ਦੀ ਗੁਪਤ ਮੀਟਿੰਗ 'ਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਹੁਣ ਚੰਨੀ ਸਰਕਾਰ ਕੇਂਦਰ ਦੇ ਹੱਥਾਂ ਵਿਚ ਖੇਡ ਰਹੀ ਹੈ ਤੇ ਅਕਾਲੀ ਦਲ ਦੇ ਪ੍ਰਧਾਨ ਦੇ ਫੋਨ ਟੈਪ ਕਰਨ ਤੱਕ ਗਈ ਹੈ। ਉਹ ਸੰਸਦ ਦੇ ਆਉਂਦੇ ਸੈਸ਼ਨ ਦੌਰਾਨ ਇਸ ਮਾਮਲੇ ਵਿਚ ਵਿਸ਼ੇਸ਼ ਅਧਿਕਾਰ ਮਤਾ ਵੀ ਪੇਸ਼ ਕਰਨਗੇ।

## ਸੁਮੇਧ ਸੈਣੀ ਨੂੰ ਬਚਾਅ ਰਹੀ ਹੈ ਚੰਨੀ ਸਰਕਾਰ: ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੇ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ 'ਤੇ ਸਾਬਕਾ ਡੀ.ਜੀ.ਪੀ ਸੁਮੇਧ ਸੈਣੀ ਦੀ ਲੁਕਵੀਂ ਮਦਦ ਕਰਨ ਦੇ ਦੋਸ਼ ਲਾਏ ਹਨ। ਪਾਰਟੀ ਦੇ ਸੀਨੀਅਰ ਆਗੂ ਤੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਵਿਜੀਲੈਂਸ ਬਿਊਰੋ ਵੱਲੋਂ ਸੁਮੇਧ ਸੈਣੀ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦਰਜ ਕੀਤੇ ਗਏ ਕੇਸ 'ਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਮਾਮਲੇ ਦੀ ਹੋਈ ਸੁਣਵਾਈ ਦਾ ਇਕ ਵੀਡੀਓ ਜਨਤਕ ਕੀਤਾ ਹੈ। ਉਨ੍ਹਾਂ ਵੀਡੀਓ ਵਿਚ ਦੋਸ਼ ਲਾਇਆ ਕਿ ਸਰਕਾਰੀ ਵਕੀਲ, ਸੁਮੇਧ ਸੈਣੀ ਦੀ ਅੰਤਰਿਮ ਜ਼ਮਾਨਤ ਦਾ ਵਿਰੋਧ ਕਰਨ ਦੀ ਬਜਾਏ ਮਦਦ ਕਰਦਾ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਹਾਈ ਕੋਰਟ ਵਿਚ ਸਰਕਾਰੀ ਵਕੀਲ ਦੁਆਰਾ ਸੁਮੇਧ ਸੈਣੀ ਦੀ ਜ਼ਮਾਨਤ ਅਰਜ਼ੀ 'ਤੇ ਕੋਈ ਵਿਰੋਧ ਨਾ ਜਤਾਏ ਜਾਣ ਕਾਰਨ ਹੀ ਉਸ ਨੂੰ ਅਦਾਲਤ ਵੱਲੋਂ ਜ਼ਮਾਨਤ ਮਿਲੀ ਹੈ।

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ।

2330 Enterprise Park Dr., Indianapolis, IN 46218

Online Application @ www.xpresscargoinc.com

# ਪੰਜਾਬ ਦੇ ਹਾਲਾਤ ਨੂੰ ਗੰਭੀਰਤਾ ਨਾਲ ਲੈਣ ਪਰਵਾਸੀ ਪੰਜਾਬੀ: ਸ਼੍ਰੋਮਣੀ ਅਕਾਲੀ ਦਲ (ਅ)

**ਨਿਊਯਾਰਕ (ਬਿਊਰੋ):** ਪੰਜਾਬ ਵਿਚਲੀ ਸਿਆਸੀ ਖਹਿਬਾਜ਼ੀ ਦੇ ਚਲਦਿਆਂ ਕੇਂਦਰ ਅਤੇ ਉਸ ਦੀਆਂ ਰਾਜ ਕਰਦੀਆਂ ਜਮਾਤਾਂ ਆਰ.ਐਸ.ਐਸ. ਤੇ ਭਾਜਪਾ ਵਲੋਂ ਸਿੱਖਾਂ ਅਤੇ ਪੰਜਾਬ ਦੇ ਮਾਹੌਲ ਨੂੰ ਯੋਜਨਾਬੱਧ ਤਰੀਕੇ ਨਾਲ ਲਾਂਬੂ ਲਾਇਆ ਜਾ ਰਿਹਾ ਹੈ ਅਤੇ ਪੰਜਾਬ ਵਿਚਲੀਆਂ ਮੁੱਖ ਸਿਆਸੀ ਧਿਰਾਂ ਸੱਤਾਧਾਰੀ ਕਾਂਗਰਸ ਦੇ ਸਾਰੇ ਧੜੇ, ਅਕਾਲੀ ਦਲ ਬਾਦਲ ਅਤੇ ਆਮ ਆਦਮੀ ਪਾਰਟੀ ਸਿੱਧੇ-ਅਸਿੱਧੇ ਤੌਰ 'ਤੇ ਇਨ੍ਹਾਂ ਦਾ ਸਾਥ ਦੇ ਰਹੇ ਹਨ। ਪੰਜਾਬੀ ਭਾਸ਼ਾ ਉਪਰ ਹਮਲੇ, ਪੰਜਾਬ ਦੇ ਕਾਫੀ ਹਿੱਸੇ ਨੂੰ ਬੀ.ਐਸ.ਐਫ. ਦੇ ਹਵਾਲੇ ਕਰਨ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੇ ਮਾਮਲੇ ਨੂੰ ਇਕ ਮਜ਼ਾਕੀਆ ਲਹਿਜ਼ੇ ਵਿਚ ਉਲਝਾਇਆ ਜਾ ਰਿਹਾ ਹੈ, ਜੋ ਬਰਦਾਸ਼ਤ ਤੋਂ ਬਾਹਰ ਹੈ।

ਇਸੇ ਲੜੀ ਵਿਚ ਪਿਛਲੀ ਦਿਨੀਂ ਪੰਜਾਬ ਦੇ ਇਕ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਕੇਂਦਰ ਦੀਆਂ ਏਜੰਸੀਆਂ ਵਲੋਂ ਨਿਸ਼ਾਨਾ ਬਣਾਇਆ ਗਿਆ ਹੈ, ਜੋ ਇਸ ਗੱਲ ਦਾ ਸਪੱਸ਼ਟ ਸੰਦੇਸ਼ ਹੈ ਕਿ ਇਸ ਰਾਜ ਵਿਚ ਦੁਸ਼ਮਣ ਪੰਜਾਬ ਤੇ ਪੰਜਾਬੀਅਤ ਦੇ ਹਾਮੀਆਂ ਨੂੰ ਨਿਸ਼ਾਨੇ 'ਤੇ ਲੈਂਦਾ ਰਹੇਗਾ। ਬੇਸ਼ੱਕ ਸੁਖਪਾਲ ਸਿੰਘ ਖਹਿਰਾ ਸਿੱਖਾਂ ਦੀ ਕਾਤਲ ਜਮਾਤ ਕਾਂਗਰਸ ਦਾ ਹਿੱਸਾ ਹੈ ਪਰ ਉਸ ਦੇ ਪੰਜਾਬ ਪੱਖੀ ਬਿਆਨਾਂ ਕਰਕੇ ਉਹ ਖੁਦ ਆਪਣੀ ਹੀ ਪਾਰਟੀ ਵਿਚ ਪਰਾਇਆ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜੋ ਕਿ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਸਿੱਖਾਂ ਅਤੇ ਪੰਜਾਬ ਦੀ ਲੜਾਈ ਨੂੰ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਲੜਦਾ ਆ ਰਿਹਾ ਹੈ ਅਤੇ ਇਸੇ ਦਰਮਿਆਨ ਉਨ੍ਹਾਂ ਸਮੇਤ ਪਾਰਟੀ ਲੀਡਰਸ਼ਿਪ ਨੇ ਅਨੇਕਾਂ ਵਾਰ ਕੇਂਦਰ ਅਤੇ ਰਾਜ ਸਰਕਾਰਾਂ ਤੋਂ ਤਸੀਹੇ ਝੱਲੇ ਹਨ, ਉਹ ਇਹ ਮਹਿਸੂਸ ਕਰਦਾ ਹੈ ਕਿ ਪੰਜਾਬ ਪੱਖੀ ਜਮਾਤਾਂ ਨੂੰ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ (ਅ) ਅਮਰੀਕਾ ਦੁਨੀਆ ਭਰ ਵਿਚ ਬੈਠੇ ਪੰਜਾਬੀਆਂ ਨੂੰ ਬੇਨਤੀ ਕਰਦਾ ਹੈ ਕਿ ਇਸ ਮਸਲੇ ਨੂੰ ਸੰਜੀਦਗੀ ਨਾਲ ਲੈ ਕੇ ਪੰਜਾਬ ਦੇ ਹਿੱਤਾਂ ਲਈ ਲੜਦੇ ਜੁਝਾਰੂਆਂ ਦਾ ਸਾਥ ਦਈਏ ਤੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਇਕੱਠੇ ਹੋਈਏ।

# ਥੈਂਕਸਗਿਵਿੰਗ ਮੌਕੇ ਸੇਵਾਵਾਂ ਲਈ ਵਾਲੰਟੀਅਰਾਂ ਦੀ ਲੋੜ

**ਸ਼ਿਕਾਗੋ:** ਇੱਥੋਂ ਦੇ ਸਿੱਖ ਭਾਈਚਾਰੇ ਵੱਲੋਂ ਸਾਡੇ ਗੁਰੂਆਂ ਵਲੋਂ ਦਿੱਤੀ ਸਿੱਖਿਆ ਅਨੁਸਾਰ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਤਹਿਤ ਥੈਂਕਸਗਿਵਿੰਗ ਤੇ ਕ੍ਰਿਸਮਸ ਮੌਕੇ ਸਾਲਵੇਸ਼ਨ ਆਰਮੀ ਨੂੰ ਆਪਣੀਆਂ ਸੇਵਾਵਾਂ ਦੇਣ ਦੀ ਮੁੜ ਸ਼ੁਰੂਆਤ ਕੀਤੀ ਜਾ ਰਹੀ ਹੈ।

ਸਿੱਖ ਰਿਲੀਜੀਅਸ ਸੁਸਾਇਟੀ ਦੇ ਸਰਵਨ ਰਾਜੂ ਸਿੰਘ ਤੇ ਠਾਕਰ ਸਿੰਘ ਬਸਾਤੀ ਨੇ ਦੱਸਿਆ ਕਿ ਥੈਂਕਸਗਿਵਿੰਗ ਮੌਕੇ 25 ਨਵੰਬਰ ਵੀਰਵਾਰ ਨੂੰ ਸਵੇਰੇ 9:30 ਤੋਂ ਦੁਪਹਿਰ 1:30 ਵਜੇ ਤਕ ਉਨ੍ਹਾਂ ਨੂੰ ਥੈਂਕਸਗਿਵਿੰਗ ਭੋਜਨ ਪੈਕ ਕਰਨ ਤੇ ਵੰਡਣ ਲਈ 15-20 ਵਾਲੰਟੀਅਰਾਂ ਦੀ ਲੋੜ ਹੈ। ਇਸ ਕਾਰਜ ਲਈ ਨੌਜਵਾਨ ਹਾਰਬਰ ਲਾਈਟ ਸੈਂਟਰ/ ਸਾਲਵੇਸ਼ਨ ਆਰਮੀ 825 ਐਨ ਕ੍ਰਿਸਟੀਆਨਾ ਐਵ ਸ਼ਿਕਾਗੋ, ਇਲੀਨਾਇਸ ਪਤੇ 'ਤੇ ਪੁੱਜਣ। ਉਨ੍ਹਾਂ ਨੇ ਨੌਜਵਾਨਾਂ ਨੂੰ ਇਸ ਕਾਰਜ ਵਿਚ ਵਧ ਚੜ੍ਹ ਕੇ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਫੋਨ ਨੰ: (312) 667-2200-2255 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗਾਖਲ ਗਰੁੱਪ ਦੇ ਐਮ.ਡੀ. ਅਮੋਲਕ ਸਿੰਘ ਗਾਖਲ ਸੁਖਪਾਲ ਸਿੰਘ ਖਹਿਰਾ ਦੇ ਹੱਕ 'ਚ ਨਿੱਤਰੇ

**ਵਾਟਸਨਵਿੱਲ (ਬਿਊਰੋ):** ਉੱਘੇ ਕਾਰੋਬਾਰੀ ਅਤੇ ਗਾਖਲ ਗਰੁੱਪ ਦੇ ਐਮ.ਡੀ.ਅਮੋਲਕ ਸਿੰਘ ਗਾਖਲ ਨੇ ਸੀਨੀਅਰ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਦੀ ਈ.ਡੀ. ਵਲੋਂ ਕੀਤੀ ਗਈ ਗ੍ਰਿਫਤਾਰੀ 'ਤੇ ਪ੍ਰਤੀਕਿਰਿਆ ਜਾਰੀ ਕਰਦਿਆਂ ਕਿਹਾ ਕਿ ਖਹਿਰਾ ਬੜੇ ਜ਼ਿੰਮੇਵਾਰ ਆਗੂ ਹਨ ਅਤੇ ਜੇ ਉਨ੍ਹਾਂ ਨੇ ਵਿਦੇਸ਼ ਤੋਂ ਕੋਈ ਫੰਡ ਇਕੱਤਰ ਕਰ ਕੇ ਆਮ ਆਦਮੀ ਪਾਰਟੀ ਨੂੰ ਦਿੱਤਾ ਹੈ ਤਾਂ ਆਮ ਆਦਮੀ ਪਾਰਟੀ ਜਾਂ ਜਿਨ੍ਹਾਂ ਵਲੋਂ ਫੰਡ ਦਿੱਤਾ ਗਿਆ ਹੈ, ਉਨ੍ਹਾਂ ਨੂੰ ਖਹਿਰਾ ਦੇ ਹੱਕ 'ਚ ਬੋਲਣਾ ਚਾਹੀਦਾ ਹੈ, ਜਿਵੇਂ ਕਿ ਸ੍ਰੀ ਖਹਿਰਾ ਕਹਿ ਰਹੇ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕਿਸੇ ਵੀ ਐਨ.ਆਰ.ਆਈ ਨੂੰ ਖੇਤੀ ਕਾਨੂੰਨਾਂ ਦੀ ਆੜ ਵਿਚ ਦੇਸ਼ ਅੰਦਰ ਦਾਖਲ ਹੋਣ ਤੋਂ ਨਹੀਂ ਰੋਕਣਾ ਚਾਹੀਦਾ ਕਿਉਂਕਿ ਇਹ ਐਨ.ਆਰ.ਆਈ ਭਰਾ ਹੀ ਹਨ, ਜੋ ਦੇਸ਼ ਅਤੇ ਪੰਜਾਬ ਦੇ ਵਿਕਾਸ 'ਚ ਆਰਥਿਕ ਪੱਖੋਂ ਵੱਡਾ



ਯੋਗਦਾਨ ਪਾਉਂਦੇ ਆ ਰਹੇ ਹਨ। ਗਾਖਲ ਨੇ ਆਸ ਪ੍ਰਗਟਾਈ ਕਿ ਭਾਰਤੀ ਕਾਨੂੰਨ ਖਹਿਰਾ ਨੂੰ ਇਨਸਾਫ ਦੇਵੇਗਾ।

# ਰਾਮ ਰਹੀਮ ਮੌਜੂਦਗੀ ਵਿਚ ਘੜੀ ਗਈ ਸੀ ਬੇਅਦਬੀ ਦੀ ਸਾਜ਼ਿਸ਼

**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਮੁਲਜ਼ਮ ਵਜੋਂ ਨਾਮਜ਼ਦ ਹੋਏ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਤੋਂ ਹੋਈ ਪੁੱਛ-ਪੜਤਾਲ ਮਗਰੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਬੇਅਦਬੀ ਦੀ ਸਾਜ਼ਿਸ਼ ਡੇਰਾ ਸੱਚਾ ਸੌਦਾ ਦੇ ਪ੍ਰਬੰਧਕੀ ਕੰਪਲੈਕਸ ਵਿਚ ਰਚੀ ਗਈ ਸੀ ਅਤੇ ਇਹ ਸਾਜ਼ਿਸ਼ ਰਚਣ ਸਮੇਂ ਡੇਰਾ ਮੁਖੀ ਵੀ ਉਥੇ ਮੌਜੂਦ ਸੀ।

ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਅਧਿਕਾਰੀਆਂ ਨੇ ਹਾਈ ਕੋਰਟ ਨੂੰ ਦੱਸਿਆ ਕਿ ਡੇਰਾ ਮੁਖੀ ਤੋਂ ਸੁਨਾਰੀਆ ਜੇਲ੍ਹ ਵਿਚ ਪੁੱਛ-ਪੜਤਾਲ ਕੀਤੀ ਗਈ ਸੀ ਪਰ ਉਸ ਨੇ ਸਵਾਲਾਂ ਦੇ ਸਹੀ ਜਵਾਬ ਨਹੀਂ ਦਿੱਤੇ ਅਤੇ ਅਸਲੀਅਤ ਛਿਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਬੇਅਦਬੀ ਕਾਂਡ ਵਿਚ ਡੇਰਾ ਮੁਖੀ ਦੀ ਗ੍ਰਿਫਤਾਰੀ ਲਾਜ਼ਮੀ ਹੈ। ਜਾਂਚ ਟੀਮ ਨੇ ਡੇਰਾ ਮੁਖੀ ਦੀ



ਜ਼ਮਾਨਤ ਅਰਜ਼ੀ ਰੱਦ ਕਰਨ ਦੀ ਮੰਗ ਕਰਦਿਆਂ ਉਸ ਦੇ ਪ੍ਰੋਡਕਸ਼ਨ ਵਾਰੰਟਾਂ ਵਾਲੇ ਹੁਕਮ ਨੂੰ ਬਹਾਲ ਕਰਨ ਦੀ ਮੰਗ ਕੀਤੀ ਹੈ।

ਇਸੇ ਦੌਰਾਨ ਪਤਾ ਲੱਗਾ ਹੈ ਕਿ ਵਿਸ਼ੇਸ਼ ਜਾਂਚ ਟੀਮ ਨੂੰ ਡੇਰਾ ਮੁਖੀ ਰਾਮ ਰਹੀਮ ਸਿੰਘ ਦੀ ਪੁੱਛ-ਪੜਤਾਲ ਤੋਂ ਬਾਅਦ ਅਹਿਮ ਸੁਰਾਗ ਮਿਲੇ ਹਨ ਅਤੇ ਉਨ੍ਹਾਂ ਬੇਅਦਬੀ ਕਾਂਡ ਦੀ ਜਾਂਚ ਦਾ ਦਾਇਰਾ ਵੀ ਪਹਿਲਾਂ ਨਾਲੋਂ ਵਧਾ ਦਿੱਤਾ ਹੈ। ਆਉਣ ਵਾਲੇ ਦਿਨਾਂ ਵਿਚ ਪੰਜਾਬ ਦੇ ਕੁਝ ਅਹਿਮ ਵਿਅਕਤੀਆਂ ਤੋਂ ਵੀ ਬੇਅਦਬੀ ਕਾਂਡ ਬਾਰੇ ਪੁੱਛ-ਪੜਤਾਲ ਸੰਭਵ ਹੈ।

## ਸਵਾਂਗ ਵਾਲਾ ਕੇਸ ਮੁੜ ਖੋਲ੍ਹਣ ਦੀ ਮੰਗ

**ਜਲੰਧਰ:** ਅਲਾਇੰਸ ਆਫ ਸਿੱਖ ਆਰਗੇਨਾਈਜ਼ੇਸ਼ਨ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਵੱਲੋਂ 2007 'ਚ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਣ ਦੇ ਕੇਸ ਨੂੰ ਮੁੜ ਖੋਲ੍ਹਣ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚਿੱਠੀ ਲਿਖੀ ਹੈ। ਜਥੇਬੰਦੀ ਦੇ ਆਗੂਆਂ ਸੁਖਦੇਵ ਸਿੰਘ ਫਗਵਾੜਾ ਅਤੇ ਹਰਜਿੰਦਰ ਸਿੰਘ ਮਾਝੀ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਹੁੰਦਿਆਂ ਡੇਰਾ ਮੁਖੀ ਨੂੰ ਜਿਸ ਤਰ੍ਹਾਂ ਰਾਹਤ ਦਿੱਤੀ ਗਈ ਸੀ, ਉਸ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਸੌਦਾ ਸਾਧ ਵਿਰੁੱਧ ਦਰਜ ਐਫ.ਆਈ.ਆਰ. ਰੱਦ ਕਰਨ ਲਈ ਪੰਜਾਬ ਪੁਲਿਸ ਨੇ ਅਦਾਲਤ ਵਿਚ ਅਰਜ਼ੀ ਦਿੱਤੀ ਸੀ।

## ਬਹਿਬਲ ਗੋਲੀ ਕਾਂਡ ਦੀ ਸੁਣਵਾਈ 26 ਤੱਕ ਟਲੀ

**ਫਰੀਦਕੋਟ:** ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਦੀ ਸੁਣਵਾਈ ਇਥੇ ਵਧੀਕ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ 'ਚ ਹੋਈ ਜਿਥੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਸਮੇਤ ਸਾਰੇ ਮੁਲਜ਼ਮ ਹਾਜ਼ਰ ਸਨ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 26 ਨਵੰਬਰ ਨੂੰ ਰੱਖੀ ਹੈ। ਉਸ ਦਿਨ ਮੁਲਜ਼ਮਾਂ ਦੀਆਂ ਅਰਜ਼ੀਆਂ ਉਪਰ ਬਹਿਸ ਹੋਣੀ ਹੈ। ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿਚ ਜੁਡੀਸ਼ੀਅਲ ਮੈਜਿਸਟਰੇਟ ਤਰਜਨੀ ਦੀ ਅਦਾਲਤ ਵਿਚ ਸੁਣਵਾਈ ਹੋਈ।

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਲਈ ਸਰਗਰਮੀਆਂ ਤੇਜ਼

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਮੇਤ ਬਾਕੀ ਅਹੁਦੇਦਾਰਾਂ ਦੀ 29 ਨਵੰਬਰ ਨੂੰ ਹੋਣ ਵਾਲੀ ਸਾਲਾਨਾ ਚੋਣ ਲਈ ਜੋੜ-ਤੋੜ ਦਾ ਦੌਰ ਸ਼ੁਰੂ ਹੋ ਗਿਆ ਹੈ। ਇਸ ਚੋਣ ਲਈ ਮੌਜੂਦਾ ਪ੍ਰਧਾਨ ਬੀਬੀ ਜਗੀਰ ਕੌਰ ਦੇ ਮੁੜ ਪ੍ਰਧਾਨ ਬਣਨ ਦੀ ਚਰਚਾ ਹੈ ਪਰ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਆਨਰੇਰੀ ਚੀਫ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਬਰਨਾਲਾ ਜ਼ਿਲ੍ਹੇ ਦੇ ਦਲਿਤ ਮੈਂਬਰ ਬਲਬੀਰ ਸਿੰਘ ਘੁੰਨਸ ਦੇ ਨਾਵਾਂ ਦੀ ਚਰਚਾ ਵੀ ਸ਼ਿਖਰਾਂ 'ਤੇ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪਿਛਲੀ ਵਾਰ ਪ੍ਰਧਾਨਗੀ ਦੇ ਮਜ਼ਬੂਤ ਦਾਅਵੇਦਾਰ ਸਨ ਪਰ ਪ੍ਰਧਾਨਗੀ ਨਾ ਮਿਲਣ ਕਰਕੇ ਹੀ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦਾ ਆਨਰੇਰੀ ਚੀਫ ਸਕੱਤਰ ਲਾਇਆ ਗਿਆ ਸੀ। ਸ੍ਰੀ ਘੁੰਨਸ ਹੁਣ ਹਲਕਾ ਮਹਿਲ ਕਲਾਂ ਦੇ ਇੰਚਾਰਜ ਹਨ, ਜੋ ਸਮਝੌਤੇ ਤਹਿਤ ਬਸਪਾ ਦੇ ਹਿੱਸੇ ਆ ਗਿਆ। ਉਨ੍ਹਾਂ ਨੂੰ ਟਿਕਟ ਤੋਂ ਵਾਂਝਾ ਰੱਖੇ ਜਾਣ ਦੀ ਕਾਰਵਾਈ ਨੂੰ ਵੀ ਪ੍ਰਧਾਨਗੀ ਅਹੁਦੇ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਚੀਡਸਿਆਂ ਦੇ ਆਧਾਰ ਵਾਲੇ ਖੇਤਰ ਸੰਗਰੂਰ-ਬਰਨਾਲਾ ਨਾਲ ਸਬੰਧਤ ਹੋਣ ਕਰਕੇ ਵੀ ਉਨ੍ਹਾਂ ਦਾ ਨਾਮ ਵਿਚਾਰੇ ਜਾਣ ਦੀਆਂ ਕਿਆਸ ਅਰਾਈਆਂ ਹਨ। ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਪ੍ਰਧਾਨ, ਜਨਰਲ ਸਕੱਤਰ, ਸੀਨੀਅਰ ਮੀਤ ਪ੍ਰਧਾਨ ਅਤੇ ਜੂਨੀਅਰ ਮੀਤ ਪ੍ਰਧਾਨ ਸਮੇਤ 11 ਐਗਜੈਕਟਿਵ ਮੈਂਬਰਾਂ ਦੀ ਚੋਣ ਦੀ ਕੀਤੀ ਜਾਣੀ ਹੈ। ਪ੍ਰਧਾਨਗੀ ਤੋਂ ਇਲਾਵਾ ਬਾਕੀ ਤਿੰਨ ਪ੍ਰਮੁੱਖ ਅਹੁਦਿਆਂ ਵਿਚੋਂ ਇਕ ਅਹੁਦਾ ਰਾਜਪੁਰਾ ਤੋਂ ਅਕਾਲੀ ਦਲ ਦੀ ਟਿਕਟ ਤੋਂ ਵਾਂਝੇ ਰਹੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੂੰ ਦਿੱਤਾ ਜਾ ਸਕਦਾ ਹੈ। ਭਾਜਪਾ ਨਾਲ ਸਾਂਝ ਟੁੱਟਣ ਮਗਰੋਂ ਕਈ ਸਾਲਾਂ ਬਾਅਦ ਰਾਜਪੁਰਾ ਸੀਟ ਅਕਾਲੀ ਦਲ ਦੇ ਹਿੱਸੇ ਆਉਣ 'ਤੇ ਪਾਰਟੀ ਨੇ ਇਥੋਂ ਸੁਖਬੀਰ ਬਾਦਲ ਦੇ ਓ.ਐਸ.ਡੀ. ਚਰਨਜੀਤ ਬਰਾੜ ਨੂੰ ਟਿਕਟ ਦਿੱਤੀ ਹੈ, ਜਿਸ ਕਾਰਨ ਸ੍ਰੀ ਗੜ੍ਹੀ ਨਾਰਾਜ਼ ਚੱਲੇ ਆ ਰਹੇ ਸਨ। ਬੀਤੇ ਦਿਨੀਂ ਸ੍ਰੀ ਬਾਦਲ ਗੜ੍ਹੀ ਨੂੰ ਨਾਲ ਤੋਰਨ ਲਈ ਉਨ੍ਹਾਂ ਦੇ ਘਰ ਆਏ ਸਨ। ਸੂਤਰਾਂ ਮੁਤਾਬਕ ਸੁਰਜੀਤ ਗੜ੍ਹੀ ਨੂੰ 29 ਨਵੰਬਰ ਨੂੰ ਉਕਤ ਤਿੰਨ ਵਿਚੋਂ ਇਕ ਅਹੁਦਾ ਦੇਣ ਦਾ ਫੈਸਲਾ ਹੋ ਚੁੱਕਾ ਹੈ।

# ਦਰਬਾਰ ਸਾਹਿਬ 'ਚ ਮੱਸਿਆ, ਪੁੰਨਿਆ ਤੇ ਸੰਗਰਾਂਦ ਵਾਲਾ ਬੋਰਡ



**ਅੰਮ੍ਰਿਤਸਰ:** ਸਿੱਖ ਆਗੂ ਬਲਦੇਵ ਸਿੰਘ ਸਿਰਸਾ ਨੇ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚ ਇਕ ਪਟੀਸ਼ਨ ਦਾਇਰ ਕਰਕੇ ਸ਼੍ਰੋਮਣੀ ਕਮੇਟੀ 'ਤੇ ਸਿੱਖ ਸਿਧਾਂਤਾਂ ਨੂੰ ਅਣਡਿੱਠ ਕਰਨ ਦਾ ਦੋਸ਼ ਲਾਇਆ ਹੈ। ਆਪਣੀ ਪਟੀਸ਼ਨ ਵਿਚ ਸਿੱਖ ਆਗੂ ਨੇ ਦੋਸ਼ ਲਾਇਆ ਹੈ ਕਿ ਸਿੱਖ ਧਰਮ ਵਿਚ ਮੱਸਿਆ, ਪੁੰਨਿਆ ਤੇ ਸੰਗਰਾਂਦ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ। ਇਸ ਦੇ ਬਾਵਜੂਦ ਸ੍ਰੀ ਹਰਿਮੰਦਰ ਸਾਹਿਬ ਕੈਂਪਸ ਵਿਚ ਮੱਸਿਆ, ਪੁੰਨਿਆ ਤੇ ਸੰਗਰਾਂਦ ਦੀਆਂ ਤਰੀਕਾਂ ਨੂੰ ਦਰਸਾਉਂਦਾ ਬੋਰਡ ਲਾਇਆ ਹੋਇਆ ਹੈ, ਜੋ ਸਿੱਖ ਧਰਮ ਤੇ ਸਿਧਾਂਤਾਂ ਦੇ ਖਿਲਾਫ ਹੈ।

# ਨਵਜੋਤ ਕੌਰ ਸਿੱਧੂ ਨੇ ਕੈਪਟਨ 'ਤੇ ਨਿਸ਼ਾਨਾ ਸਾਧਿਆ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਤੇ ਸਾਬਕਾ ਵਿਧਾਇਕਾ ਡਾ. ਨਵਜੋਤ ਕੌਰ ਸਿੱਧੂ ਨੇ ਮੁੜ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਸੇਧਦਿਆਂ ਦੋਸ਼ ਲਾਇਆ ਕਿ ਸਾਬਕਾ ਮੁੱਖ ਮੰਤਰੀ ਦੀ ਸ਼੍ਰੋਮਣੀ ਅਕਾਲੀ ਦਲ ਨਾਲ ਮਿਲੀਭੁਗਤ ਹੋਣ ਕਾਰਨ ਬੇਅਦਬੀ ਅਤੇ ਨਸ਼ਿਆਂ ਦੇ ਮਾਮਲੇ ਵਿਚ ਹੁਣ ਤੱਕ ਨਿਆਂ ਨਹੀਂ ਮਿਲਿਆ ਹੈ।

ਉਨ੍ਹਾਂ ਕਿਹਾ ਕਿ ਅਸਲ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਰਾਜ ਕਾਲ ਦੌਰਾਨ ਸੂਬੇ ਵਿਚ ਕਾਂਗਰਸ ਦੀ ਸਰਕਾਰ ਨਹੀਂ ਸੀ ਕਿਉਂਕਿ ਕੈਪਟਨ ਨੇ ਅਕਾਲੀਆਂ ਨਾਲ ਹੱਥ ਮਿਲਾਏ ਹੋਏ ਸਨ। ਇਹੀ ਕਾਰਨ ਹੈ ਕਿ ਬੇਅਦਬੀ ਮਾਮਲੇ ਤੇ ਨਸ਼ਿਆਂ ਦੇ ਕਾਰੋਬਾਰ ਨਾਲ ਸਬੰਧਤ ਮਾਮਲੇ ਦੇ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਇਸੇ ਕਾਰਨ ਹੀ ਨਵਜੋਤ ਸਿੱਧੂ ਨੂੰ ਵੀ ਸਥਾਨਕ ਸਰਕਾਰਾਂ ਮੰਤਰੀ ਦੇ ਅਹੁਦੇ ਤੋਂ ਹਟਾਇਆ ਗਿਆ ਸੀ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਡੀ.ਜੀ.ਪੀ., ਏ.ਜੀ. ਤੇ ਹੋਰ ਅਹੁਦਿਆਂ 'ਤੇ ਨਿਯੁਕਤੀਆਂ ਦੇ ਮਾਮਲੇ ਵਿਚ ਨਵਜੋਤ ਸਿੱਧੂ ਨੇ ਦਖਲਅੰਦਾਜ਼ੀ ਇਸ ਲਈ ਕੀਤੀ ਕਿਉਂਕਿ ਇਨ੍ਹਾਂ ਅਹੁਦਿਆਂ 'ਤੇ ਉਹ ਵਿਅਕਤੀ ਨਿਯੁਕਤ ਕੀਤੇ ਗਏ, ਜੋ 'ਦੂਜੀ ਧਿਰ' ਨਾਲ ਮਿਲੇ ਹੋਏ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਅਹੁਦਿਆਂ ਵਾਸਤੇ ਨਿਯੁਕਤੀ ਮੈਰਿਟ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮੁੜ ਮੁੱਖ ਮੰਤਰੀ ਦਾ ਉਮੀਦਵਾਰ ਬਣਾਏ ਜਾਣ ਦੀ ਚਰਚਾ ਬਾਰੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਫੈਸਲਾ ਕਾਂਗਰਸ ਹਾਈਕਮਾਂਡ ਨੇ ਕਰਨਾ ਹੈ।

## ਬੇਅਦਬੀ ਦੇ ਦੋਸ਼ੀ ਸੀਖਾਂ ਪਿੱਛੇ ਹੋਣਗੇ: ਰੰਧਾਵਾ

**ਬਠਿੰਡਾ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਦੇ ਬੇਅਦਬੀ ਮਾਮਲਿਆਂ ਦੀ ਜਾਂਚ ਸਹੀ ਦਿਸ਼ਾ ਵੱਲ ਵਧ ਰਹੀ ਹੈ ਅਤੇ ਜਲਦੀ ਹੀ ਦੋਸ਼ੀਆਂ ਨੂੰ ਕਾਬੂ ਕਰਕੇ ਸਖਤ ਸਜ਼ਾਵਾਂ ਦਿਵਾਈਆਂ ਜਾਣਗੀਆਂ। ਇਸ ਮਾਮਲੇ 'ਚ ਕਿਸੇ ਵੀ ਬੇਦੋਸ਼ੇ ਨੂੰ ਪਰੇਸ਼ਾਨ ਨਹੀਂ ਕੀਤਾ ਜਾਵੇਗਾ ਅਤੇ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸ੍ਰੀ ਰੰਧਾਵਾ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਵਰ੍ਹਦਿਆਂ ਕਿਹਾ ਕਿ ਚਾਰ ਹਫਤਿਆਂ 'ਚ ਨਸ਼ਾ ਖਤਮ ਕਰਨ ਦੇ ਦਾਅਵੇ ਕਰਨ ਵਾਲਿਆਂ ਨੇ ਗ੍ਰਹਿ ਮੰਤਰੀ ਹੁੰਦਿਆਂ ਕੁਝ ਵੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਨਸ਼ੇ ਮਾਮਲਿਆਂ ਦੀ ਪੜਤਾਲ ਵਾਲੀ ਜਾਂਚ ਰਿਪੋਰਟ ਚਾਰ ਸਾਲ ਈਡੀ ਦੇ ਦਫਤਰ 'ਚ ਹੀ ਘੁੰਮਦੀ ਰਹੀ ਅਤੇ ਹੁਣ ਉਨ੍ਹਾਂ ਵੱਲੋਂ ਗ੍ਰਹਿ ਮੰਤਰਾਲਾ ਸਾਂਭਣ 'ਤੇ ਮਾਮਲੇ ਨੂੰ ਜਲਦੀ ਨਿਪਟਾਇਆ ਜਾ ਰਿਹਾ ਹੈ।

# ਬਰਗਾੜੀ ਮੋਰਚਾ: ਕੈਪਟਨ ਦੇ ਸਪਸ਼ਟੀਕਰਨ ਤੋਂ ਮੁਤਵਾਜ਼ੀ ਜਥੇਦਾਰ ਅਸੰਤੁਸ਼ਟ

**ਅੰਮ੍ਰਿਤਸਰ:** ਬਰਗਾੜੀ ਮੋਰਚੇ ਦੀ ਸਮਾਪਤੀ ਵੇਲੇ ਸਰਕਾਰ ਵੱਲੋਂ ਮੰਗਾਂ ਮੰਨਣ ਤੇ ਨਿਆਂ ਦੇਣ ਦੇ ਦਿੱਤੇ ਭਰੋਸੇ ਤੋਂ ਭੱਜਣ ਦੇ ਦੋਸ਼ ਸਬੰਧੀ ਆਪਣਾ ਪੱਖ ਰੱਖਦਿਆਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਸੰਖੇਪ ਸਪਸ਼ਟੀਕਰਨ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੂੰ ਭੇਜਿਆ ਹੈ।

ਇਸ ਸਪਸ਼ਟੀਕਰਨ ਤੋਂ ਸੰਤੁਸ਼ਟ ਨਾ ਹੁੰਦੇ ਹੋਏ ਮੁਤਵਾਜ਼ੀ ਜਥੇਦਾਰ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜ ਦਸੰਬਰ ਤੱਕ ਦਾ ਸਮਾਂ ਦਿੰਦਿਆਂ ਖੁਦ ਹਾਜ਼ਰ ਹੋ ਕੇ ਵਿਸਥਾਰਤ ਸਪਸ਼ਟੀਕਰਨ ਦੇਣ ਦਾ ਮੌਕਾ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਪੰਜ ਏਲਚੀਆਂ, ਜਿਨ੍ਹਾਂ ਵਿਚ ਕਾਂਗਰਸ ਸਰਕਾਰ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੀ ਸ਼ਾਮਲ ਹਨ, ਬਾਰੇ ਆਪਣਾ



ਫੈਸਲਾ ਵੀ 5 ਦਸੰਬਰ ਤੱਕ ਰਾਖਵਾਂ ਰੱਖ ਲਿਆ ਹੈ। ਭਾਈ ਮੰਡ ਤੇ ਉਨ੍ਹਾਂ ਦੇ ਸਾਥੀਆਂ ਨੇ ਸਕੱਤਰੇਤ ਨੇੜੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੈਪਟਨ ਪੰਜ ਦਸੰਬਰ ਤੱਕ ਆਪਣਾ ਵਿਸਥਾਰਤ ਸਪਸ਼ਟੀਕਰਨ ਭੇਜਣ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਕੈਪਟਨ ਨੂੰ ਦੋ ਵਾਰ ਪੇਸ਼ ਹੋਣ ਲਈ ਕਿਹਾ ਗਿਆ ਸੀ, ਪਰ ਇਸ ਆਖਰੀ ਮੌਕੇ 'ਤੇ ਵੀ ਉਨ੍ਹਾਂ ਖੁਦ ਨਾ ਆ ਕੇ ਸੰਖੇਪ ਸਪਸ਼ਟੀਕਰਨ ਭੇਜਿਆ ਹੈ।

ਮੰਡ ਨੇ ਕਿਹਾ ਕਿ ਕੈਪਟਨ ਨੇ ਇਹ ਵੀ ਨਹੀਂ ਦੱਸਿਆ ਕਿ ਬੇਅਦਬੀ ਮੋਰਚਾ ਖਤਮ ਕਰਵਾਉਣ ਵੇਲੇ ਦਿੱਤੇ ਭਰੋਸੇ 'ਤੇ ਉਹ ਖਰੇ ਕਿਉਂ ਨਹੀਂ ਉਤਰੇ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਪੰਜ ਏਲਚੀਆਂ, ਜਿਨ੍ਹਾਂ ਵਿਚ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਵਿਧਾਇਕ ਹਰਮਿੰਦਰ ਸਿੰਘ ਗਿੱਲ, ਕੁਸ਼ਲਦੀਪ ਸਿੰਘ ਢਿੱਲੋਂ ਤੇ ਕੁਲਬੀਰ ਸਿੰਘ ਜ਼ੀਰਾ ਸ਼ਾਮਲ ਹਨ, ਨੇ ਆਪਣੇ ਸਪਸ਼ਟੀਕਰਨ ਵਿਚ ਇਸ ਮਾਮਲੇ ਦੀ ਸਮੁੱਚੀ ਜ਼ਿੰਮੇਵਾਰੀ ਉਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਿਰ ਪਾਈ ਹੈ। ਮੰਡ ਨੇ ਇਨ੍ਹਾਂ ਪੰਜ ਏਲਚੀਆਂ ਬਾਰੇ ਵੀ ਫੈਸਲਾ 5 ਦਸੰਬਰ ਤੱਕ ਰਾਖਵਾਂ ਰੱਖ ਲਿਆ ਹੈ।

# ਦਿੱਲੀ ਮੋਰਚੇ ਦੀ ਪਹਿਲੀ ਵਰ੍ਹੇਗੰਢ ਲਈ ਲਾਮਬੰਦੀ ਜ਼ੋਰਾਂ 'ਤੇ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ ਮੋਰਚੇ ਦੀ ਪਹਿਲੀ ਵਰ੍ਹੇਗੰਢ ਮੌਕੇ ਵੱਡੇ ਇਕੱਠ ਕਰਨ ਲਈ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸੂਬੇ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਟੌਲ ਪਲਾਜ਼ਿਆਂ, ਕਾਰਪੋਰੇਟ ਘਰਾਣਿਆਂ, ਪੈਟਰੋਲ ਪੰਪਾਂ, ਰੇਲਵੇ ਪਾਰਕਾਂ, ਭਾਜਪਾ ਆਗੂਆਂ ਦੇ ਘਰਾਂ ਅਤੇ ਦਫਤਰਾਂ ਮੂਹਰੇ ਚੱਲ ਰਹੇ ਅੰਦੋਲਨ 'ਚ ਵਿਉਂਤਬੰਦੀ ਕੀਤੀ ਜਾ ਰਹੀ ਹੈ। ਦੂਜੇ ਪਾਸੇ ਕਿਸਾਨ ਜਥੇਬੰਦੀਆਂ ਵੱਲੋਂ ਪਿੰਡਾਂ 'ਚ ਮੀਟਿੰਗਾਂ ਕਰਕੇ ਦਿੱਲੀ ਵੱਲ ਵਹੀਰਾਂ ਘੱਤਣ ਲਈ ਡਿਊਟੀਆਂ ਲਗਾਈ ਜਾ ਰਹੀਆਂ ਹਨ।

ਆਗੂਆਂ ਨੇ ਕਿਹਾ ਕਿ 26 ਨਵੰਬਰ ਤੋਂ ਪਹਿਲਾਂ ਪੰਜਾਬ ਵਿਚੋਂ ਵੱਡੀ ਗਿਣਤੀ ਵਿਚ ਕਿਸਾਨਾਂ ਦੇ ਕਾਫਲੇ ਦਿੱਲੀ ਵੱਲ ਵਹੀਰਾਂ ਘੱਤਣਗੇ ਤੇ ਦਿੱਲੀ ਦੇ ਮੋਰਚਿਆਂ ਵਿਚ ਵੱਡੇ ਇਕੱਠ ਕੀਤੇ ਜਾਣਗੇ। ਬੁਲਾਰਿਆਂ ਨੇ ਦਿੱਲੀ ਮੋਰਚਿਆਂ ਵੱਲ ਵੱਡੇ ਕਾਫਲੇ ਭੇਜਣ ਲਈ ਪਿੰਡਾਂ ਵਿਚ ਮੀਟਿੰਗਾਂ ਕਰਨ, ਵਾਲੰਟੀਅਰਾਂ ਦੀਆਂ ਸੂਚੀਆਂ ਤਿਆਰ ਕਰਨ ਅਤੇ ਦੂਸਰੇ ਪ੍ਰਬੰਧਾਂ ਬਾਰੇ ਵਿਚਾਰ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਮੋਰਚੇ ਨੇ ਫੈਸਲਾ ਕੀਤਾ ਹੈ ਕਿ 29 ਨਵੰਬਰ ਤੋਂ ਸ਼ੁਰੂ ਹੋ ਰਹੇ ਸੰਸਦ ਸੈਸ਼ਨ ਦੌਰਾਨ ਹਰ ਰੋਜ਼ 500 ਕਿਸਾਨਾਂ ਦਾ ਜਥਾ ਸੰਸਦ ਮੂਹਰੇ ਰੋਸ ਪ੍ਰਦਰਸ਼ਨ ਲਈ ਜਾਵੇਗਾ। ਇਸ ਪ੍ਰੋਗਰਾਮ ਵਿਚ ਲਗਾਤਾਰ ਸ਼ਮੂਲੀਅਤ ਲਈ ਵਾਲੰਟੀਅਰਾਂ ਦੀਆਂ ਸੂਚੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ। ਕਿਸਾਨ ਜਥੇਬੰਦੀਆਂ ਨੇ ਵੱਧ ਤੋਂ ਵੱਧ ਲੋਕਾਂ ਨੂੰ ਇਨ੍ਹਾਂ ਸੂਚੀਆਂ ਵਿਚ ਨਾਮ ਦਰਜ ਕਰਾਉਣ ਦਾ ਸੱਦਾ ਦਿੱਤਾ ਹੈ। ਆਗੂਆਂ ਨੇ ਦਾਅਵਾ ਕੀਤਾ ਕਿ ਕਿਸਾਨ ਅੰਦੋਲਨ ਦਾ ਦਾਇਰਾ ਵਿਸ਼ਾਲ ਹੁੰਦਾ ਜਾ ਰਿਹਾ ਹੈ, ਇਸ ਲਈ ਜੇ ਅੰਦੋਲਨ 2024 ਤੱਕ ਚੱਲਿਆ ਤਾਂ ਭਾਜਪਾ ਦਾ ਪਤਨ ਤੈਅ ਹੈ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਮੁੱਖ ਆਗੂ ਰਾਕੇਸ਼ ਟਿਕੈਤ ਅਤੇ ਜਨਰਲ ਸਕੱਤਰ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਮੋਰਚੇ ਨੂੰ ਹੋਰ ਤੇਜ ਕਰਨ ਲਈ 22 ਨਵੰਬਰ ਨੂੰ ਯੂਪੀ ਦੇ ਲਖਨਊ ਵਿਚ ਇਕ ਕਿਸਾਨ ਮਹਾਂਪੰਚਾਇਤ ਕੀਤੀ ਜਾਵੇਗੀ, ਜਿਸ ਵਿਚ ਸਾਰੇ ਦੇਸ਼ ਵਿਚੋਂ ਕਿਸਾਨ ਸ਼ਮੂਲੀਅਤ ਕਰਨਗੇ। ਇਸ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚੇ ਨੇ 26 ਨਵੰਬਰ ਨੂੰ ਦਿੱਲੀ ਕਿਸਾਨ ਮੋਰਚੇ ਦੀ ਵਰ੍ਹੇਗੰਢ ਮੌਕੇ ਕਿਸਾਨਾਂ, ਮਜ਼ਦੂਰਾਂ ਤੇ ਨੌਜਵਾਨਾਂ ਨੂੰ ਟਰਾਲੀਆਂ ਸਮੇਤ ਦਿੱਲੀ ਪਹੁੰਚਣ ਦੀ ਅਪੀਲ ਕੀਤੀ।



## ਕਿਸਾਨਾਂ ਦੀ ਅਣਦੇਖੀ ਲਈ ਚੰਨੀ 'ਤੇ ਵਰ੍ਹੇ ਰਾਜੇਵਾਲ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਕਰਾਰੇ ਹੱਥੀਂ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਾਜ 'ਚ ਕਿਸਾਨਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ ਅਤੇ ਡੀ.ਏ.ਪੀ. ਖਾਦ ਦੀ ਸ਼ਰੇਆਮ ਕਾਲਾਬਾਜ਼ਾਰੀ ਹੋ ਰਹੀ ਹੈ। ਰਾਜੇਵਾਲ ਨੇ ਮੁੱਖ ਮੰਤਰੀ ਦੇ ਉਸ ਦਾਅਵੇ ਦੀ ਵੀ ਫੂਕ ਕੱਢ ਦਿੱਤੀ ਜਿਸ 'ਚ ਚੰਨੀ ਨੇ ਖ਼ੁਦ ਦਾਅਵਾ ਕੀਤਾ ਸੀ ਕਿ ਉਹ ਆਮ ਪਬਲਿਕ ਦਾ ਅੱਧੀ ਰਾਤ ਨੂੰ ਵੀ ਫੋਨ ਚੁੱਕਦੇ ਹਨ। ਰਾਜੇਵਾਲ ਨੇ ਕਿਹਾ ਕਿ ਉਹ ਤਿੰਨ ਦਿਨਾਂ ਤੋਂ ਮੁੱਖ ਮੰਤਰੀ ਨੂੰ ਫੋਨ ਕਰ ਰਹੇ ਹਨ ਪਰ ਚੰਨੀ ਫੋਨ ਨਹੀਂ ਚੁੱਕ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਚੰਨੀ ਨੂੰ ਖ਼ੁਦ ਲੋੜ ਹੁੰਦੀ ਹੈ ਤਾਂ ਉਦੋਂ ਫੋਨ ਕਰ ਲੈਂਦੇ ਹਨ ਪ੍ਰੰਤੂ ਜਦੋਂ ਕਿਸਾਨਾਂ ਨੂੰ ਸੰਕਟ ਵਿਚ ਲੋੜ ਪੈਂਦੀ ਹੈ ਤਾਂ ਉਹ ਅਣਦੇਖੀ ਕਰਦੇ ਹਨ।

## ਜਾਇਜ਼ ਮੰਗਾਂ ਲਈ ਵੀ ਤਿਆਰ ਨਹੀਂ ਪੰਜਾਬ ਸਰਕਾਰ: ਉਗਰਾਹਾਂ

**ਨਵੀਂ ਦਿੱਲੀ:** ਦਿੱਲੀ ਦੇ ਟਿਕਰੀ ਮੋਰਚੇ ਤੋਂ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਦੇ ਕਿਸਾਨੀ ਮੁੱਦਿਆਂ ਸਬੰਧੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਦੋ ਮੀਟਿੰਗਾਂ ਹੋਈਆਂ, ਜਿਸ 'ਚ ਪੰਜਾਬ ਸਰਕਾਰ ਨੇ ਮੰਨਿਆ ਕਿ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਜਾਇਜ਼ ਹਨ, ਪਰ ਸੂਬਾ ਵਾਜਿਬ ਮੰਗਾਂ ਵੀ ਮੰਨਣ ਲਈ ਤਿਆਰ ਨਹੀਂ। ਉਨ੍ਹਾਂ ਕਿਹਾ ਕਿ ਗੁਲਾਬੀ ਸੁੰਡੀ ਕਾਰਨ ਨੁਕਸਾਨੀ ਨਰਮੇ ਦੀ ਫਸਲ ਦੇ ਮੁਆਵਜ਼ੇ ਲਈ ਖਜਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਰਿਹਾਇਸ਼ ਦਾ ਲਗਾਤਾਰ ਘਿਰਾਓ ਕੀਤਾ ਗਿਆ ਤੇ ਫਿਰ 5 ਦਿਨ ਬਠਿੰਡਾ ਦੇ ਮਿਨੀ ਸਕੱਤਰੇਤ ਅੱਗੇ ਧਰਨਾ ਲਗਾਇਆ ਗਿਆ ਪਰ ਸਰਕਾਰ ਨੇ ਕਿਸਾਨਾਂ ਦੀ ਗੱਲ ਨਾ ਸੁਣੀ।

# 'ਮਿਸ਼ਨ ਉਤਰ ਪ੍ਰਦੇਸ਼' ਲਈ ਤਿੱਖੀ ਲਾਮਬੰਦੀ



**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਜਾਰੀ ਕਿਸਾਨ ਅੰਦੋਲਨ ਦੇ ਅਹਿਮ ਪੜਾਅ 'ਮਿਸ਼ਨ ਉਤਰ ਪ੍ਰਦੇਸ਼' ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਲਾਮਬੰਦੀ ਜਾਰੀ ਹੈ। ਮੋਰਚੇ ਵੱਲੋਂ ਦੱਸਿਆ ਗਿਆ ਕਿ 22 ਨਵੰਬਰ, 2021 ਨੂੰ ਲਖਨਊ ਵਿਚ ਹੋਣ ਵਾਲੀ ਕਿਸਾਨ ਮਹਾਂਪੰਚਾਇਤ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ।


ਉੱਤਰ ਪ੍ਰਦੇਸ਼ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਲਾਮਬੰਦੀ ਕਰ ਰਹੀਆਂ ਹਨ ਤਾਂ ਕਿ ਮਹਾਂਪੰਚਾਇਤ ਨੂੰ ਸਫਲ ਬਣਾਇਆ ਜਾ ਸਕੇ। ਇਸੇ ਦੌਰਾਨ ਮੋਰਚੇ ਵੱਲੋਂ 26 ਨਵੰਬਰ ਨੂੰ ਦਿੱਲੀ ਮੋਰਚੇ ਦਾ ਇਕ ਸਾਲ ਮੁਕੰਮਲ ਹੋਣ 'ਤੇ ਵੱਡੇ ਇਕੱਠ ਕਰਨ ਲਈ ਵਿਉਂਤਬੰਦੀ ਕੀਤੀ ਜਾ ਰਹੀ ਹੈ। ਗਾਜ਼ੀਪੁਰ ਬਾਰਡਰ 'ਤੇ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ 26 ਨਵੰਬਰ ਨੂੰ ਦਿੱਲੀ ਮੋਰਚੇ ਦਾ ਇਕ ਵਰ੍ਹਾ ਮੁਕੰਮਲ ਹੋਣ ਮੌਕੇ ਭਰਵੇਂ ਇਕੱਠ ਦਾ ਸੱਦਾ ਦਿੱਤਾ। ਨਾਲ ਹੀ ਉਨ੍ਹਾਂ ਕਿਸਾਨਾਂ ਨੂੰ 29 ਨਵੰਬਰ ਤੋਂ ਸੰਸਦ ਭਵਨ ਵੱਲ ਟਰੈਕਟਰ ਮਾਰਚ ਲਈ ਤਿਆਰੀਆਂ ਕਰਨ ਲਈ ਆਖਿਆ। ਰਾਕੇਸ਼ ਟਿਕੈਤ ਨੇ ਕਿਹਾ ਕਿ ਦਿੱਲੀ ਮੋਰਚੇ ਨੂੰ ਇਕ ਸਾਲ ਹੋਣ ਵਾਲਾ ਹੈ ਪਰ ਕੇਂਦਰ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ।

ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨ ਰੱਦ ਹੋਣ ਤੱਕ ਕਿਸਾਨ ਦਿੱਲੀ ਦੀਆਂ ਹੱਦਾਂ 'ਤੇ ਆਪਣਾ ਸੰਘਰਸ਼ ਜਾਰੀ ਰੱਖਣਗੇ। ਉਨ੍ਹਾਂ ਸਾਰੇ ਜ਼ਿਲ੍ਹਿਆਂ ਦੇ ਵਰਕਰਾਂ ਨੂੰ ਲੰਮੇ ਅੰਦੋਲਨ ਲਈ ਹੁਣੇ ਤੋਂ ਕਮਰ ਕਸਣ ਦਾ ਸੱਦਾ ਦਿੱਤਾ।

# ਵਿਧਾਨ ਸਭਾ ਕਮੇਟੀ ਵੱਲੋਂ ਲਾਲ ਕਿਲ੍ਹਾ ਹਿੰਸਾ ਸਾਜ਼ਿਸ਼ ਕਰਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀ ਪੰਜ ਮੈਂਬਰੀ ਕਮੇਟੀ ਨੇ ਕਿਸਾਨ ਅੰਦੋਲਨ ਦੌਰਾਨ ਸਮਾਜਿਕ ਕਾਰਕੁਨਾਂ ਅਤੇ ਲੋਕਾਂ 'ਤੇ ਹੋਏ ਤਸ਼ੱਦਦ ਦੇ ਮਾਮਲੇ ਵਿਚ ਕੇਂਦਰ ਸਰਕਾਰ ਅਤੇ ਦਿੱਲੀ ਪੁਲਿਸ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਰੱਖੀ ਕਮੇਟੀ ਦੀ ਰਿਪੋਰਟ ਵਿਚ 26 ਜਨਵਰੀ ਨੂੰ ਕਿਸਾਨਾਂ ਦੇ ਟਰੈਕਟਰ ਮਾਰਚ ਦੌਰਾਨ ਲਾਲ ਕਿਲ੍ਹੇ ਵਿਚ ਹੋਈ ਹਿੰਸਾ ਨੂੰ ਸਾਜ਼ਿਸ਼ ਕਰਾਰ ਦਿੱਤਾ ਗਿਆ ਹੈ।

ਕਮੇਟੀ ਨੇ ਪੰਜਾਬ ਸਰਕਾਰ ਨੂੰ ਵਿਸ਼ੇਸ਼ ਜਾਂਚ ਟੀਮ ਗਠਿਤ ਕਰਨ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਉਚਿਤ ਮੰਚ 'ਤੇ ਉਠਾਉਣ ਤੇ ਪੀੜਤਾਂ ਦੇ ਕੇਸ ਮੁਫਤ ਲੜਨ ਲਈ ਐਡਵੋਕੇਟ ਜਨਰਲ ਦੀ ਅਗਵਾਈ 'ਚ ਸੀਨੀਅਰ ਵਕੀਲਾਂ ਦਾ ਪੈਨਲ ਬਣਾਉਣ ਸਮੇਤ ਕੁਝ ਹੋਰ ਸਿਫਾਰਸ਼ਾਂ ਕੀਤੀਆਂ ਹਨ। ਇਸ ਸਾਲ 30 ਮਾਰਚ ਨੂੰ ਗਠਿਤ ਇਸ ਕਮੇਟੀ ਨੇ 26 ਜਨਵਰੀ ਦੀ ਹਿੰਸਾ ਮਗਰੋਂ ਸਮਾਜਿਕ ਕਾਰਕੁਨਾਂ ਅਤੇ ਲੋਕਾਂ 'ਤੇ ਹੋਏ ਤਸ਼ੱਦਦ ਦੀ ਛਾਣਬੀਣ ਲਈ ਪੀੜਤਾਂ ਨਾਲ ਮੁਲਾਕਾਤਾਂ ਕੀਤੀਆਂ ਸਨ। ਵਿਧਾਇਕ ਕੁਲਦੀਪ ਸਿੰਘ ਵੈਦ ਦੀ ਅਗਵਾਈ ਹੇਠ ਬਣੀ ਕਮੇਟੀ ਦੇ ਮੈਂਬਰਾਂ ਵਿਚ ਸਰਵਜੀਤ ਕੌਰ ਮਾਣੂਕੇ, ਫਤਹਿਜੰਗ ਸਿੰਘ ਬਾਜਵਾ, ਹਰਿੰਦਰਪਾਲ ਸਿੰਘ ਚੰਦੂਮਾਜਰਾ ਅਤੇ ਕੁਲਬੀਰ ਜੀਰਾ ਸ਼ਾਮਲ ਹਨ।



ਕਮੇਟੀ ਨੇ ਆਪਣੀ ਰਿਪੋਰਟ ਵਿਚ ਸਿਫਾਰਸ਼ ਕੀਤੀ ਕਿ ਪੰਜਾਬ ਸਰਕਾਰ ਦਿੱਲੀ ਪੁਲਿਸ ਕੋਲ ਇਹ ਮਾਮਲਾ ਵੀ ਚੁੱਕੇ ਕਿ ਜੇਕਰ ਕਿਸਾਨ ਘੋਲ ਨਾਲ ਸਬੰਧਤ ਕਿਸੇ ਵਿਅਕਤੀ ਜਾਂ ਕਿਸਾਨ ਦੀ ਦਿੱਲੀ ਪੁਲਿਸ ਨੂੰ ਲੋੜ ਹੈ ਤਾਂ ਉਹ ਪਹਿਲਾਂ ਪੰਜਾਬ ਪੁਲਿਸ ਨੂੰ ਸੂਚਿਤ ਕਰੇ। ਕਮੇਟੀ ਨੇ ਕਿਹਾ ਕਿ ਐਡਵੋਕੇਟ ਜਨਰਲ ਦੀ ਨਿਗਰਾਨੀ ਹੇਠ ਸੀਨੀਅਰ ਵਕੀਲਾਂ ਦਾ ਪੈਨਲ ਬਣੇ, ਜੋ ਪੀੜਤਾਂ ਦੇ ਕੇਸ ਮੁਫਤ ਲੜੇ। ਅਦਾਲਤਾਂ ਵਿਚ ਨੌਜਵਾਨਾਂ ਦੇ ਜਮ੍ਹਾਂ ਪਾਸਪੋਰਟ ਵਾਪਸ ਦਿਵਾਏ ਜਾਣ। ਕਮੇਟੀ ਵੱਲੋਂ 83 ਪੀੜਤਾਂ ਦੇ ਬਿਆਨ ਵੀ ਕਲਮਬੰਦ ਕੀਤੇ ਗਏ। ਕਮੇਟੀ ਨੇ ਇਸ ਗੱਲ 'ਤੇ ਮੋਹਰ ਲਾਈ ਕਿ 26 ਜਨਵਰੀ ਨੂੰ ਦਿੱਲੀ ਪੁਲਿਸ ਨੇ ਬੈਰੀਕੇਡ ਹਟਾ ਕੇ ਟਰੈਕਟਰ ਮਾਰਚ ਦੌਰਾਨ ਇਕ ਸਾਜ਼ਿਸ਼ ਤਹਿਤ ਕਿਸਾਨਾਂ ਨੂੰ ਲਾਲ ਕਿਲ੍ਹੇ ਦੇ ਰਸਤੇ ਭੇਜਿਆ ਸੀ। ਕਮੇਟੀ ਨੇ ਇਹ ਨੁਕਤਾ ਵੀ ਰੱਖਿਆ ਕਿ ਸਾਜ਼ਿਸ਼ ਤਹਿਤ ਹੀ ਨੌਜਵਾਨਾਂ ਨੂੰ ਬਿਨਾਂ ਕਿਸੇ ਰੋਕ-ਟੋਕ ਦੇ ਲਾਲ ਕਿਲ੍ਹੇ ਅੰਦਰ ਜਾਣ ਦਿੱਤਾ ਗਿਆ ਅਤੇ ਮਗਰੋਂ ਇਸ ਘਟਨਾ ਨੂੰ ਆਪਣੇ ਤਰੀਕੇ ਨਾਲ ਮੋੜਾ ਦੇ ਕੇ ਕਿਸਾਨਾਂ ਨੂੰ, ਸਿੱਖਾਂ ਨੂੰ ਅਤੇ ਕਿਸਾਨੀ ਘੋਲ ਨੂੰ ਬਦਨਾਮ ਕਰਨ ਲਈ ਵਰਤਿਆ ਗਿਆ। ਇਸੇ ਤਰ੍ਹਾਂ 29 ਜਨਵਰੀ ਨੂੰ ਗੁੰਡਿਆਂ ਵੱਲੋਂ ਸ਼ਾਂਤਮਈ ਧਰਨੇ 'ਤੇ ਬੈਠੇ ਕਿਸਾਨਾਂ 'ਤੇ ਇੱਟਾਂ ਵੱਟੇ ਮਾਰੇ ਗਏ ਅਤੇ ਉਲਟਾ ਪੁਲਿਸ ਨੇ ਕਿਸਾਨਾਂ ਨੂੰ ਇੱਥੋਂ ਚਲੇ ਜਾਣ ਲਈ ਕਿਹਾ। ਪੀੜਤ ਜਥੇਦਾਰ ਗੁਰਮੁੱਖ ਸਿੰਘ ਨੂੰ ਰਸਤੇ 'ਚੋਂ ਫੜ ਕੇ ਪੁਲਿਸ ਵਾਲਿਆਂ ਨੇ ਬੂਟਾਂ ਦੇ ਠੁੱਡੇ ਮਾਰੇ। ਮਹਿਲਾ ਭਿੰਦਰਜੀਤ ਕੌਰ ਅਤੇ ਹੋਰਨਾਂ ਔਰਤਾਂ ਨੂੰ ਰਾਤ ਨੂੰ ਅਣਜਾਣ ਜਗ੍ਹਾ 'ਤੇ ਛੱਡਿਆ ਗਿਆ। ਪੰਜਾਬ 'ਚੋਂ ਦੋ ਨੌਜਵਾਨਾਂ ਨੂੰ ਦਿੱਲੀ ਪੁਲਿਸ ਬਿਨਾਂ ਇਤਲਾਹ ਦੇ ਲੈ ਕੇ ਗਈ। ਲੱਖਾ ਸਧਾਣਾ ਦੇ ਭਰਾ ਗੁਰਦੀਪ ਸਿੰਘ ਨੂੰ ਦਿੱਲੀ ਪੁਲਿਸ ਨੇ ਚੁੱਕਿਆ। ਗੁਰਦੀਪ ਸਿੰਘ ਵੱਲੋਂ ਦਰਜ ਰਿਪੋਰਟ 'ਤੇ ਬਣਦੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਗਿਆ ਹੈ। ਮੁਕਤਸਰ ਦੀ ਨੌਦੀਪ ਕੌਰ ਦੇ ਮਾਮਲੇ ਵਿਚ ਹਰਿਆਣਾ ਪੁਲਿਸ ਵੱਲੋਂ ਕੀਤੀ ਕੁੱਟਮਾਰ ਦੀ ਪੁਸ਼ਟੀ ਹੋਈ ਹੈ।

# ਫਿਰੋਜ਼ਪੁਰ ਘਟਨਾ ਪਿੱਛੋਂ ਕਿਸਾਨ ਜਥੇਬੰਦੀਆਂ ਦੇ ਨਿਸ਼ਾਨੇ 'ਤੇ ਆਇਆ ਅਕਾਲੀ ਦਲ

**ਚੰਡੀਗੜ੍ਹ:** ਤਿੰਨ ਖੇਤੀ ਕਾਨੂੰਨ ਵਾਪਸ ਲੈਣ ਅਤੇ ਘੱਟੋ-ਘੱਟ ਸਮਰਥਨ ਮੁੱਲ ਉਤੇ ਫਸਲਾਂ ਦੀ ਖਰੀਦ ਦੀ ਗਰੰਟੀ ਦੀਆਂ ਮੰਗਾਂ ਨੂੰ ਲੈ ਕੇ ਲਗਭਗ ਇਕ ਸਾਲ ਤੋਂ ਸੰਘਰਸ਼ ਕਰ ਰਹੇ ਕਿਸਾਨਾਂ ਨਾਲ ਸਿਆਸੀ ਧਿਰਾਂ ਦੇ ਟਕਰਾਅ ਦੀਆਂ ਘਟਨਾਵਾਂ ਵਧ ਰਹੀਆਂ ਹਨ। ਪੰਜਾਬ ਦੇ ਫਿਰੋਜ਼ਪੁਰ ਵਿਚ ਵੀ ਲਖੀਮਪੁਰ ਖੀਰੀ ਵਰਗੀ ਘਟਨਾ ਵਾਪਰਨ ਤੋਂ ਬਚਾਅ ਹੋ ਗਿਆ।

ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੇ ਦੌਰੇ ਸਮੇਂ ਕਿਸਾਨ ਇਨ੍ਹਾਂ ਆਗੂਆਂ ਤੋਂ ਸਵਾਲ ਪੁੱਛਣਾ ਚਾਹੁੰਦੇ ਸਨ ਪਰ ਟਕਰਾਅ ਦੀ ਨੌਬਤ ਆ ਗਈ। ਸਥਾਨਕ ਅਕਾਲੀ ਆਗੂ ਵਰਦੇਵ ਸਿੰਘ ਨੋਨੀ ਮਾਨ ਦੀ ਫਾਰਚੂਨਰ ਗੱਡੀ ਦਾ ਘਿਰਾਓ ਕੀਤਾ ਗਿਆ ਅਤੇ ਦੋ ਕਿਸਾਨ ਬੋਨਟ ਉਤੇ ਚੜ੍ਹ ਗਏ।

ਗੱਡੀ ਰੋਕ ਕੇ ਗੱਲਬਾਤ ਕਰਨ ਦੀ ਬਜਾਏ ਡਰਾਈਵਰ ਨੇ ਗੱਡੀ ਭਜਾ ਲਈ ਜਿਸ ਨਾਲ ਇਕ ਕਿਸਾਨ ਦੇ ਸੱਟ ਵੀ ਵੱਜੀ ਅਤੇ ਕਿਸਾਨਾਂ ਨੇ ਗੱਡੀ ਦੀ ਭੰਨ-ਤੋੜ ਕਰ ਦਿੱਤੀ। ਕੋਈ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ। ਨੋਨੀ ਮਾਨ ਦੇ ਅੰਗ ਰੱਖਿਅਕਾਂ ਨੇ ਹਵਾ ਵਿਚ ਗੋਲੀਆਂ ਵੀ ਚਲਾਈਆਂ।



ਸੰਯੁਕਤ ਕਿਸਾਨ ਮੋਰਚੇ ਨੇ ਦੋਸ਼ ਲਾਇਆ ਕਿ ਲਖੀਮਪੁਰ ਖੀਰੀ ਵਾਂਗ ਹੀ ਫਿਰੋਜ਼ਪੁਰ ਵਿਚ ਕਿਸਾਨਾਂ 'ਤੇ ਗੋਲਬਾਰੀ ਕੀਤੀ ਗਈ ਤੇ ਪੰਜ ਕਿਸਾਨਾਂ ਨੂੰ ਅਕਾਲੀ ਆਗੂਆਂ ਦੀ ਗੱਡੀ ਨੇ ਘਸੀਟਿਆ, ਜਿਸ ਕਾਰਨ ਕਈ ਕਿਸਾਨ ਜ਼ਖਮੀ ਵੀ ਹੋਏ।

ਮੋਰਚੇ ਨੇ ਜਾਰੀ ਬਿਆਨ ਵਿਚ ਕਿਹਾ ਕਿ ਪਹਿਲਾਂ ਅਕਾਲੀ ਆਗੂਆਂ ਨੇ ਹਰਸਿਮਰਤ ਕੌਰ ਬਾਦਲ ਦੇ ਸਮਾਗਮ ਵਿਚ ਸਵਾਲ ਪੁੱਛਣ ਗਏ ਕਿਸਾਨਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਇਸ ਮਗਰੋਂ ਧਰਨੇ 'ਤੇ ਬੈਠੇ ਕਿਸਾਨਾਂ ਨੂੰ ਅਕਾਲੀ ਦਲ ਦੇ ਸਾਬਕਾ ਵਿਧਾਇਕ ਨੋਨੀ ਮਾਨ ਨੇ ਆਪਣੀ ਗੱਡੀ ਰਾਹੀਂ ਕਥਿਤ ਤੌਰ 'ਤੇ ਕੁਚਲਣ ਦੀ ਕੋਸ਼ਿਸ਼ ਕੀਤੀ। ਇਕ ਕਿਸਾਨ ਹਰਨੇਕ ਸਿੰਘ ਨੂੰ ਗੱਡੀ ਇਕ ਕਿਲੋਮੀਟਰ ਤੱਕ ਘਸੀਟਦੀ ਲੈ ਗਈ। ਮੋਰਚੇ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਅਕਾਲੀ ਆਗੂਆਂ ਖਿਲਾਫ ਐਫ.ਆਈ.ਆਰ. ਦਰਜ ਕਰਨ ਦੀ ਮੰਗ ਕੀਤੀ।

ਉਨ੍ਹਾਂ ਦੱਸਿਆ ਕਿ ਪ੍ਰਤੱਖਦਰਸ਼ੀਆਂ ਅਨੁਸਾਰ ਅਕਾਲੀ ਆਗੂ ਦੇ ਸੁਰੱਖਿਆ ਗਾਰਡਾਂ ਨੇ ਆਪਣੇ ਹਥਿਆਰਾਂ ਨਾਲ ਆਪਣੀ ਗੱਡੀ 'ਤੇ ਆਪ ਹੀ ਫਾਇਰਿੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਹਾਦਸਾ ਵੀ ਸ਼ਾਇਦ ਲਖੀਮਪੁਰ ਖੀਰੀ ਵਰਗਾ ਹੀ ਬਣ ਜਾਂਦਾ ਜੇਕਰ ਕਿਸਾਨ ਆਪਣੇ ਆਪ ਨੂੰ ਨਾ ਬਚਾਉਂਦੇ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਨੇ ਕਿਸਾਨਾਂ ਦੇ ਸਵਾਲਾਂ ਦਾ ਜਵਾਬ ਦੇਣ ਦੀ ਥਾਂ ਇਕ ਹੋਰ ਲਖੀਮਪੁਰ ਖੀਰੀ ਕਾਂਡ ਰਚਣ ਦੀ ਕੋਝੀ ਕੋਸ਼ਿਸ਼ ਕੀਤੀ। ਆਗੂਆਂ ਨੇ ਦੋਸ਼ ਲਾਇਆ ਕਿ ਅਸਲ ਵਿਚ ਅੰਦਰੂਨੀ ਤੌਰ 'ਤੇ ਅਕਾਲੀ ਦਲ ਖੇਤੀ ਕਾਨੂੰਨਾਂ ਦਾ ਸਮਰਥਕ ਹੈ ਅਤੇ ਇਨ੍ਹਾਂ ਦਾ ਵਿਰੋਧ ਕਰਨ ਅਤੇ ਕਿਸਾਨ ਅੰਦੋਲਨ ਦਾ ਹਮਾਇਤੀ ਹੋਣ ਦਾ ਪਾਖੰਡ ਕਰ ਰਿਹਾ ਹੈ। ਉਨ੍ਹਾਂ ਐਲਾਨ ਕੀਤਾ ਕਿ ਕਿਸਾਨ ਮਜ਼ਦੂਰ ਮਿਲ ਕੇ ਸਿਆਸੀ ਟੋਲੇ ਦੇ ਇਸ ਦੰਭ ਨੂੰ ਨੰਗਾ ਕਰਨ ਲਈ ਉਨ੍ਹਾਂ ਤੋਂ ਸਵਾਲ ਪੁੱਛਦੇ ਅਤੇ ਘੇਰਦੇ ਰਹਿਣਗੇ।

## ਸੁਖਬੀਰ ਨੂੰ ਸੁਆਲ ਕਰਨ ਗਏ ਕਿਸਾਨਾਂ ਨਾਲ ਧੱਕਾ-ਮੁੱਕੀ

**ਗੁਰੂਸਰ ਸੁਧਾਰ:** ਫਿਰੋਜ਼ਪੁਰ ਵਿਚ ਅਕਾਲੀ ਆਗੂਆਂ ਦੇ ਕਿਸਾਨਾਂ ਨਾਲ ਹੋਏ ਟਕਰਾਅ ਦੀ ਗੱਲ ਹਾਲੇ ਮੱਠੀ ਨਹੀਂ ਪਈ ਕਿ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰੀਂਹ ਦੇ ਮੈਰਿਜ ਪੈਲੇਸ ਵਿਚ ਰੱਖੇ ਰਾਜਨੀਤਕ ਸਮਾਗਮ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੁਆਲ ਕਰਨ ਪੁੱਜੇ ਅੰਦੋਲਨਕਾਰੀ ਕਿਸਾਨ ਆਗੂਆਂ ਨਾਲ ਧੱਕਾ-ਮੁੱਕੀ ਕੀਤੀ ਤੇ ਇਸ ਦੌਰਾਨ ਪੁਲਿਸ ਮੁਲਾਜ਼ਮ ਨੇ ਕਿਸਾਨ ਆਗੂ ਗੁਰਉਪਦੇਸ਼ ਸਿੰਘ ਘੁੰਗਰਾਣਾ ਦੀ ਪੱਗ ਉਤਾਰ ਦਿੱਤੀ। ਇਸ ਤੋਂ ਭੜਕੇ ਅੰਦੋਲਨਕਾਰੀਆਂ ਨੇ ਲੁਧਿਆਣਾ-ਮਾਲੇਰਕੋਟਲਾ ਰਾਜ ਮਾਰਗ ਉੱਪਰ ਆਵਾਜਾਈ ਠੱਪ ਕਰ ਦਿੱਤੀ।

ਪੰਜਾਬ ਟਾਈਮਜ਼

*ਸਨਿਚਰਵਾਰ, 20 ਨਵੰਬਰ 2021*

# ਅਮਨ ਅਤੇ ਮੁਹੱਬਤ ਵਾਲਾ ਰਾਹ

ਵੀਹ ਮਹੀਨਿਆਂ ਦੇ ਵਕਫੇ ਪਿੱਛੋਂ ਕਰਤਾਰਪੁਰ ਲਾਂਘਾ ਮੁੜ ਖੁੱਲ੍ਹ ਗਿਆ ਹੈ। ਇਹ ਲਾਂਘਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਨਵੰਬਰ 2019 ਨੂੰ ਖੋਲ੍ਹਿਆ ਗਿਆ ਸੀ। ਕਰਤਾਰਪੁਰ ਉਹ ਥਾਂ ਹੈ ਜਿੱਥੇ ਗੁਰੂ ਨਾਨਕ ਨੇ ਆਪਣੇ ਜੀਵਨ ਦੇ ਆਖਰੀ 18 ਵਰ੍ਹੇ ਕਿਰਤ ਕਰਦਿਆਂ ਬਿਤਾਏ ਸਨ ਅਤੇ 1947 ਵਿਚ ਭਾਰਤ ਦੀ ਵੰਡ ਤੋਂ ਬਾਅਦ ਇਹ ਪਾਕਿਸਤਾਨ ਵਾਲੇ ਪਾਸੇ ਰਹਿ ਗਿਆ ਸੀ। ਇਹ ਭਾਰਤ-ਪਾਕਿਸਤਾਨ ਸਰਹੱਦ ਤੋਂ ਚਾਰ ਕੁ ਕਿਲੋਮੀਟਰ ਦੂਰ ਪੈਂਦਾ ਹੈ ਪਰ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਵਿਚ ਲਗਾਤਾਰ ਰਹਿੰਦੇ ਤਣਾਅ ਕਾਰਨ ਸ਼ਰਧਾਲੂ ਇਸ ਪਵਿੱਤਰ ਸਥਾਨ ਦੀ ਯਾਤਰਾ ਤੋਂ ਵਾਂਝੇ ਹੀ ਰਹੇ। ਇਹ ਲਾਂਘਾ ਖੁੱਲਣ ਦਾ ਅਮਲ 2018 ਵਿਚ ਉਸ ਵਕਤ ਸ਼ੁਰੂ ਹੋਇਆ ਜਦੋਂ ਪੰਜਾਬ ਦੇ ਤਤਕਾਲੀ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਆਪਣੇ ਮਿੱਤਰ ਇਮਰਾਨ ਖਾਨ ਦੇ ਤਾਜਪੋਸ਼ੀ ਸਮਾਗਮ ਵਿਚ ਸ਼ਿਰਕਤ ਕਰਨ ਲਈ ਪਾਕਿਸਤਾਨ ਗਏ ਸਨ। ਉਦੋਂ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਕਮਰ ਬਾਜਵਾ ਨੇ ਨਵਜੋਤ ਸਿੰਘ ਸਿੱਧੂ ਨੂੰ ਜੱਫੀ ਵਿਚ ਘੁੱਟਦਿਆਂ ਕਰਤਾਰਪੁਰ ਲਾਂਘਾ ਖੋਲ੍ਹਣ ਬਾਰੇ ਪਾਕਿਸਤਾਨ ਸਰਕਾਰ ਦੀ ਇੱਛਾ ਦੱਸੀ ਸੀ। ਇਸ ਤੋਂ ਬਾਅਦ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਵਿਚਕਾਰ ਸਹਿਮਤੀ ਬਣ ਗਈ ਅਤੇ ਸ਼ਰਧਾਲੂਆਂ ਲਈ ਇਹ ਲਾਂਘਾ ਖੋਲ੍ਹ ਦਿੱਤਾ ਗਿਆ ਪਰ ਭਾਰਤ ਸਰਕਾਰ ਨੇ ਮਾਰਚ 2020 ਵਿਚ ਕੋਵਿਡ-19 ਦੇ ਮੱਦੇਨਜ਼ਰ ਇਸ ਲਾਂਘੇ ਰਾਹੀਂ ਯਾਤਰਾ ਬੰਦ ਕਰਨ ਦਾ ਐਲਾਨ ਕਰ ਦਿੱਤਾ ਸੀ।

ਉਂਜ ਦੇਖਿਆ ਜਾਵੇ ਤਾਂ ਇਸ ਲਾਂਘੇ ਦੇ ਖੁੱਲ੍ਹਣ ਅਤੇ ਬੰਦ ਹੋਣ ਦੀ ਆਪਣੀ ਸਿਆਸਤ ਹੈ। ਹਕੀਕਤ ਇਹ ਹੈ ਕਿ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਵਿਚਕਾਰ ਸਬੰਧ ਕਦੇ ਵੀ ਸੁਖਾਵੇਂ ਨਹੀਂ ਰਹੇ; ਭਾਵੇਂ ਦੋਹਾਂ ਮੁਲਕਾਂ ਦੇ ਲੋਕ, ਖਾਸ ਕਰਕੇ ਪੰਜਾਬ ਦੇ ਲੋਕ ਚਾਹੁੰਦੇ ਰਹੇ ਹਨ ਕਿ ਦੋਹਾਂ ਮੁਲਕਾਂ ਵਿਚਕਾਰ ਅਮਨ-ਅਮਾਨ ਰਹੇ ਅਤੇ ਆਪਸੀ ਤਾਲਮੇਲ ਵਧੇ। 2018 ਵਿਚ ਜਦੋਂ ਜਨਰਲ ਬਾਜਵਾ ਨੇ ਲਾਂਘੇ ਬਾਰੇ ਆਪਣੇ ਵਿਚਾਰ ਨਵਜੋਤ ਸਿੰਘ ਸਿੱਧੂ ਕੋਲ ਪ੍ਰਗਟਾਏ ਸਨ ਤਾਂ ਉਸ ਵਕਤ ਪਾਕਿਸਤਾਨ ਦਾ ਅਰਥਚਾਰਾ ਨਿਵਾਣਾਂ ਛੋਹ ਰਿਹਾ ਸੀ ਅਤੇ ਪਾਕਿਸਤਾਨ ਦੀ ਸਿਆਸਤ ਜਿਸ ਉਤੇ ਪਾਕਿਸਤਾਨੀ ਫੌਜ ਦਾ ਬਹੁਤ ਮਜ਼ਬੂਤ ਕਬਜ਼ਾ ਚਲਿਆ ਆ ਰਿਹਾ ਹੈ, ਦੀ ਇਹ ਲੋੜ ਸੀ ਕਿ ਭਾਰਤ ਨਾਲ ਸੁਖਾਵੇਂ ਸਬੰਧ ਬਣਾਏ ਜਾਣ। ਤੱਥ ਇਹੀ ਹਨ ਕਿ ਪਾਕਿਸਤਾਨੀ ਫੌਜ ਦੀ ਮਦਦ ਨਾਲ ਹੀ ਸਾਬਕਾ ਕ੍ਰਿਕਟਰ ਇਮਰਾਨ ਖਾਨ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਅੱਪੜਿਆ ਸੀ। ਦੂਜੇ ਬੰਨੇ, ਭਾਰਤ ਸਰਕਾਰ ਨੇ ਇਹ ਲਾਂਘਾ ਬੰਦ ਕਰਨ ਲਈ ਕੋਵਿਡ-19 ਦਾ ਸਿਰਫ ਬਹਾਨਾ ਹੀ ਬਣਾਇਆ, ਕਿਉਂਕਿ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਰਤੀ ਜਨਤਾ ਪਾਰਟੀ ਦੀ ਬਹੁਤੀ ਸਿਆਸਤ ਪਾਕਿਸਤਾਨ ਖਿਲਾਫ ਪ੍ਰਚਾਰ ਨਾਲ ਚੱਲਦੀ ਹੈ। ਹੁਣ ਲਾਂਘਾ ਖੋਲ੍ਹਣ ਦੇ ਮਾਮਲੇ ਵਿਚ ਵੀ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਹੀ ਕੰਮ ਕਰ ਰਹੀ ਹੈ। ਅਗਲੇ ਸਾਲ ਦੇ ਸ਼ੁਰੂ ਵਿਚ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਅਤੇ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਉਠੇ ਕਿਸਾਨ ਅੰਦੋਲਨ ਕਾਰਨ ਪੰਜਾਬ ਦੇ ਸਿਆਸੀ ਪਿੜ ਵਿਚ ਇਸ ਦਾ ਹਾਲ ਮਾੜਾ ਹੋਇਆ ਪਿਆ ਹੈ। ਆਪਣਾ ਸਿਆਸੀ ਵੱਕਾਰ ਵਧਾਉਣ ਖਾਤਰ ਮੋਦੀ ਸਰਕਾਰ ਨੂੰ ਅਣਸਰਦੇ ਨੂੰ ਲਾਂਘਾ ਖੋਲ੍ਹਣ ਦਾ ਇਹ ਫੈਸਲਾ ਕਰਨਾ ਪਿਆ ਹੈ।

ਕਰਤਾਰਪੁਰ ਦਾ ਲਾਂਘਾ ਖੋਲ੍ਹਣ ਦਾ ਇਹ ਮਾਮਲਾ ਬੜੇ ਚਿਰਾਂ ਤੋਂ ਚੱਲ ਰਿਹਾ ਹੈ। ਜਦੋਂ 1969 ਵਿਚ ਗੁਰੂ ਨਾਨਕ ਦਾ 500 ਪ੍ਰਕਾਸ਼ ਪੁਰਬ ਆਇਆ ਸੀ ਤਾਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵਾਅਦਾ ਕੀਤਾ ਸੀ ਕਿ ਉਹ ਪਾਕਿਸਤਾਨ ਨਾਲ ਇਹ ਗੱਲ ਚਲਾਉਣਗੇ ਕਿ ਜ਼ਮੀਨ ਦੀ ਅਦਲਾ-ਬਦਲੀ ਕਰਕੇ ਕਰਤਾਰਪੁਰ ਸਾਹਿਬ ਨੂੰ ਭਾਰਤ ਵਿਚ ਸ਼ਾਮਿਲ ਕਰ ਲਿਆ ਜਾਵੇ ਪਰ ਇਸ ਬਾਰੇ ਗੱਲ ਅਗਾਂਹ ਤੁਰ ਨਹੀਂ ਸਕੀ। ਤੱਥਾਂ ਮੁਤਾਬਿਕ 1947 ਤੋਂ ਲੈ ਕੇ ਸਾਲ 2000 ਤੱਕ ਗੁਰਦੁਆਰਾ ਕਰਤਾਰਪੁਰ ਸਾਹਿਬ ਇਕ ਤਰ੍ਹਾਂ ਨਾਲ ਬੰਦ ਹੀ ਰਿਹਾ ਅਤੇ 2004 ਵਿਚ ਹੀ ਸ਼ਰਧਾਲੂਆਂ ਲਈ ਖੋਲ੍ਹਿਆ ਗਿਆ। 1998 ਵਿਚ ਤਤਕਾਲੀ ਪ੍ਰਧਾਨ ਮੰਤਰੀਆਂ ਅਟਲ ਬਿਹਾਰੀ ਵਾਜਪਈ ਅਤੇ ਨਵਾਜ਼ ਸ਼ਰੀਫ ਨੇ ਲਾਂਘਾ ਖੋਲ੍ਹਣ ਬਾਰੇ ਵਿਚਾਰਾਂ ਕੀਤੀਆਂ ਸਨ, ਉਦੋਂ ਗੁਰਦੁਆਰੇ ਦੀ ਮੁਰੰਮਤ ਵੀ ਹੋਈ ਪਰ 1999 ਵਿਚ ਕਾਰਗਿਲ ਜੰਗ ਛਿੜਨ ਕਾਰਨ ਤਾਲਮੇਲ ਟੁੱਟ ਗਿਆ। ਇਸ ਤੋਂ ਬਾਅਦ ਸਰਕਾਰਾਂ ਦੇ ਪੱਧਰ 'ਤੇ ਇਸ ਬਾਰੇ ਕਈ ਵਾਰ ਗੱਲ ਚੱਲੀ ਅਤੇ ਗੈਰ ਸਰਕਾਰੀ ਪੱਧਰ 'ਤੇ ਵੀ ਯਤਨ ਹੁੰਦੇ ਰਹੇ। 2008 ਵਿਚ ਅਕਾਲੀ ਆਗੂ ਕੁਲਦੀਪ ਸਿੰਘ ਵਡਾਲਾ ਅਤੇ ਅਮਰੀਕੀ ਸਫੀਰ ਜੌਹਨ ਡਬਲਿਊ ਮੈਨਡੋਨਲਡ ਨੇ ਡੇਰਾ ਬਾਬਾ ਨਾਨਕ ਵਿਚ ਪ੍ਰੈੱਸ ਕਾਨਫਰੰਸ ਕੀਤੀ ਸੀ ਅਤੇ ਇਸ ਲਾਂਘੇ ਨੂੰ 'ਅਮਨ ਲਾਂਘੇ' ਤੇ ਸਮੁੱਚੇ ਖਿੱਤੇ ਨੂੰ 'ਅਮਨ ਜ਼ੋਨ' ਦਾ ਨਾਂ ਦਿੱਤਾ ਸੀ।

1947 ਦੀ ਵੰਡ ਬਾਰੇ ਆਮ ਕਰਕੇ ਇਹ ਕਿਹਾ ਜਾਂਦਾ ਹੈ ਕਿ ਇਹ ਵੰਡ ਅਸਲ ਵਿਚ ਪੰਜਾਬ ਅਤੇ ਬੰਗਾਲ ਦੀ ਵੰਡ ਸੀ। ਉਸ ਵਕਤ ਪੰਜਾਬ ਨੇ ਬਹੁਤ ਵੱਡਾ ਸੰਤਾਪ ਹੰਢਾਇਆ। ਉਂਜ, ਦੋਹਾਂ ਪਾਸਿਆਂ ਦੀ ਅਵਾਮ ਇਕ-ਦੂਜੇ ਦੀ ਮੁਹੱਬਤ ਲਈ ਸਦਾ ਤਾਂਘਦੀ ਰਹੀ ਹੈ ਪਰ ਭਾਰਤੀ ਅਤੇ ਪਾਕਿਸਤਾਨੀ ਹਾਕਮਾਂ ਦੀ ਸਿਆਸਤ ਕਾਰਨ ਇਹ ਮੁਹੱਬਤ ਮੌਲ ਨਹੀਂ ਸਕੀ। ਲੋਕ ਅੱਜ ਵੀ ਵਧੇਰੇ ਮੇਲ-ਮਿਲਾਪ ਚਾਹੁੰਦੇ ਹਨ। ਮਾਹਿਰ ਤਾਂ ਸਗੋਂ ਇਹ ਵੀ ਕਹਿੰਦੇ ਹਨ ਕਿ ਦੋਹਾਂ ਮੁਲਕਾਂ ਵਿਚਕਾਰ ਜਿੰਨਾ ਤਾਲਮੇਲ ਵਧੇਗਾ, ਵਪਾਰ ਪੱਖੋਂ ਦੋਹਾਂ ਮੁਲਕਾਂ ਦੇ ਲੋਕਾਂ ਨੂੰ ਫਾਇਦਾ ਹੋਵੇਗਾ। ਇਸ ਮਸਲੇ 'ਤੇ ਸਭ ਦੀਆਂ ਨਜ਼ਰਾਂ ਹੁਣ ਨਵੀਆਂ ਪੀੜ੍ਹੀ 'ਤੇ ਹਨ ਕਿਉਂਕਿ ਕਰੋਨਾ ਵਾਲੇ ਦੌਰ ਵਿਚ ਜਦੋਂ ਸਾਰੀ ਦੁਨੀਆ ਹੀ ਘਰਾਂ ਅੰਦਰ ਡੱਕੀ ਗਈ ਸੀ ਤਾਂ ਘਰੇ ਬੈਠੇ ਲੋਕ ਇੰਟਰਨੈੱਟ ਰਾਹੀ ਇਕ ਦੂਜੇ ਦੇ ਨੇੜੇ ਆ ਗਏ ਸਨ। ਇਸ ਦੌਰ ਵਿਚ ਦੋਹਾਂ ਪੰਜਾਬਾਂ ਦੇ ਲੋਕ ਵੀ ਨੇੜੇ ਆਏ। ਇਸ ਬਾਰੇ ਪਤਾ ਦੋਹਾਂ ਪਾਸਿਆਂ ਦੇ ਸੰਜੀਦਾ ਲੋਕਾਂ ਵੱਲੋਂ ਵੰਡ ਦੇ ਦਰਦ ਬਾਰੇ ਅੱਪਲੋਡ ਹੁੰਦੀਆਂ ਵੀਡੀਓਜ਼ ਤੋਂ ਲਗਦਾ ਹੈ। ਇਸ ਲਈ ਹੁਣ ਲੋਕਾਂ ਨੂੰ ਖੁਦ ਅੱਗੇ ਆਉਣਾ ਚਾਹੀਦਾ ਹੈ। ਕਿਸਾਨ ਅੰਦੋਲਨ ਨੇ ਸਾਬਤ ਕਰ ਦਿੱਤਾ ਹੈ ਕਿ ਲੋਕ ਰੋਹ ਨਾਲ ਜ਼ਹਿਰੀਲੀ ਸਿਆਸਤ ਨੂੰ ਮਾਤ ਪਾਈ ਜਾ ਸਕਦੀ ਹੈ। ਅਜਿਹਾ ਅੰਦੋਲਨ ਦੋਹਾਂ ਪੰਜਾਬਾਂ ਵਿਚਕਾਰ ਤਾਲਮੇਲ ਵਧਾਉਣ ਬਾਰੇ ਵੀ ਉਠਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੰਗ ਨਹੀਂ ਸਰਕਾਰ ਨੂੰ?*

ਕਾਰਜਪਾਲਕਾ ਏਨੀ ਮੂੰਹ-ਜ਼ੋਰ ਹੋਈ, ਮਨਮਰਜ਼ੀਆਂ ਕਰੀ ਕਰਵਾਈ ਜਾਵੇ।
ਚੋਰ-ਮੋਰੀਆਂ ਬਹੁਤ ਕਾਨੂੰਨ ਦੀਆਂ, ਲੱਲੇ-ਭੱਬੇ ਲਾ ਵਕਤ ਟਪਾਈ ਜਾਵੇ।
ਜੇਲ੍ਹ ਵਿਚ ਬਿਠਾਇਕੇ ਨਾਬਰਾਂ ਨੂੰ, ਗੁਨਾਹਗਾਰਾਂ ਦੇ ਤਾਈਂ ਬਚਾਈਜਾਵੇ।
ਨਿਆਂ-ਮੂਰਤੀ ਬਹੁਤੀ ਆਜ਼ਾਦ ਹੈ ਨ੍ਹੀ,ਫਿਰ ਵੀ ਲੱਗਦੀ ਵਾਹ ਲਗਾਈ ਜਾਵੇ।
ਜ਼ਿੰਮੇਵਾਰੀ ਹਕੂਮਤ ਨਾਸਮਝ ਦੀ ਏ, ਤਾਨਾਸ਼ਾਹੀ ਦੇ ਵਰਗੀਆਂ ਹਾਲਤਾਂ ਦੀ।
ਭੋਰਾ ਬੇਜ਼ਤੀ ਨਹੀਂ ਮਹਿਸੂਸ ਕਰਦੀ, ਜਦ ਵੀ ਪੈਂਦੀ ਐ ਝਾੜ ਅਦਾਲਤਾਂ ਦੀ!

# ਭਾਰਤ ਦੀ ਆਰਥਿਕਤਾ ਅਤੇ ਇਸ ਦੀ ਬਹਾਲੀ

***ਇਹ ਮੰਦਭਾਗੀ ਗੱਲ ਹੈ ਕਿ ਗਰੀਬਾਂ ਨੂੰ ਮੁਫਤ ਅਨਾਜ ਵੰਡਣਾ ਉਸ ਮੌਕੇ ਬੰਦ ਕੀਤਾ ਜਾ ਰਿਹਾ ਹੈ ਜਦੋਂ ਭਾਰਤ ਗੁਆਂਢੀ ਮੁਲਕਾਂ ਦੇ ਮੁਕਾਬਲੇ ਭੁੱਖਮਰੀ ਸੂਚਕ ਅੰਕ ਵਿਚ ਕਾਫੀ ਪਛੜ ਗਿਆ ਹੈ। ਭਾਰਤ ਹੁਣ ਪਾਕਿਸਤਾਨ ਤੇ ਬੰਗਲਾਦੇਸ਼ ਦੇ ਮੁਕਾਬਲੇ ਕਾਫੀ ਹੇਠਾਂ ਚਲਾ ਗਿਆ ਹੈ। ਇਹ ਉਸ ਵਕਤ ਵਾਪਰ ਰਿਹਾ ਹੈ ਜਦੋਂ ਭਾਰਤ ਵਿਚ ਅਨਾਜ ਨਾਲ ਗੁਦਾਮ ਭਰੇ ਹੋਏ ਹਨ। ਇਸ ਮੌਕੇ ਸਮਾਜਕ ਲਹਿਰ ਨੂੰ ਸਰਕਾਰ ਤੇ ਦਬਾਅ ਪਾਉਂਦੇ ਹੋਏ ਇਹ ਮੰਗ ਜ਼ੋਰ ਨਾਲ ਉਠਾਉਣੀ ਚਾਹੀਦੀ ਹੈ ਕਿ ਭੁੱਖਮਰੀ ਦੇ ਸ਼ਿਕਾਰ ਗਰੀਬਾਂ ਨੂੰ ਮੁਫਤ ਅਨਾਜ ਵੰਡਣਾ ਜਾਰੀ ਰੱਖਿਆ ਜਾਵੇ।***

ਭਾਰਤ ਸਰਕਾਰ ਦੇ ਬੁਲਾਰੇ ਪਿਛਲੇ ਕੁਝ ਮਹੀਨਿਆਂ ਤੋਂ ਇਹ ਅੰਦਾਜ਼ੇ ਪੇਸ਼ ਕਰ ਰਹੇ ਹਨ ਕਿ ਮੁਲਕ ਦੀ ਆਰਥਿਕਤਾ ਇਸ ਸਾਲ 10% ਦੀ ਦਰ ਨਾਲ ਵਿਕਾਸ ਕਰਨ ਦੇ ਰਸਤੇ ਚੱਲ ਪਈ ਹੈ। ਇਸ ਲੜੀ ਵਿਚ ਸਟੇਟ ਬੈਂਕ ਆਫ ਇੰਡੀਆ ਦੇ ਹਵਾਲੇ ਨਾਲ ਇਹ ਵੀ ਕਿਹਾ ਗਿਆ ਹੈ ਕਿ ਡਿਜੀਟਲ ਤਰੀਕੇ ਨਾਲ ਲੈਣ-ਦੇਣ ਕਾਰਨ ਗੈਰ ਸੰਗਠਿਤ ਖੇਤਰ ਦਾ ਕੌਮੀ ਆਮਦਨ ਵਿਚ ਹਿੱਸਾ ਕਾਫੀ ਸੁੰਗੜ ਗਿਆ ਹੈ। ਸਟੇਟ ਬੈਂਕ ਦੀ



ਰਿਪੋਰਟ ਅਨੁਸਾਰ ਗੈਰ ਸੰਗਠਿਤ ਖੇਤਰ ਦਾ ਕੌਮੀ ਆਮਦਨ ਵਿਚ ਹਿੱਸਾ 2018 ਵਿਚ 52.4% ਤੋਂ ਘਟ ਕੇ 2021 ਵਿਚ 20-25% ਰਹਿ ਗਿਆ ਹੈ। ਇਹ ਬਹੁਤ

**ਸੁੱਚਾ ਸਿੰਘ ਗਿੱਲ**
**ਫੋਨ: +91-98550-82857**

ਹੈਰਾਨੀ ਵਾਲੀ ਤਬਦੀਲੀ ਸੌਦਿਆਂ ਦੇ ਡਿਜੀਟਲ ਹੋ ਜਾਣ ਕਾਰਨ ਦੱਸੀ ਗਈ ਹੈ। ਇਹ ਕਿਹਾ ਜਾ ਰਿਹਾ ਹੈ ਕਿ ਗੈਰ ਸੰਗਠਿਤ ਖੇਤਰ ਵਿਚ ਸੌਦਿਆਂ ਦੇ ਭੁਗਤਾਨ ਵਾਸਤੇ ਕਰੰਸੀ ਨੋਟ ਵਰਤੇ ਜਾਂਦੇ ਹਨ ਜਦੋਂ ਕਿ ਸੰਗਠਿਤ ਖੇਤਰ ਵਿਚ ਭੁਗਤਾਨ ਡਿਜੀਟਲ ਤਰੀਕੇ ਨਾਲ ਕੀਤਾ ਜਾਂਦਾ ਹੈ। ਇਸ ਦਾ ਭਾਵ ਇਹ ਹੈ ਕਿ ਡਿਜੀਟਲ ਤਰੀਕਿਆਂ ਨਾਲ ਵੱਧ ਭੁਗਤਾਨ ਆਰਥਿਕਤਾ ਨੂੰ ਸੰਗਠਿਤ ਖੇਤਰ ਵੱਲ ਲਿਜਾਣ ਵਿਚ ਮਦਦਗਾਰ ਸਿੱਧ ਹੋ ਰਹੇ ਹਨ। ਇਸ ਨਾਲ ਮੁਲਕ ਵਿਚ ਟੈਕਸਾਂ ਰਾਹੀਂ ਉਗਰਾਹੀ ਵੀ ਕਾਫੀ ਵਧ ਗਈ ਹੈ। ਇਹ ਅੰਕੜੇ ਅਤੇ ਇਸ ਪਿੱਛੇ ਤਰਕ ਵਿਆਖਿਆ ਦੀ ਮੰਗ ਕਰਦੇ ਹਨ।

ਗੈਰ ਸੰਗਠਿਤ ਖੇਤਰ ਉਹ ਹੈ ਜਿਸ ਵਿਚ ਕੰਮ ਕਰਨ ਵਾਲੇ ਕਿਰਤੀਆਂ ਦੀ ਗਿਣਤੀ ਕਾਫੀ ਘੱਟ ਹੁੰਦੀ ਹੈ। ਆਮ ਤੌਰ ਤੇ ਇਸ ਖੇਤਰ ਦੀਆਂ ਇਕਾਈਆਂ ਵਿਚ ਪ੍ਰਤੀ ਇਕਾਈ 10 ਜਾਂ ਇਸ ਤੋਂ ਘੱਟ ਕਿਰਤੀ ਕੰਮ ਤੇ ਹੁੰਦੇ ਹਨ ਪਰ ਬਹੁਤੀਆਂ ਇਕਾਈਆਂ ਵਿਚ ਇਕ ਜਾਂ ਦੋ ਕਿਰਤੀਆਂ ਨੂੰ ਹੀ ਰੁਜ਼ਗਾਰ ਮਿਲਦਾ ਹੈ। ਕਈ ਵਾਰ ਮਾਲਕ ਆਪ ਵੀ ਕੰਮ ਕਰਦੇ ਹਨ ਅਤੇ ਨਾਲ ਇਕ ਮਜ਼ਦੂਰ ਨੂੰ ਕੰਮ ਤੇ ਲਗਾਇਆ ਹੁੰਦਾ ਹੈ। ਇਸ ਖੇਤਰ ਵਿਚ ਉਦਯੋਗਿਕ ਇਕਾਈਆਂ, ਦੁਕਾਨਾਂ, ਸੇਵਾਵਾਂ ਅਤੇ ਖੇਤੀ ਨਾਲ ਸੰਬੰਧਿਤ ਕਿਰਿਆਵਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ। ਇਕ ਇਕਾਈਆਂ ਸਰਕਾਰ ਦੇ ਰਿਕਾਰਡ ਵਿਚ ਦਰਜ ਨਹੀਂ ਹੁੰਦੀਆਂ। ਇਨ੍ਹਾਂ ਇਕਾਈਆਂ ਵਿਚ ਕੰਮ ਕਰਦੇ ਕਰਮਚਾਰੀਆਂ/ਕਿਰਤੀਆਂ ਉਪਰ ਕਿਰਤ ਕਾਨੂੰਨ ਲਾਗੂ ਨਹੀਂ ਹੁੰਦੇ। ਰੁਜ਼ਗਾਰ ਨਾਲ ਸੰਬੰਧਿਤ ਅੰਕੜੇ ਦੱਸਦੇ ਹਨ ਕਿ ਮੁਲਕ ਦੇ ਸੰਗਠਿਤ ਖੇਤਰ ਵਿਚ 7-8% ਬੰਦੇ ਹੀ ਕੰਮ ਕਰਦੇ ਹਨ। ਬਾਕੀ ਦੇ 92-93% ਬੰਦੇ ਗੈਰ ਸੰਗਠਿਤ ਖੇਤਰ ਵਿਚ ਹੀ ਕੰਮ ਕਰ ਰਹੇ ਹਨ। ਸਟੇਟ ਬੈਂਕ ਦੇ ਅੰਕੜਿਆਂ ਵਿਚ ਇਸ ਬਾਰੇ ਕੋਈ ਚਰਚਾ ਨਹੀਂ ਕੀਤੀ ਗਈ ਕਿ ਇਹ ਅੰਕੜੇ ਕਿਸੇ ਰੁਜ਼ਗਾਰ ਬਾਰੇ ਸਰਵੇਖਣ ਤੇ ਆਧਾਰਿਤ ਹਨ। ਗੈਰ ਸੰਗਠਿਤ ਖੇਤਰ ਦੇ ਕੌਮੀ ਆਮਦਨ ਵਿਚ 52.4% ਤੋਂ ਘਟ ਕੇ 20-25% ਹਿੱਸਾ ਕਿਸ ਆਧਾਰ ਤੇ ਮਾਪਿਆ ਗਿਆ ਹੈ।

ਨੈਸ਼ਨਲ ਅਕਾਊਂਟ ਸਟੈਟਿਸਟਿਕਸ ਅਨੁਸਾਰ ਇਕੱਲੇ ਖੇਤੀ ਸੈਕਟਰ ਦਾ ਕੌਮੀ ਆਮਦਨ ਵਿਚ ਹਿੱਸਾ 16-17% ਹੈ। 2017-18 ਦੇ ਲੇਬਰ ਸਰਵੇਖਣ ਅਨੁਸਾਰ ਕੁਲ ਲੇਬਰ ਫੋਰਸ ਦਾ 44% ਹੀ ਖੇਤੀ ਵਿਚ ਸਿੱਧੇ ਤੌਰ ਤੇ ਕੰਮ ਕਰ ਰਿਹਾ ਸੀ। ਖੇਤੀ ਦੇ ਸਾਰੇ ਖੇਤਰ ਨੂੰ ਲੱਗਭੱਗ ਗੈਰ ਸੰਗਠਿਤ ਖੇਤਰ ਵਿਚ ਗਿਣਿਆ ਜਾਂਦਾ ਹੈ। ਇਸ ਦਾ ਭਾਵ ਇਹ ਹੈ ਕਿ ਬਾਕੀ ਦੇ ਖੇਤਰਾਂ ਵਿਚ 48-49% ਗੈਰ ਸੰਗਠਿਤ ਕਾਮਿਆਂ ਨੂੰ ਸਿਰਫ 4-8% ਕੌਮੀ ਆਮਦਨ ਮਿਲਦੀ ਹੈ। ਇਸ ਕਰਕੇ ਸਟੇਟ ਬੈਂਕ ਦੇ ਇਹ ਅਨੁਮਾਨ ਠੀਕ ਨਜ਼ਰ ਨਹੀਂ ਆਉਂਦੇ। ਇਹ ਅਨੁਮਾਨ ਇਸ ਕਰਕੇ ਠੀਕ ਨਹੀਂ ਲਗਦੇ ਕਿ ਖੇਤੀ ਸੈਕਟਰ ਦੀ ਆਮਦਨ ਕੋਵਿਡ-19 ਮਹਾਮਾਰੀ ਸਮੇਂ ਵਿਚ ਵੀ 3.5% ਸਾਲਾਨਾ ਦੀ ਦਰ ਨਾਲ ਵਧੀ ਹੈ। ਬਾਕੀ ਦੇ ਖੇਤਰਾਂ ਵਿਚ



ਕੋਵਿਡ-19 ਦੀ ਮਾਰ ਘਟਣ ਨਾਲ ਆਰਥਿਕਤਾ ਵਿਚ ਕੁਝ ਸਿਹਤਯਾਬੀ ਆਈ ਹੈ। ਭਾਰਤ ਸਰਕਾਰ ਇਹ ਐਲਾਨ ਕਰ ਰਹੀ ਹੈ ਕਿ ਮੁਲਕ ਦੀ ਕੌਮੀ ਆਮਦਨ 10% ਸਾਲਾਨਾ ਦੀ ਦਰ ਨਾਲ ਮੌਜੂਦਾ ਸਾਲ ਵਿਚ ਵਧ ਰਹੀ ਹੈ। ਇਸ ਤਰ੍ਹਾਂ ਦੇ ਐਲਾਨ ਸੰਸਾਰ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਵੀ ਕਰ ਰਹੇ ਹਨ। ਇਸ ਕਰਕੇ ਖੇਤੀ ਤੋਂ ਇਲਾਵਾ ਗੈਰ ਸੰਗਠਿਤ ਖੇਤਰ ਦੇ ਬਾਕੀ ਹਿੱਸਿਆਂ ਵਿਚ ਸਿਹਤਯਾਬੀ ਨੂੰ ਬਿਲਕੁਲ ਅਣਡਿੱਠ ਕਰਨਾ ਠੀਕ ਨਹੀਂ ਲਗਦਾ। ਕਾਰਪੋਰੇਟ ਕੰਪਨੀਆਂ ਗੈਰ ਸੰਗਠਿਤ ਖੇਤਰ ਨਾਲ ਜੁੜੀਆਂ ਹੋਈਆਂ ਹਨ। ਕਾਰਪੋਰੇਟ ਕੰਪਨੀਆਂ ਨੂੰ ਕਲ ਪੁਰਜ਼ੇ ਅਤੇ ਸਹਾਇਕ ਸੇਵਾਵਾਂ ਗੈਰ ਸੰਗਠਿਤ ਇਕਾਈਆਂ ਹੀ ਮੁਹੱਈਆ ਕਰਦੀਆਂ ਹਨ। ਕਾਰਪੋਰੇਟ ਕੰਪਨੀਆਂ ਦੇ ਤੇਜ਼ੀ ਨਾਲ ਉਠਾਲ ਨੂੰ ਗੈਰ ਸੰਗਠਿਤ ਇਕਾਈਆਂ ਦੇ ਕੁਝ/ਅੰਸ਼ਕ ਉਠਾਲ ਨਾਲੋਂ ਨਿਖੇੜ ਕੇ ਦੇਖਣਾ ਠੀਕ ਨਹੀਂ ਹੈ। ਇਸ ਤਰ੍ਹਾਂ ਨਜ਼ਰ ਆਉਂਦਾ ਹੈ ਕਿ ਭਾਰਤੀ ਸਟੇਟ ਬੈਂਕ ਦੇ ਗੈਰ ਸੰਗਠਿਤ ਖੇਤਰ ਬਾਰੇ ਕੌਮੀ ਆਮਦਨ ਵਿਚ ਹਿੱਸੇ ਦੇ ਅੰਕੜੇ ਠੀਕ ਨਜ਼ਰ ਨਹੀਂ ਆਉਂਦੇ।

ਗੈਰ ਸੰਗਠਿਤ ਖੇਤਰ ਦੀਆਂ ਇਕਾਈਆਂ ਬਾਰੇ ਤਾਜ਼ਾ ਅਧਿਐਨ ਇਹ ਗੱਲ ਕਰਦੇ ਹਨ ਕਿ ਇਨ੍ਹਾਂ ਇਕਾਈਆਂ ਦੀ ਸਿਹਤਯਾਬੀ ਕਾਰਪੋਰੇਟ ਕੰਪਨੀਆਂ ਦੇ ਮੁਕਾਬਲੇ ਕਾਫੀ ਘੱਟ ਰੇਟ ਤੇ ਹੋ ਰਹੀ ਹੈ। ਇਹ ਇਸ ਕਰਕੇ ਹੈ ਕਿ ਸਰਕਾਰ ਵੱਲੋਂ ਐਲਾਨੀਆਂ ਰਿਆਇਤਾਂ ਦਾ ਬਹੁਤਾ ਫਾਇਦਾ ਕਾਰਪੋਰੇਟ ਕੰਪਨੀਆਂ ਨੂੰ ਹੀ ਹੋਇਆ ਹੈ। ਗੈਰ ਸੰਗਠਿਤ ਇਕਾਈਆਂ ਵਿਚੋਂ ਬਹੁਤੀਆਂ ਗੈਰ ਰਜਿਸਟਰ ਹੋਣ ਕਾਰਨ ਇਨ੍ਹਾਂ ਰਿਆਇਤਾਂ ਦਾ ਫਾਇਦਾ ਨਹੀਂ ਉਠਾ ਸਕੀਆਂ। ਇਸ ਦਾ ਕਾਰਨ ਇਹ ਹੈ ਕਿ ਸਰਕਾਰ ਨੇ ਰਿਆਇਤਾਂ ਦਾ ਐਲਾਨ ਕਰਦੇ ਸਮੇਂ ਇਨ੍ਹਾਂ ਇਕਾਈਆਂ ਦੀ ਰਜਿਸਟਰੇਸ਼ਨ ਇਕ ਜ਼ਰੂਰੀ ਸ਼ਰਤ ਰੱਖੀ ਸੀ। ਕੁੱਲ ਗੈਰ ਸੰਗਠਿਤ ਇਕਾਈਆਂ ਵਿਚੋਂ 10% ਤੋਂ ਵੀ ਘੱਟ ਇਕਾਈਆਂ ਰਜਿਸਟਰ ਹਨ। ਇਸ ਕਰਕੇ ਉਹ ਇਨ੍ਹਾਂ ਰਿਆਇਤਾਂ ਦਾ ਫਾਇਦਾ ਨਹੀਂ ਉਠਾ ਸਕੀਆਂ। ਤਾਜ਼ਾ ਅਧਿਐਨ ਜ਼ਾਹਿਰ ਕਰਦੇ ਹਨ ਕਿ ਮਾਈਕਰੋ, ਛੋਟੀਆਂ ਅਤੇ ਦਰਮਿਆਨੀਆਂ ਇਕਾਈਆਂ ਵਿਚੋਂ 60% ਅਜੇ ਵੀ ਗੰਭੀਰ ਸੰਕਟ ਦਾ ਸ਼ਿਕਾਰ ਹਨ। ਜੇ ਇਨ੍ਹਾਂ ਨੂੰ ਲੋੜੀਂਦੀ ਮਾਤਰਾ ਵਿਚ ਮਦਦ ਨਾ ਦਿੱਤੀ ਗਈ ਤਾਂ ਇਨ੍ਹਾਂ ਵਿਚੋਂ ਬਹੁਤੀਆਂ ਜਾਂ ਤਾਂ ਬੰਦ ਹੋ ਜਾਣਗੀਆਂ, ਜਾਂ ਕਾਰੋਬਾਰ ਅੱਧਾ ਕਰ ਦੇਣਗੀਆਂ। ਇਸ ਨਾਲ ਕੋਵਿਡ-19 ਕਾਰਨ ਆਈ ਬੇਰੁਜ਼ਗਾਰੀ ਦੂਰ ਨਹੀਂ ਹੋਵੇਗੀ। ਇਸ ਕਾਰਨ ਅਨੁਮਾਨਿਤ ਕੌਮੀ ਆਮਦਨ ਦਾ ਵਿਕਾਸ ਦਰ ਸਾਲਾਨਾ 10% ਪ੍ਰਾਪਤ ਨਹੀਂ ਕੀਤਾ ਜਾ ਸਕੇਗਾ। ਇਨ੍ਹਾਂ ਹਾਲਾਤ ਵਿਚ ਇਨ੍ਹਾਂ ਇਕਾਈਆਂ ਵਿਚ ਕੰਮ ਕਰਦੇ ਕਰਮਚਾਰੀਆਂ/ਕਿਰਤੀਆਂ ਦੀ ਆਮਦਨ ਉਨ੍ਹਾਂ ਦੀ ਲੋੜ ਤੋਂ ਕਾਫੀ ਘੱਟ ਰਹੇਗੀ। ਇਨ੍ਹਾਂ ਦੇ ਚੁੱਲ੍ਹੇ ਜਲਦੇ ਰੱਖਣ ਵਾਸਤੇ ਜ਼ਰੂਰੀ ਹੈ ਕਿ ਸਰਕਾਰ ਇਨ੍ਹਾਂ ਦੀ ਮਦਦ ਉਸ ਸਮੇਂ ਤਕ ਜਾਰੀ ਰੱਖੇ ਜਦੋਂ ਤਕ ਉਹ ਮੁੜ ਆਪਣੇ ਪੈਰਾਂ ਤੇ ਪੂਰੀ ਤਰ੍ਹਾਂ ਖੜ੍ਹੇ ਨਹੀਂ ਹੋ ਜਾਂਦੇ।

ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ 30 ਨਵੰਬਰ 2021 ਤੋਂ ਬਾਅਦ ਗਰੀਬਾਂ ਨੂੰ ਮੁਫਤ ਦਿੱਤਾ ਜਾਂਦਾ ਅਨਾਜ ਬੰਦ ਕਰ ਦਿੱਤਾ ਜਾਵੇਗਾ। ਇਹ ਫੈਸਲਾ ਇਸ ਮਨੌਤ ਤੇ ਆਧਾਰਿਤ ਹੈ ਕਿ ਮੁਲਕ ਦੀ ਕੌਮੀ ਆਮਦਨ ਮੌਜੂਦਾ ਸਾਲ ਵਿਚ 10% ਦੀ ਸਾਲਾਨਾ ਦਰ ਨਾਲ ਵਧ ਜਾਵੇਗੀ ਅਤੇ ਆਰਥਿਕਤਾ ਕੋਵਿਡ-19 ਮਹਾਮਾਰੀ ਤੋਂ ਪਹਿਲਾਂ ਦੇ ਪੱਧਰ ਤੇ ਪਹੁੰਚ ਜਾਵੇਗੀ। ਇਹ ਧਾਰਨਾ ਠੀਕ ਨਜ਼ਰ ਨਹੀਂ ਆਉਂਦੀ। ਇਹ ਗੱਲ ਜੱਗ ਜ਼ਾਹਿਰ ਹੈ ਕਿ ਸਰਕਾਰੀ ਖੇਤਰ ਵਿਚ ਨੌਕਰੀਆਂ ਪੂਰੀ ਤਰ੍ਹਾਂ ਭਰੀਆਂ ਨਹੀਂ ਜਾ ਰਹੀਆਂ ਅਤੇ ਪ੍ਰਾਈਵੇਟ ਕੰਪਨੀਆਂ ਵਿਚ ਨਵੀਂ ਤਕਨਾਲੋਜੀ ਨੌਕਰੀਆਂ ਪੈਦਾ ਨਹੀਂ ਹੋਣ ਦੇ ਰਹੀ। ਖੇਤੀ ਸੈਕਟਰ ਵਿਚ ਵੀ ਮਸ਼ੀਨੀਕਰਨ ਕਾਰਨ ਰੁਜ਼ਗਾਰ ਕਾਫੀ ਘਟ ਗਿਆ ਹੈ। ਮੁਲਕ ਹੁਣ ਰੁਜ਼ਗਾਰ ਰਹਿਤ ਵਿਕਾਸ ਤੋਂ ਰੁਜ਼ਗਾਰ ਘਟਾਉਣ ਵਾਲੇ ਵਿਕਾਸ ਵਾਲੀ ਸਟੇਜ ਵਿਚ ਬਦਲ ਚੁੱਕਾ ਹੈ। ਇਸ ਵਕਤ ਮੁਲਕ ਵਿਚ ਰੁਜ਼ਗਾਰ ਪੈਦਾ ਕਰਨ ਲਈ ਗੈਰ ਸੰਗਠਿਤ ਇਕਾਈਆਂ ਨੂੰ ਉਤਸ਼ਾਹਿਤ ਕੀਤੇ ਬਗੈਰ ਹੋਰ ਕੋਈ ਚਾਰਾ ਨਹੀਂ ਪਰ ਜਦੋਂ ਮੁਲਕ ਵਿਚ ਬੇਰੁਜ਼ਗਾਰੀ ਕਾਫੀ ਵਧ ਗਈ ਹੈ ਅਤੇ ਗੈਰ ਸੰਗਠਿਤ ਇਕਾਈਆਂ ਘੋਰ ਸੰਕਟ ਵਿਚ ਫਸੀਆਂ ਹੋਈਆਂ ਹਨ। ਅਜਿਹੇ ਸਮੇਂ ਦੌਰਾਨ ਗ਼ਰੀਬਾਂ ਨੂੰ ਮੁਫਤ ਅਨਾਜ ਵੰਡਣਾ ਬੰਦ ਕਰਨਾ ਨਾ ਤਾਂ ਲੋਕਾਂ ਦੇ ਹਿਤ ਵਿਚ ਹੈ ਅਤੇ ਨਾ ਹੀ ਆਰਥਿਕ ਵਿਕਾਸ ਦੀ ਦਰ ਨੂੰ ਬਹਾਲ ਕਰਨ ਵਿਚ ਮਦਦ ਮਿਲੇਗੀ। ਅਨਾਜ ਦੀ ਮੁਫਤ ਵੰਡ ਜਾਰੀ ਰੱਖਣ ਨਾਲ ਗਰੀਬਾਂ ਦੀ ਭੁੱਖਮਰੀ ਘਟੇਗੀ ਅਤੇ ਗੁਦਾਮਾਂ ਵਿਚ ਪਿਆ ਅਨਾਜ ਸੜਨ ਤੋਂ ਬਚ ਜਾਵੇਗਾ।

ਇਸ ਨਾਲ ਜੇ ਮਗਨਰੇਗਾ ਵਰਗੇ ਪ੍ਰੋਗਰਾਮਾਂ ਨੂੰ ਸ਼ਹਿਰਾਂ 'ਚ ਲਾਗੂ ਕੀਤਾ ਜਾਵੇ ਤਾਂ ਮੰਗ ਵਧਣ ਕਾਰਨ ਕੌਮੀ ਆਮਦਨ ਦੇ ਵਿਕਾਸ ਦੀ ਦਰ ਵਧੇਗੀ ਤੇ ਰੁਜ਼ਗਾਰ ਦੇ ਵਧੇਰੇ ਮੌਕੇ ਮੁਹੱਈਆ ਹੋਣਗੇ। ਇਹ ਮੰਦਭਾਗੀ ਗੱਲ ਹੈ ਕਿ ਉਸ ਮੌਕੇ ਗਰੀਬਾਂ ਨੂੰ ਮੁਫਤ ਅਨਾਜ ਵੰਡਣਾ ਬੰਦ ਕੀਤਾ ਜਾ ਰਿਹਾ ਹੈ ਜਦੋਂ ਭਾਰਤ ਗੁਆਂਢੀ ਮੁਲਕਾਂ ਦੇ ਮੁਕਾਬਲੇ ਭੁੱਖਮਰੀ ਸੂਚਕ ਅੰਕ ਵਿਚ ਕਾਫੀ ਪਛੜ ਗਿਆ ਹੈ। ਭਾਰਤ ਹੁਣ ਪਾਕਿਸਤਾਨ ਤੇ ਬੰਗਲਾਦੇਸ਼ ਦੇ ਮੁਕਾਬਲੇ ਕਾਫੀ ਹੇਠਾਂ ਚਲਾ ਗਿਆ ਹੈ। ਇਹ ਉਸ ਵਕਤ ਵਾਪਰ ਰਿਹਾ ਹੈ ਜਦੋਂ ਭਾਰਤ ਵਿਚ ਅਨਾਜ ਨਾਲ ਗੁਦਾਮ ਭਰੇ ਹੋਏ ਹਨ। ਇਸ ਮੌਕੇ ਸਮਾਜਕ ਲਹਿਰ ਨੂੰ ਸਰਕਾਰ ਤੇ ਦਬਾਅ ਪਾਉਂਦੇ ਹੋਏ ਇਹ ਮੰਗ ਜ਼ੋਰ ਨਾਲ ਉਠਾਉਣੀ ਚਾਹੀਦੀ ਹੈ ਕਿ ਭੁੱਖਮਰੀ ਦੇ ਸ਼ਿਕਾਰ ਗਰੀਬਾਂ ਨੂੰ ਮੁਫਤ ਅਨਾਜ ਵੰਡਣਾ ਜਾਰੀ ਰੱਖਿਆ ਜਾਵੇ।

# ਰਾਜਕੀ ਦਹਿਸ਼ਤਵਾਦ ਅਤੇ ਨਵੀਆਂ ਚੁਣੌਤੀਆਂ

***ਭਾਰਤੀ ਸਟੇਟ ਅਤੇ ਇਸ ਦਾ ਸੰਚਾਲਨ ਕਰਨ ਵਾਲੀਆਂ ਸਰਕਾਰਾਂ ਸੱਤ ਦਹਾਕਿਆਂ ਵਿਚ ਮੁਲਕ ਦੇ ਲੋਕਾਂ ਨੂੰ ਇਨਸਾਨ ਦੇ ਜਿਊਣਯੋਗ ਜ਼ਿੰਦਗੀ ਅਤੇ ਇਨਸਾਨ ਲਈ ਜ਼ਰੂਰੀ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨ ਦਾ ਸੰਵਿਧਾਨਕ ਫਰਜ਼ ਪੂਰਾ ਕਰ ਨਹੀਂ ਸਕੀਆਂ; ਨਾ ਹੀ ਕੌਮੀਅਤਾਂ ਦੇ ਸਵੈ-ਨਿਰਣੇ, ਧਾਰਮਿਕ ਘੱਟਗਿਣਤੀਆਂ ਅਤੇ ਹਾਸ਼ੀਏ 'ਤੇ ਧੱਕੇ ਹੋਰ ਹਿੱਸਿਆਂ ਦੀਆਂ ਸ਼ਿਕਾਇਤਾਂ ਅਤੇ ਮਸਲੇ ਹੱਲ ਕਰ ਸਕੀਆਂ ਹਨ।***

13 ਨਵੰਬਰ ਨੂੰ ਮਹਾਰਾਸ਼ਟਰ ਪੁਲਿਸ ਦੀ ਨਕਸਲੀ ਵਿਰੋਧੀ ਵਿਸ਼ੇਸ਼ ਬਟਾਲੀਅਨ ਸੀ-60 ਕਮਾਂਡੋਜ਼ ਨੇ ਛੱਤੀਸਗੜ੍ਹ-ਮਹਾਰਾਸ਼ਟਰ ਹੱਦ ਉੱਪਰਲੇ ਇਲਾਕੇ ਵਿਚ ਘੁਸ ਕੇ ਅਤੇ ਕਥਿਤ ਮਾਓਵਾਦੀਆਂ ਨੂੰ ਚਾਰ-ਚੁਫੇਰਿਓਂ ਘੇਰਾਬੰਦੀ ਕਰਕੇ 26 ਜਣਿਆਂ (ਛੇ ਔਰਤਾਂ ਅਤੇ 20 ਮਰਦਾਂ) ਨੂੰ ਬੇਕਿਰਕੀ ਨਾਲ ਕਤਲ ਕਰ ਦਿੱਤਾ। ਮਹਾਰਾਸ਼ਟਰ ਪੁਲਿਸ ਨੇ ਦਾਅਵਾ ਕੀਤਾ ਕਿ ਮੁਕਾਬਲਾ ਗੜ੍ਹਚਿਰੌਲੀ ਜ਼ਿਲ੍ਹੇ ਦੇ ਜੰਗਲ ਵਿਚ ਹੋਇਆ ਜਦਕਿ ਮੌਕੇ ਦੇ ਸਬੂਤ ਦੱਸਦੇ ਹਨ ਕਿ ਇਹ ਵਾਕਿਆ ਛੱਤੀਸਗੜ੍ਹ ਦੇ ਪਹਾੜੀ ਇਲਾਕੇ ਵਿਚ ਹੋਇਆ। ਮਹਾਰਾਸ਼ਟਰ ਪੁਲਿਸ ਛੱਤੀਸਗੜ੍ਹ ਦੀ ਹੱਦ ਵਿਚੋਂ ਲਾਸ਼ਾਂ ਵੀ ਚੁੱਕ ਕੇ ਲੈ ਗਈ, ਛੱਤੀਸਗੜ੍ਹ ਪੁਲਿਸ ਨੇ ਅਜੇ ਤੱਕ ਇਸ ਬਾਬਤ ਕੋਈ ਬਿਆਨ ਜਾਰੀ ਨਹੀਂ ਕੀਤਾ। ਰਿਪੋਰਟਾਂ ਅਨੁਸਾਰ ਇਸ ਘੇਰਾਬੰਦੀ ਵਿਚ 500 ਕਮਾਂਡੋਜ਼ ਸ਼ਾਮਿਲ ਸਨ। ਪੁਲਿਸ ਅਫਸਰਾਂ ਦਾ ਦਾਅਵਾ ਹੈ ਕਿ ਇਹ ਉਸ ਜ਼ਿਲ੍ਹੇ ਵਿਚ ਹੋਇਆ ਹੁਣ ਤੱਕ ਦਾ ਸਭ ਤੋਂ ਲੰਮਾ ਅਤੇ ਸਭ ਤੋਂ ਵੱਡਾ ਮੁਕਾਬਲਾ ਸੀ ਜਿਸ ਵਿਚ ਮਿਲਿੰਦ ਤੇਲਤੁੰਬੜੇ ਸਮੇਤ ਬਹੁਤ ਸਾਰੇ ਇਨਾਮੀ ਮਾਓਵਾਦੀ ਆਗੂ ਮਾਰੇ ਗਏ। ਯਾਦ ਰਹੇ ਕਿ ਮਿਲਿੰਦ ਤੇਲਤੁੰਬੜੇ ਚੋਟੀ

**ਬੂਟਾ ਸਿੰਘ**
**ਫੋਨ: +91+94634-74342**

ਦੇ ਦਲਿਤ ਬੁੱਧੀਜੀਵੀ ਪ੍ਰੋਫੈਸਰ ਆਨੰਦ ਤੇਲਤੁੰਬੜੇ ਦਾ ਛੋਟਾ ਭਰਾ ਸੀ ਜਿਸ ਦੀ ਗ੍ਰਿਫਤਾਰੀ ਲਈ ਹਕੂਮਤ ਨੇ 50 ਲੱਖ ਰੁਪਏ ਇਨਾਮ ਐਲਾਨ ਕੀਤਾ ਹੋਇਆ ਸੀ।

ਇਹ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਹੋਣ ਦੇ ਦਾਅਵੇਦਾਰ ਭਾਰਤੀ ਰਾਜ ਦੇ ਕਰੂਰ ਚਿਹਰੇ ਨੂੰ ਦਰਸਾਉਂਦਾ ਹੈ ਜਿਸ ਦੇ ਅੰਦਰ ਦਲਿਤ ਪਰਿਵਾਰ ਦਾ ਜਾਇਆ ਦੱਬੇਕੁਚਲੇ ਅਤੇ ਹਾਸ਼ੀਏ 'ਤੇ ਧੱਕੇ ਦਲਿਤਾਂ, ਆਦਿਵਾਸੀਆਂ ਦੇ ਹਿਤਾਂ ਲਈ ਅਤੇ ਨੰਗੇ ਅਨਿਆਂ 'ਤੇ ਉੱਸਰੇ ਰਾਜ ਪ੍ਰਬੰਧ ਦੀ ਧਾੜਵੀ ਲੁੱਟਮਾਰ ਦੀ ਨੀਤੀ ਅਤੇ ਅਣਮਨੁੱਖੀ ਹਾਲਾਤ ਤੋਂ ਆਦਿਵਾਸੀਆਂ ਦੀ ਮੁਕਤੀ ਲਈ ਜੰਗਲਾਂ ਵਿਚ ਜੂਝਦਿਆਂ ਮਾਰਿਆ ਗਿਆ ਅਤੇ ਦੂਜਾ ਮਨੁੱਖੀ ਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਨਿਧੜਕ ਆਵਾਜ਼ ਉਠਾਉਂਦਾ ਹੋਣ ਕਾਰਨ ਭੀਮਾ ਕੋਰੇਗਾਓਂ ਝੂਠੇ ਸਾਜ਼ਿਸ਼ ਕੇਸ 'ਚ ਦੇਸ਼ਧ੍ਰੋਹ ਦੇ ਇਲਜ਼ਾਮ ਤਹਿਤ ਜੇਲ੍ਹ ਵਿਚ ਸੰਤਾਪ ਝੱਲ ਰਿਹਾ ਹੈ।


2005 'ਚ ਸਲਵਾ ਜੁਡਮ ਦੇ ਨਾਂ ਹੇਠ ਅਤੇ ਉਸ ਤੋਂ ਬਾਅਦ 2009 ਤੋਂ ਲੈ ਕੇ ਅਪਰੇਸ਼ਨ ਗ੍ਰੀਨ ਹੰਟ ਅਤੇ ਹੋਰ ਵੱਖ ਵੱਖ ਨਾਵਾਂ ਹੇਠ ਛੱਤੀਸਗੜ੍ਹ, ਝਾਰਖੰਡ, ਉੜੀਸਾ, ਤਿਲੰਗਾਨਾ ਅਤੇ ਹੋਰ ਆਦਿਵਾਸੀ ਖੇਤਰਾਂ ਵਿਚ ਨੀਮ-ਫੌਜੀ ਲਸ਼ਕਰ ਤਾਇਨਾਤ ਕਰਕੇ ਆਦਿਵਾਸੀਆਂ ਅਤੇ ਹੋਰ ਗ਼ਰੀਬ ਲੋਕਾਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ। ਇਹ ਆਦਿਵਾਸੀ ਆਪਣੇ ਜੰਗਲਾਂ, ਪਹਾੜਾਂ, ਜ਼ਮੀਨਾਂ ਅਤੇ ਜਲ ਵਸੀਲਿਆਂ ਨੂੰ ਧਾੜਵੀ ਕਾਰਪੋਰੇਟ ਲੁੱਟਮਾਰ ਤੋਂ ਬਚਾਉਣ ਲਈ ਲੜ ਰਹੇ ਹਨ ਜੋ ਮੁੱਢ ਕਦੀਮ ਤੋਂ ਉਨ੍ਹਾਂ ਦੇ ਰੈਣ ਬਸੇਰੇ ਹਨ ਪਰ ਭਾਰਤੀ ਹੁਕਮਰਾਨਾਂ ਦੇ 'ਵਿਕਾਸ' ਮੱਤ ਅਨੁਸਾਰ ਮੁਲਕ ਦੇ ਵਿਕਾਸ ਲਈ ਉਨ੍ਹਾਂ ਨੂੰ ਜੰਗਲਾਂ 'ਚੋਂ ਬੇਦਖਲ ਕਰਨਾ/ਉਜਾੜਨਾ ਅਤੇ ਸਮੂਹਕ ਵਿਰੋਧ ਨੂੰ ਖਤਮ ਕਰਨ ਲਈ ਉਨ੍ਹਾਂ ਦੀ ਨਸਲਕੁਸ਼ੀ ਕਰਨਾ ਜ਼ਰੂਰੀ ਹੈ ਅਤੇ ਇਸ ਨੂੰ ਵਿਕਾਸ ਦੱਸਿਆ ਜਾ ਰਿਹਾ ਹੈ। ਆਦਿਵਾਸੀ ਆਪਣੀ ਜੁਝਾਰੂ ਪਰੰਪਰਾ ਅਨੁਸਾਰ ਮਾਓਵਾਦੀਆਂ ਦੀ ਅਗਵਾਈ ਹੇਠ ਜਥੇਬੰਦ ਹੋ ਕੇ ਇਸ ਕਾਰਪੋਰੇਟ ਹਿਤੈਸ਼ੀ ਧਾੜਵੀ ਆਰਥਕ ਮਾਡਲ ਵਿਰੁੱਧ ਆਰ-ਪਾਰ ਦੀ ਲੜਾਈ ਵਿਚ ਡਟੇ ਹੋਏ ਹਨ। ਇਸ ਕਾਰਨ ਉਨ੍ਹਾਂ ਨੂੰ ਦਹਾਕਿਆਂ ਤੋਂ ਲਗਾਤਾਰ ਰਾਜਕੀ ਦਹਿਸ਼ਤਵਾਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਰਤੀ ਰਾਜ ਅਤੇ ਇਸ ਦਾ ਸੰਚਾਲਨ ਕਰਨ ਵਾਲੀਆਂ ਸਰਕਾਰਾਂ ਸੱਤ ਦਹਾਕਿਆਂ ਵਿਚ ਆਪਣੇ ਮੁਲਕ ਦੇ ਲੋਕਾਂ ਨੂੰ ਇਨਸਾਨ ਦੇ ਜਿਊਣਯੋਗ ਜ਼ਿੰਦਗੀ ਅਤੇ ਇਨਸਾਨ ਲਈ ਜ਼ਰੂਰੀ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨ ਦਾ ਸੰਵਿਧਾਨਕ ਫਰਜ਼ ਤਾਂ ਪੂਰਾ ਕਰ ਨਹੀਂ ਸਕੀਆਂ। ਨਾ ਹੀ ਕੌਮੀਅਤਾਂ ਦੇ ਸਵੈਨਿਰਣੇ ਅਤੇ ਧਾਰਮਿਕ ਘੱਟਗਿਣਤੀਆਂ ਅਤੇ ਹੋਰ ਹਾਸ਼ੀਏ 'ਤੇ ਧੱਕੇ ਹਿੱਸਿਆਂ ਦੀਆਂ ਸ਼ਿਕਾਇਤਾਂ ਅਤੇ ਮਸਲੇ ਹੱਲ ਕਰ ਸਕੀਆਂ ਹਨ। ਪਰ ਆਪਣੇ ਹੀ ਉਨ੍ਹਾਂ ਕਰੋੜਾਂ ਅਸੰਤੁਸ਼ਟ ਨਾਗਰਿਕਾਂ ਨੂੰ ਮਾਰਨ ਲਈ ਅੰਦਰੂਨੀ ਸੁਰੱਖਿਆ ਦੇ ਨਾਂ 'ਤੇ ਵੱਡੇ ਵੱਡੇ ਬਜਟ ਰੱਖੇ ਜਾਂਦੇ ਹਨ ਜੋ ਸਮੂਹਿਕ ਸੰਘਰਸ਼ ਰਾਹੀਂ ਆਪਣੇ ਅਣਮਨੁੱਖੀ ਹਾਲਾਤ ਨੂੰ ਬਦਲਣਾ ਚਾਹੁੰਦੇ ਹਨ ਅਤੇ ਆਪਣੇ ਹੱਕ ਲੈਣ ਲਈ ਯਤਨਸ਼ੀਲ ਹਨ। ਭਾਰਤੀ ਹੁਕਮਰਾਨਾਂ ਵੱਲੋਂ ਪਿਛਲੇ ਸੱਤ ਦਹਾਕਿਆਂ ਵਿਚ ਆਪਣੇ ਹੀ ਹਥਿਆਰਬੰਦ ਲਸ਼ਕਰਾਂ ਦੀ ਸਭ ਤੋਂ ਵੱਧ ਵਰਤੋਂ ਆਪਣੇ ਹੀ ਨਾਗਰਿਕਾਂ ਦਾ ਸ਼ਿਕਾਰ ਖੇਡਣ ਅਤੇ ਉਨ੍ਹਾਂ ਨੂੰ ਦੁਸ਼ਮਣ ਮੰਨ ਕੇ ਖ਼ੂਨ ਦੀਆਂ ਨਦੀਆਂ ਵਹਾਉਣ ਲਈ ਕੀਤੀ ਗਈ ਹੈ। ਇਸੇ ਕਰਕੇ ਮੁੱਢ ਤੋਂ ਹੀ ਮੌਜੂਦਾ ਭਾਰਤੀ ਰਾਜ ਹੇਠ ਰਾਜਨੀਤਕ ਪੁਸ਼ਤਪਨਾਹੀ ਵਾਲੇ ਗੈਰ ਅਦਾਲਤੀ ਕਤਲਾਂ ਦਾ ਵਰਤਾਰਾ ਚੱਲ ਰਿਹਾ ਹੈ। 2014 'ਚ ਆਰ.ਐਸ.ਐਸ.-ਬੀ.ਜੇ.ਪੀ. ਦੇ ਸੱਤਾ ਵਿਚ ਆਉਣ ਤੋਂ ਬਾਅਦ ਆਪਣੇ ਹੀ ਲੋਕਾਂ ਵਿਰੁੱਧ, ਇਸ ਪੂਰੀ ਤਰ੍ਹਾਂ ਨਹੱਕੀ ਯੁੱਧ ਵਿਚ ਖਾਸ ਤੌਰ 'ਤੇ ਤੇਜ਼ੀ ਲਿਆਂਦੀ ਗਈ ਹੈ।

ਪਹਿਲਾਂ ਲੋਕ ਬੇਚੈਨੀ ਤੇ ਅਸੰਤੁਸ਼ਟੀ ਨੂੰ ਰਾਜਨੀਤਕ ਮਸਲੇ ਵਜੋਂ ਹੱਲ ਕਰਨ ਦੀ ਬਜਾਏ ਅਮਨ ਕਾਨੂੰਨ ਦਾ ਮਸਲਾ ਬਣਾ ਕੇ ਆਪਣੇ ਹੀ ਨਾਗਰਿਕਾਂ ਵਿਰੁੱਧ ਆਮ ਰਾਇ ਬਣਾਈ ਜਾਂਦੀ ਹੈ ਅਤੇ ਫਿਰ ਉਨ੍ਹਾਂ ਨੂੰ ਬੇਕਿਰਕੀ ਨਾਲ ਕਤਲ ਕੀਤਾ ਜਾਂਦਾ ਹੈ। ਚਾਹੇ ਕੌਮੀਅਤਾਂ ਦੇ ਸਵੈ-ਨਿਰਣੇ ਲਈ ਸੰਘਰਸ਼ ਹਨ ਜਾਂ ਧਾਰਮਿਕ ਘੱਟਗਿਣਤੀਆਂ ਦੇ ਬਹੁਗਿਣਤੀਵਾਦੀ ਦਾਬੇ ਵਿਰੁੱਧ ਸੰਘਰਸ਼ ਜਾਂ ਮਜ਼ਦੂਰਾਂ, ਕਿਸਾਨਾਂ ਤੇ ਹੋਰ ਲੋਕਾਂ ਦੇ ਬਿਹਤਰ ਜ਼ਿੰਦਗੀ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅੰਦੋਲਨ, ਸਾਰਿਆਂ ਨੂੰ ਖ਼ੂਨ ਵਿਚ ਡਬੋ ਕੇ ਕੁਚਲਿਆ ਗਿਆ ਅਤੇ ਕੁਚਲਿਆ ਜਾ ਰਿਹਾ ਹੈ। 1946 ਵਿਚ ਹੈਦਰਾਬਾਦ ਰਿਆਸਤ ਤੋਂ ਲੈ ਕੇ ਕਸ਼ਮੀਰ, ਉੱਤਰ-ਪੂਰਬੀ ਰਿਆਸਤਾਂ, ਪੰਜਾਬ ਅਤੇ ਆਦਿਵਾਸੀ ਇਲਾਕਿਆਂ ਸਮੇਤ ਮੁਲਕ ਦੇ ਲੱਗਭੱਗ ਹਰ ਖੇਤਰ ਨੂੰ ਭਾਰਤੀ ਹਾਕਮਾਂ ਦੇ ਇਸ ਖ਼ੂਨੀ ਹਮਲੇ ਦਾ ਸਾਹਮਣਾ ਕਰਨਾ ਪਿਆ ਹੈ। ਉਪਰੋਕਤ ਸਾਰੇ ਰਾਜਾਂ ਅਤੇ ਖੇਤਰਾਂ ਵਿਚ ਝੂਠੇ ਮੁਕਾਬਲਿਆਂ ਦੇ ਨਾਂ ਹੇਠ ਗੈਰ ਅਦਾਲਤੀ ਕਤਲਾਂ ਦੇ ਐਸੇ ਬੇਸ਼ੁਮਾਰ ਮਾਮਲੇ ਉਜਾਗਰ ਹੋ ਚੁੱਕੇ ਹਨ ਜਿਨ੍ਹਾਂ 'ਚ ਆਮ ਨਾਗਰਿਕਾਂ ਨੂੰ ਖਤਰਨਾਕ ਦਹਿਸ਼ਤਗਰਦ ਦਾ ਠੱਪਾ ਲਗਾ ਕੇ ਕਥਿਤ ਮੁਕਾਬਲੇ ਮਾਰ ਦਿੱਤਾ ਗਿਆ ਜਾਂ ਸਰੇਆਮ ਗ੍ਰਿਫਤਾਰ ਕਰਨ ਤੋਂ ਬਾਅਦ ਮਾਰ ਕੇ ਖਪਾ ਦਿੱਤਾ ਗਿਆ। ਇਹ ਕਥਿਤ ਮੁਕਾਬਲੇ ਸੋਚੀ-ਸਮਝੀ ਰਾਜਕੀ ਦਹਿਸ਼ਤਵਾਦੀ ਨੀਤੀ ਦਾ ਹਿੱਸਾ ਹਨ ਜਿਸ ਉੱਪਰ ਮੁਲਕ ਦੀਆਂ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਦੀ ਆਮ ਸਹਿਮਤੀ ਹੈ। ਹਰ ਮੁਕਾਬਲੇ 'ਚ ਇਕ ਤੈਅਸ਼ੁਦਾ ਸਕ੍ਰਿਪਟ ਅਨੁਸਾਰ ਕਹਾਣੀ ਘੜੀ ਜਾਂਦੀ ਹੈ - 'ਦਹਿਸ਼ਤਗਰਦਾਂ ਨੇ ਪੁਲਿਸ/ਸਲਾਮਤੀ ਦਸਤਿਆਂ ਉੱਪਰ ਹਮਲਾ ਕਰ ਦਿੱਤਾ, ਫਲਾਨਾ ਬੰਦਾ ਹਥਿਆਰ ਖੋਹ ਕੇ ਭੱਜ ਗਿਆ, ਸਵੈ-ਬਚਾਓ ਲਈ ਪੁਲਿਸ/ਸਲਾਮਤੀ ਦਸਤਿਆਂ ਵੱਲੋਂ ਚਲਾਈਆਂ ਗੋਲੀਆਂ 'ਚ ਫਲਾਣੇ-ਫਲਾਣੇ ਇਨਾਮੀ ਦਹਿਸ਼ਤਵਾਦੀ ਮਾਰੇ ਗਏ।'

ਇਹ ਦਾਅਵਾ ਕੀਤਾ ਗਿਆ ਹੈ ਕਿ ਗੜ੍ਹਚਿਰੌਲੀ ਦੇ ਹਾਲੀਆ 'ਮੁਕਾਬਲੇ' 'ਚ ਖਤਰਨਾਕ ਮਾਓਵਾਦੀਆਂ ਦਾ ਸਫਾਇਆ ਕਰਕੇ ਪੁਲਿਸ ਅਤੇ ਸਲਾਮਤੀ ਦਸਤਿਆਂ ਨੇ ਰਾਸ਼ਟਰ ਨੂੰ ਵੱਡੇ ਨੁਕਸਾਨ ਤੋਂ ਬਚਾ ਲਿਆ ਜੋ ਕਿਸੇ ਖਤਰਨਾਕ ਕਾਂਡ ਦੀ ਯੋਜਨਾ ਨੂੰ ਅੰਜਾਮ ਦੇਣ ਲਈ ਉੱਥੇ ਵੱਡੀ ਤਾਦਾਦ 'ਚ ਕੈਂਪ ਲਗਾ ਕੇ ਬੈਠੇ ਸਨ। ਸਾਨੂੰ ਕਿਹਾ ਜਾ ਰਿਹਾ ਹੈ ਕਿ ਸਰਕਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਪੁਲਿਸ ਅਤੇ ਨੀਮ-ਫੌਜੀ ਤਾਕਤਾਂ ਜੋ ਕਰ ਰਹੀਆਂ ਹਨ, ਉਸ ਬਾਰੇ ਪੁਲਿਸ ਅਧਿਕਾਰੀਆਂ ਦੇ ਪ੍ਰੈੱਸ ਨੋਟਾਂ ਨੂੰ ਬਿਨਾਂ ਕੋਈ ਪਰਖ-ਪੜਚੋਲ ਕੀਤੇ ਸੱਚ ਮੰਨ ਲਿਆ ਜਾਵੇ। ਇਹ ਨਾਗਰਿਕਾਂ ਨੂੰ ਬਿਬੇਕਹੀਣ ਮਨੁੱਖ ਬਣਾ ਦੇਣ ਦਾ ਸੋਚਿਆ-ਸਮਝਿਆ ਤਰੀਕਾ ਹੈ।

ਕਥਿਤ ਮੁਕਾਬਲੇ ਵਿਚ ਮਾਰੇ ਗਏ ਵਿਅਕਤੀ ਹਥਿਆਰਬੰਦ ਮਾਓਵਾਦੀ ਸਨ ਜਾਂ ਆਮ ਆਦਿਵਾਸੀ, ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਜਾਂ ਘੇਰਾ ਪਾ ਕੇ ਇਕਤਰਫਾ ਗੋਲੀਆਂ ਮਾਰੀਆਂ ਗਈਆਂ ਜਾਂ ਉਹ ਮੁਕਾਬਲੇ 'ਚ ਮਾਰੇ ਗਏ ਇਸ ਦੀ ਸਚਾਈ ਤਾਂ ਕਿਸੇ ਨਿਰਪੱਖ ਜਾਂਚ ਰਾਹੀਂ ਹੀ ਸਾਹਮਣੇ ਆ ਸਕਦੀ ਹੈ। ਜ਼ਿਆਦਾਤਰ ਮੁਕਾਬਲੇ ਝੂਠੇ ਹੁੰਦੇ ਹਨ। ਕਸ਼ਮੀਰ, ਉੱਤਰ-ਪੂਰਬ, ਪੰਜਾਬ ਅਤੇ ਹਰ ਥਾਂ ਹੀ ਐਸੇ ਬੇਸ਼ੁਮਾਰ ਮੁਕਾਬਲੇ ਹਨ ਜੋ ਝੂਠੇ ਸਾਬਤ ਹੋਏ। ਮਿਸਾਲ ਵਜੋਂ, ਅਕਤੂਬਰ 2009 'ਚ ਬਸਤਰ ਦੇ ਗੋਂਪੜ ਪਿੰਡ 'ਚ ਕਤਲੇਆਮ ਜਿੱਥੇ ਸੀ.ਆਰ.ਪੀ.ਐਫ.ਦੀ 'ਕੋਬਰਾ ਬਟਾਲੀਅਨ' ਨੇ ਨਾਬਾਲਿਗ ਬੱਚਿਆਂ ਸਮੇਤ 16 ਆਦਿਵਾਸੀਆਂ ਨੂੰ ਕਰੂਰਤਾ ਨਾਲ ਵੱਢ-ਟੁੱਕ ਕੇ ਕਤਲ ਕਰ ਦਿੱਤਾ ਸੀ। 22 ਅਤੇ 23 ਅਪਰੈਲ 2018 ਨੂੰ ਸੀ.ਆਰ.ਪੀ.ਐਫ. ਅਤੇ ਸੀ.-60 ਵਿਸ਼ੇਸ਼ ਫੋਰਸ ਵੱਲੋਂ ਮਾਓਵਾਦੀ ਕੈਂਪ ਨੂੰ ਘੇਰਾ ਪਾ ਕੇ 40 ਮਾਓਵਾਦੀਆਂ ਦਾ ਬੇਕਿਰਕੀ ਨਾਲ ਕਤਲੇਆਮ ਕਰਕੇ ਇਸ ਨੂੰ ਮੁਕਾਬਲੇ ਦਾ ਨਾਂ ਦਿੱਤਾ ਗਿਆ ਸੀ। ਕਸ਼ਮੀਰ ਅਤੇ ਮਨੀਪੁਰ ਵਿਚ ਐਸੇ ਦਰਜਨਾਂ ਮੁਕਾਬਲੇ ਝੂਠੇ ਸਾਬਤ ਹੋ ਚੁੱਕੇ ਹਨ ਜਿਨ੍ਹਾਂ ਵਿਚ ਫੌਜ ਪੁਲਿਸ ਅਤੇ ਫੌਜ ਵੱਲੋਂ ਆਮ ਨਾਗਰਿਕਾਂ ਨੂੰ ਕਤਲ ਕਰਕੇ ਮੁਕਾਬਲੇ ਦਿਖਾਏ ਗਏ ਸਨ। ਬਾਦ ਵਿਚ ਇਹ ਸਾਰੇ 'ਮੁਕਾਬਲੇ' ਗਿਣ-ਮਿੱਥ ਕੇ ਕੀਤੇ ਕਤਲੇਆਮ ਸਾਬਤ ਹੋਏ। ਜਿਹੜੇ ਕੁਝ ਮੁਕਾਬਲੇ ਸੱਚੇ ਵੀ ਹੋਣਗੇ, ਉਨ੍ਹਾਂ ਵਿਚ ਮਾਰੇ ਜਾਣ ਵਾਲੇ ਵੀ ਮੁਲਕ ਦੇ ਨਾਗਰਿਕ ਹਨ ਜਿਨ੍ਹਾਂ ਨੂੰ ਗ੍ਰਿਫਤਾਰ ਕਰਕੇ ਅਦਾਲਤੀ ਅਮਲ ਰਾਹੀਂ ਗੁਨਾਹ ਸਾਬਤ ਕਰਨ ਦੀ ਬਜਾਏ ਭਾਰਤੀ ਰਾਜ ਵੱਲੋਂ ਅੰਦਰੂਨੀ ਸੁਰੱਖਿਆ ਦੇ ਨਾਂ ਹੇਠ ਦੁਸ਼ਮਣ ਕਰਾਰ ਦੇ ਕੇ ਗੈਰ ਅਦਾਲਤੀ ਕਤਲ ਕਰ ਦਿੱਤਾ ਜਾਂਦਾ ਹੈ। ਇਸ ਕਤਲੇਆਮ ਅਤੇ ਸਫਾਏ ਦੀ ਨੀਤੀ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਮੁਲਕ ਦੇ ਚੋਟੀ ਦੇ ਮਨੁੱਖੀ/ਜਮਹੂਰੀ ਹੱਕਾਂ ਦੇ 20 ਤੋਂ ਵੱਧ ਕਾਰਕੁਨਾਂ ਅਤੇ ਜ਼ਹੀਨ ਬੁੱਧੀਜੀਵੀਆਂ ਨੂੰ ਮੋਦੀ ਹਕੂਮਤ ਵੱਲੋਂ ਇਸੇ ਕਰਕੇ ਜੇਲ੍ਹਾਂ ਵਿਚ ਸੁੱਟਿਆ ਗਿਆ ਹੈ ਕਿ ਤਾਂ ਜੁ ਅਸਲ ਕਾਰਨਾਂ ਉੱਪਰ ਪਰਦਾ ਬਣਿਆ ਰਹੇ ਕਿ ਮਰਨ ਵਾਲਿਆਂ ਨੇ ਭਾਰਤੀ ਸਟੇਟ ਤੋਂ ਬਾਗੀ ਹੋ ਕੇ ਹਥਿਆਰ ਕਿਉਂ ਚੁੱਕੇ ਹੋਏ ਹਨ। ਤਾਂ ਜੁ ਅਸਲ ਗੱਲ ਦੁਨੀਆ ਨੂੰ ਪਤਾ ਨਾ ਲੱਗ ਸਕੇ ਕਿ ਭਾਰਤੀ ਰਾਜ ਵੱਲੋਂ ਆਪਣੇ ਹੀ ਲੋਕਾਂ ਵਿਰੁੱਧ ਇਕ ਅਣਐਲਾਨਿਆ ਯੁੱਧ ਲੜਿਆ ਜਾ ਰਿਹਾ ਹੈ ਜਿਸ ਦਾ ਇੱਕੋ-ਇਕ ਮਨੋਰਥ ਆਮ ਲੋਕਾਂ ਨੂੰ ਉਜਾੜ ਕੇ ਕੁਦਰਤੀ ਵਸੀਲਿਆਂ ਉੱਪਰ ਕਾਰਪੋਰੇਟ ਸਰਮਾਏਦਾਰੀ ਦਾ ਕਬਜ਼ਾ ਕਰਾਉਣਾ ਹੈ। ਇਹ ਬੁੱਧੀਜੀਵੀ ਭਾਰਤੀ ਹੁਕਮਰਾਨਾਂ ਵੱਲੋਂ ਆਪਣੇ ਹੀ ਲੋਕਾਂ ਦਾ ਅੰਦਰੂਨੀ ਸੁਰੱਖਿਆ ਦੇ ਨਾਂ ਸਫਾਇਆ ਕਰਨ ਵਿਰੁੱਧ ਆਵਾਜ਼ ਉਠਾਉਣ ਵਾਲੀਆਂ ਨਿਧੜਕ ਆਵਾਜ਼ਾਂ ਸਨ, ਜਿਨ੍ਹਾਂ ਦੀ ਜ਼ੁਬਾਨਬੰਦੀ ਕਰਨਾ ਕਾਰਪੋਰੇਟ ਪੱਖੀ ਅਖਾਉਤੀ ਵਿਕਾਸ ਮਾਡਲ ਨੂੰ ਮੁਲਕ ਉੱਪਰ ਥੋਪਣ ਅਤੇ ਇਸ ਦੇ ਹੱਕ 'ਚ ਆਮ ਰਾਇ ਬਣਾਉਣ ਲਈ ਜ਼ਰੂਰੀ ਸੀ।



ਮਾਓਵਾਦੀ ਆਗੂ ਮਿਲਿੰਦ ਤੇਲਤੁੰਬੜੇ।

***ਪੁਲਿਸ ਅਫਸਰਾਂ ਦਾ ਦਾਅਵਾ ਹੈ ਕਿ ਇਹ ਉਸ ਜ਼ਿਲ੍ਹੇ ਵਿਚ ਹੋਇਆ ਹੁਣ ਤੱਕ ਦਾ ਸਭ ਤੋਂ ਲੰਮਾ ਅਤੇ ਸਭ ਤੋਂ ਵੱਡਾ ਮੁਕਾਬਲਾ ਸੀ ਜਿਸ ਵਿਚ ਮਿਲਿੰਦ ਤੇਲਤੁੰਬੜੇ ਸਮੇਤ ਬਹੁਤ ਸਾਰੇ ਇਨਾਮੀ ਮਾਓਵਾਦੀ ਆਗੂ ਮਾਰੇ ਗਏ। ਯਾਦ ਰਹੇ ਕਿ ਮਿਲਿੰਦ ਤੇਲਤੁੰਬੜੇ ਚੋਟੀ ਦੇ ਦਲਿਤ ਬੁੱਧੀਜੀਵੀ ਪ੍ਰੋਫੈਸਰ ਆਨੰਦ ਤੇਲਤੁੰਬੜੇ ਦਾ ਛੋਟਾ ਭਰਾ ਸੀ ਜਿਸ ਦੀ ਗ੍ਰਿਫਤਾਰੀ ਲਈ ਹਕੂਮਤ ਨੇ 50 ਲੱਖ ਰੁਪਏ ਇਨਾਮ ਐਲਾਨ ਕੀਤਾ ਹੋਇਆ ਸੀ।***

'ਅੰਦਰੂਨੀ ਸੁਰੱਖਿਆ' ਨੂੰ ਖਤਰਾ ਆਮ ਰਾਇ ਬਣਾਉਣ ਦਾ ਐਸਾ ਕਾਰਗਰ ਸੰਦ ਹੈ ਜਿਸ ਦੀ ਆੜ ਹੇਠ ਕਿਸੇ ਵੀ ਸਰਕਾਰ ਵਿਰੋਧੀ ਅੰਦੋਲਨ ਜਾਂ ਸਮੂਹਿਕ ਹੱਕ-ਜਤਾਈ ਨੂੰ ਕੁਚਲਿਆ ਜਾਂਦਾ ਹੈ। ਇਸ ਨਾਲ ਹੁਕਮਰਾਨ ਲੋਕ ਬੇਚੈਨੀ ਨੂੰ ਅਮਨ-ਕਾਨੂੰਨ ਦੇ ਮਸਲੇ ਦੀ ਬਜਾਏ ਰਾਜਨੀਤਕ ਮਸਲੇ ਵਜੋਂ ਲੈਣ ਦੀ ਜਵਾਬਦੇਹੀ ਤੋਂ ਮੁਕਤ ਹੋ ਜਾਂਦੇ ਹਨ। ਇਹ ਨਾ ਸਿਰਫ ਦਹਿਸ਼ਤਵਾਦ ਵਿਰੁੱਧ ਯੁੱਧ ਦੇ ਨਾਂ ਹੇਠ ਆਪਣੇ ਹੀ ਨਾਗਰਿਕਾਂ ਨੂੰ ਮਾਰਨ ਅਤੇ ਮਨਮਾਨੀਆਂ ਕਰਨ ਦਾ ਫਾਸ਼ੀਵਾਦੀ ਸਿਲਸਿਲਾ ਹੈ ਸਗੋਂ ਇਹ ਅੰਦਰੂਨੀ ਸੁਰੱਖਿਆ ਦੇ ਨਾਂ ਹੇਠ ਮੁਲਕ ਦੇ ਨਾਗਰਿਕਾਂ ਦੇ ਟੈਕਸਾਂ ਦੇ ਪੈਸੇ ਦੀ ਘੋਰ ਦੁਰਵਰਤੋਂ ਵੀ ਹੈ ਜਿਸ ਨੂੰ ਰੋਜ਼ਗਾਰ, ਸਿੱਖਿਆ ਅਤੇ ਸਿਹਤ ਆਦਿ ਬੁਨਿਆਦੀ ਮਨੁੱਖੀ ਲੋੜਾਂ ਸਮੇਤ ਸਮਾਜ ਦੀ ਬਿਹਤਰੀ ਅਤੇ ਤਰੱਕੀ ਉੱਪਰ ਖਰਚ ਕੀਤਾ ਜਾਣਾ ਚਾਹੀਦਾ ਹੈ।

ਸਿਤਮਜ਼ਰੀਫੀ ਇਹ ਹੈ ਕਿ ਚਾਹੇ ਕਾਂਗਰਸ ਦੀ ਯੂ.ਪੀ.ਏ. ਸਰਕਾਰ ਸੀ ਜਾਂ ਮੌਜੂਦਾ ਆਰ.ਐਸ.ਐਸ.-ਬੀ.ਜੇ.ਪੀ. ਦੀ ਕੇਂਦਰ ਸਰਕਾਰ ਅਤੇ ਹੋਰ ਪਾਰਟੀਆਂ ਦੀਆਂ ਸੂਬਾ ਸਰਕਾਰਾਂ, ਭਾਰਤੀ ਹੁਕਮਰਾਨ ਇਸ ਨੂੰ ਯੁੱਧ ਮੰਨਣ ਤੋਂ ਇਨਕਾਰੀ ਹਨ। ਕਿਉਂਕਿ ਯੁੱਧ ਤਸਲੀਮ ਕੀਤੇ ਜਾਣ ਦੀ ਸੂਰਤ 'ਚ ਭਾਰਤੀ ਰਾਜ ਨੂੰ ਮਨੁੱਖੀ ਹੱਕਾਂ ਬਾਰੇ ਜਨੇਵਾ ਕਨਵੈਨਸ਼ਨ ਦੇ ਨਿਯਮਾਂ ਦਾ ਪਾਬੰਦ ਹੋਣਾ ਪਵੇਗਾ ਜਿਨ੍ਹਾਂ ਅਨੁਸਾਰ ਲੜਾਈ ਵਿਚ ਫੱਟੜ ਹੋਏ ਜਾਂ ਜਿਊਂਦੇ ਕਾਬੂ ਆਏ ਇਕ ਦੂਜੇ ਦੇ ਸੈਨਿਕਾਂ ਦੀ ਦੇਖਭਾਲ ਕਰਨਾ ਅਤੇ ਜੰਗੀ ਕੈਦੀਆਂ ਵਜੋਂ ਉਨ੍ਹਾਂ ਨੂੰ ਸਹੀ-ਸਲਾਮਤ ਸੰਬੰਧਤ ਸਰਕਾਰ ਦੇ ਹਵਾਲੇ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਭਾਰਤੀ ਹੁਕਮਰਾਨ ਮਾਓਵਾਦੀਆਂ ਜਾਂ ਹੋਰ ਹਥਿਆਰਬੰਦ ਲਹਿਰਾਂ ਵੱਲੋਂ ਕੀਤੇ ਜਾਂਦੇ ਕਤਲਾਂ ਬਾਰੇ ਆਏ ਦਿਨ ਚੀਕ-ਚਿਹਾੜਾ ਪਾਉਂਦੇ ਦੇਖੇ ਜਾ ਸਕਦੇ ਹਨ ਪਰ ਇਨ੍ਹਾਂ ਨੇ ਆਪਣੀ ਪੁਲਿਸ ਅਤੇ ਹੋਰ ਸਰਕਾਰੀ ਲਸ਼ਕਰਾਂ ਨੂੰ ਜਨੇਵਾ ਕਨਵੈਨਸ਼ਨ ਦੀਆਂ ਧੱਜੀਆਂ ਉਡਾਉਣ ਦੀ ਪੂਰੀ ਖੁੱਲ੍ਹ ਦਿੱਤੀ ਹੋਈ ਹੈ। ਅਫਸਪਾ, ਯੂ.ਏ.ਪੀ.ਏ., ਪੀ.ਐਸ.ਏ. ਅਤੇ ਐਸੇ ਹੋਰ ਕਾਲੇ ਕਾਨੂੰਨਾਂ ਤਹਿਤ ਇਨ੍ਹਾਂ ਲਸ਼ਕਰਾਂ ਨੂੰ ਨਿਹਾਇਤ ਘਿਣਾਉਣਾ ਜੁਰਮ ਕਰਨ 'ਤੇ ਵੀ ਸਜ਼ਾ ਤੋਂ ਪੂਰੀ ਤਰ੍ਹਾਂ ਛੋਟ ਹੈ। ਇਸੇ ਕਾਰਨ ਸਰਕਾਰੀ ਲਸ਼ਕਰ ਗਿਣ-ਮਿੱਥ ਕੇ ਕਤਲੇਆਮ ਕਰਨਾ ਆਪਣਾ ਚੁਣੌਤੀ ਰਹਿਤ ਹੱਕ ਸਮਝਦੇ ਹਨ। ਐਸੀਆਂ ਕਈ ਮਿਸਾਲਾਂ ਹਨ, ਜਦੋਂ ਮਾਓਵਾਦੀਆਂ ਨੇ ਹੱਥ ਆਏ ਸਰਕਾਰੀ ਸੈਨਿਕਾਂ ਨੂੰ ਬੰਦੀ ਬਣਾ ਲੈਣ ਤੋਂ ਬਾਦ ਬਿਨਾਂ ਕੋਈ ਨੁਕਸਾਨ ਪਹੁੰਚਾਏ ਜਨਤਕ ਇਕੱਠਾਂ 'ਚ ਸਰਕਾਰੀ ਸਾਲਸੀਆਂ ਦੇ ਹਵਾਲੇ ਕੀਤਾ। ਸੀ.ਆਰ.ਪੀ.ਐਫ. ਦਾ ਕਮਾਂਡੋ ਰਾਕੇਸ਼ਵਰ ਸਿੰਘ ਇਸ ਦੀ ਮਿਸਾਲ ਹੈ ਪਰ ਪੁਲਿਸ ਅਤੇ ਨੀਮ-ਫੌਜੀ ਲਸ਼ਕਰਾਂ ਵੱਲੋਂ ਐਸੀ ਇਕ ਵੀ ਮਿਸਾਲ ਨਹੀਂ ਹੈ। ਉਹ ਤਾਂ ਸਰਕਾਰੀ ਆਦੇਸ਼ਾਂ ਅਨੁਸਾਰ ਜਿਉਂਦੇ ਹੱਥ ਆਏ ਜਾਂ ਗੱਲਬਾਤ ਕਰਨ ਲਈ ਆਏ ਚੇਰੂਕੁਰੀ ਰਾਜਕੁਮਾਰ ਉਰਫ ਆਜ਼ਾਦ ਅਤੇ ਕਿਸ਼ਨ ਜੀ ਵਰਗੇ ਚੋਟੀ ਦੇ ਮਾਓਵਾਦੀ ਆਗੂਆਂ ਦਾ ਕਤਲ ਕਰਕੇ ਉਨ੍ਹਾਂ ਨੂੰ ਮੁਕਾਬਲੇ 'ਚ ਮਰੇ ਐਲਾਨ ਕੇ ਇਨਾਮ ਅਤੇ ਤਰੱਕੀਆਂ ਹਾਸਲ ਕਰਦੇ ਹਨ ਅਤੇ ਸਰਕਾਰਾਂ ਆਜ਼ਾਦਾਨਾ ਜਾਂਚ ਕਰਾਉਣ ਤੋਂ ਇਨਕਾਰ ਕਰ ਦਿੰਦੀਆਂ ਹਨ। ਇਹ ਸਿਵਲ ਸੁਸਾਇਟੀ ਭਾਵ ਸਮਾਜ ਦਾ ਪੜ੍ਹਿਆ-ਲਿਖਿਆ ਅਤੇ ਹੱਕਾਂ ਬਾਰੇ ਜਾਗਰੂਕ ਹਿੱਸਾ ਹੀ ਹੈ ਜੋ ਸੱਤਾ ਦੀਆਂ ਮਨਮਾਨੀਆਂ ਅਤੇ ਐਸੇ ਹੋਰ ਵਰਤਾਰਿਆਂ ਬਾਰੇ ਅਵਾਮ ਨੂੰ ਸੁਚੇਤ ਅਤੇ ਚੁਕੰਨੇ ਕਰਕੇ ਹੁਕਮਰਾਨ ਜਮਾਤ ਦੀ ਤਾਨਾਸ਼ਾਹ ਰੁਚੀ ਵਿਰੁੱਧ ਅਸਰਦਾਰ ਰੋਕ ਬਣਦਾ ਹੈ।

ਫਿਕਰਮੰਦੀ ਦੀ ਗੱਲ ਇਹ ਹੈ ਕਿ ਆਉਣ ਵਾਲੇ ਦਿਨਾਂ ਵਿਚ ਸਿਵਲ ਸੁਸਾਇਟੀ (ਜਾਗਰੂਕ ਨਾਗਰਿਕਾਂ) ਨੂੰ ਹੁਕਮਰਾਨ ਧਿਰ ਵੱਲੋਂ ਨਿਸ਼ਾਨਾ ਬਣਾਉਣ ਦਾ ਵਰਤਾਰਾ ਜ਼ੋਰ ਫੜਨ ਦੇ ਸਪਸ਼ਟ ਆਸਾਰ ਨਜ਼ਰ ਆ ਰਹੇ ਹਨ। ਇਸ ਨੂੰ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੇ ਉਸ ਭਾਸ਼ਣ ਨਾਲ ਜੋੜ ਕੇ ਦੇਖਣਾ ਜ਼ਰੂਰੀ ਹੈ ਜੋ ਉਸ ਨੇ ਉਪਰੋਕਤ ਮੁਕਾਬਲੇ ਤੋਂ ਇਕ ਦਿਨ ਪਹਿਲਾਂ ਸਰਦਾਰ ਵਲਭਭਾਈ ਪਟੇਲ ਨੈਸ਼ਨਲ ਪੁਲੀਸ ਅਕਾਦਮੀ ਵਿਖੇ ਆਈ.ਪੀ.ਐਸ. ਪ੍ਰੋਬੇਸ਼ਨਰਾਂ ਦੇ 73ਵੇਂ ਬੈਚ ਦੀ ਪਾਸ ਆਊਟ ਪਰੇਡ ਵਿਖੇ ਦਿੱਤਾ। ਡੋਵਾਲ ਨੇ ਫਰਮਾਇਆ, "ਇਹ ਸਿਵਲ ਸੁਸਾਇਟੀ ਹੈ ਜਿਸ ਨੂੰ ਵਿਗਾੜਿਆ ਜਾ ਸਕਦਾ... ਜਿਸ ਨੂੰ ਵੰਡਿਆ ਜਾ ਸਕਦਾ ਜਿਸ ਰਾਹੀਂ ਰਾਸ਼ਟਰ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਤੁਸੀਂ (ਪੁਲਿਸ) ਇਹ ਦੇਖਣ ਲਈ ਉੱਥੇ ਹੋ ਕਿ ਉਹ ਪੂਰੀ ਤਰ੍ਹਾਂ ਸੁਰੱਖਿਅਤ ਹਨ।" ਉਸ ਨੇ ਜ਼ੋਰ ਦੇ ਕੇ ਕਿਹਾ ਕਿ 'ਸਿਵਲ ਸੋਸਾਇਟੀ ਯੁੱਧ ਦਾ ਨਵਾਂ ਮੋਰਚਾ' ਹੈ। ਗੌਰਤਲਬ ਇਹ ਹੈ ਕਿ ਇਹ ਐਲਾਨ ਸਰਕਾਰ ਨਹੀਂ ਸਗੋਂ ਕੌਮੀ ਸੁਰੱਖਿਆ ਸਲਾਹਕਾਰ ਕਰ ਰਿਹਾ ਹੈ ਜਿਸ ਦਾ ਕੰਮ ਵਜ਼ਾਰਤ ਨੂੰ ਸਲਾਹ ਦੇਣਾ ਹੈ ਨਾ ਕਿ ਸਰਕਾਰੀ ਲਸ਼ਕਰਾਂ ਦਾ ਮਾਰਗ-ਦਰਸ਼ਨ ਕਰਨਾ। ਸੂਬਿਆਂ ਦੇ ਗਵਰਨਰਾਂ ਨੂੰ ਨਵੀਂ ਸਿੱਖਿਆ ਨੀਤੀ ਬਾਰੇ ਨਿਰਦੇਸ਼ ਰਾਸ਼ਟਰਪਤੀ ਦੀ ਬਜਾਏ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਦੇਣਾ ਵੀ ਸੱਤਾ ਦੇ ਹੋਰ ਵਧੇਰੇ ਤਾਨਾਸ਼ਾਹ ਬਣਦੇ ਜਾਣ ਦੀ ਨਿਸ਼ਾਨੀ ਹੈ। ਇਹ ਸਾਫ ਇਸ਼ਾਰਾ ਹੈ ਕਿ ਸਰਕਾਰ ਦੀ ਆਲੋਚਨਾ ਕਰਨ ਵਾਲੇ ਜਾਗਰੂਕ ਨਾਗਰਿਕਾਂ ਉੱਪਰ 'ਬਦੇਸ਼ੀ ਤਾਕਤਾਂ ਦੇ ਇਸ਼ਾਰੇ 'ਤੇ ਰਾਸ਼ਟਰ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ' ਦਾ ਠੱਪਾ ਲਗਾ ਕੇ ਕਦੇ ਵੀ ਉਨ੍ਹਾਂ ਦੀ ਥੋਕ ਤਾਦਾਦ 'ਚ ਜ਼ੁਬਾਨਬੰਦੀ ਕੀਤੀ ਜਾ ਸਕਦੀ ਹੈ।

ਇਹ ਮਨੁੱਖੀ ਹੱਕਾਂ ਦਾ ਅਤਿਅੰਤ ਗੰਭੀਰ ਸਵਾਲ ਹੈ ਅਤੇ ਇਸ ਆਦਮਖੋਰ, ਖ਼ੂਨੀ ਵਰਤਾਰੇ ਵਿਰੁੱਧ ਵਿਆਪਕ ਆਵਾਜ਼ ਉਠਾਈ ਜਾਣੀ ਚਾਹੀਦੀ ਹੈ। ਭਾਰਤੀ ਰਾਜ ਵੱਲੋਂ ਆਪਣੇ ਹੀ ਨਾਗਰਿਕਾਂ ਨੂੰ ਦੁਸ਼ਮਣਾਂ ਵਾਂਗ ਮਾਰਨ ਪ੍ਰਤੀ ਖਾਮੋਸ਼ ਰਹਿ ਕੇ ਸਹਿਮਤੀ ਦੇਣ ਵਾਲਾ ਸਮਾਜ ਨਿਆਂਪਸੰਦ ਨਹੀਂ ਹੋ ਸਕਦਾ। ਮਾਓਵਾਦੀ ਜਾਂ ਕਿਸੇ ਹੋਰ ਲਹਿਰ ਦੇ ਲੜਾਈ ਦੇ ਤਰੀਕੇ ਸਹੀ ਹਨ ਜਾਂ ਗ਼ਲਤ, ਇਹ ਵੱਖਰੀ ਬਹਿਸ ਦਾ ਵਿਸ਼ਾ ਹੈ। ਕਥਿਤ ਹਿੰਸਾ ਦੇ ਖੰਡਨ ਦੇ ਬਹਾਨੇ ਭਾਰਤੀ ਰਾਜ ਦੇ ਰਾਜਕੀ ਦਹਿਸ਼ਤਵਾਦ ਦੀ ਹਮਾਇਤ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਹੈ। ਬੁੱਧੀਜੀਵੀਆਂ ਅਤੇ ਹੋਰ ਜਾਗਰੂਕ ਨਾਗਰਿਕਾਂ ਨੂੰ ਆਪਣਾ ਇਹ ਫਰਜ਼ ਪਛਾਨਣਾ ਚਾਹੀਦਾ ਹੈ।

# ਪ੍ਰਕਾਸ਼ ਨੂੰ ਮੋੜਨ ਵਾਲੇ ਨਰਿੰਦਰ ਸਿੰਘ ਕਪਾਨੀ ਦੀ ਕਹਾਣੀ

***ਡਾਕਟਰ ਨਰਿੰਦਰ ਸਿੰਘ ਕਪਾਨੀ (31 ਅਕਤੂਬਰ 1926-4 ਦਸੰਬਰ 2020) ਭਾਰਤੀ-ਅਮਰੀਕੀ ਭੌਤਿਕ ਵਿਗਿਆਨੀ ਸਨ ਜੋ ਆਪਣੇ ਆਪਟੀਕਲ ਫਾਈਬਰ (ਪ੍ਰਕਾਸ਼ੀ ਰੇਸ਼ੇ) ਦੇ ਖੋਜ ਕਾਰਜਾਂ ਕਰਕੇ ਵਿਸ਼ਵ ਪੱਧਰ 'ਤੇ ਪ੍ਰਸਿੱਧ ਹੋਏ। ਸ਼ਬਦ ਫਾਈਬਰ ਆਪਟਿਕਸ ਪਹਿਲੀ ਵਾਰ ਉਨ੍ਹਾਂ ਨੇ ਹੀ ਖੋਜਿਆ ਸੀ। ਇਸੇ ਕਰਕੇ ਉਨ੍ਹਾਂ ਨੂੰ ਫਾਈਬਰ ਆਪਟਿਕਸ ਦਾ ਪਿਤਾਮਾ ਕਿਹਾ ਜਾਂਦਾ ਹੈ। ਹਾਲ ਹੀ ਵਿਚ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਮਰਨ-ਉਪਰੰਤ ਵੱਕਾਰੀ ਖਿਤਾਬ ਪਦਮ ਵਿਭੂਸ਼ਣ ਨਾਲ ਸਨਮਾਨਿਆ ਹੈ।***

ਇਸ ਸਦੀ ਦੇ ਸ਼ੁਰੂ 'ਚ ਜਦੋਂ ਮੈਂ ਡਾ. ਨਰਿੰਦਰ ਸਿੰਘ ਕਪਾਨੀ ਨੂੰ ਇਹ ਪੁੱਛਿਆ ਕਿ ਉਨ੍ਹਾਂ ਦੇ ਨਾਮ ਕਿੰਨੇ ਕੁ ਪੇਟੈਂਟ ਹਨ ਤਾਂ ਉਨ੍ਹਾਂ ਜਵਾਬ ਦਿੱਤਾ, "ਸੌ ਤੋਂ ਬਾਅਦ ਮੈਂ ਗਿਣਤੀ ਕਰਨੀ ਬੰਦ ਕਰ ਦਿੱਤੀ ਸੀ।" ਉਨ੍ਹਾਂ 'ਫਾਈਬਰ ਔਪਟਿਕਸ' ਦੀ ਸ਼ਬਦਾਵਲੀ ਈਜਾਦ ਕੀਤੀ ਸੀ ਤੇ ਬਹੁਤ ਸਾਰੇ ਪੇਟੈਂਟ ਹਾਸਲ ਕੀਤੇ ਅਤੇ 'ਕਾਢਾਂ ਦੀ ਮਸ਼ੀਨ' ਬਣ ਕੇ ਦਵਾਈਆਂ ਤੇ ਸੰਚਾਰ ਸਮੇਤ ਵੱਖੋ-ਵੱਖਰੇ ਖੇਤਰਾਂ ਵਿਚ ਆਪਣੇ ਵਿਗਿਆਨਕ ਗਿਆਨ ਦੀ ਵਰਤੋਂ ਕੀਤੀ।

ਉਹ ਵੱਡੇ ਕੱਦ ਦੇ ਮਾਲਕ ਸਨ ਪਰ ਆਪਣੇ ਗਿਆਨ ਨੂੰ ਓਨਾ ਹੀ ਹਲਕੇ ਫੁਲਕੇ ਢੰਗ ਨਾਲ ਲੈਂਦੇ ਸਨ। ਫਿਰ ਵੀ ਇਸ ਗੱਲ ਤੋਂ ਮੁਨਕਰ ਨਹੀਂ


ਰੂਪਿੰਦਰ ਸਿੰਘ

ਹੋਇਆ ਜਾ ਸਕਦਾ ਕਿ ਉਹ ਖੋਜੀ, ਉੱਦਮੀ, ਇੰਜਨੀਅਰ, ਕਿਸਾਨ, ਦਾਨੀ ਅਤੇ ਕਲਾ ਸੰਗ੍ਰਹਿਕਾਰ, ਭਾਵ ਬਹੁਪੱਖੀ ਸ਼ਖਸੀਅਤ ਸਨ। ਉਹ ਆਪਣੀ ਹਯਾਤੀ ਨੂੰ ਭਾਰਤ, ਬਰਤਾਨੀਆ ਤੇ ਅਮਰੀਕਾ ਦਰਮਿਆਨ ਵੰਡ ਕੇ ਦੇਖਦੇ ਸਨ ਅਤੇ ਦੁਨੀਆ ਭਰ ਅੰਦਰ ਮਿੱਤਰਤਾਈ ਅਤੇ ਜਸ ਖੱਟਣਾ ਹੀ ਉਨ੍ਹਾਂ ਦਾ ਕਰਮ ਸੀ।

ਉਨ੍ਹਾਂ ਦੀ ਸਵੈ-ਜੀਵਨੀ 'ਦਿ ਮੈਨ ਹੂ ਬੈਂਟ ਲਾਈਟ: ਫਾਦਰ ਆਫ ਫਾਈਬਰ ਔਪਟਿਕਸ' (ਪ੍ਰਕਾਸ਼ ਨੂੰ ਮੋੜਨ ਵਾਲਾ ਬੰਦਾ: ਫਾਈਬਰ ਔਪਟਿਕਸ ਦਾ ਪਿਤਾਮਾ) ਪਾਠਕ ਦੀ ਲੈਅ ਟੁੱਟਣ ਨਹੀਂ ਦਿੰਦੀ। ਇਹ ਜਾਣਕਾਰੀ ਭਰਪੂਰ ਕਿਤਾਬ ਹੈ ਅਤੇ ਜੀਅ ਭਰ ਕੇ ਜ਼ਿੰਦਗੀ ਜਿਊਣ ਵਾਲੇ ਕਿਸੇ ਬੰਦੇ ਦੀ ਕੋਲ ਬੈਠ ਕੇ ਸੁਣਾਈ ਜਾ ਰਹੀ ਕਹਾਣੀ ਪ੍ਰਤੀਤ ਹੁੰਦੀ ਹੈ। ਕਪਾਨੀ ਬੇਮਿਸਾਲ ਸ਼ਖਸ ਸਨ। ਜਦੋਂ ਉਨ੍ਹਾਂ ਨੇ ਇਹ ਕਿਤਾਬ ਲਿਖੀ ਸੀ ਤਾਂ ਉਹ ਆਪਣੀ ਜ਼ਿੰਦਗੀ ਦੇ ਨੌਂ ਦਹਾਕੇ ਜੀਅ ਚੁੱਕੇ ਸਨ। ਉਹ ਦੱਸਦੇ ਹਨ ਕਿ ਉਨ੍ਹਾਂ ਦੇ ਪੁੱਤਰ ਰਾਜ ਅਤੇ ਧੀ ਕਿਕੀ ਨੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੇ ਯਾਦਗਾਰ ਪਲ ਅਤੇ ਮੰਜ਼ਰ ਸੰਜੋਣ ਲਈ ਪ੍ਰੇਰਿਆ। ਉਹ ਇਹ ਗੱਲ ਮੰਨਦੇ ਹਨ ਕਿ ਕੁਝ ਯਾਦਾਂ ਦੇ ਵੇਰਵੇ ਗੁਆਚ ਗਏ ਹੋਣਗੇ ਜਾਂ ਕੁਝ ਰਲਾ ਵੀ ਹੋ ਗਿਆ ਹੋਵੇਗਾ ਪਰ ਇਹ ਹਮੇਸ਼ਾ ਸੱਚਾਈ ਦੀ ਤਲਾਸ਼ ਦੇ ਵੇਰਵੇ ਰਹੇ ਹਨ।

ਮੋਗਾ ਵਿਚ ਆਪਣੇ ਨਾਨਕੇ ਘਰ ਜਨਮੇ ਕਪਾਨੀ ਨੇ ਪੰਜਾਬ ਵਿਚ ਆਪਣੇ ਬਾਲਪਨ ਦੇ ਕੁਝ ਕੁ ਸਾਲ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਯਾਤਰਾ ਕਰਦਿਆਂ ਅਤੇ ਪਟਿਆਲਾ 'ਚ ਆਪਣੇ ਜੱਜ ਦਾਦਾ ਜੀ ਦੇ ਘਰ ਵਿਚ ਰਹਿੰਦਿਆਂ ਬਿਤਾਏ ਸਨ। ਉਨ੍ਹਾਂ ਦਿਨਾਂ ਦੀ ਦਿਲਚਸਪ ਘਟਨਾ ਸੁਣਾਉਂਦਿਆਂ ਦੱਸਦੇ ਹਨ ਕਿ ਕਿਵੇਂ ਉਹ ਤਫਰੀਹ ਦੌਰਾਨ ਸ਼ਾਹੀ ਬਾਗ 'ਚੋਂ ਸੰਤਰੇ ਤੋੜਦੇ ਸਨ ਤੇ ਮਹਾਰਾਜਾ ਭੁਪਿੰਦਰ ਸਿੰਘ ਦਾ ਕਾਫਲਾ ਤੱਕਿਆ ਕਰਦੇ ਸਨ।






*ਡਾ. ਨਰਿੰਦਰ ਸਿੰਘ ਕਪਾਨੀ ਅਤੇ (ਸੱਜੇ) ਉਨ੍ਹਾਂ ਦੀ ਸਵੈ-ਜੀਵਨੀ ਦਾ ਮੁਖੜਾ।*

ਉਹ ਆਪਣੀ ਦਾਦੀ 'ਮਨ ਜੀ' ਕੋਲੋਂ ਜਨਮਸਾਖੀਆਂ ਸੁਣਿਆ ਕਰਦੇ ਜਿਨ੍ਹਾਂ ਦਾ ਉਨ੍ਹਾਂ ਦੀ ਸ਼ਖਸੀਅਤ 'ਤੇ ਗਹਿਰਾ ਅਸਰ ਪਿਆ ਸੀ। ਇਸੇ ਤਰ੍ਹਾਂ ਦਾ ਅਸਰ ਉਨ੍ਹਾਂ ਦੇ ਪੁਰਖੇ ਜੋ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸਨ, ਵੱਲੋਂ ਲਿਖਵਾਏ ਗਏ 200 ਸਾਲ ਪੁਰਾਣੇ ਹੱਥ-ਖਰੜਿਆਂ ਨੂੰ ਪੜ੍ਹਨ ਨਾਲ ਪਿਆ ਸੀ।

ਕਪਾਨੀ ਵੱਲੋਂ ਕੀਤੇ ਗਏ ਸੰਗ੍ਰਹਿ ਦਾ ਕੇਂਦਰੀ ਧੁਰਾ ਇਹ ਹੱਥ-ਖਰੜੇ ਹੀ ਸਨ। ਉਨ੍ਹਾਂ ਦਾ ਪਰਿਵਾਰ ਡੇਹਰਾਦੂਨ ਵਿਚ ਰਹਿੰਦਾ ਸੀ ਤੇ ਦੇਸ਼ ਦੀ ਵੰਡ ਵੇਲੇ ਉਨ੍ਹਾਂ ਜਵਾਨੀ ਪਹਿਰੇ ਦੰਗਈਆਂ ਦਾ ਮੁਕਾਬਲਾ ਕੀਤਾ ਅਤੇ ਆਪਣੇ ਪਰਿਵਾਰ ਦੇ ਮੁਸਲਿਮ ਨੌਕਰਾਂ ਨੂੰ ਬਚਾਇਆ। ਉਦੋਂ ਉਨ੍ਹਾਂ ਬਹੁਤ ਕਤਲੇਆਮ ਦੇਖਿਆ, ਖਾਸਕਰ 15 ਸਕੂਲੀ ਬੱਚੀਆਂ ਦੀਆਂ ਲਾਸ਼ਾਂ ਦੇਖੀਆਂ ਸਨ ਜੋ ਉਨ੍ਹਾਂ ਦੇ ਸਕੂਲ ਦੇ ਬਾਹਰ ਪਈਆਂ ਸਨ। ਇਸ ਘਟਨਾ ਨਾਲ ਉਨ੍ਹਾਂ ਦਾ ਦਿਲ ਤਾਰ-ਤਾਰ ਹੋ ਗਿਆ।

ਇਕ ਅਧਿਆਪਕ ਦੀ ਇਸ ਧਾਰਨਾ ਕਿ 'ਰੌਸ਼ਨੀ ਕੇਵਲ ਸਿੱਧੀ ਰੇਖਾ ਵਿਚ ਹੀ ਸਫਰ ਕਰਦੀ ਹੈ' ਨੇ ਇਕ ਸਾਧਾਰਨ ਜਿਹੇ ਵਿਦਿਆਰਥੀ ਨੂੰ ਗਿਆਨ ਦਾ ਜਗਿਆਸੂ ਬਣਾ ਦਿੱਤਾ ਸੀ। ਗ੍ਰੈਜੂਏਸ਼ਨ ਤੋਂ ਬਾਅਦ ਨਰਿੰਦਰ ਸਿੰਘ ਨੇ ਰਾਏਪੁਰ ਵਿਚ ਅਸਲ੍ਹਾ ਫੈਕਟਰੀ ਵਿਚ ਅਪਰੈਂਟਿਸ ਦੇ ਤੌਰ 'ਤੇ ਕੰਮ ਸ਼ੁਰੂ ਕੀਤਾ। ਉੱਥੇ ਵੱਖ-ਵੱਖ ਕਿਸਮ ਦੇ ਔਪਟੀਕਲ ਉਪਕਰਨ ਬਣਾਉਣ ਦੀ ਮੁੱਢਲੀ ਸਿਖਲਾਈ ਦਿੱਤੀ ਜਾਂਦੀ ਸੀ ਪਰ ਕਪਾਨੀ ਦਾ ਮਨ ਹੋਰ ਜ਼ਿਆਦਾ ਸਿੱਖਣ ਲਈ ਉਤਸੁਕ ਸੀ।

ਉਨ੍ਹਾਂ ਦਾ ਅਗਲਾ ਮੁਕਾਮ ਲੰਡਨ ਹੋਣ ਵਾਲਾ ਸੀ। 1951 ਤੋਂ 1955 ਤੱਕ ਦੇ ਵਰ੍ਹੇ ਉਨ੍ਹਾਂ ਦਾ ਸਤਿੰਦਰ ਕੌਰ ਨਾਲ ਪਿਆਰ ਪੈਣ ਅਤੇ ਥੋੜ੍ਹੇ ਹੀ ਵਕਫੇ ਵਿਚ ਵਿਆਹ ਹੋਣ ਦੇ ਸਨ। ਕਪਾਨੀ ਨੇ ਇੰਪੀਰੀਅਲ ਕਾਲਜ ਤੋਂ ਗ੍ਰੈਜੂਏਸ਼ਨ ਅਤੇ ਫਿਰ ਪੀਐੱਚ.ਡੀ. ਕੀਤੀ। ਉਨ੍ਹਾਂ ਬਾਕਾਇਦਾ ਆਪਣਾ ਵਿਗਿਆਨਕ ਕਾਰਜ ਉੱਥੇ ਹੀ ਕੀਤਾ। ਸਤੰਬਰ 1955 ਵਿਚ 'ਪੌਪੂਲਰ ਮਕੈਨਿਕਸ' ਬਾਰੇ ਲੇਖ ਵਿਚ ਡਾ. ਐਚ.ਐਚ. ਹੌਪਕਿਨਜ਼ ਅਤੇ 27 ਸਾਲਾ ਡਾ. ਨਰਿੰਦਰ ਸਿੰਘ ਕਪਾਨੀ ਵੱਲੋਂ ਵਿਕਸਤ ਕੀਤੇ ਗਏ ਫਾਈਬਰਸਕੋਪ ਦਾ ਜ਼ਿਕਰ ਕੀਤਾ ਗਿਆ ਸੀ।

ਵਿਆਨਾ ਵਿਚ ਰੌਚੈਸਟਰ ਯੂਨੀਵਰਸਿਟੀ ਵਿਚ ਪੜ੍ਹਾਉਣ ਦਾ ਸੱਦਾ ਮਿਲਣ ਤੋਂ ਬਾਅਦ ਉਨ੍ਹਾਂ ਅਮਰੀਕਾ ਵਿਚ ਵੱਸਣ ਦਾ ਫੈਸਲਾ ਕਰ ਲਿਆ। ਉਹ ਇਲੀਨਾਏ ਇੰਸਟੀਚਿਊਟ ਆਫ ਟੈਕਨੋਲੋਜੀ ਦੇ ਔਪਟਿਕਸ ਵਿਭਾਗ ਨਾਲ ਜੁੜ ਗਏ। ਆਪਣੀ ਸਵੈ-ਜੀਵਨੀ ਵਿਚ ਉਹ ਲਿਖਦੇ ਹਨ: "ਸ਼ਿਕਾਗੋ ਵਿਚ ਬਿਤਾਏ ਚਾਰ ਸਾਲ ਮੇਰੀ ਜ਼ਿੰਦਗੀ ਦੇ ਸਭ ਤੋਂ ਵੱਧ ਫਲਦਾਇਕ ਸਾਲ ਸਨ ਜਿਸ ਦੌਰਾਨ ਬਹੁਤ ਸਾਰੀਆਂ ਪ੍ਰਕਾਸ਼ਨਾਵਾਂ ਤੇ ਦਰਜਨਾਂ ਪੇਟੈਂਟ ਮੇਰੇ ਨਾਂ ਹੋ ਗਏ। ਇਕ ਤਰ੍ਹਾਂ ਉਦੋਂ ਮੈਂ 'ਕਾਢਾਂ ਵਾਲੀ ਮਸ਼ੀਨ' ਹੀ ਬਣ ਗਿਆ ਸਾਂ।"

ਉਹ ਭਾਰਤ ਪਰਤਣਾ ਚਾਹੁੰਦੇ ਸਨ ਪਰ ਅਜਿਹਾ ਹੋ ਨਾ ਸਕਿਆ। ਰੌਚੈਸਟਰ ਯੂਨੀਵਰਸਿਟੀ ਵਿਚ ਪੜ੍ਹਾਉਣ ਵੇਲੇ ਵੀ ਉਨ੍ਹਾਂ ਵਤਨ ਪਰਤਣ ਬਾਰੇ ਸੋਚਿਆ ਸੀਠ ਪਰ ਫਿਰ ਸ਼ਿਕਾਗੋ ਦਾ ਸਬੱਬ ਬਣ ਗਿਆ। ਬਾਅਦ ਵਿਚ ਰੱਖਿਆ ਮੰਤਰੀ ਵੀ.ਕੇ. ਕ੍ਰਿਸ਼ਨਾ ਮੈਨਨ ਅਤੇ ਪ੍ਰਧਾਨ ਮੰਤਰੀ ਨਹਿਰੂ ਨਾਲ ਮੁਲਾਕਾਤਾਂ ਵਿਚ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਉਹ ਰੱਖਿਆ ਮੰਤਰੀ ਦੇ ਵਿਗਿਆਨਕ ਸਲਾਹਕਾਰ ਬਣਾਏ ਜਾਣਗੇ ਪਰ ਨਾਲ ਹੀ ਦੱਸ ਦਿੱਤਾ ਗਿਆ ਕਿ ਕਾਗਜ਼ੀ ਕਾਰਵਾਈ ਨੂੰ ਕੁਝ ਵਕਤ ਲੱਗ ਸਕਦਾ ਹੈ। ਕਈ ਮਹੀਨੇ ਉਡੀਕਣ ਤੋਂ ਬਾਅਦ ਕਪਾਨੀ ਨੇ ਸਿਲੀਕੌਨ ਵੈਲੀ ਕੈਲੀਫੋਰਨੀਆ ਦਾ ਰੁਖ ਕੀਤਾ। ਆਖਰ ਇਕ ਮਹੀਨੇ ਬਾਅਦ ਯੂ.ਪੀ.ਐਸ.ਸੀ. ਤੋਂ ਪੇਸ਼ਕਸ਼ ਦੀ ਚਿੱਠੀ ਆਈ ਪਰ ਤਦ ਤੱਕ ਬਹੁਤ ਦੇਰ ਹੋ ਚੁੱਕੀ ਸੀ।

ਕਪਾਨੀ ਨੇ ਕਾਢਾਂ ਰਾਹੀਂ ਆਪਣਾ ਮੁਕਾਮ ਬਣਾਇਆ ਸੀ। ਐਂਡੋਸਕੋਪਸ ਨੇ ਮਨੁੱਖੀ ਸਰੀਰ ਅੰਦਰਲੀਆਂ ਤਹਿਆਂ ਫਰੋਲਣ ਅਤੇ ਨਾਲ ਹੀ ਪ੍ਰਮਾਣੂ ਤਾਪ ਘਰਾਂ ਦੀ ਜਾਂਚ ਪਰਖ ਦਾ ਰਾਹ ਪੱਧਰਾ ਕੀਤਾ। ਉਖੜੇ ਹੋਏ ਰੈਟੀਨਿਆਂ ਨੂੰ ਜੋੜਨ ਲਈ ਲੇਜ਼ਰ ਵਿਕਸਤ ਕੀਤੇ ਗਏ। ਉਨ੍ਹਾਂ ਨੂੰ ਕਰੋੜਾਂ ਡਾਲਰਾਂ ਦੀ ਕਮਾਈ ਆਪਣੀ ਉੱਦਮਸ਼ੀਲਤਾ ਤੋਂ ਹੋਈ ਪਰ ਇਸ ਕਿਤਾਬ ਦੇ ਪੰਨੇ ਪਲਟਦਿਆਂ ਅਸੀਂ ਮਹਿਸੂਸ ਕਰਦੇ ਹਾਂ ਕਿ ਕਿਵੇਂ ਉਨ੍ਹਾਂ ਦੀ ਕਾਰੋਬਾਰੀ ਸੂਝ ਨੇ ਉਨ੍ਹਾਂ ਨੂੰ ਸ਼ੁਰੂਆਤੀ ਲਾਭ ਕਮਾਉਣ ਵਿਚ ਮਦਦ ਕੀਤੀ। ਉਨ੍ਹਾਂ ਦੀ ਔਪਟਿਕਸ ਤਕਨਾਲੋਜੀ 1967 ਵਿਚ ਜੱਗ ਜ਼ਾਹਿਰ ਹੋਈ ਸੀ ਅਤੇ ਉਨ੍ਹਾਂ 1973 ਵਿਚ ਇਸ ਦੇ ਸ਼ੇਅਰ ਵੇਚੇ ਸਨ।

ਉਨ੍ਹਾਂ ਦੀ ਕੰਪਨੀ 'ਕੈਪਟਰੌਨ' ਦਰਜਨਾਂ ਉਤਪਾਦਾਂ ਦਾ ਪੰਘੂੜਾ ਬਣ ਗਈ ਸੀ ਅਤੇ ਇਹ ਕੰਪਨੀ ਉਨ੍ਹਾਂ ਦੋ ਵਾਰ ਵੇਚੀ ਸੀ। 1972 ਵਿਚ ਸੈਨ ਫਰਾਂਸਿਸਕੋ ਐਕਸਪਲੋਰੇਟੋਰੀਅਮ ਵਿਚ ਉਨ੍ਹਾਂ ਦੇ 'ਡਾਇਨੌਪਟਿਕ ਸਕੱਲਪਚਰਜ਼' ਦੀ ਨੁਮਾਇਸ਼ ਲਾਈ ਗਈ ਸੀ। ਜ਼ਿਆਦਾਤਰ ਅਮਰੀਕੀ ਰਾਸ਼ਟਰਪਤੀਆਂ ਨੂੰ ਉਹ ਮਿਲ ਕੇ ਉਨ੍ਹਾਂ ਨਾਲ ਵਿਚਾਰ ਚਰਚਾ ਕਰ ਚੁੱਕੇ ਸਨ।

ਉਨ੍ਹਾਂ ਦੀ ਕਿਤਾਬ ਵਿਚਲੇ 'ਮੈਸੇਕਰ' ਨਾਂ ਦੇ ਅਧਿਆਏ ਵਿਚ 1984 ਵਿਚ ਹੋਏ ਕਤਲੇਆਮ ਦਾ ਬਿਰਤਾਂਤ ਦਿੱਤਾ ਗਿਆ ਹੈ। 31 ਅਕਤੂਬਰ 1984 ਨੂੰ ਜਿਸ ਦਿਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਹੋਇਆ, ਉਸੇ ਦਿਨ ਉਨ੍ਹਾਂ ਦੀ ਮਾਂ ਦੀ ਮੌਤ ਹੋਈ ਸੀ। ਉਨ੍ਹਾਂ ਲਿਖਿਆ ਕਿ ਕਰਫਿਊ ਲਾ ਦਿੱਤਾ ਗਿਆ ਤੇ ਉਨ੍ਹਾਂ ਨੂੰ ਵਤਨ ਆਉਣ ਦੀ ਆਗਿਆ ਨਾ ਦਿੱਤੀ ਗਈ। ਉਸ ਕਰਫਿਊ ਕਰਕੇ ਉਨ੍ਹਾਂ ਦੀ ਮਾਤਾ ਦਾ ਅੰਤਿਮ ਸੰਸਕਾਰ ਵੀ ਪੂਰੀਆਂ ਰਸਮਾਂ ਨਾਲ ਨਾ ਕੀਤਾ ਜਾ ਸਕਿਆ।"

ਕਪਾਨੀ ਦੀ ਚਿਰਕਾਲੀ ਵਿਰਾਸਤ ਸਿੱਖ ਫਾਊਂਡੇਸ਼ਨ ਨਾਲ ਜੁੜੀ ਹੈ ਜਿਸ ਦਾ ਫੋਕਸ ਸਿੱਖ ਕਲਾ ਸੰਗ੍ਰਹਿ ਰਿਹਾ ਹੈ। ਉਨ੍ਹਾਂ ਦੇ ਨਾਂ 'ਤੇ ਯੂਨੀਵਰਸਿਟੀ ਕਾਲਜ, ਸੈਂਟਾ ਕਰੂਜ਼ ਵਿਖੇ ਦੋ ਚੇਅਰਾਂ ਕਾਇਮ ਕੀਤੀਆਂ ਗਈਆਂ ਹਨ ਜਿਨ੍ਹਾਂ ਦਾ ਮੰਤਵ ਔਪਟੋਇਲੈਕਟ੍ਰਾਨਿਕਸ ਅਤੇ ਉੱਦਮਸ਼ੀਲਤਾ ਨੂੰ ਹੱਲਾਸ਼ੇਰੀ ਦੇਣਾ ਹੈ ਅਤੇ ਇਕ ਚੇਅਰ ਸੈਂਟਾ ਬਾਰਬਰਾ ਵਿਖੇ ਸਿੱਖ ਧਰਮ ਲਈ ਸਮਰਪਿਤ ਹੈ। ਇਨ੍ਹਾਂ ਸਭ ਸਰਗਰਮੀਆਂ ਵਿਚ ਉਨ੍ਹਾਂ ਦੀ ਜੀਵਨ ਸਾਥਣ ਸਤਿੰਦਰ ਕੌਰ ਭਾਈਵਾਲ ਰਹੇ ਸਨ। ਸਤਿੰਦਰ ਦੀ ਬਿਮਾਰੀ ਤੇ ਵਿਛੋੜੇ ਦਾ ਉਨ੍ਹਾਂ 'ਤੇ ਬਹੁਤ ਗਹਿਰਾ ਅਸਰ ਪਿਆ। ਮਾਰਚ 2020 ਵਿਚ ਉਨ੍ਹਾਂ ਆਪਣੀ ਕਿਤਾਬ ਪੂਰੀ ਕਰ ਲਈ ਅਤੇ 4 ਦਸੰਬਰ ਨੂੰ 94 ਸਾਲ ਦੀ ਉਮਰ ਵਿਚ ਆਪ ਵੀ ਚੱਲ ਵੱਸੇ। ਉਨ੍ਹਾਂ ਦੀਆਂ ਯਾਦਾਂ ਅਤੇ ਤਜਰਬਿਆਂ ਦੀ ਕਮਾਈ ਉਨ੍ਹਾਂ ਨੂੰ ਅਮਰ ਕਰ ਦੇਵੇਗੀ।

# ਨੋਟਬੰਦੀ ਦੀ ਬਰਸੀ...

ਸ਼ਰਾਬਬੰਦੀ, ਨਾਕਾਬੰਦੀ, ਘੇਰਾਬੰਦੀ, ਸਿਹਰਾਬੰਦੀ, ਨਸਬੰਦੀ ਤੇ ਜੰਗਬੰਦੀ ਜਿਹੇ ਸ਼ਬਦ ਤਾਂ ਅਕਸਰ ਸੁਣਦੇ ਆਏ ਸਾਂ ਪਰ ਪੰਜ ਸਾਲ ਪਹਿਲਾਂ ਅੱਠ ਨਵੰਬਰ ਨੂੰ ਰਾਤੀਂ ਅੱਠ ਵਜੇ ਦੇ ਕਰੀਬ ਅਚਾਨਕ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੂੰਹੋਂ ਪਹਿਲੀ ਵਾਰ 'ਨੋਟਬੰਦੀ' ਸ਼ਬਦ ਸੁਣਿਆ। ਇਹ ਸ਼ਬਦ ਤਾਂ ਭਾਵੇਂ ਉਸ ਸਮੇਂ ਸਾਧਾਰਨ ਜਿਹਾ ਜਾਪਿਆ ਸੀ ਪਰ ਇਸ ਨੋਟਬੰਦੀ ਨੇ ਇਕ ਵਾਰ ਤਾਂ ਹਰ ਆਮ ਖਾਸ ਨੂੰ ਸੜਕ ਉੱਤੇ ਲੈ ਆਂਦਾ। ਇਸ ਸ਼ਬਦ ਦੇ ਅਸਲ ਅਰਥ

ਅੱਬਾਸ ਧਾਲੀਵਾਲ
ਫੋਨ: +91-98552-59650

ਉਸ ਸਮੇਂ ਮਹਿਸੂਸ ਹੋਣ ਲੱਗੇ ਜਦੋਂ ਲੋਕਾਂ ਨੂੰ ਆਪਣੇ ਪਾਸ ਮੌਜੂਦ ਪੰਜ ਸੌ, ਹਜ਼ਾਰ ਦੇ ਨੋਟਾਂ ਨੂੰ ਬਦਲਾਉਣ ਲਈ ਥਾਂ ਥਾਂ ਖੱਜਲ ਖੁਆਰ ਹੋਣਾ ਪਿਆ।

ਨੋਟਬੰਦੀ ਦੇ ਐਲਾਨ ਵਾਲੀ ਰਾਤ ਤਾਂ ਜਿਵੇਂ ਕਿਵੇਂ ਲੰਘ ਗਈ ਪਰ ਸਵੇਰ ਹੁੰਦੇ ਸਾਰ ਹੀ ਇਸ ਦਾ ਪਹਿਲਾ ਝਟਕਾ ਉਸ ਸਮੇਂ ਮਹਿਸੂਸ ਕੀਤਾ ਜਦੋਂ ਅਸੀਂ ਦੁੱਧ ਵਾਲੇ ਨਾਲ ਉਸ ਦੇ ਪਿਛਲੇ ਮਹੀਨੇ ਦਾ ਹਿਸਾਬ ਕਰਦਿਆਂ 500-500 ਰੁਪਏ ਦੇ ਨੋਟ ਉਸ ਦੀ ਹਥੇਲੀ ਤੇ ਧਰੇ। ਨੋਟ ਦੇਖਦਿਆਂ ਹੀ ਉਸ ਨੇ ਇੰਝ ਘੂਰਿਆ ਜਿਵੇਂ ਅਸੀਂ ਉਸ ਨੂੰ ਚੂਰਨ ਵਾਲੀਆਂ ਪੁੜੀਆਂ ਵਿਚੋਂ ਨਿਕਲਣ ਵਾਲੇ ਬੱਚਿਆਂ ਦੇ ਖੇਡਣ ਵਾਲੇ ਨਕਲੀ ਨੋਟ ਫੜਾ ਦਿੱਤੇ ਹੋਣ। ਉਸ ਨੇ ਨੋਟ ਸਾਡੇ ਵੱਲ ਧੱਕਦਿਆਂ ਕਿਹਾ, "ਬਾਬੂ ਜੀ, ਹੁਣ ਇਹ ਨੋਟ ਨਹੀਂ ਚੱਲਦੇ।" ਅਸੀਂ ਉਸ ਨੂੰ ਬੜੀ ਮੁਸ਼ਕਿਲ ਸਮਝਾਇਆ ਕਿ ਭਾਈ ਅਜੇ ਤਾਂ ਇਹ ਨੋਟ ਪੰਜਾਹ ਦਿਨ ਚੱਲਣਗੇ। ਕਾਫੀ ਬਹਿਸ ਤੇ ਤਕਰਾਰ ਤੋਂ ਬਾਅਦ ਉਹਨੇ ਬਹੁਤ ਮੁਸ਼ਕਿਲ ਨਾਲ ਨੋਟ ਫੜੇ।

ਇਸ ਤੋਂ ਬਾਅਦ ਤਾਂ ਬੱਸ ਮੁਸ਼ਕਿਲਾਂ ਦਾ ਦੌਰ ਸ਼ੁਰੂ ਹੋ ਗਿਆ। ਸਵੇਰੇ ਦਸ ਵਜੇ ਦੇ ਕਰੀਬ ਗਲੀ ਵਿਚ ਸਬਜ਼ੀ ਵਾਲੇ ਨੇ ਹੋਕਾ ਲਾਇਆ ਤਾਂ ਪਤਨੀ ਨੇ ਸਬਜ਼ੀ ਲਈ ਉਹਨੂੰ ਰੋਕਿਆ। ਪਤਨੀ ਅਜੇ ਸਬਜ਼ੀ ਛਾਂਟ ਹੀ ਰਹੀ ਸੀ ਕਿ ਸਬਜ਼ੀ ਵਾਲੇ ਨੇ ਕਹਿ ਸੁਣਾਇਆ: "ਭੈਣ ਜੀ! ਸਬਜ਼ੀ ਜਿੰਨੀ ਜੀ ਚਾਹੇ, ਖਰੀਦੋ; ਲੇਕਿਨ ਨੋਟ ਖੁੱਲ੍ਹੇ ਦੇਣੇ ਪੈਣਗੇ। 500 ਜਾਂ 1000 ਦਾ ਨੋਟ ਮੈਂ ਹਰਗਿਜ਼ ਨਹੀਂ ਲਵਾਂਗਾ।" ਪਤਨੀ ਦੇ ਹੱਥ ਵਿਚ ਇੱਕੋ ਇੱਕ 1000 ਦਾ ਨੋਟ ਸੀ। ਸਬਜ਼ੀ ਵਾਲੇ ਦੀ ਨਜ਼ਰ ਨੋਟ ਤੇ ਪਈ ਤਾਂ ਉਹ ਗਲੀ ਵਿਚੋਂ ਰੇੜ੍ਹੀ ਲੈ ਕੇ ਇਉਂ ਦੌੜਿਆ, ਜਿਵੇਂ ਕਿਸੇ ਦੇ ਹੱਥ ਰੋੜਾ ਦੇਖ ਕੇ ਕੁੱਤਾ ਦੌੜਦਾ ਹੈ!

ਉਨ੍ਹੀਂ ਦਿਨੀਂ ਬਚੇ ਇਕ ਪ੍ਰਾਈਵੇਟ ਸਕੂਲ ਵਿਚ ਪੜ੍ਹਦੇ ਸਨ ਜਿਨ੍ਹਾਂ ਦੀ ਦੋ ਮਹੀਨਿਆਂ ਤੋਂ ਫੀਸ ਨਹੀਂ ਸੀ ਭਰੀ। ਸੋਚਿਆ, ਕਿਉਂ ਨਾ ਨੋਟਬੰਦੀ ਦੀ ਲਪੇਟ ਵਿਚ ਆਏ ਪੰਜ ਸੌ, ਹਜ਼ਾਰ ਦੇ ਨੋਟ ਵਰਤ ਲਈਏ ਪਰ ਜਿਉਂ ਹੀ ਫੀਸ ਜਮ੍ਹਾਂ ਕਰਵਾਉਣ ਸਕੂਲ ਦੇ ਕਾਊਂਟਰ 'ਤੇ ਪਹੁੰਚੇ ਤਾਂ ਕਲਰਕ ਨੇ ਬਨਾਉਟੀ ਜਿਹੀ ਮੁਸਕਰਾਹਟ ਨਾਲ ਸਵਾਗਤ ਕੀਤਾ। ਜਿਵੇਂ ਹੀ ਅਸੀਂ ਫੀਸ ਕਾਰਡ ਨਾਲ 1000 ਰੁਪਏ ਦੇ ਪੰਜ ਨੋਟ ਕਾਊਂਟਰ 'ਤੇ ਰੱਖੇ ਤਾਂ ਉਸ ਨੇ ਖਚਰੀ ਜਿਹੀ ਮੁਸਕਾਰਾਹਟ ਬਿਖੇਰਦਿਆਂ ਕਿਹਾ, "ਸੌਰੀ ਸਰ! ਹੁਣ ਅਸੀਂ 1000 ਅਤੇ 500 ਦੇ ਨੋਟ ਨਹੀਂ ਲੈ ਸਕਦੇ।"

ਸੋਚਿਆ, ਚਲੋ ਏ.ਟੀ.ਐਮ. ਵਿਚੋਂ ਹੀ ਕੁਝ ਕੈਸ਼ ਕਢਵਾ ਲਿਆ ਜਾਵੇ। ਜਿਉਂ ਹੀ ਏ.ਟੀ.ਐਮ. ਦਾ ਰੁਖ ਕੀਤਾ, ਸ਼ਹਿਰ ਦੇ ਵਧੇਰੇ ਏ.ਟੀ.ਐਮ. ਬੰਦ। ਜਿਹੜਾ ਏ.ਟੀ.ਐਮ. ਖੁੱਲ੍ਹਾ ਦਿਸਿਆ, ਉਸ ਦੇ ਬਾਹਰ ਇੰਨੀ ਲੰਮੀ ਲਾਈਨ ਕਿ ਬੱਸ ਰੱਬ ਰਹਿਮ ਕਰੇ...! ਅਸੀਂ ਵੀ ਲਾਈਨ ਵਿਚ ਲੱਗ ਗਏ। ਲਾਈਨ ਵਿਚ ਲੱਗਿਆਂ ਸ਼ਾਮ ਪੈ ਗਈ। ਇਸ ਤੋਂ ਪਹਿਲਾਂ ਕਿ ਅਸੀਂ ਏ.ਟੀ.ਐਮ. ਤੱਕ ਪੁੱਜਦੇ, ਕੈਸ਼ ਖਤਮ ਹੋ ਗਿਆ।

ਰਾਤੀਂ ਸੌਣ ਤੋਂ ਪਹਿਲਾਂ ਫੈਸਲਾ ਕੀਤਾ ਕਿ ਪਹੁ-ਫੁੱਟਦੇ ਹੀ ਬੈਂਕ ਜਾਵਾਂਗੇ। ਸਵੇਰੇ ਨਿਰਨੇ ਕਾਲਜੇ ਹੀ ਜਦੋਂ ਬੈਂਕ ਦਾ ਰੁਖ ਕੀਤਾ ਤਾਂ ਬੈਂਕ ਦੇ ਬਾਹਰ ਜੋ ਦ੍ਰਿਸ਼ ਦੇਖਿਆ, ਉਸ ਨੂੰ ਚੇਤੇ ਕਰਦਿਆਂ ਅੱਜ ਵੀ ਚਿਤ ਘਾਊਂ-ਮਾਊਂ ਕਰਨ ਲੱਗਦਾ ਹੈ। ਲੰਮੀਆਂ ਲਾਈਨਾਂ ਪਹਿਲਾਂ ਹੀ ਬੈਂਕ ਦੇ ਬਾਹਰ ਮੌਜੂਦ ਸਨ। ਕੁਝ ਲੋਕ ਰਜ਼ਾਈਆਂ ਲਪੇਟੀ ਤੇ ਕੁਝ ਕੰਬਲ ਲਈ ਲੇਟੇ ਸਨ। ਲੋਕਾਂ ਨੇ ਦੱਸਿਆ ਕਿ ਉਹ ਤਾਂ ਅੱਧੀ ਰਾਤ ਤੋਂ ਹੀ ਬੈਂਕ ਦੇ ਬਾਹਰ ਡੇਰੇ ਲਾਈ ਬੈਠੇ ਹਨ। ਬੈਂਕ ਨਿਸ਼ਚਤ ਸਮੇਂ ਤੇ ਖੁੱਲ੍ਹਾ ਅਤੇ ਖੁੱਲ੍ਹਦਿਆਂ ਹੀ ਅੰਦਰ ਜਾਣ ਲਈ ਲੋਕ ਇਸ ਪ੍ਰਕਾਰ ਧੱਕਾ-ਮੁੱਕੀ ਹੋਣ ਲੱਗੇ ਜਿਵੇਂ ਉਨ੍ਹਾਂ ਦੇ ਜੀਵਨ ਵਿਚ ਬੈਂਕ ਵਿਚੋਂ ਪੈਸੇ ਕਢਾਉਣ ਦਾ ਇਹ ਆਖ਼ਿਰੀ ਮੌਕਾ ਹੋਵੇ।

ਆਖਰ ਨਾ ਚਾਹੁੰਦੇ ਹੋਏ ਵੀ ਇਸ ਭੇਡਚਾਲ ਦਾ ਸਾਨੂੰ ਵੀ ਹਿੱਸਾ ਬਣਨਾ ਪਿਆ, ਧੌਲ-ਧੱਫੇ ਖਾਂਦਿਆਂ ਬੈਂਕ ਅੰਦਰ ਦਾਖਲ ਹੋਣ ਵਿਚ ਸਫਲ ਹੋ ਗਏ, ਅੰਦਰ ਹਰ ਕਾਊਂਟਰ ਤੇ ਕਈ-ਕਈ ਲਾਈਨਾਂ। ਬੈਂਕ ਅੰਦਰਲਾ ਮੰਜ਼ਰ ਦੇਖ ਕੇ ਦਿਲ ਕਾਹਲਾ ਪੈਣ ਲੱਗਿਆ। ਦਿਲ ਨੂੰ ਧਰਵਾਸ ਦਿੰਦਿਆਂ ਆਮਿਰ ਖਾਨ ਵਾਂਗ 'ਆਲ ਇਜ਼ ਵੈਲ... ਆਲ ਇਜ਼ ਵੈਲ' ਕੀਤਾ ਪਰ ਅਜੇ ਦੁਪਹਿਰ ਦੇ ਬਾਰਾਂ ਵੀ ਨਾ ਵੱਜੇ ਸਨ ਕਿ ਕੈਸ਼ੀਅਰ ਨੇ ਐਲਾਨ ਕਰ ਦਿੱਤਾ: ਕੈਸ਼ ਖਤਮ ਹੋ ਗਿਆ ਪਰ ਜਿਸ ਕਿਸੇ ਨੇ ਪੈਸੇ ਖਾਤੇ ਵਿਚ ਜਮ੍ਹਾਂ ਕਰਵਾਉਣੇ ਹੋਣ, ਉਹ ਲਾਈਨ ਵਿਚ ਲੱਗਿਆ ਰਹੇ।

ਤੀਜੇ ਦਿਨ ਅਸੀਂ ਆਪਣੇ ਪੁੱਤਰ ਜੋ ਰੋਜ਼ਾਨਾ ਬੱਸ ਰਾਹੀਂ ਲਗਭਗ 70 ਕਿਲੋਮੀਟਰ ਸਫਰ ਤੈਅ ਕਰਕੇ ਪੜ੍ਹਨ ਕਾਲਜ ਜਾਂਦਾ ਸੀ ਨੂੰ ਕਾਲਜ ਜਾਂਦੇ ਨੂੰ 1000 ਦੇ ਦੋ ਨੋਟ ਅਤੇ ਸੌ ਦਾ ਇਕ ਨੋਟ ਦਿੰਦਿਆਂ ਕਿਹਾ ਕਿ ਹਜ਼ਾਰ ਹਜ਼ਾਰ ਦੇ ਦੋਵੇਂ ਨੋਟ ਆਉਂਦੇ-ਜਾਂਦੇ ਤੁੜਵਾ ਲਿਆਈਂ ਪਰ ਉਹਨੇ ਸ਼ਾਮੀਂ ਆਉਂਦਿਆਂ ਨੋਟ ਬਰੰਗ ਵਾਪਸ ਕਰ ਦਿੱਤੇ, "ਭਾਪਾ ਜੀ, ਕੰਡਕਟਰ ਨੇ ਬੱਸ ਦੀ ਤਾਕੀ ਅੰਦਰ ਵੜਦਿਆਂ ਹੀ ਕਹਿ ਦਿੱਤਾ ਕਿ ਜਿਹੜੀਆਂ ਸਵਾਰੀਆਂ ਕੋਲ ਕਿਰਾਏ ਲਈ 1000 ਜਾਂ 500 ਦੇ ਹੀ ਨੋਟ ਹਨ, ਉਹ ਪਹਿਲਾਂ ਹੀ ਹੇਠਾਂ ਉੱਤਰ ਜਾਣ।"

ਇਸੇ ਦੌਰਾਨ ਬਾਜ਼ਾਰ ਗਏ ਤਾਂ ਹਰ ਛੋਟੀ ਵੱਡੀ, ਹਰ ਦੁਕਾਨ ਤੇ ਲੱਗੇ ਬੋਰਡਾਂ ਨੇ ਧਿਆਨ ਖਿੱਚਿਆ: ਇਸ ਜਗ੍ਹਾ 1000 ਅਤੇ 500 ਦੇ ਨੋਟ ਨਹੀਂ ਚੱਲਦੇ।

ਉਨ੍ਹਾਂ ਦਿਨਾਂ ਵਿਚ ਹੀ ਇਕ ਫੈਕਟਰੀ ਵਾਲੇ ਮਿੱਤਰ ਦੇ ਜਾਣਾ ਹੋਇਆ। ਪੂਰੀ ਫੈਕਟਰੀ ਵਿਚ ਜਿਵੇਂ ਕਬਰਾਂ ਵਰਗੀ ਚੁੱਪ ਛਾਈ ਹੋਈ ਸੀ। ਮਿੱਤਰ ਇਸ ਪ੍ਰਕਾਰ ਦੁਖੀ ਬੈਠਾ ਸੀ ਜਿਵੇਂ ਕੋਈ ਮਰਗ ਹੋਈ ਹੋਵੇ। ਅਸੀਂ ਪੁੱਛਿਆ, "ਨਾ ਹੋਲੀ ਹੈ ਤੇ ਨਾ ਹੀ ਦੀਵਾਲੀ, ਫਿਰ ਸਾਰੀ ਲੇਬਰ ਛੁੱਟੀ ਕਿਉਂ ਤੋਰ ਦਿੱਤੀ?" ਕਹਿੰਦਾ, "ਨਹੀਂ ਯਾਰ, ਛੁੱਟੀ-ਛੱਟੀ ਨਹੀਂ ਕੋਈ ਕੀਤੀ, ਦਰਅਸਲ ਸਾਰੀ ਲੇਬਰ ਨੂੰ ਚਾਰ ਚਾਰ ਹਜ਼ਾਰ ਦੇ ਕੇ ਬੈਂਕ ਵਿਚ ਕਰੰਸੀ ਬਦਲੀ ਲਈ ਭੇਜਿਆ ਹੋਇਆ। ਇਕ ਹਫਤੇ ਤੋਂ ਫੈਕਟਰੀ ਦੇ ਸਾਰੇ ਕੰਮ ਠੱਪ ਹਨ।"

ਉਂਜ, ਇਸ ਨੋਟਬੰਦੀ ਦੌਰਾਨ ਗੁਆਂਢ ਵਿਚ ਹੋਇਆ ਵਿਆਹ ਲੋਕਾਂ ਦੇ ਮਨਾਂ ਤੇ ਆਪਣੀ ਅਮਿੱਟ ਛਾਪ ਛੱਡ ਗਿਆ। ਹੋਇਆ ਇਉਂ ਕਿ ਗੁਆਂਢ ਦੀ ਕੁੜੀ ਦਾ ਵਿਆਹ ਸ਼ਹਿਰ ਦੇ ਦੂਸਰੇ ਮੁਹੱਲੇ ਰਹਿੰਦੇ ਇਕ ਮੁੰਡੇ ਨਾਲ ਹੋਣਾ ਤੈਅ ਹੋਇਆ ਸੀ। ਵਿਆਹ ਦੇ ਸੱਦਾ ਪੱਤਰ ਆਦਿ ਸਭ ਵੰਡੇ ਜਾ ਚੁੱਕੇ ਸਨ। ਕੁੜੀ ਅਤੇ ਮੁੰਡੇ ਵਾਲਿਆਂ ਨੇ ਵਿਆਹ ਲਈ ਲੋੜੀਂਦਾ ਕੈਸ਼ ਆਦਿ ਬੈਂਕਾਂ ਵਿਚੋਂ ਕਢਵਾ ਲਿਆ ਸੀ ਪਰ ਵਿਆਹ ਤੋਂ ਤਿੰਨ ਦਿਨ ਪਹਿਲਾਂ ਜਿਵੇਂ ਹੀ ਨੋਟਬੰਦੀ ਦਾ ਐਲਾਨ ਹੋਇਆ, ਬੈਂਕ ਵਿਚੋਂ ਕਢਵਾਈ ਨਕਦੀ ਰੱਦੀ ਦੇ ਕਾਗਜ਼ਾਂ ਵਿਚ ਤਬਦੀਲ ਹੋ ਗਈ। ਜਦ ਲੱਖ ਯਤਨ ਦੇ ਬਾਵਜੂਦ ਨਕਦੀ ਦਾ ਲੋੜੀਂਦਾ ਪ੍ਰਬੰਧ ਨਾ ਹੋਇਆ ਤਾਂ ਆਪਸੀ ਮਸ਼ਵਰੇ ਨਾਲ ਤੈਅ ਹੋਇਆ ਕਿ ਬਰਾਤੀਆਂ ਨੂੰ ਇਕ ਕੱਪ ਚਾਹ ਪਿਆ ਕੇ ਕੁੜੀ ਸਾਦੇ ਢੰਗ ਨਾਲ ਤੋਰ ਦਿੱਤੀ ਜਾਏ; ਤੇ ਫੇਰ ਇੰਜ ਹੀ ਹੋਇਆ।... ਨੋਟਬੰਦੀ ਦੇ ਦਿਨੀਂ ਕਈ ਮੁਹਾਵਰੇ ਤੇ ਅਖਾਣ ਜਿਵੇਂ ਸੱਚ ਸਾਬਤ ਹੁੰਦੇ ਦਿਖਾਈ ਦਿੱਤੇ: ਬਾਪ ਬੜਾ ਨਾ ਭਈਆ, ਸਭ ਸੇ ਬੜਾ ਰੁਪਈਆ, ਨੌਂ ਦੋ ਗਿਆਰਾਂ ਹੋ ਜਾਣਾ ਤੇ ਹੋਰ ਕਈ। 'ਮੱਖੀਆਂ ਮਾਰਨਾ' ਮੁਹਾਰਵਾ ਵੀ ਸੱਚ ਹੁੰਦਾ ਦੇਖਿਆ। ਮੰਦੀ ਦੀ ਮਾਰ ਝੱਲ ਰਹੇ ਦੁਕਾਨਦਾਰ ਵਿਹਲੇ ਬੈਠੇ ਮੱਖੀਆਂ ਮਾਰਦੇ ਰਹੇ।

# ਗੁਰੂ ਨਾਨਕ ਦੇਵ ਜੀ: ਵਿਚਾਰਧਾਰਾ ਅਤੇ ਸਿੱਖਿਆਵਾਂ

ਗੁਰੂ ਨਾਨਕ ਦੇਵ ਜੀ ਸਮੁੱਚੀ ਮਨੁੱਖਤਾ ਦੇ ਸਰਬ-ਸਾਂਝੇ ਜਗਤ-ਗੁਰੂ ਹਨ। ਗੁਰੂ ਜੀ ਨੇ ਮਨੁੱਖੀ ਏਕਤਾ ਅਤੇ ਮਾਨਵਤਾ ਦੀ ਸੇਵਾ ਨੂੰ ਆਪਣੇ ਵਿਚਾਰਾਂ ਦਾ ਅਨਿੱਖੜਵਾਂ ਅੰਗ ਬਣਾਇਆ। ਮਨੁੱਖ ਦੇ ਜੀਵਨ ਦਾ ਅਸਲੀ ਮੰਤਵ ਕੀ ਹੈ ਅਤੇ ਇਸ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ, ਆਤਮਾ ਦਾ ਪਰਮਾਤਮਾ ਨਾਲ ਮੇਲ ਕਿਵੇਂ ਹੋ ਸਕਦਾ ਹੈ, ਮਨੁੱਖ ਸਚਿਆਰਾ ਕਿਵੇਂ ਬਣ ਸਕਦਾ ਹੈ, ਕੂੜ ਦੀ ਕੰਧ ਨੂੰ ਕਿਵੇਂ ਮਿਟਾਇਆ ਜਾ ਸਕਦਾ ਹੈ-ਇਨ੍ਹਾਂ ਸਵਾਲਾਂ ਨੂੰ ਗੁਰੂ ਨਾਨਕ ਦੇਵ ਦੀ ਨੇ ਬੜੇ ਹੀ ਸਰਲ ਸ਼ਬਦਾਂ 'ਚ ਸਪਸ਼ਟ ਕੀਤਾ। ਉਨ੍ਹਾਂ ਲੋਕਾਂ ਨੂੰ ਬਹੁਦੇਵੀਵਾਦ ਤੇ ਮੂਰਤੀ ਪੂਜਾ ਦੀ ਜਿੱਲਣ ਵਿਚੋਂ ਕੱਢ ਕੇ ਇਕੋ-ਇਕ ਪਰਮ-ਹਸਤੀ ਦਾ ਅਹਿਸਾਸ ਕਰਵਾਇਆ। ਮਨੁੱਖੀ ਜੀਵਨ ਵਿਚ ਉਚ ਆਤਮਿਕ ਅਵਸਥਾ ਦੀ ਪ੍ਰਾਪਤੀ ਲਈ ਕਰਮ-ਕਾਂਡਾਂ, ਰਹੁ-ਰੀਤਾਂ, ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ ਅਤੇ ਪਾਖੰਡਾਂ ਦੀ ਥਾਂ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਵਾਲਾ ਮਾਰਗ ਦਰਸ਼ਾਇਆ।

ਗੁਰੂ ਨਾਨਕ ਦੇਵ ਜੀ ਦੇ ਇਸ ਧਰਤੀ 'ਤੇ ਆਗਮਨ ਸਮੇਂ ਸਮਕਾਲੀ ਹਾਲਾਤ ਬੜੇ ਹੀ ਤਰਸਯੋਗ ਸਨ। ਸਮਾਜ ਵਿਚ ਰਹਿਣ ਵਾਲੇ ਲੋਕ ਜਾਤਾਂ-ਪਾਤਾਂ, ਧਰਮਾਂ ਅਤੇ ਵਰਣਾਂ ਵਿਚ ਵੰਡੇ ਹੋਏ ਸਨ। ਸਮਕਾਲੀ ਧਾਰਮਿਕ ਆਗੂਆਂ ਨੇ ਲੋਕਾਂ ਨੂੰ ਕਰਮ-ਕਾਂਡਾਂ, ਭੇਖਾਂ ਅਤੇ ਅੰਧ-ਵਿਸ਼ਵਾਸਾਂ ਵਿਚ ਫਸਾ ਰੱਖਿਆ ਸੀ। ਹਰ ਪਾਸੇ ਕੂੜ ਦਾ ਹੀ ਬੋਲ-ਬਾਲਾ ਸੀ ਅਤੇ ਇਸ ਤਰਾਂ ਲਗ ਰਿਹਾ ਸੀ ਕਿ ਮਨੁੱਖਤਾ ਅਤੇ ਸੱਚ ਦੀ ਗੱਲ ਕਰਨ ਵਾਲਾ ਕੋਈ ਨਹੀਂ ਬਚਿਆ। ਅਜਿਹੀ ਗਿਰਾਵਟ ਭਰੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰ ਕੇ ਭੁੱਲੇ ਹੋਏ ਲੋਕਾਂ ਨੂੰ ਸਹੀ ਰਸਤਾ ਦਿਖਾ ਕੇ ਉਨ੍ਹਾਂ ਦਾ ਉਧਾਰ ਕੀਤਾ। ਉਨ੍ਹਾਂ ਆਪਣੀਆਂ ਸਿੱਖਿਆਵਾਂ ਨਾਲ ਲੋਕਾਂ ਅੰਦਰ ਪ੍ਰੇਮ, ਮੁਹੱਬਤ, ਸਾਂਝੀਵਾਲਤਾ ਤੇ ਮਨੁੱਖੀ ਭਾਈਚਾਰਾ ਪੈਦਾ ਕਰ ਕੇ ਮੱਧਕਾਲੀ ਸੋਚ ਵਿਚ ਮਹਾਨ ਤਬਦੀਲੀ ਲਿਆਂਦੀ। ਇਹ ਸਮਾਂ ਭਾਰਤ ਹੀ ਨਹੀਂ ਸਗੋਂ ਸਾਰੇ ਸੰਸਾਰ ਵਿਚ ਇਕ ਪਰਿਵਰਤਨ ਦਾ ਆਰੰਭ ਸੀ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿਚ ਪ੍ਰਚਲਿਤ ਸਾਰੇ ਫਿਰਕਿਆਂ ਜਿਵੇਂ-ਸੰਨਿਆਸੀ, ਵੈਰਾਗੀ, ਜੋਗੀ, ਜੈਨੀ, ਕਾਜੀ ਮੁੱਲਾਂ, ਪੰਡਤਾਂ ਦੇ ਧਾਰਮਿਕ ਜੀਵਨ ਦੀਆਂ ਮਣੌਤਾਂ, ਰਹੁ ਰੀਤਾਂ ਤੇ ਕਰਮ-ਕਾਂਡਾਂ ਨੂੰ ਬੇਅਰਥ ਦੱਸ ਕੇ ਉਨ੍ਹਾਂ ਦੀ ਥਾਂ ਨੈਤਿਕਤਾ ਤੇ ਪ੍ਰਭੂ ਭਗਤੀ ਦਾ ਸਹੀ ਮਾਰਗ ਸੁਝਾਇਆ। ਗੁਰੂ ਜੀ ਨੇ ਬਿਬੇਕ ਬੁੱਧੀ ਅਨੁਸਾਰ ਜੀਵਨ ਵਿਚ ਤਾਰਕਿਕ ਤੇ ਵਿਗਿਆਨਕ ਰਵਈਆ ਅਪਣਾਉਣ ਉਪਰ ਵੀ ਜ਼ੋਰ ਦਿੱਤਾ। ਆਪਣੀ ਬਾਣੀ ਵਿਚ ਧਾਰਮਿਕ ਰੀਤੀ-ਰਿਵਾਜਾਂ ਅਤੇ ਚਿੰਨ੍ਹਾਂ ਦੇ ਸਹੀ ਅਰਥਾਂ ਦੀ ਵਿਆਖਿਆ ਕੀਤੀ, ਜਿਵੇਂ ਕਿ ਜਨੇਊ ਪਾਉਣ ਦੀ ਰਸਮ ਸਮੇਂ ਬ੍ਰਾਹਮਣ ਨੂੰ ਕਪਾਹ ਦੀ ਬਜਾਏ ਦਇਆ, ਸੰਤੋਖ, ਸੱਚ ਅਤੇ ਤਪੱਸਿਆ ਨਾਲ ਬਣਿਆ ਜਨੇਊ ਪਾਉਣ ਲਈ ਕਿਹਾ। ਜੋਗੀਆਂ ਨੂੰ ਜੋਗ ਦੇ ਚਿੰਨ੍ਹ ਜਿਵੇਂ-ਕੰਨਾਂ ਦੀਆਂ ਮੁੰਦਰਾਂ, ਭੀਖ ਲਈ ਝੋਲੀ, ਸਰੀਰ 'ਤੇ ਸੁਆਹ ਅਤੇ ਹੱਥ ਵਿਚ ਡੰਡਾ ਫੜ ਕੇ ਮੰਗਣ ਦੀ ਬਜਾਇ ਬਿਨਾਂ ਕਿਸੇ ਭੇਖ ਤੋਂ ਸੱਚੀ-ਸੁੱਚੀ ਕਿਰਤ ਕਰਨ ਲਈ ਪ੍ਰੇਰਿਆ। ਮੁਸਲਮਾਨਾਂ ਨੂੰ ਨਮਾਜ਼ ਅਤੇ ਰੋਜ਼ੇ ਦਾ ਸਹੀ ਅਰਥ ਸਮਝਾਇਆ ਅਤੇ ਭਿੰਨ-ਭਿੰਨ ਮਤਾਂ ਦੇ ਅਨੁਯਾਈਆਂ ਨੂੰ ਆਪੋ-ਆਪਣੇ ਧਰਮ ਮਾਰਗ ਦੇ ਸਹੀ ਰਸਤੇ 'ਤੇ ਚਲ ਕੇ ਅਧਿਆਤਮਕ ਤੱਤ ਨਾਲ ਜੁੜਨ ਦੀ ਚੇਤਨਾ ਜਗਾਈ।



ਗੁਰੂ ਜੀ ਨੇ ਸਮਾਜ ਵਿਚ ਪ੍ਰਚਲਤ ਜਾਤ-ਪਾਤ ਨੂੰ ਪੂਰੀ ਤਰਾਂ ਰੱਦ ਕੀਤਾ। ਬਰਾਬਰੀ ਅਤੇ ਵਿਸ਼ਵ-ਵਿਆਪੀ ਭਾਈਚਾਰੇ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਦਸਾਂ ਨੌਹਾਂ ਦੀ ਕਿਰਤ ਕਰਨ, ਸੇਵਾ, ਸੰਗਤ ਤੇ ਬਿਨਾਂ ਕਿਸੇ ਵਿਤਕਰੇ ਦੇ ਲੰਗਰ ਦੀ ਪਰੰਪਰਾ ਆਰੰਭ ਕੀਤੀ। ਸਿੱਖ ਸਿਧਾਂਤਾਂ ਤੇ ਆਦਰਸ਼ਾਂ ਨੂੰ ਅਮਲੀ ਰੂਪ ਵਿਚ ਪ੍ਰਗਟਾਉਣ ਲਈ ਲੰਗਰ ਦੀ ਪ੍ਰਥਾ ਬਹੁਤ ਵਧੀਆ ਸਾਧਨ ਸਿੱਧ ਹੋਈ, ਜੋ ਸਿੱਖਾਂ ਨੂੰ ਵੰਡ ਛਕਣ ਦੀ ਪ੍ਰੇਰਣਾ ਦਿੰਦੀ ਹੈ। ਲੰਗਰ ਪ੍ਰਥਾ ਨੇ ਜਾਤੀ ਪ੍ਰਥਾ ਨਾਲ ਸੰਬੰਧਿਤ ਊਚ-ਨੀਚ ਤੇ ਛੂਆ-ਛਾਤ ਵਰਗੀਆਂ ਬੁਰਾਈਆਂ ਨੂੰ ਦੂਰ ਕੀਤਾ ਅਤੇ ਮਨੁੱਖੀ ਏਕਤਾ, ਬਰਾਬਰੀ, ਭਾਈਚਾਰਾ, ਹਲੀਮੀ, ਸੇਵਾ, ਪਰਉਪਕਾਰ ਆਦਿ ਉਚੀਆਂ ਕਦਰਾਂ-ਕੀਮਤਾਂ ਪਨਪਣ ਤੇ ਇਨ੍ਹਾਂ ਉਪਰ ਅਮਲ ਦੀ ਪ੍ਰੇਰਨਾ ਵੀ ਦਿੱਤੀ।

ਗੁਰੂ ਜੀ ਦਾ ਮੁੱਖ ਮਕਸਦ, 'ਨੀਚੀ ਹੂ ਅਤਿ ਨੀਚ' ਨੂੰ ਸਵੈਮਾਨ ਦਾ ਅਹਿਸਾਸ ਕਰਵਾ ਕੇ ਧਰਤੀ ਦੀ ਸਿਰਦਾਰ ਬਣਾਉਣਾ ਸੀ। ਉਸ ਸਮੇਂ ਇਸਤਰੀ ਦੀ ਹਾਲਤ ਬੜੀ ਤਰਸਯੋਗ ਤੇ ਮਾੜੀ ਸੀ, ਪਰ ਗੁਰੂ ਸਾਹਿਬ ਨੇ ਸਦੀਆਂ ਤੋਂ ਦੁਰਕਾਰੀ ਅਤੇ ਲਤਾੜੀ ਜਾ ਰਹੀ ਔਰਤ ਦੇ ਸਵੈਮਾਣ ਦੇ ਹੱਕ 'ਚ ਅਵਾਜ਼ ਬੁਲੰਦ ਕੀਤੀ ਅਤੇ ਮਰਦ ਅਤੇ ਔਰਤ ਦੋਨਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਬਰਾਬਰ ਦਾ ਸਤਿਕਾਰ ਦੇਣਾ ਸ਼ੁਰੂ ਕੀਤਾ। ਗੁਰੂ ਜੀ ਕਹਿੰਦੇ ਸਨ ਕਿ ਮਰਦ ਤੇ ਔਰਤ ਨੂੰ ਜਨਮ ਇੱਕ ਔਰਤ ਹੀ ਦਿੰਦੀ ਹੈ, ਇਸ ਕਰਕੇ ਉਹ ਤੁੱਛ ਕਿਵੇਂ ਹੋ ਸਕਦੀ ਹੈ। ਇਸ ਤਰਾਂ ਸਮਾਜਕ ਬਰਾਬਰੀ ਤੇ ਭਾਈਚਾਰਾ ਉਨ੍ਹਾਂ ਦੀ ਮਹਾਨ ਦਿੱਤ ਆਖੀ ਜਾ ਸਕਦੀ ਹੈ।

ਆਪਣੀਆਂ ਸਿੱਖਿਆਵਾਂ ਵਿਚ ਉਨ੍ਹਾਂ ਜੋਰ ਦਿੱਤਾ ਕਿ ਮਨੁੱਖ ਨੂੰ ਹਓਮੈ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਹੰਕਾਰ ਸਿਰਫ਼ ਔਰਤ, ਧਨ ਦੌਲਤ ਤੇ ਦੁਨਿਆਵੀ ਪਿਆਰ ਦਾ ਹੀ ਨਹੀਂ ਹੁੰਦਾ, ਸਗੋਂ ਹੰਕਾਰ ਦੇ ਕਈ ਹੋਰ ਸਰੂਪ ਵੀ ਹਨ। ਘਰ-ਬਾਰ ਤਿਆਗ ਕੇ ਜੰਗਲਾਂ ਵਿਚ ਕੀਤੀ ਤਪੱਸਿਆ ਦਾ ਮਾਣ ਵੀ ਹੰਕਾਰ ਹੈ। ਮਾਨਸਿਕ ਤਾਕਤਾਂ ਦਾ ਨਸ਼ਾ ਵੀ ਹੰਕਾਰ ਹੈ। ਇਨ੍ਹਾਂ ਤਾਕਤਾਂ ਦੇ ਆਸਰੇ ਲੋਕਾਂ ਨੂੰ ਵਰ ਜਾਂ ਸਰਾਪ ਦੇਣੇ ਵੀ ਹੰਕਾਰ ਦੀ ਹੀ ਖੇਡ ਹੈ। ਗੁਰੂ ਜੀ ਅਨੁਸਾਰ ਜੋ ਮਨੁੱਖ ਆਪਣੇ ਜੀਵਨ ਵਿਚੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਮਿਟਾ ਲੈਂਦਾ ਹੈ ਤਾਂ ਉਸ ਨੂੰ ਨਾਮ ਸਿਮਰਨ ਰਾਹੀਂ ਪਰਮਾਤਮਾ ਦੀ ਸੋਝੀ ਹੋ ਜਾਂਦੀ ਹੈ। ਨਿਮਰਤਾ ਬਹੁਤ ਵੱਡਾ ਗੁਣ ਹੈ।

ਗੁਰੂ ਜੀ ਸਿੰਬਲ ਦੇ ਰੁੱਖ ਦੀ ਉਦਾਹਰਣ ਦਿੰਦੇ ਹੋਏ ਦਸਦੇ ਹਨ ਕਿ ਜਿਵੇਂ ਸਿਮਲ ਦਾ ਰੁੱਖ ਬਹੁਤ ਉਚਾ, ਸ਼ਾਂਤ ਅਤੇ ਖੁਸ਼ਹਾਲ ਦਿਖਾਈ ਦਿੰਦਾ ਹੈ, ਪਰ ਇਹ ਕੋਈ ਫਲ ਨਹੀਂ ਦਿੰਦਾ ਅਤੇ ਭੁੱਖ ਮਿਟਾਉਣ ਲਈ ਉਸ ਕੋਲ ਆਉਣ ਵਾਲੇ ਪੰਛੀ ਵੀ ਨਿਰਾਸ਼ ਹੋ ਕੇ ਵਾਪਸ ਚਲੇ ਜਾਂਦੇ ਹਨ। ਸੋ ਮਨੁੱਖ ਨੂੰ ਗ੍ਰਹਿਸਤ ਵਿਚ ਰਹਿੰਦੇ ਹੋਏ ਭਾਵ ਸੰਸਾਰੀ ਹੁੰਦੇ ਹੋਏ ਵੀ ਲੋਕਾਂ ਨਾਲ ਨਿਮਰਤਾ ਅਤੇ ਪਿਆਰ ਰੱਖਣਾ ਚਾਹੀਦਾ ਹੈ। ਲੋਕਾਈ ਨਾਲ ਪਿਆਰ ਪਾਇਆਂ ਹੀ ਪਰਮਾਤਮਾ ਨਾਲ ਇਕ-ਮਿਕ ਹੋਇਆ ਜਾ ਸਕਦਾ ਹੈ।

ਗੁਰੂ ਜੀ ਮੂਲ ਮੰਤਰ ਰਾਹੀਂ ਸਮਝਾਉਂਦੇ ਹਨ ਕਿ ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ ਹੋਂਦ ਵਾਲਾ ਭਾਵ ਸੱਚਾ ਹੈ, ਉਹ ਸ੍ਰਿਸ਼ਟੀ ਦਾ ਰਚਨਹਾਰ ਹੈ, ਉਹ ਸਰਵ-ਵਿਆਪਕ ਹੈ, ਉਹ ਭੈ ਤੋਂ ਰਹਿਤ ਹੈ, ਨਿਰਵੈਰ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ, ਭਾਵ ਜਨਮ ਅਤੇ ਮੌਤ ਤੋਂ ਪਰੇ, ਸਦੀਵੀ ਹੈ, ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ। ਮਨੁੱਖ ਉਸ ਅਕਾਲ ਪੁਰਖ ਦੇ ਹੁਕਮ ਨਾਲ ਹੀ ਸੰਸਾਰ ਵਿਚ ਵਿਚਰਦਾ ਤੇ ਵਿਕਾਸ ਕਰਦਾ ਹੈ ਅਤੇ ਅੰਤ ਵਿਚ ਉਸ ਨਾਲ ਹੀ ਵਿਲੀਨ ਹੋ ਜਾਂਦਾ ਹੈ। ਗੁਰੂ ਜੀ ਦਾ ਕਹਿਣ ਤੋਂ ਭਾਵ ਇਹ ਹੈ ਕਿ ਪ੍ਰਮਾਤਮਾ ਸਰਵ-ਵਿਆਪਕ ਹੈ, ਹਰੇਕ ਜੀਵ ਵਿਚ ਪਰਮਾਤਮਾ ਦੀ ਹੋਂਦ ਹੈ। ਇਸ ਲਈ ਕਿਸੇ ਨੂੰ ਉਚਾ-ਨੀਵਾਂ ਜਾਂ ਮਾੜਾ ਨਹੀਂ ਸਮਝਣਾ ਚਾਹੀਦਾ। ਗੁਰੂ ਜੀ ਨੇ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ ਦੋਵੇਂ ਸਰੂਪਾਂ ਦੀ ਵਿਆਖਿਆ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਚੰਗੇ ਅਤੇ ਨੇਕ ਕਰਮ ਕਰਨ ਦੀ ਪ੍ਰੇਰਨਾ ਦਿੱਤੀ ਹੈ। ਗੁਰਬਾਣੀ ਸਪਸ਼ਟ ਰੂਪ ਵਿੱਚ ਬਿਆਨ ਕਰਦੀ ਹੈ ਕਿ ਮਨੁੱਖ ਉਹੀ ਵੱਢਦਾ ਹੈ, ਜੋ ਉਸ ਦੁਆਰਾ ਬੀਜਿਆ ਜਾਂਦਾ ਹੈ। ਇਸ ਲਈ ਆਪਣੀ ਮਾੜੀ ਕਿਸਮਤ ਜਾਂ ਦੁੱਖ ਲਈ ਕਿਸੇ ਹੋਰ ਨੂੰ ਦੋਸ਼ੀ ਨਾ ਠਹਿਰਾਓ, ਕਿਉਂਕਿ ਇਹ ਸਿਰਫ਼ ਤੁਹਾਡੇ ਆਪਣੇ ਕੀਤੇ ਕੰਮਾਂ ਦਾ ਨਤੀਜਾ ਹੈ।

ਗੁਰੂ ਜੀ ਨੇ ਭਾਈ ਮਰਦਾਨੇ ਨੂੰ ਨਾਲ ਲੈ ਕੇ ਸੰਸਾਰਿਕ ਲੋਕਾਂ ਨੂੰ ਵੱਖਰੀ ਪਹਿਚਾਣ ਅਤੇ ਦ੍ਰਿਸ਼ਟੀ ਪ੍ਰਦਾਨ ਕਰਨ ਲਈ ਚਾਰੇ ਦਿਸ਼ਾਵਾਂ ਵੱਲ ਚਾਰ ਯਾਤਰਾਵਾਂ/ਉਦਾਸੀਆਂ ਕੀਤੀਆਂ ਅਤੇ ਭਟਕਦੀ ਹੋਈ ਲੋਕਾਈ ਨੂੰ ਸੱਚ ਦੇ ਮਾਰਗ 'ਤੇ ਚਲਣਾ ਸਿਖਾਇਆ। ਗੁਰੂ ਜੀ ਨੇ ਯਾਤਰਾਵਾਂ/ਉਦਾਸੀਆਂ ਦੌਰਾਨ ਆਮ ਆਦਮੀ ਵਾਂਗ ਪਹਿਰਾਵਾ ਪਹਿਨਿਆ ਅਤੇ ਇੱਕ ਗ੍ਰਹਿਸਥੀ ਦੇ ਰੂਪ ਵਿੱਚ ਆਪਣੀ ਰੋਜ਼ੀ-ਰੋਟੀ ਲਈ ਖੇਤਾਂ ਵਿਚ ਹਲ ਚਲਾ ਕੇ ਆਪਣੇ ਹੱਥੀ ਕਿਰਤ ਕਰਨ ਦੀ ਪ੍ਰੇਰਨਾ ਦਿੱਤੀ। ਗੁਰੂ ਜੀ ਦਾ ਮੰਤਵ ਇੱਕ ਸਚਿਆਰਾ, ਆਦਰਸ਼ਕ ਅਤੇ ਸੁਚੱਜਾ ਜੀਵਨ ਜਿਉਣ ਵਾਲੇ ਮਨੁੱਖ ਦੀ ਸਿਰਜਣਾ ਕਰਨਾ ਸੀ, ਜੋ ਆਪਣੇ ਆਪ ਦੇ ਵਿਚ ਇੱਕ ਮਿਸਾਲ ਅਤੇ ਸਮਾਜ ਲਈ ਪ੍ਰੇਰਣਾਸ੍ਰੋਤ ਹੋਵੇ।

ਉਨ੍ਹਾਂ ਸਮਾਜ ਦੇ ਆਰਥਿਕ, ਸੱਭਿਆਚਾਰਕ, ਰਾਜਨੀਤਿਕ, ਭਾਸ਼ਾਈ ਅਤੇ ਧਾਰਮਿਕ ਪਹਿਲੂਆਂ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਅਤੇ ਸੰਵਾਦ ਰਾਹੀਂ ਆਪਣੇ ਤਰਕਪੂਰਨ ਵਿਚਾਰਾਂ ਨੂੰ ਲੋਕਾਂ ਸਾਹਮਣੇ ਰੱਖਿਆ। ਗੁਰੂ ਜੀ ਦੀ ਵਿਚਾਰਧਾਰਾ ਉਨ੍ਹਾਂ ਦੁਆਰਾ ਰਚੀ ਗਈ ਗੁਰਬਾਣੀ ਵਿੱਚ ਮੌਜੂਦ ਹੈ, ਜੋ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਪਰੰਪਰਾਵਾਂ ਨੂੰ ਮਨੁੱਖੀ ਅਧਿਕਾਰਾਂ ਲਈ ਸਰਵੋਤਮ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਗੁਰੂ ਜੀ ਦੁਆਰਾ ਰਚਿਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮਹਲਾ ਪਹਿਲਾ' ਸਿਰਲੇਖ ਹੇਠ ਦਰਜ ਹੈ।

ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੀਆਂ ਗਈਆਂ ਸਿੱਖਿਆਵਾਂ ਅਤੇ 'ਸਰਬੱਤ ਦੇ ਭਲੇ' ਦੀ ਵਿਆਪਕ ਵਿਸ਼ਵ ਦ੍ਰਿਸ਼ਟੀ ਅਧਿਆਤਮਿਕ ਰਸਤਾ ਦਿਖਾਉਣ ਦੇ ਨਾਲ ਨਾਲ ਸੁਖਾਵੇਂ ਤੇ ਚੰਗੇ ਸਮਾਜ ਦੀ ਸਿਰਜਣਾ ਲਈ ਅਤੇ ਮਨੁੱਖਤਾ ਦੀ ਬਿਹਤਰੀ ਲਈ ਮਹੱਤਵਪੂਰਨ ਅਤੇ ਵਡਮੁੱਲੇ ਹਨ। ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿਚ ਸਾਨੂੰ ਗੁਰੂ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਅਪਨਾਉਣ ਦੀ ਲੋੜ ਹੈ ਤਾਂ ਜੋ ਵਿਸ਼ਵਭਰ ਵਿਚ ਮਨੁੱਖਤਾ ਦਾ ਕਲਿਆਣ ਹੋ ਸਕੇ। ਸਾਨੂੰ ਗੁਰੂ ਸਾਹਿਬ ਦੀ ਇਸ ਮੁੱਲਵਾਨ ਵਿਚਾਰਧਾਰਾ 'ਤੇ ਚੱਲਣ ਲਈ ਦ੍ਰਿੜ੍ਹ ਸੰਕਲਪੀ ਹੋਣਾ ਚਾਹੀਦਾ ਹੈ, ਤਾਂ ਹੀ ਅਸੀਂ ਉਨ੍ਹਾਂ ਦਾ ਪ੍ਰਕਾਸ਼ ਪੁਰਬ ਸਹੀ ਅਰਥਾਂ ਵਿਚ ਮਨਾ ਸਕਾਂਗੇ।।

***-ਡਾ. ਸੰਦੀਪ ਸਿੰਘ ਮੁੰਡੇ***
***ਪ੍ਰਿੰਸੀਪਲ, ਗੁਰੂ ਹਰਿਗੋਬਿੰਦ ਸਾਹਿਬ ਪੀਜੀ ਕਾਲਜ,***
***ਸੀ.ਸੀ. ਹੈਡ, ਸ਼੍ਰੀਗੰਗਾਨਗਰ (ਰਾਜਸਥਾਨ)***
***ਫੋਨ: 94136-52646***

## ਗੁਰੂ ਨਾਨਕ ਨੇ

ਅੰਧ ਵਿਸ਼ਵਾਸਾਂ ਨੂੰ ਸਮਝਾਇਆ ਸੀ,
ਗੁਰੂ ਨਾਨਕ ਨੇ
ਇਕ ਸੁੰਦਰ ਸੰਸਾਰ ਬਣਾਇਆ ਸੀ,
ਗੁਰੂ ਨਾਨਕ ਨੇ।
ਅੰਧ ਵਿਸ਼ਵਾਸਾਂ ਨੂੰ ਸਮਝਾਇਆ ਸੀ,
ਗੁਰੂ ਨਾਨਕ ਨੇ।
ਮਾਤਾ ਤ੍ਰਿਪਤਾ ਦੇ ਘਰ ਜਨਮੇ,
ਮਹਿਤਾ ਕਾਲੂ ਜੀ ਦੇ ਜਾਏ।
ਰਾਇ ਭੋਇ ਤਲਵੰਡੀ ਅੰਦਰ,
ਇਕ ਜੋਤੀ ਲੈ ਕੇ ਆਏ।
ਕਿਰਸਾਨੀ ਤੇ ਲੇਖਣ ਨੂੰ
ਮਾਨਵਤਾ ਵਿਚ ਪਰੋਇਆ।
ਵਿਸ਼ਵ ਜਗਤ ਦੀ ਵਾਸਤਵਿਕਤਾ
ਦੇ ਵਿਚ ਚਾਨਣ ਹੋਇਆ।
ਬੀਬੀ ਸੁਲੱਖਣੀ ਦੇ ਨਾਲ
ਸ਼ਾਦੀ ਦੇ ਬੰਧਨ ਵਿਚ ਬੱਝੇ।
ਲਖਮੀ ਚੰਦ ਤੇ ਸ੍ਰੀ ਚੰਦ ਜੀ,
ਦੋ ਇਨ੍ਹਾਂ ਦੇ ਉੱਦਮੀ ਬੱਚੇ।
ਬੀਬੀ ਨਾਨਕੀ ਆਪਣੀ ਭੈਣ ਦਾ
ਢਾਡਾ ਪਿਆਰ ਸੀ ਪਾਇਆ।
ਏਸ ਪਵਿੱਤਰ ਰਿਸ਼ਤੇ ਦਾ ਸੀ
ਇਕ ਇਤਿਹਾਸ ਬਣਾਇਆ।
ਬਾਬਾ ਨਾਨਕ ਨੇ ੧ਓ ਦਾ
ਐਸਾ ਪ੍ਰਤੀਕ ਬਣਾਇਆ।
ਇਸ ਦੇ ਬਦਲੇ ਅੱਜ ਤਕ
ਕੋਈ ਦੂਜਾ ਨਾਂ ਨਈਂ ਆਇਆ।
ਕਵਿਤਾ ਵਿਚ ਪ੍ਰਤੀਕਾਂ ਬਿੰਬਾਂ
ਤਸ਼ਬੀਹਾਂ ਦੇ ਸੂਰਜ।
ਇਨਸਾਨੀ ਕਦਰਾਂ-ਕੀਮਤਾਂ ਦੀ
ਜਿਸ ਵਿਚ ਹੈ ਇਕ ਸੂਰਤ।
ਆਗਾਮੀ ਪੀੜ੍ਹੀਆਂ ਲਈ ਬਾਣੀ ਹੈ,
ਇਕ ਚੜ੍ਹਦਾ ਸੂਰਜ।
ਮਾਨਵ-ਆਜ਼ਾਦੀ ਦਾ ਅਦਭੁਤ
ਨੇਰੇ ਵਿਚ ਨਾ ਖੜ੍ਹਦਾ ਸੂਰਜ।
ਮੀਲ ਹਜ਼ਾਰਾਂ ਪੈਦਲ ਚੱਲ ਕੇ
ਚਿੰਤਨ ਨੂੰ ਰੁਸ਼ਨਾਇਆ।
ਸਮਾਜਿਕ ਇਨਸਾਫ਼ ਲਈ ਖ਼ੁਦ ਨੂੰ
ਕਸ਼ਟਾਂ ਦੇ ਵਿਚ ਪਾਇਆ।
ਦੰਪਤੀ ਜੀਵਨ ਦੀ ਕੀਤੀ ਹੈ,
ਬਾਣੀ ਵਿਚ ਵਡਿਆਈ।
ਦੈਹਿਕ-ਭੌਤਿਕ ਸੁੱਖਾਂ ਦੀ ਵੀ
ਕੀਤੀ ਰਹਿਨੁਮਾਈ।
ਬਾਲਾ ਤੇ ਮਰਦਾਨਾ ਦੋਵੇਂ
ਸੱਚੇ ਮਿੱਤਰ ਨਾਲ ਰਹੇ।
ਕੀਰਤਨ ਦੀ ਮਰਿਆਦਾ ਅੰਦਰ
ਬਣ ਕੇ ਸੱਚੀ ਢਾਲ ਰਹੇ।
ਦੇਸ ਵਿਦੇਸ਼ਾਂ ਦੀ ਮਾਨਵਤਾ ਨੂੰ
ਸਿੱਧੇ ਰਾਹੇ ਪਾਇਆ।
ਰੂਪ ਵਿਧਾਨਾਂ ਵਾਲੀ ਕਵਿਤਾ ਦੇ
ਵਿਚ ਜਗਤ ਸਜਾਇਆ।
ਜਾਗਰਣ ਪ੍ਰੇਰਣਾ, ਸੰਘਰਸ਼,
ਕਰਤੱਵ, ਵਿਚਾਰਕ ਚਿੰਤਨ ਸ਼ਕਤੀ।
ਇਨ੍ਹਾਂ ਤੱਤਾਂ ਦੇ ਵਿਚ ਭਰ 'ਤੀ
ਸਾਰੀ ਸਮਤੀ ਭਗਤੀ।
ਅੰਤ ਸਮੇਂ ਵਿਚ ਮਿਹਨਤ ਕਰ ਕੇ
ਖੇਤੀ ਨੂੰ ਅਪਣਾਇਆ।
ਤਾਂ ਫਿਰ 'ਬਾਲਮ' ਬਾਬਾ ਨਾਨਕ,
ਨਾਨਕ ਸੀ ਕਹਿਲਾਇਆ।
ਕਰਤਾਰਪੁਰੇ ਵਿਚ 69 ਸਾਲੀਂ
ਜੋਤੀ-ਜੋਤ ਸਮਾਏ।
ਸਭ ਧਰਮਾਂ ਦੇ ਰਹਿਬਰ ਬਣ ਕੇ
ਇਕ ਇਨਸਾਨ ਕਹਾਏ।

***-ਬਲਵਿੰਦਰ ਬਾਲਮ ਗੁਰਦਾਸਪੁਰ***

## ਨਾਨਕ ਸ਼ਾਹ ਫ਼ਕੀਰ

ਮੱਕੇ ਦਾ ਪੀਰ
ਨਾਨਕ ਸ਼ਾਹ ਫ਼ਕੀਰ
ਬਣਾ ਕੇ ਭੇਸ ਦਰਵੇਸ਼ ਦਾ,
ਸੰਗ ਭਾਈ ਮਰਦਾਨਾ,
ਤੁਰ ਪਏ ਨੇ ਸੁਲਤਾਨਪੁਰੋਂ,
ਮੱਕੇ ਦਾ ਸੇਧ ਨਿਸ਼ਾਨਾ,
ਪਾਕਪਟਨ ਤੋਂ ਸਾਂਭ ਲਈ,
ਬਾਬੇ ਫਰੀਦ ਦੀ ਬਾਣੀ,
ਕਰਾਚੀਓਂ ਅੱਗੇ ਠਿੱਲ੍ਹ ਪਏ,
ਫਿਰ ਸਮੁੰਦਰ ਥਾਣੀ।
ਜਾ ਪਹੁੰਚੇ ਜੇਦਾਹ ਸ਼ਹਿਰ,
ਸਾਊਦੀ ਅਰਬ ਦੇ ਦੇਸ਼,
ਦੇਣ 'ਰੱਬ ਭਾਈ ਇੱਕ ਹੈ,
ਨਾਮੁ ਜਪੋ ਦਾ ਉਪਦੇਸ਼',
ਉੱਥੋਂ ਪੈਰੀਂ ਚਾਲੇ ਪਾ ਲਏ,
ਵੱਲ ਪਾਕ ਪਵਿੱਤਰ ਮੱਕੇ,
ਹਾਜੀ ਜ਼ਿਆਰਤ ਕਰਦੇ,
ਜਿੱਥੇ ਮੁਸਲਮਾਨ ਹੋ ਪੱਕੇ।

ਮੁਕਾਇਆ ਲੰਬਾ ਪੈਂਡਾ,
ਬਾਬੇ ਮੱਕੇ ਜਾ ਲਾਏ ਡੇਰੇ,
ਸੁੱਟ ਮੁਸੱਲਾ ਲੇਟ ਗਏ,
ਝੱਟ ਆ ਮੌਲਵੀਆਂ ਘੇਰੇ,
ਅਖੇ 'ਉੱਠ ਓਏ ਕਾਫ਼ਰਾ,
ਕਿਉਂ ਪੈਰ ਕਾਬੇ ਨੂੰ ਕੀਤੇ?
ਉਧਰ ਖ਼ੁਦਾ ਵੱਸਦਾ,
ਤੂੰ ਪਾਪਾਂ ਦੇ ਛਾਬੇ ਭਰ ਲੀਤੇ।'

ਅੱਗ ਬਬੂਲੇ ਮੌਲਵੀ ਨੂੰ,
ਕਹੇ ਬਾਬਾ ਸ਼ਾਂਤ ਹੋ ਜਾਵੋ,
'ਜਿਧਰ ਰੱਬ ਨਾ ਵਸੇ,
ਉੱਧਰ ਚੁੱਕ ਪੈਰ ਖਿਸਕਾਵੋ,'
ਗੁੱਸੇ 'ਚ ਆਏ ਖਾਦਿਮਾਂ,
ਫਿਰ ਚੁੱਕ ਲੱਤਾਂ ਘੁਮਾਏ,
ਨਾਲੇ ਕਾਬਾ ਘੁੰਮਦਾ,
ਮੌਲਵੀ ਤੱਕਦਿਆਂ ਚਕਰਾਏ।
ਢਹਿ ਪਏ ਚਰਨਾਂ 'ਤੇ,
ਕਹਿਣ ਗੁਨਾਹ ਸਾਡੇ ਬਖਸ਼ੋ,
ਭੁੱਲ ਚੁੱਕ ਕਰੋ ਮੁਆਫ਼,
ਨਜ਼ਰ-ਏ-ਰਹਿਮਤਾਂ ਬਖਸ਼ੋ,
ਤਰਕ ਦੇ ਕੇ ਸਮਝਾਏ,
ਇੱਕ ਥਾਂ ਨਹੀਂ ਬੱਝਿਆ,
ਖ਼ੁਦਾ ਵਸੇ ਹਿਆਲੀਐ,
ਜਿਨ੍ਹਾਂ ਟੋਲ੍ਹਿਆ ਲੱਭਿਆ।

ਵੰਡ ਕੇ ਸੰਦੇਸ਼ ਮੱਕੇ ਤੋਂ,
ਪਾਏ ਮਦੀਨੇ ਵੱਲ ਨੂੰ ਚਾਲੇ,
ਭੁੱਲੇ ਨੂੰ ਰਾਹ ਪਾਣ ਦੀ,
ਤੀਬਰ ਚਾਹਤ ਸੀ ਹਾਲੇ।
ਕੁਵੈਤ ਬਸਰਾ ਕਰਬਲਾ,
ਬਗਦਾਦ ਨੂੰ ਤੁਰਦੇ ਜਾਂਦੇ,
ਜਪਦੇ ਜਾਂਦੇ ਨਾਮੁ ਖੁਦ,
ਨਾਲੇ ਹੋਰਾਂ ਨੂੰ ਜਪਾਉਂਦੇ।

ਇਰਾਨ, ਤੁਰਕਸਤਾਨ,
ਕਾਬੁਲ ਵੱਲ ਮੋੜੇ ਪਾਏ,
ਸਿੱਖੀ ਪਰਿਪੱਕ ਕਰੀ,
ਅਬਦਾਲ ਹਸਨ ਸਿਧਾਏ।
ਸਤਾਵੇ ਵਲੀ ਕੰਧਾਰੀ,
ਸੁਣਾਏ ਲੋਕਾਂ ਦੁੱਖ ਡਾਢੇ,
ਲਾ ਪੰਜਾ ਪਹਾੜੀ 'ਤੇ,
ਗੁਰੂ ਝੀਲ ਨੂੰ ਲਾਏ ਵਾਢੇ।

***-ਸੇਵਾ ਸਿੰਘ ਨੂਰਪੁਰੀ***

# GURDWARA SANT SAGAR

242-25 Braddock Ave., Bellerose NY 11426. Ph.: 718-343-1030

## ਗੁਰਦੁਆਰਾ ਸੰਤ ਸਾਗਰ ਦੀ ਸੰਗਤ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

### ਪ੍ਰੋਗਰਾਮ:

15 ਨਵੰਬਰ ਤੋਂ 21 ਨਵੰਬਰ ਤੱਕ ਸ਼ਾਮ 5:15 ਤੋਂ 9:15 ਵਜੇ ਤੱਕ ਰੋਜ਼ਾਨਾ ਦੀਵਾਨ
18 ਨਵੰਬਰ, ਦਿਨ ਵੀਰਵਾਰ ਨੂੰ ਸ਼ਾਮ 5:30 ਤੋਂ ਰਾਤ 12:30 ਵਜੇ ਤੱਕ ਦੀਵਾਨ
ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ
ਭਾਈ ਸਾਹਿਬ ਸਿੰਘ ਜੀ ਕੈਨੇਡਾ ਵਾਲੇ
ਰਾਤ 11:20 ਤੋਂ 12:00 ਵਜੇ ਤੱਕ
ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਕੀਤੀ ਜਾਵੇਗੀ।
ਲੰਗਰ ਦੀ ਸੇਵਾ: ਨਿਸ਼ਕਾਮ ਸੇਵਕ ਜਥੇ ਵੱਲੋਂ
19 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ ਅਖੰਡ ਪਾਠ ਸਾਹਿਬ ਦਾ ਭੋਗ
1:00 ਵਜੇ ਤੱਕ ਦੀਵਾਨ ਸਜਣਗੇ
ਸ਼ਾਮ 5 ਵਜੇ ਦੋ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ

ਨਗਰ ਕੀਰਤਨ ਤੇ ਗੁਰਪੁਰਬ ਵਿੱਚ ਭਾਈ ਸੱਜਣ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਭਾਈ ਰਾਏ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਕਥਾ ਵਾਚਕ ਗਿਆਨੀ ਸਾਹਿਬ ਸਿੰਘ ਜੀ ਕੈਨੇਡਾ ਵਾਲੇ, ਢਾਡੀ ਮੋਹਣ ਸਿੰਘ ਜੀ ਬਡਾਣਾ ਤੇ ਹੋਰ ਪੰਥ ਪ੍ਰਸਿੱਧ ਰਾਗੀ ਜਥੇ, ਕਥਾਵਾਚਕ ਤੇ ਢਾਡੀ ਜਥੇ ਹਾਜ਼ਰੀ ਭਰਨਗੇ। ਗੁਰਪੁਰਬ ਦੇ ਸਬੰਧ ਵਿੱਚ ਹਰ ਸਾਲ ਦੀ ਤਰ੍ਹਾਂ 29 ਅਗਸਤ ਤੋਂ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕਿ 14 ਨਵੰਬਰ ਨੂੰ ਸਮਾਪਤ ਹੋਣਗੀਆਂ।18 ਨਵੰਬਰ ਦਿਨ ਵੀਰਵਾਰ ਨੂੰ ਪ੍ਰਕਾਸ਼ ਦਿਹਾੜੇ ਦੇ ਪ੍ਰੋਗਰਾਮਾਂ ਦਾ ਸਿੱਧਾ ਪ੍ਰਸਾਰਣ ਪੀ. ਟੀ. ਸੀ. ਪੰਜਾਬੀ 'ਤੇ ਚੱਲੇਗਾ
ਗੁਰੂ ਕਾ ਲੰਗਰ ਅਤੁੱਟ ਵਰਤੇਗਾ।

Please subscribe and watch every Sunday and Gurpurab diwan live on Gurdwara Sant Sagar's YouTube channel.

Follow Gurdwara Sant Sagar on Instagram

Join WhatsApp group of Gurdwara Sant Sagar

LIVE STREAMING


18 ਨਵੰਬਰ ਦਿਨ ਵੀਰਵਾਰ ਨੂੰ ਪ੍ਰਕਾਸ਼ ਦਿਹਾੜੇ ਦੇ ਪ੍ਰੋਗਰਾਮਾਂ ਦਾ ਸਿੱਧਾ ਪ੍ਰਸਾਰਣ ਪੀ. ਟੀ. ਸੀ. ਪੰਜਾਬੀ ਤੇ ਚੱਲੇਗਾ ਅਤੇ ਰਿਕਾਰਡਿੰਗ YouTube ਤੇ ਦੇਖ ਸਕਦੇ ਹੋ।

Program will telecast live on PTC PUNJABI TV84 & recording on GLOBAL PUNJAB

On Nov. 18th, 2021 Program will start at 5:30 pm and will end at midnight after doing aarti, flower shower & Ardas. Famous Raagi Jathas, Pracharaks & Dhadhi Jathas are participating in both programs.

ਭਾਰਤ ਵਿੱਚ ਕਿਸਾਨ ਪਿਛਲੇ 10 ਮਹੀਨਿਆਂ ਤੋਂ ਸਰਕਾਰ ਵੱਲੋਂ ਜਬਰਦਸਤੀ ਥੋਪੇ ਗਏ ਤਿੰਨ ਕਾਲੇ ਕਨੂੰਨਾਂ ਨੂੰ ਰੱਦ ਕਰਾਉਣ ਵਾਸਤੇ ਮੋਰਚਾ ਲਗਾ ਕੇ ਬੈਠੇ ਹਨ। ਜਿਸ ਵਿਚ ਹੁਣ ਤੱਕ 600 ਤੋਂ ਵੱਧ ਕਿਸਾਨ ਸ਼ਹੀਦੀਆਂ ਪਾ ਗਏ ਹਨ। ਗੁਰਦੁਆਰਾ ਸੰਤ ਸਾਗਰ ਦੀ ਸਮੂਹ ਸੰਗਤ ਸ਼ਹੀਦ ਹੋਏ ਕਿਸਾਨਾਂ ਦੀ ਆਤਮਕ ਸ਼ਾਂਤੀ ਲਈ ਤੇ ਮੋਰਚੇ ਵਿਚ ਬੈਠੇ ਕਿਸਾਨ ਵੀਰਾਂ ਦੀ ਕਾਮਯਾਬੀ ਦੀ ਅਰਦਾਸ ਕਰਦੀ ਹੈ ਅਤੇ ਕਿਸਾਨ ਮੋਰਚੇ ਦਾ ਪੁਰਜ਼ੋਰ ਸਮਰਥਨ ਕਰਦੀ ਹੈ।

Indian farmers are protesting for the last 10 months against the three unfair and biased laws set by government. More than 600 hundreds farmers have sacrificed their lives during the protests. We pray that may God rest the martyred farmers' soul in peace, and the farmers succeed in getting the black laws cancelled. NO FARMERS NO FOOD. WE SUPPORT FARMERS.



ਗੁਰੂ ਸੰਗਤਾਂ ਦਾ ਦਾਸ - ਭਾਈ ਸੱਜਣ ਸਿੰਘ

ਸਾਬਕਾ ਹਜ਼ੂਰੀ ਰਾਗੀ - ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ), ਮੁੱਖ ਸੰਚਾਲਕ-ਗੁਰਦੁਆਰਾ ਸੰਤ ਸਾਗਰ, ਬੈੱਲਰੋਜ਼, ਨਿਊਯਾਰਕ

# ਅਫਗਾਨਿਸਤਾਨ ਵਿਚ ਕਸੂਤਾ ਫਸਿਆ ਭਾਰਤ

10 ਨਵੰਬਰ ਨੂੰ ਅਫਗਾਨਿਸਤਾਨ ਬਾਰੇ ਦਿੱਲੀ ਵਿਚ ਹੋਈ ਪ੍ਰਮੁੱਖ ਅਹਿਲਕਾਰਾਂ ਦੀ ਖੇਤਰੀ ਕਾਨਫਰੰਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਤੋਂ ਸੰਕੇਤ ਮਿਲਿਆ ਹੈ ਕਿ ਭਾਰਤ ਅਫਗਾਨਿਸਤਾਨ ਦੀ ਹੋਣੀ, ਉਸ ਪ੍ਰਤੀ ਖਿੱਤੇ ਦੇ ਹੋਰਨਾਂ ਮੁਲਕਾਂ ਦੇ ਦੇ ਰਵੱਈਏ ਅਤੇ ਮੌਜੂਦਾ ਹਾਲਾਤ ਵਿਚ ਆਪਣੀ ਕਾਰਗਰਤਾ ਤੇ ਪ੍ਰਸੰਗਿਕਤਾ ਬਣਾਈ ਰੱਖਣ ਲਈ ਕਾਫੀ ਜ਼ਿਆਦਾ ਹੱਥ ਪੈਰ ਮਾਰ ਰਿਹਾ ਹੈ।

ਜਿਸ ਢੰਗ ਨਾਲ ਅਫਗਾਨ ਨੀਤੀਆਂ ਨਾਕਾਮ ਸਾਬਿਤ ਹੋਈਆਂ ਹਨ, ਉਹ ਭਾਰਤੀ ਨਿਜ਼ਾਮ ਲਈ

**ਐਮ. ਕੇ. ਭੱਦਰਕੁਮਾਰ**

ਬਹੁਤ ਹੀ ਅਣਕਿਆਸਿਆ ਘਟਨਾਕ੍ਰਮ ਸੀ। ਕਾਬੁਲ ਵਿਚ ਮੁੱਠੀ ਭਰ ਲੋਕਾਂ ਨਾਲ ਕੀਤੇ ਗਏ ਜੋੜ-ਤੋੜ ਦੇ ਸਿੱਟੇ ਵਜੋਂ ਇਸ ਨੇ ਸੌੜਾ ਜਿਹਾ ਨਜ਼ਰੀਆ ਬਣਾਇਆ ਹੋਇਆ ਸੀ। ਪਿਛਲੇ ਹਫਤੇ ਕਾਬੁਲ ਵਿਚ ਰੂਸ ਦੇ ਰਾਜਦੂਤ ਦਮਿਤਰੀ ਜ਼ਿਰਨੋਵ ਨੇ ਆਖਿਆ ਸੀ- "ਅਸੀਂ ਜਾਣਦੇ ਸਾਂ ਕਿ ਅਫਗਾਨ ਫੌਜ ਉਨ੍ਹਾਂ (ਰਾਸ਼ਟਰਪਤੀ ਅਸ਼ਰਫ਼ ਗ਼ਨੀ) ਦੇ ਨਾਲ ਨਹੀਂ ਖੜ੍ਹੇਗੀ ਕਿਉਂਕਿ ਉਨ੍ਹਾਂ ਨੇ ਫੌਜੀਆਂ ਦੀਆਂ ਤਨਖਾਹਾਂ ਹੀ ਨਹੀਂ ਦਿੱਤੀਆਂ ਸਨ। ਸਾਨੂੰ ਇਹ ਗੱਲ ਅਫਗਾਨ ਫੌਜੀਆਂ ਤੋਂ ਪਤਾ ਲੱਗੀ ਸੀ; ਤੇ ਸਭ ਤੋਂ ਅਹਿਮ ਗੱਲ ਇਹ ਰਹੀ ਕਿ ਅਸੀਂ ਤਾਲਿਬਾਨ ਖੇਮੇ ਸਮੇਤ ਵੱਖ ਵੱਖ ਸੂਤਰਾਂ ਤੋਂ ਜਾਣਕਾਰੀ ਇਕੱਤਰ ਕੀਤੀ ਸੀ ਕਿ ਕਾਬੁਲ ਵਿਚ ਤਾਲਿਬਾਨ ਦਾ ਦਾਖਲਾ ਖ਼ੂਨ ਖਰਾਬੇ ਵਾਲਾ ਨਹੀਂ ਰਹੇਗਾ ਤੇ ਰੂਸੀ ਕੂਟਨੀਤਕ ਮਿਸ਼ਨ ਅਤੇ ਹੋਰਨਾਂ ਕੂਟਨੀਤਕ ਮਿਸ਼ਨਾਂ ਲਈ ਵੀ ਕੋਈ ਖਤਰਾ ਨਹੀਂ ਹੋਵੇਗਾ।" ਜ਼ਿਰਨੋਵ ਨੇ ਉਨ੍ਹਾਂ ਸਰਕਾਰਾਂ ਦਾ ਮਖੌਲ ਉਡਾਇਆ ਹੈ ਜੋ ਕਾਬੁਲ ਵਿਚਲੇ ਆਪਣੇ ਦੂਤਾਵਾਸ ਬੰਦ ਕਰ ਕੇ ਉੱਥੋਂ ਦੌੜ ਗਈਆਂ ਸਨ।

ਇਹ ਤੈਅ ਹੈ ਕਿ ਖੁਫੀਆ ਤੰਤਰ ਨਾਕਾਮ ਸਿੱਧ ਹੋਇਆ ਹੈ। ਬਰਤਾਨਵੀ ਫੌਜ ਦੇ ਮੁਖੀ ਜਨਰਲ ਨਿਕ ਕਾਰਟਰ ਨੇ ਵੀ ਪਿਛਲੇ ਹਫਤੇ ਹਾਊਸ ਆਫ ਕਾਮਨਜ਼ 'ਚ ਇਹ ਗੱਲ ਸਵੀਕਾਰ ਕੀਤੀ ਸੀ ਕਿ ਉਹ ਇਹ ਜਾਣਦੇ ਸਨ ਕਿ ਅਫਗਾਨ ਫੌਜ ਤਾਸ਼ ਦੇ ਪੱਤਿਆਂ ਵਾਂਗ ਖਿੰਡ ਜਾਵੇਗੀ। ਪਿਛਲੇ ਹਫਤੇ ਹੀ ਬੀਬੀਸੀ ਨਾਲ ਇੰਟਰਵਿਊ ਵਿਚ ਅਫਗਾਨਿਸਤਾਨ ਦੇ ਸਾਬਕਾ ਵਿੱਤ ਮੰਤਰੀ ਖਾਲਿਦ ਪਾਇੰਦਾ ਨੇ ਸਰਕਾਰ ਦੀ ਨਾਕਾਮੀ ਲਈ ਭ੍ਰਿਸ਼ਟ ਅਫਸਰਾਂ ਤੇ ਅਧਿਕਾਰੀਆਂ ਨੂੰ ਕਸੂਰਵਾਰ ਠਹਿਰਾਇਆ ਜਿਨ੍ਹਾਂ ਨੇ ਅਜਿਹੇ 'ਫਰਜ਼ੀ ਫੌਜੀ' ਭਰਤੀ ਕੀਤੇ ਹੋਏ ਸਨ ਜੋ ਤਾਲਿਬਾਨ ਕੋਲੋਂ ਵੀ ਤਨਖਾਹਾਂ ਲੈਂਦੇ ਸਨ।

ਜਨਾਬ ਪਾਇੰਦਾ ਨੇ ਆਖਿਆ ਕਿ ਅਸਲ ਲੜਾਕੂ ਫੌਜ ਦੀ ਸੰਖਿਆ 50 ਹਜ਼ਾਰ ਦੇ ਆਸ-ਪਾਸ ਸੀ ਜਦਕਿ ਇਸ ਦੀ ਨਫਰੀ ਇਸ ਨਾਲੋਂ ਛੇ ਗੁਣਾ ਵੱਧ ਦਰਸਾਈ ਜਾ ਰਹੀ ਸੀ। ਇਸ ਵਿਚ ਭਗੌੜੇ ਅਤੇ ਫੌਤ ਹੋ ਚੁੱਕੇ ਫੌਜੀ ਵੀ ਦਿਖਾਏ ਜਾਂਦੇ ਸਨ ਜਿਨ੍ਹਾਂ ਦਾ ਕਿਤੇ ਕੋਈ ਰਿਕਾਰਡ ਹੀ ਨਹੀਂ ਮਿਲਿਆ ਸੀ ਕਿਉਂਕਿ ਉਨ੍ਹਾਂ ਦੇ 'ਬੈਂਕ ਕਾਰਡ' ਕੁਝ ਕਮਾਂਡਰ ਹੀ ਰੱਖਦੇ ਸਨ ਤੇ ਉਨ੍ਹਾਂ ਦੇ ਨਾਂ ਤੇ ਤਨਖਾਹਾਂ ਲੈਂਦੇ ਰਹਿੰਦੇ ਸਨ। ਨਵੀਂ ਦਿੱਲੀ ਨੂੰ ਸ਼ਾਇਦ ਹੁਣ ਇਹ ਅਹਿਸਾਸ ਹੋ ਗਿਆ ਹੈ ਕਿ ਗਨੀ ਦੇ ਕੁਝ ਨੇੜਲਿਆਂ ਨੇ ਭਾਰਤ ਨੂੰ ਵੀ ਹਨੇਰੇ ਵਿਚ ਰੱਖਿਆ ਤੇ ਇਸ ਨਾਲ ਭਾਰਤ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਿਆ। ਉਹ ਲੋਕ ਅਫਗਾਨਿਸਤਾਨ ਵਿਚੋਂ ਪੱਤਰਾ ਵਾਚ ਗਏ ਤੇ ਅੱਜ ਉਨ੍ਹਾਂ ਦੀ ਕੋਈ ਸੱਦ-ਪੁੱਛ ਨਹੀਂ ਰਹੀ।

ਅਫਸੋਸ ਦੀ ਗੱਲ ਹੈ ਕਿ ਸਾਡੇ ਮੁਲਕ ਵਿਚ ਵਿਦੇਸ਼ ਨੀਤੀ ਅਤੇ ਕੂਟਨੀਤੀ ਵਿਚੋਂ ਕਾਫੀ ਸਹਿਮ ਦੇ ਸੰਕੇਤ ਨਜ਼ਰ ਆ ਰਹੇ ਹਨ ਅਤੇ ਇਹ ਕੌਮਾਂਤਰੀ ਸੰਬੰਧਾਂ ਤੇ ਆਲਮੀ ਨਿਜ਼ਾਮ ਬਾਰੇ ਪੀਐਚਡੀ ਖੋਜ ਕਾਰਜ ਜਿਹਾ ਕਾਰਜ ਨਜ਼ਰ ਆ ਰਿਹਾ ਹੈ। ਬੁਨਿਆਦੀ ਗੱਲ ਇਹ ਹੈ ਕਿ ਅਫਗਾਨਿਸਤਾਨ ਦੀ ਭੂ-ਰਾਜਸੀ ਹਾਲਤ ਇਸ ਤਰ੍ਹਾਂ ਦੀ ਹੈ ਕਿ ਅਮਰੀਕਾ ਮੁਕਾਮੀ ਭਿਆਲ ਹਾਸਲ ਕਰਨ ਲਈ ਅੱਕੀਂ ਪਲਾਹੀਂ ਹੱਥ ਮਾਰ ਰਿਹਾ ਹੈ ਕਿਉਂਕਿ ਏਸ਼ੀਆ ਤੇ ਯੂਰਪ ਵਿਚ ਇਸ ਕੋਲ ਨਾਮਾਤਰ ਹੀ ਭਿਆਲ ਬਚੇ ਹਨ ਅਤੇ ਇਸ ਨੂੰ ਮਹਿਸੂਸ ਹੋ ਰਿਹਾ ਹੈ ਕਿ ਇਕ ਪਾਸੇ ਚੀਨ ਅਤੇ ਰੂਸ ਦੀ ਖੇਤਰੀ ਸਾਂਝ ਭਿਆਲੀ ਤੇ ਦੂਜੇ ਪਾਸੇ ਇਰਾਨ ਦਾ ਉਭਾਰ ਨਵੀਂ ਹਕੀਕਤ ਦੇ ਰੂਪ ਵਿਚ ਉਭਰ ਰਿਹਾ ਹੈ। ਅਜਿਹੇ ਸਮੇਂ ਵਿਚ ਭਾਰਤ ਨੇ ਪੱਛਮੀ ਏਸ਼ੀਆ ਵਿਚ ਅਮਰੀਕਾ ਦੀ ਅਗਵਾਈ ਵਾਲੇ ਗੁੱਟ ਦੇ ਟੇਟੇ ਚੜ੍ਹ ਕੇ ਵੱਡੀ ਖਤਾ ਕਰ ਲਈ ਹੈ ਜਿਸ ਕਰ ਕੇ ਸਮੁੱਚੇ ਖਿੱਤੇ ਅੰਦਰ ਇਸ ਦੀ ਹੈਸੀਅਤ ਹੋਰ ਜ਼ਿਆਦਾ ਨਿਗੂਣੀ ਬਣ ਕੇ ਰਹਿ ਜਾਵੇਗੀ।

ਭਾਰਤ ਜਿਵੇਂ ਅਮਰੀਕੀ ਪ੍ਰੋਜੈਕਟ ਦਾ ਦੁੰਮਛੱਲਾ ਬਣ ਕੇ ਵਿਚਰ ਰਿਹਾ ਹੈ, ਉਹ ਖੇਤਰੀ ਸੋਚ ਨਾਲ ਮੇਲ ਨਹੀਂ ਖਾ ਰਿਹਾ। ਉਂਝ, ਇਹ ਵਿਰੋਧਾਭਾਸ ਹੀ ਕਿਹਾ ਜਾਵੇਗਾ ਕਿ ਜਿਵੇਂ ਦਿੱਲੀ ਕਾਨਫਰੰਸ ਵਿਚ ਹਾਜ਼ਰੀ ਰਹੀ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਜ਼ਮੀਨੀ ਪੱਧਰ ਤੇ ਅਜੇ ਵੀ ਭਾਰਤ ਦੇ ਹੱਕ ਵਿਚ ਕਾਫੀ ਹਮਾਇਤ ਮੌਜੂਦ ਹੈ। ਦਲੀਲ ਦੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਖੇਤਰੀ ਮੁਲਕਾਂ ਵਲੋਂ ਭਾਰਤ ਨੂੰ ਆਪਣੀ ਆਜ਼ਾਦਾਨਾ ਵਿਦੇਸ਼ ਨੀਤੀਆਂ ਤੇ ਚੱਲਣ ਲਈ ਹੱਲਾਸ਼ੇਰੀ ਦਿੱਤੀ ਜਾਵੇਗੀ। ਚੀਨ ਤੇ ਪਾਕਿਸਤਾਨ ਹੀ ਅਜਿਹੇ ਦੋ ਮੁਲਕ ਹਨ ਜਿਨ੍ਹਾਂ ਨੇ ਇਸ ਕਾਨਫਰੰਸ ਲਈ ਭਾਰਤ ਦਾ ਸੱਦਾ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ ਸੀ। ਭਾਰਤ ਅਤੇ ਪਾਕਿਸਤਾਨ ਦਰਮਿਆਨ ਚੱਲ ਰਹੀ ਖ਼ੂਨੀ ਮਾਅਰਕੇਬਾਜ਼ੀ ਅਤੇ ਦੋਵਾਂ ਮੁਲਕਾਂ ਦੇ ਦੁਵੱਲੇ ਸੰਬੰਧਾਂ ਦੇ ਚਲੰਤ ਇਤਿਹਾਸ ਦੇ ਮੱਦੇਨਜ਼ਰ ਇਹ ਕੋਈ ਰਾਜ਼ ਦੀ ਗੱਲ ਨਹੀਂ ਹੈ ਕਿ ਇਸ ਕਾਨਫਰੰਸ ਨੂੰ ਲੈ ਕੇ ਭਾਰਤ ਦੇ ਇਰਾਦਿਆਂ ਪ੍ਰਤੀ ਪਾਕਿਸਤਾਨ ਦਾ ਰਵੱਈਆ ਕੁਝ ਜ਼ਿਆਦਾ ਹੀ ਸਨਕੀ ਲੱਗ ਰਿਹਾ ਸੀ। ਵਜ਼ੀਰੇ-ਆਜ਼ਮ ਇਮਰਾਨ ਖਾਨ ਦੇ ਵਤੀਰੇ ਵਿਚੋਂ ਅਜਿਹੇ ਰੰਜਸ਼ੀ ਵਿਹਾਰ ਦੀ ਝਲਕ ਮਿਲੀ ਜਦੋਂ ਉਨ੍ਹਾਂ ਆਖਿਆ ਕਿ ਪਾਕਿਸਤਾਨ ਅਟਾਰੀ-ਵਾਹਗਾ ਸਰਹੱਦੀ ਲਾਂਘੇ ਰਾਹੀਂ ਕਾਬੁਲ ਦੀ ਬੇਨਤੀ ਤੇ ਭਾਰਤ ਵਲੋਂ ਕਣਕ ਭੇਜਣ ਦੀ ਪੇਸ਼ਕਸ਼ ਉੱਤੇ ਹਮਦਰਦੀ ਨਾਲ ਗੌਰ ਕਰੇਗਾ।

ਜਿੱਥੋਂ ਤੱਕ ਪੇਈਚਿੰਗ ਦਾ ਸਵਾਲ ਹੈ, ਇਸ ਨੇ ਕੁਆਡ ਦੇ ਆਲੇ-ਦੁਆਲੇ ਭਾਰਤ ਦੀਆਂ ਖੇਤਰੀ ਰਣਨੀਤੀਆਂ ਦੀ ਦੁਸ਼ਮਣਾਨਾ ਉਡਾਣ ਅਤੇ ਚੀਨ ਦੀ ਘੇਰਾਬੰਦੀ ਤੇ ਚੀਨ-ਪਾਕਿਸਤਾਨ ਆਰਥਿਕ ਲਾਂਘੇ ਨੂੰ ਲੀਹੋਂ ਲਾਹੁਣ ਦੀਆਂ ਕੋਸ਼ਿਸ਼ਾਂ ਤਹਿਤ ਭਾਰਤ ਵਲੋਂ ਉਸ ਨਾਲ ਲਾਤਾਲੁਕੀ ਦਿਖਾਉਣ ਤੇ ਅਮਰੀਕਾ ਦੇ ਜੂਨੀਅਰ ਭਿਆਲ ਵਜੋਂ ਵਿਚਰਨ ਦਾ ਨੋਟਿਸ ਲਿਆ ਹੈ। ਅਮਰੀਕਾ ਸ਼ਿਨਜਿਆਂਗ ਨੂੰ ਅਸਥਿਰ ਕਰਨ ਲਈ ਸਾਂਚੇ ਦੇ ਤੌਰ 'ਤੇ ਅਫਗਾਨਿਸਤਾਨ ਦਾ ਇਸਤੇਮਾਲ ਕਰਨ ਲਈ ਉੱਸਲਵੱਟੇ ਲੈ ਰਿਹਾ ਹੈ। ਇਸ ਵੇਲੇ ਨਵੀਂ ਦਿੱਲੀ ਤੇ ਪੇਈਚਿੰਗ ਦਰਮਿਆਨ ਨਾਮਾਤਰ ਜਿਹਾ ਰਣਨੀਤਕ ਸੰਪਰਕ ਹੈ ਜਿਸ ਕਰ ਕੇ ਇਨ੍ਹਾਂ ਵਿਚਕਾਰ ਅਫਗਾਨਿਸਤਾਨ ਬਾਰੇ ਸਹਿਯੋਗ ਜਾਂ ਤਾਲਮੇਲ ਦੀ ਕੋਈ ਗੁੰਜਾਇਸ਼ ਨਹੀਂ ਬਚੀ ਹਾਲਾਂਕਿ ਦੋਵੇਂ ਮੁਲਕਾਂ ਦੇ ਸਾਂਝੇ ਸਰੋਕਾਰ ਤੇ ਹਿੱਤ ਹਨ।




ਦਿੱਲੀ ਕਾਨਫਰੰਸ ਵਿਚ ਸ਼ਿਰਕਤ ਕਰਨ ਵਾਲੇ ਹੋਰਨਾਂ ਖੇਤਰੀ ਮੁਲਕਾਂ ਨੂੰ ਵੀ ਅਫਗਾਨਿਸਤਾਨ ਬਾਰੇ ਭਾਰਤ ਦੀਆਂ ਨੀਤੀਆਂ ਤੇ ਬਹੁਤਾ ਭਰੋਸਾ ਨਹੀਂ ਹੈ। ਅੱਗੜ ਝਾਤ ਮਾਰਦਿਆਂ ਰੂਸ, ਚੀਨ ਤੇ ਇਰਾਨ ਦਰਮਿਆਨ ਸਾਂਝ ਨੂੰ ਦੇਖਦਿਆਂ ਜੇ ਅਫਗਾਨ ਘਟਨਾਵਾਂ ਮੁਤੱਲਕ ਆਜ਼ਾਦਾਨਾ ਕਾਰਵਾਈਆਂ ਵਿਚ ਕੋਈ ਤਾਲਮੇਲ ਨਾ ਵੀ ਸਹੀ ਤਾਂ ਵੀ ਸਾਂਝੀ ਕਾਰਵਾਈ ਦੀ ਸੰਭਾਵਨਾ ਨਜ਼ਰ ਆ ਰਹੀ ਹੈ ਅਤੇ ਕਾਬੁਲ ਵਿਚ ਐਂਗਲੋ-ਅਮਰੀਕੀ ਜੁੱਟ ਦੀ ਵਾਪਸੀ ਦੀਆਂ ਕੋਸ਼ਿਸ਼ਾਂ ਤੇ ਇਸ ਤਿੱਕੜੀ ਦੀ ਕਰੀਬੀ ਨਜ਼ਰ ਬਣੀ ਰਹੇਗੀ।

ਤਾਲਿਬਾਨ ਮੁਤੱਲਕ ਅਮਰੀਕੀ ਬਿਰਤਾਂਤ 'ਚ ਬਦਲਾਓ ਆਇਆ ਹੈ ਜੋ ਕਦੇ ਤਾਲਿਬਾਨ ਨਾਲ ਸਿੱਧੀ ਟੱਕਰ ਲੈਂਦਾ ਰਿਹਾ ਸੀ ਤੇ ਫਿਰ ਸੁਲ੍ਹਾ ਦੇ ਰਾਹ 'ਤੇ ਆ ਗਿਆ ਤਾਂ ਕਿ ਕਾਬੁਲ 'ਚ ਅੰਤਰਿਮ ਸਰਕਾਰ ਨੂੰ ਕੂਟਨੀਤਕ ਮਾਨਤਾ ਦੇਣ ਅਤੇ ਅਮਰੀਕੀ ਹਿੱਤਾਂ ਨੂੰ ਅਗਾਂਹ ਵਧਾਉਣ ਲਈ ਨਵੇਂ ਰਿਸ਼ਤੇ ਦੀ ਸ਼ੁਰੂਆਤ ਲਈ ਰਾਹ ਪੱਧਰਾ ਹੋ ਸਕੇ। ਖਿੱਤੇ ਅੰਦਰ ਕਸ਼ਮਕਸ਼ ਦਾ ਮਾਹੌਲ ਰਹੇਗਾ ਜਿਸ ਕਰ ਕੇ ਰਾਹ ਪੱਧਰਾ ਕਰਨ ਲਈ ਭਾਰਤ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ।

ਇਹ ਕਹਿਣਾ ਕੁਥਾਂ ਨਹੀਂ ਕਿ ਨਵੀਂ ਦਿੱਲੀ ਸਾਹਮਣੇ ਚੁਣੌਤੀ ਇਹ ਹੈ ਕਿ ਭਾਰਤ ਦੀ ਭੂਮਿਕਾ ਨੂੰ ਕਿੰਝ ਰਣਨੀਤਕ ਜਾਮਾ ਪਹਿਨਾਇਆ ਜਾਵੇ ਜਿੱਥੇ ਭਾਰਤ ਨੂੰ ਆਪਣੇ ਤੌਰ ਤੇ ਇਸ ਦੀ ਰਣਨੀਤੀ ਨੂੰ 'ਭੂ-ਰਾਜਸੀ ਕੋਣ' ਦੇਣ ਦੀ ਬਜਾਇ ਇਸ ਨੂੰ 'ਅਫਗਾਨ ਕੇਂਦਰਤ' ਬਣਾਉਣਾ ਪੈ ਸਕਦਾ ਹੈ ਪਰ ਫਿਰ ਜਿਵੇਂ ਸਾਬਕਾ ਵਿਦੇਸ਼ ਸਕੱਤਰ ਕੇ ਸ੍ਰੀਨਿਵਾਸਨ ਨੇ ਪਿਛਲੇ ਹਫਤੇ ਲਿਖਿਆ ਸੀ- 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਾਰਟੀ ਹਿੰਦ-ਪ੍ਰਸ਼ਾਂਤ ਦੇ ਧੁੰਦਲੇ ਸੂਤਰ ਦੀ ਥਾਹ ਪਾ ਸਕੇਗੀ ਜਾਂ ਨਹੀਂ ਜਿਸ ਦੀ ਵਿਚਾਰਧਾਰਾ, ਝੁਕਾਅ ਤੇ ਖਤਰੇ ਪ੍ਰਤੀ ਇਸ ਦੀ ਧਾਰਨਾ ਪੱਖੋਂ ਬਹੁਤ ਜ਼ਿਆਦਾ ਅਮਰੀਕਾ ਦੇ ਹੱਕ ਵਿਚ ਝੁਕੀ ਹੋਈ ਹੈ।' ਹਾਲਾਂਕਿ ਅਫਗਾਨਿਸਤਾਨ ਵਿਚ ਅਮਰੀਕਾ ਦਾ ਦੁੰਮਛੱਲਾ ਬਣਨ ਦੇ ਆਪਣੇ ਖਤਰੇ ਹਨ ਪਰ ਭਾਰਤ ਲਈ ਯੂਨਾਨ ਦੇ ਮਹਾਨ ਰਾਜੇ ਸਿਸੀਫਸ (ਜਿਸ ਵਲੋਂ ਪਹਾੜੀ ਚੋਟੀ ਤੇ ਧੱਕ ਕੇ ਚੜ੍ਹਾਇਆ ਜਾਂਦਾ ਵੱਡਾ ਪੱਥਰ ਰੋਜ਼ ਹੇਠਾਂ ਆ ਡਿੱਗਦਾ ਸੀ) ਵਾਂਗ ਧਰਮ ਸੰਕਟ ਬਣਿਆ ਹੋਇਆ ਹੈ। ਅਮਰੀਕਾ ਵਲੋਂ ਤਾਲਿਬਾਨ ਸਰਕਾਰ ਨੂੰ ਮਾਨਤਾ ਦੇਣ ਲਈ ਖਾਕੇ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਜਨਰਲ ਕਾਰਟਰ ਨੇ ਇਹ ਗੱਲ ਪ੍ਰਵਾਨ ਕਰਨ ਤੋਂ ਮਨ੍ਹਾ ਕੀਤਾ ਹੈ ਕਿ ਪੱਛਮੀ ਤਾਕਤਾਂ ਨੂੰ ਅਫਗਾਨਿਸਤਾਨ ਵਿਚ 'ਦਾਅਪੇਚਕ ਹਾਰ' ਦਾ ਸਾਹਮਣਾ ਕਰਨਾ ਪਿਆ ਹੈ। ਘਟਨਾਵਾਂ ਵਿਚ ਆ ਰਹੇ ਬਦਲਾਓ ਦਾ ਕਿਆਸ ਕੀਤਾ ਹੀ ਜਾ ਰਿਹਾ ਸੀ। ਲਿਹਾਜ਼ਾ, ਕ੍ਰੈਮਲਿਨ ਦੇ ਇਕ ਪ੍ਰਮੁੱਖ ਅਹਿਲਕਾਰ ਨਿਕੋਲਾਈ ਪਾਤਰੂਸ਼ੇਵ ਨੇ ਦਿੱਲੀ ਕਾਨਫਰੰਸ ਵਿਚ ਅਫਗਾਨਿਸਤਾਨ ਬਾਰੇ ਨਵੀਨਤਮ ਖੇਤਰੀ ਚੌਖਟੇ ਦੀ ਨਕਲ ਮਾਰਨ ਤੋਂ ਖਬਰਦਾਰ ਕੀਤਾ ਹੈ ਜਿਸ ਵੱਲ ਕੰਨ ਧਰਨ ਦੀ ਲੋੜ ਹੈ। ਭਾਰਤ ਆਪਣੀ ਰਣਨੀਤਕ ਖੁਦਮੁਖਤਾਰੀ ਪਹਿਲਾਂ ਹੀ ਗੁਆ ਚੁੱਕਿਆ ਹੈ ਤੇ ਅੱਜ ਇਸ ਦੀ ਅਜਿਹੀ ਹੈਸੀਅਤ ਨਹੀਂ ਹੈ ਕਿ ਉਹ ਖਿੱਤੇ ਦੀ ਧੁਰੀ ਬਣ ਸਕੇ।

# ਭਾਜਪਾ ਨੂੰ ਵੱਡੀ ਪਈ ਵੰਗਾਰ

ਉੱਤਰ ਪ੍ਰਦੇਸ਼, ਪੰਜਾਬ, ਉੱਤਰਾਖੰਡ, ਮਨੀਪੁਰ ਅਤੇ ਗੋਆ ਵਿਚ ਵਿਧਾਨ ਸਭਾ ਚੋਣਾਂ ਲਈ ਬਾਕਾਇਦਾ ਚੋਣ ਮੁਹਿੰਮ ਸ਼ੁਰੂ ਹੋਣ ਵਿਚ ਅਜੇ ਤਕਰੀਬਨ ਤਿੰਨ ਮਹੀਨਿਆਂ ਦੀ ਦੇਰ ਹੈ। ਇਸ ਦੌਰਾਨ ਹੋਣ ਵਾਲੇ ਰਾਜਨੀਤਕ ਘਟਨਾਕ੍ਰਮ ਅਤੇ ਵੱਖ-ਵੱਖ ਪਾਰਟੀਆਂ ਦੀ ਚੋਣਾਵੀ ਵਿਉਂਤਬੰਦੀ ਦੇ ਅਸਰ ਦਾ ਸੁਰਾਗ ਦੇਣ ਲਈ ਸਰਵੇਖਣ ਹੋਣ ਲੱਗੇ ਹਨ। ਸੀਨੀਅਰ ਚੋਣ ਸ਼ਾਸਤਰੀ ਯਸ਼ਵੰਤ ਦੇਸ਼ਮੁੱਖ ਦੀ ਅਗਵਾਈ 'ਚ ਉਨ੍ਹਾਂ ਦੀ ਸੰਸਥਾ ਸੀ-ਵੋਟਰਜ਼ ਵਲੋਂ ਏ.ਬੀ.ਪੀ. ਚੈਨਲ ਲਈ ਸਤੰਬਰ ਤੋਂ ਹੀ ਸਰਵੇਖਣਾਂ ਦਾ ਸਿਲਸਿਲਾ ਚਲਾਇਆ ਗਿਆ। ਇਨ੍ਹਾਂ ਦੀ ਖ਼ਾਸੀਅਤ ਇਹ ਹੈ ਕਿ ਮਹੀਨਾ ਵਾਰ ਬਣਨ ਵਿਗੜਨ ਵਾਲੇ ਰਾਜਨੀਤਕ ਰੁਝਾਨਾਂ 'ਤੇ ਇਸ ਨਾਲ ਰੌਸ਼ਨੀ ਪੈ ਰਹੀ ਹੈ। ਇਸ ਨਾਲ ਇਹ ਵੀ

**ਅਭੈ ਕੁਮਾਰ ਦੂਬੇ**

ਪਤਾ ਲੱਗੇਗਾ ਕਿ ਕਦੋਂ, ਕਿਸ ਰਾਜਨੀਤਕ ਤਾਕਤ ਦੀ ਸਥਿਤੀ 'ਚ ਗਿਰਾਵਟ ਹੋਣੀ ਸ਼ੁਰੂ ਹੋਈ ਅਤੇ ਕਦੋਂ, ਕਿਸ ਨੇ ਆਪਣੀ ਹਾਲਤ ਸੁਧਾਰਨ ਦਾ ਸਿਲਸਿਲਾ ਸ਼ੁਰੂ ਕੀਤਾ। ਚਾਰ ਸੂਬਿਆਂ 'ਚ ਭਾਜਪਾ ਆਪਣੀ ਸਰਕਾਰ ਬਚਾਉਣ ਲਈ ਸੰਘਰਸ਼ ਕਰ ਰਹੀ ਹੈ ਅਤੇ ਇਕ ਸੂਬਾ (ਪੰਜਾਬ) 'ਚ ਕਾਂਗਰਸ।

ਸੀ-ਵੋਟਰ ਦੀ ਸਰਵੇਖਣ ਲੜੀ ਦੀ ਤੀਜੀ ਕੜੀ ਮੋਟੇ ਤੌਰ 'ਤੇ ਦੱਸਦੀ ਹੈ ਕਿ ਭਾਜਪਾ ਅਤੇ ਕਾਂਗਰਸ ਦੋਵਾਂ ਲਈ ਆਪਣੇ ਸੂਬਿਆਂ 'ਚ ਸਰਕਾਰਾਂ ਬਚਾਉਣਾ ਸੌਖਾ ਨਹੀਂ ਹੋਵੇਗਾ। ਦੋਵਾਂ ਖ਼ਿਲਾਫ਼ 'ਐਂਟੀ-ਇਨਕੰਬੈਂਸੀ' (ਸਰਕਾਰ ਵਿਰੋਧੀ ਭਾਵਨਾਵਾਂ) ਤਾਂ ਹਨ ਹੀ, ਦੋਵਾਂ ਪਾਰਟੀਆਂ ਦੀ ਸੰਗਠਨਾਤਮਿਕ ਤੰਦਰੁਸਤੀ ਵੀ ਪੂਰੀ ਤਰ੍ਹਾਂ ਨਾਲ ਠੀਕ ਨਹੀਂ ਹੈ, ਕਿਉਂਕਿ ਸੂਬਾ ਪੱਧਰ 'ਤੇ ਸੰਗਠਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ 'ਚ ਭਾਜਪਾ ਅਤੇ ਕਾਂਗਰਸ ਦੋਵੇਂ ਨਾਕਾਮ ਰਹੀਆਂ ਹਨ, ਇਸ ਲਈ ਉਨ੍ਹਾਂ ਦੀਆਂ ਸਰਕਾਰਾਂ ਦੇ ਪ੍ਰਦਰਸ਼ਨ ਅਤੇ ਅਕਸ 'ਤੇ ਵੀ ਉਲਟ ਅਸਰ ਪਿਆ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕੱਢਿਆ ਜਾ ਸਕਦਾ ਕਿ ਇਹ ਪਾਰਟੀਆਂ ਆਪਣੇ ਸੂਬਿਆਂ 'ਚ ਯਕੀਨਨ ਹਾਰਨਗੀਆਂ ਹੀ। ਅਜੇ ਉਨ੍ਹਾਂ ਦੇ ਕੋਲ ਸੌ ਦਿਨ ਦਾ ਸਮਾਂ ਹੈ, ਜਿਸ 'ਚ ਉਹ ਜੇਕਰ ਕਰ ਸਕਣ ਤਾਂ ਉਹ ਕਮਾਲ ਕਰ ਸਕਦੀਆਂ ਹਨ, ਜੋ ਮਮਤਾ ਬੈਨਰਜੀ ਨੇ ਪੱਛਮੀ ਬੰਗਾਲ 'ਚ ਕਰਕੇ ਦਿਖਾਇਆ ਸੀ, ਭਾਵ 'ਐਂਟੀ-ਇਨਕੰਬੈਂਸੀ' ਨੂੰ 'ਪ੍ਰੋ-ਇਨਕੰਬੈਂਸੀ' ਵਿਚ ਬਦਲਣਾ।

ਇਨ੍ਹਾਂ ਸੂਬਿਆਂ 'ਚ ਸਭ ਤੋਂ ਅਹਿਮ ਉੱਤਰ ਪ੍ਰਦੇਸ਼ ਹੈ। 403 ਸੀਟਾਂ ਵਾਲੀ ਵਿਧਾਨ ਸਭਾ 'ਚ ਜੋ ਪਾਰਟੀ 202 ਜਾਂ ਉਸ ਤੋਂ ਜ਼ਿਆਦਾ ਸੀਟਾਂ ਲਵੇਗੀ, ਉਹ ਨਾ ਸਿਰਫ਼ ਉੱਤਰ ਪ੍ਰਦੇਸ਼ 'ਤੇ ਰਾਜ ਕਰੇਗੀ। ਭਾਜਪਾ ਲਈ ਇਹ ਚੋਣਾਂ ਕਰੋ ਜਾਂ ਮਰੋ ਦੀ ਹੈਸੀਅਤ ਰੱਖਦੀਆਂ ਹਨ। ਪੱਛਮੀ ਬੰਗਾਲ 'ਚ ਮਮਤਾ ਬੈਨਰਜੀ ਦੇ ਹੱਥੋਂ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ ਜੇਕਰ ਯੂ.ਪੀ. 'ਚ ਉਸ ਦਾ ਗ੍ਰਾਫ਼ ਹੇਠਾਂ ਗਿਆ ਤਾਂ ਪਾਰਟੀ 'ਚ ਭਾਜੜ ਮੱਚ ਜਾਵੇਗੀ। ਨਰਿੰਦਰ ਮੋਦੀ ਦੀ ਅਗਵਾਈ 'ਤੇ ਦਲ ਦੇ ਅੰਦਰ ਸਵਾਲੀਆ ਨਿਸ਼ਾਨ ਲੱਗਣੇ ਸ਼ੁਰੂ ਹੋ ਜਾਣਗੇ। ਅਜੇ ਪਾਰਟੀ ਦੇ ਅੰਦਰ ਤੇ ਬਾਹਰ ਇਕ 'ਟੀਨਾ ਫੈਕਟਰ' (ਵਿਕਲਪਹੀਣਤਾ ਵਾਲੀ ਸਥਿਤੀ) ਬਣੀ ਹੋਈ ਹੈ। ਉੱਤਰ ਪ੍ਰਦੇਸ਼ 'ਚ ਜੇਕਰ ਭਾਜਪਾ ਨੇ ਤਕੜੀ ਜਿੱਤ ਹਾਸਲ ਨਾ ਕੀਤੀ, ਤਾਂ ਇਹ 'ਟੀਨਾ ਫੈਕਟਰ' ਪਹਿਲਾਂ ਵਾਂਗ ਪ੍ਰਭਾਵੀ ਨਹੀਂ ਰਹਿ ਜਾਵੇਗਾ। ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਦੀ ਰਾਜਨੀਤੀ ਨੂੰ ਤਾਂ ਕਰਾਰਾ ਧੱਕਾ ਲੱਗੇਗਾ ਹੀ, ਪਿਛਲੇ ਸੱਤ ਸਾਲਾਂ 'ਚ ਇਹ ਭਾਜਪਾ ਦੀ ਸਭ ਤੋਂ ਕਰਾਰੀ ਹਾਰ ਹੋਵੇਗੀ। ਇਸ ਤੋਂ ਇਹ ਵੀ ਤੈਅ ਹੋ ਜਾਵੇਗਾ ਕਿ ਪ੍ਰਧਾਨ ਮੰਤਰੀ ਦੀ ਹੈਸੀਅਤ ਵਿਚ ਨਰਿੰਦਰ ਮੋਦੀ ਦਿੱਲੀ ਦੀ ਰਾਜਨੀਤੀ 'ਚ ਭਾਵੇਂ ਤਾਕਤਵਰ ਹੋਣ ਪਰ ਸੂਬਿਆਂ 'ਚ ਉਨ੍ਹਾਂ ਦੇ ਨਾਂਅ 'ਤੇ ਵੋਟਾਂ ਨਹੀਂ ਮਿਲਦੀਆਂ।

ਇਸ ਰਾਜਨੀਤਕ ਸਥਿਤੀ ਦੀ ਰੌਸ਼ਨੀ 'ਚ ਦੇਖਣ 'ਤੇ ਸੀ-ਵੋਟਰ ਦੇ ਸਰਵੇਖਣ ਦੀ ਤੀਜੀ ਕੜੀ ਭਾਰਤੀ ਜਨਤਾ ਪਾਰਟੀ ਲਈ ਬਹੁਤ ਚਿੰਤਾਜਨਕ ਹੈ। ਜਿਸ ਪਾਰਟੀ ਨੇ 2017 'ਚ ਚਾਲੀ ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਕੇ ਤਿੰਨ ਸੌ ਤੋਂ ਜ਼ਿਆਦਾ ਸੀਟਾਂ ਹਾਸਲ ਕੀਤੀਆਂ ਹੋਣ, ਉਸ ਨੂੰ ਇਹ ਸਰਵੇਖਣ ਕਰੀਬ ਸੌ ਸੀਟਾਂ ਦਾ ਨੁਕਸਾਨ ਹੋਇਆ ਦਿਖਾ ਰਿਹਾ ਹੈ। ਵੋਟ ਦਾ ਪ੍ਰਤੀਸ਼ਤ ਅਜੇ ਓਨਾ ਹੀ ਹੈ, ਪਰ ਉਹੀ ਪ੍ਰਤੀਸ਼ਤ ਸੀਟਾਂ ਘੱਟ ਦੇ ਰਿਹਾ ਹੈ। ਜ਼ਾਹਰ ਹੈ ਕਿ ਭਾਜਪਾ ਉੱਤਰ ਪ੍ਰਦੇਸ਼ ਵਰਗੇ ਵੱਡੇ ਸੂਬੇ ਦੇ ਕੁਝ ਹਿੱਸਿਆਂ (ਜਿਵੇਂ ਪੱਛਮੀ ਉੱਤਰ ਪ੍ਰਦੇਸ਼ 'ਚ ਕਿਸਾਨ ਅੰਦੋਲਨ ਦੇ ਕਾਰਨ) 'ਚ ਹਾਰ ਰਹੀ ਹੈ ਅਤੇ ਕੁਝ ਹਿੱਸਿਆਂ 'ਚ ਟੱਕਰ ਬਰਾਬਰ ਦੀ ਹੋਣ ਵਾਲੀ ਹੈ (ਜਿਵੇਂ ਪੂਰਬੀ ਉੱਤਰ ਪ੍ਰਦੇਸ਼)। ਜਿਨ੍ਹਾਂ ਹਿੱਸਿਆਂ 'ਚ ਉਹ ਜਿੱਤ ਰਹੀ ਹੈ, ਉੱਥੇ ਉਸ ਨੂੰ ਮਿਲਣ ਵਾਲੇ ਵੋਟ ਬਰਬਾਦ ਹੋ ਰਹੇ ਹਨ। ਉੱਪਰੋਂ ਇਹ ਨੁਕਸਾਨ ਕ੍ਰਮਵਾਰ ਹੁੰਦਾ ਹੋਇਆ ਦਿਸਦਾ ਹੈ। ਸਤੰਬਰ ਤੋਂ ਨਵੰਬਰ ਦਰਮਿਆਨ ਭਾਵ ਤਿੰਨ ਮਹੀਨਿਆਂ 'ਚ ਇਕ ਵੀ ਵਾਰ ਅਜਿਹਾ ਮੌਕਾ ਨਹੀਂ ਆਇਆ, ਜਦੋਂ ਉਹ ਆਪਣੇ ਨੁਕਸਾਨ ਨੂੰ ਰੋਕ ਸਕੀ ਹੋਵੇ ਅਤੇ ਉਲਟ ਰੁਝਾਨਾਂ ਨੂੰ ਪਲਟਦੀ ਹੋਈ ਦਿਸੇ। ਇਸ ਦਰਮਿਆਨ ਉਸ ਨੇ ਗੈਰ-ਜ਼ਰੂਰੀ ਗਲਤੀਆਂ ਵੀ ਕੀਤੀਆਂ ਹਨ, ਜਿਵੇਂ ਲਖੀਮਪੁਰ ਖੀਰੀ ਦੀ ਘਟਨਾ। ਸੀ-ਵੋਟਰ ਦੇ ਤਾਜ਼ੇ ਸਰਵੇਖਣ 'ਚ ਲੋਕਾਂ ਤੋਂ ਇਹ ਵੀ ਪੁੱਛਿਆ ਗਿਆ ਕਿ ਲਖੀਮਪੁਰ ਖੀਰੀ ਕਾਂਡ ਦਾ ਭਾਜਪਾ ਨੂੰ ਨੁਕਸਾਨ ਹੋਵੇਗਾ ਜਾਂ ਨਹੀਂ? ਤਾਂ ਬਹੁਮਤ ਦਾ ਫ਼ੈਸਲਾ ਇਹੀ ਆਇਆ ਕਿ ਨੁਕਸਾਨ ਹੋਵੇਗਾ। ਦੂਜੇ ਪਾਸੇ ਭਾਜਪਾ ਦਾ ਸਮਾਜਕ ਸਮੀਕਰਨ ਵੀ ਵਿਗੜਦਾ ਹੋਇਆ ਦਿਖਾਈ ਦੇ ਰਿਹਾ ਹੈ। ਵੋਟਰਾਂ ਤੋਂ ਇਹ ਸਵਾਲ ਵੀ ਪੁੱਛਿਆ ਗਿਆ ਕਿ ਕੀ ਓਮ ਪ੍ਰਕਾਸ਼ ਰਾਜਭਰ ਅਤੇ ਉਨ੍ਹਾਂ ਦੀ ਪਾਰਟੀ ਦੇ ਸਮਾਜਵਾਦੀ ਪਾਰਟੀ ਨਾਲ ਜੁੜ ਜਾਣ ਨਾਲ ਭਾਜਪਾ ਨੂੰ ਨੁਕਸਾਨ ਹੋਵੇਗਾ? ਇੱਥੇ ਵੀ ਜਵਾਬ 'ਹਾਂ' ਵਿਚ ਮਿਲਿਆ।

ਅੰਕੜਿਆਂ ਦੇ ਲਿਹਾਜ਼ ਨਾਲ ਭਾਜਪਾ ਲਈ ਇਕ ਬਹੁਤ ਚਿੰਤਾ ਵਾਲੀ ਗੱਲ ਇਹ ਹੈ ਕਿ ਭਾਜਪਾ ਨੂੰ ਹੋਣ ਵਾਲਾ ਨੁਕਸਾਨ ਸਿੱਧਾ-ਸਿੱਧਾ ਸਮਾਜਵਾਦੀ ਪਾਰਟੀ ਦੇ ਖਾਤੇ 'ਚ ਜੁੜ ਰਿਹਾ ਹੈ; ਭਾਵ ਭਾਜਪਾ ਵਿਰੋਧੀ ਭਾਵਨਾਵਾਂ ਦਾ ਲਾਭ ਕਾਂਗਰਸ, ਆਮ ਆਦਮੀ ਪਾਰਟੀ, ਬਸਪਾ ਜਾਂ ਅਸਦੂਦੀਨ ਓਵਾਇਸੀ ਵਿਚਾਲੇ ਵੰਡ ਕੇ ਬਰਬਾਦ ਨਹੀਂ ਹੋ ਰਿਹਾ। ਸਮਾਜਵਾਦੀ ਪਾਰਟੀ ਹੌਲੀ-ਹੌਲੀ ਤੇ ਲਗਾਤਾਰ ਭਾਜਪਾ ਦੀ ਮੁੱਖ ਵਿਰੋਧੀ ਧਿਰ ਦੀ ਸਥਿਤੀ 'ਚ ਆਉਂਦੀ ਜਾ ਰਹੀ ਹੈ। ਚਾਹੇ ਭਾਜਪਾ ਵਿਰੋਧੀ ਵੋਟਰ ਹੋਣ ਜਾਂ ਹਾਲ ਹੀ 'ਚ ਉਸ ਤੋਂ ਖਿੰਡੀਆਂ ਹੋਈਆਂ ਸਮਾਜਿਕ ਸ਼ਕਤੀਆਂ ਹੋਣ, ਸਾਰਿਆਂ ਨੂੰ ਲੱਗਣ ਲੱਗਾ ਹੈ ਕਿ ਹੁਣ ਸਮਾਜਵਾਦੀ ਪਾਰਟੀ ਹੀ ਭਾਜਪਾ ਨੂੰ ਹਰਾ ਸਕਦੀ ਹੈ। ਇਹ ਘਟਨਾਕ੍ਰਮ ਦੱਸਦਾ ਹੈ ਕਿ ਤਕਨੀਕੀ ਰੂਪ ਨਾਲ ਭਾਜਪਾ ਵਿਰੋਧੀ ਪਾਰਟੀਆਂ ਦੀ ਏਕਤਾ ਨਾ ਹੁੰਦੇ ਹੋਏ ਵੀ ਭਾਜਪਾ ਵਿਰੋਧੀ ਵੋਟ ਵੱਧ ਜਾਂ ਘੱਟ ਇਕ ਹੀ ਧਰੁਵ 'ਤੇ ਜਮ੍ਹਾਂ ਹੋਣ ਦੀ ਪ੍ਰਵਿਰਤੀ ਦਿਖਾ ਰਹੇ ਹਨ। ਅੰਕੜੇ ਇਹ ਵੀ ਕਹਿ ਰਹੇ ਹਨ ਕਿ ਸਤੰਬਰ 'ਚ ਭਾਜਪਾ ਅਤੇ ਸਮਾਜਵਾਦੀ ਪਾਰਟੀ ਦਰਮਿਆਨ ਵੰਡੀਆਂ ਜਾਣ ਵਾਲੀਆਂ ਵੋਟਾਂ ਕੁਲ ਜਮ੍ਹਾਂ 65 ਫੀਸਦੀ ਦੇ ਆਸਪਾਸ ਸਨ, ਪਰ ਹੁਣ ਉਹ ਪੰਜਾਹ ਫੀਸਦੀ ਦੇ ਆਸਪਾਸ ਪਹੁੰਚ ਗਏ ਹਨ। ਜੇਕਰ ਇਹੀ ਪ੍ਰਕਿਰਿਆ ਜਾਰੀ ਰਹੀ ਤਾਂ ਜਨਵਰੀ ਵਿਚ ਹੁੰਦੇ ਹੋਏ ਸਰਵੇਖਣ ਵਿਚ ਭਾਜਪਾ ਹਾਰਦੀ ਹੋਈ ਦਿਸ ਸਕਦੀ ਹੈ ਅਤੇ ਉਸ ਦਾ ਫਾਇਦਾ ਸਮਾਜਵਾਦੀ ਪਾਰਟੀ ਨੂੰ ਜਿੱਤ ਦੇ ਰੂਪ 'ਚ ਮਿਲਦਾ ਹੋਇਆ ਦਿਸ ਸਕਦਾ ਹੈ। ਇਹ ਸਭ ਦੇਖ ਕੇ ਭਾਜਪਾ ਦੇ ਖੇਮੇ 'ਚ ਪ੍ਰੇਸ਼ਾਨੀ ਹੈ। ਚੋਣਾਂ ਦਾ ਇੰਚਾਰਜ ਤਾਂ ਧਰਮਿੰਦਰ ਪ੍ਰਧਾਨ ਨੂੰ ਬਣਾਇਆ ਗਿਆ ਸੀ, ਪਰ ਹੁਣ ਅਮਿਤ ਸ਼ਾਹ ਫਿਰ ਤੋਂ ਮੈਦਾਨ 'ਚ ਉੱਤਰ ਆਏ ਹਨ।

ਗੋਆ, ਮਨੀਪੁਰ ਅਤੇ ਉੱਤਰਾਖੰਡ 'ਚ ਵੀ ਭਾਜਪਾ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ। ਸਰਵੇਖਣ 'ਚ ਵੱਡਾ ਉਲਟ-ਫੇਰ ਪੰਜਾਬ 'ਚ ਹੁੰਦਾ ਹੋਇਆ ਦਿਖਾਈ ਦੇ ਰਿਹਾ ਹੈ। ਉੱਥੇ ਆਮ ਆਦਮੀ ਪਾਰਟੀ ਸਭ ਤੋਂ ਵੱਡੇ ਦਲ ਦੇ ਰੂਪ 'ਚ ਉੱਭਰਦੀ ਹੋਈ ਦਿਖਾਈ ਗਈ ਹੈ। ਜੇਕਰ 'ਆਪ' ਨੇ ਦਿੱਲੀ ਦੀਆਂ ਸਰਹੱਦਾਂ ਨੂੰ ਲੰਘਦੇ ਹੋਏ ਪੰਜਾਬ 'ਚ ਸੱਤਾ 'ਤੇ ਸਫਲਤਾਪੂਰਵਕ ਦਸਤਕ ਦੇ ਦਿੱਤੀ ਤਾਂ ਇਹ ਨਾ ਸਿਰਫ ਇਸ ਪਾਰਟੀ ਲਈ ਸਗੋਂ ਸਾਡੇ ਲੋਕਤੰਤਰ ਲਈ ਵੀ ਇਕ ਨਵੀਂ ਅਤੇ ਸਵਾਗਤ ਕਰਨ ਯੋਗ ਘਟਨਾ ਹੋਵੇਗੀ। 'ਆਪ' ਪਿਛਲੀਆਂ ਚੋਣਾਂ 'ਚ ਵੀ ਸੱਤਾ ਦੀ ਦਾਅਵੇਦਾਰ ਸੀ। ਇਸ ਵਾਰ ਉਸ ਦੀ ਸਥਿਤੀ ਪਹਿਲਾਂ ਨਾਲੋਂ ਵੀ ਚੰਗੀ ਦੱਸੀ ਜਾਂਦੀ ਹੈ, ਕਿਉਂਕਿ ਪਿਛਲੀ ਵਾਰ ਕਾਂਗਰਸ ਅਮਰਿੰਦਰ ਸਿੰਘ ਦੀ ਅਗਵਾਈ 'ਚ ਏਕਤਾਬੱਧ ਸੀ, ਪਰ ਇਸ ਵਾਰ ਉਹ ਵੰਡੀ ਹੋਈ ਹੈ। ਨਵਜੋਤ ਸਿੰਘ ਸਿੱਧੂ ਆਪਣੀ ਹੀ ਸਰਕਾਰ ਨੂੰ ਰੋਜ਼ 'ਪ੍ਰੇਸ਼ਾਨ' ਕਰ ਰਹੇ ਹਨ। ਇਸ ਦਾ ਸਿੱਧਾ ਲਾਭ ਅਰਵਿੰਦ ਕੇਜਰੀਵਾਲ ਦੀ ਪਾਰਟੀ ਨੂੰ ਮਿਲ ਰਿਹਾ ਹੈ। ਕਾਂਗਰਸ ਜੇਕਰ ਪੰਜਾਬ ਗਵਾਉਂਦੀ ਹੈ, ਇਹ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਦੇ ਕਫ਼ਨ 'ਚ ਇਕ ਹੋਰ ਕਿੱਲ ਵਾਂਗ ਸਾਬਤ ਹੋਵੇਗਾ। ਜੇਕਰ ਕਾਂਗਰਸ ਆਪਣੀ ਸਰਕਾਰ ਬਚਾ ਲੈਂਦੀ ਹੈ ਤਾਂ ਉਸ ਦਾ ਸਿਹਰਾ ਦਲਿਤ ਵੋਟਰਾਂ ਨੂੰ ਜਾਵੇਗਾ, ਜੋ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਦੇ ਕਾਰਨ ਨਵੇਂ ਸਿਰਿਓਂ ਕਾਂਗਰਸ ਵੱਲ ਝੁਕਦੇ ਦਿਖਾਈ ਦੇ ਰਹੇ ਹਨ।

# ਕਥਾ ਕਸ਼ਮੀਰ

## ਕਲਾ ਪਰਿਕਰਮਾ

ਮੋਈਨ ਅਲੀ ਇੰਗਲਿਸਤਾਨੀ ਕ੍ਰਿਕਟਰ ਹੈ। ਬ੍ਰਿਟੇਨ ਦਾ ਜੰਮ-ਪਲ ਪਰ ਜ਼ੱਦ ਤੋਂ ਮੀਰਪੁਰੀ। ਡੇਢ ਮਹੀਨਾ ਪਹਿਲਾਂ ਇਕ ਭਾਰਤੀ ਟੀ.ਵੀ. ਚੈਨਲ ਦੇ ਨਾਮਾਨਿਗਾਰ ਨੇ ਉਸ ਨੂੰ ਘੇਰ ਲਿਆ। ਕਈ ਬੇਤੁਕੇ ਸਵਾਲ ਕੀਤੇ। ਇਕ ਸਵਾਲ ਸੀ ਕਿ ਮੋਈਨ ਖੁਦ ਨੂੰ ਪਾਕੀ-ਬ੍ਰਿਟਿਸ਼ ਮੰਨਦਾ ਹੈ ਜਾਂ ਕੋਈ ਹੋਰ। ਮੋਈਨ ਦਾ ਜਵਾਬ ਸੀ: ਨਹੀਂ, ਸਿਰਫ ਬ੍ਰਿਟਿਸ਼। ਹਾਂ, ਜੇ ਨਸਲ ਦੀ ਗੱਲ ਕਰਨੀ ਹੋਵੇ ਤਾਂ ਬ੍ਰਿਟਿਸ਼ ਏਸ਼ੀਅਨ। "ਪਰ ਮੀਰਪੁਰ ਤਾਂ ਪਾਕਿਸਤਾਨ ਵਿਚ ਹੈ?", ਨਾਮਾਨਿਗਾਰ ਦਾ ਸਵਾਲ ਸੀ। ਮੋਈਨ ਨੇ ਤਹੱਮਲ ਨਾਲ ਜਵਾਬ



**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**


ਦਿੱਤਾ: "ਨਹੀਂ, ਮੀਰਪੁਰ ਕਸ਼ਮੀਰ ਵਿਚ ਪੈਂਦਾ ਹੈ।" ਨਾਮਾਨਿਗਾਰ ਆਪਣੀ ਥਾਂ ਤਕਨੀਕੀ ਤੌਰ 'ਤੇ ਦਰੁਸਤ ਸੀ ਪਰ ਉਸ ਦੇ ਸਵਾਲਾਂ ਵਿਚੋਂ ਉਸ ਕਸ਼ਮੀਰ ਬਾਰੇ ਅਗਿਆਨ ਦੀ ਬੂਅ ਆਉਂਦੀ ਸੀ ਜਿਸ ਨੂੰ ਅਸੀਂ ਭਾਰਤੀ 'ਮਕਬੂਜ਼ਾ ਕਸ਼ਮੀਰ' ਕਹਿੰਦੇ ਹਾਂ ਅਤੇ ਪਾਕਿਸਤਾਨੀ 'ਆਜ਼ਾਦ ਕਸ਼ਮੀਰ'। ਉਹ ਸ਼ਾਇਦ ਮੋਈਨ ਨੂੰ ਉਸ ਦੀ ਕੌਮੀਅਤ ਬਾਰੇ ਕੁੜਿੱਕੀ 'ਚ ਫਸਾਉਣਾ ਚਾਹੁੰਦਾ ਸੀ ਪਰ ਅਜਿਹਾ ਕਰ ਨਾ ਸਕਿਆ। ਮੋਈਨ 15 ਵਰ੍ਹਿਆਂ ਤੋਂ ਪੇਸ਼ੇਵਾਰਾਨਾ ਕ੍ਰਿਕਟ ਖੇਡ ਰਿਹਾ ਹੈ। ਅਜਿਹਾ ਕ੍ਰਿਕਟ, ਖਿਡਾਰੀਆਂ ਨੂੰ ਡਿਪਲੋਮੇਸੀ ਦੇ ਸਾਰੇ ਦਾਅ-ਪੇਚ ਸਿਖਾ ਦਿੰਦਾ ਹੈ। ਇਹੋ ਸੁਹਜ ਤੇ ਸੂਝ ਮੋਈਨ ਨੇ ਦਿਖਾਈ।

ਗੱਲ ਮਕਬੂਜ਼ਾ ਕਸ਼ਮੀਰ ਬਾਰੇ ਅਗਿਆਨ ਦੀ ਚੱਲ ਰਹੀ ਹੈ, ਇਸ ਲਈ ਸਾਨੂੰ ਇਹ ਹਕੀਕਤ ਕਬੂਲਣ ਵਿਚ ਝਿਜਕ ਨਹੀਂ ਹੋਣੀ ਚਾਹੀਦੀ ਕਿ ਅਸੀਂ ਉਸ ਕਸ਼ਮੀਰ ਬਾਰੇ ਬਹੁਤ ਘੱਟ ਜਾਣਦੇ ਹਾਂ ਜਿਹੜਾ ਭਾਰਤ ਦੇ ਨਕਸ਼ੇ ਵਿਚ ਤਾਂ ਸ਼ੁਮਾਰ ਹੈ ਪਰ ਭਾਰਤੀ ਭੂਗੋਲਿਕ ਹੱਦਾਂ ਦੇ ਅੰਦਰ ਨਹੀਂ। ਅਸੀਂ ਮੀਡੀਆ ਵਾਲੇ ਵੀ ਉਸ ਬਾਰੇ ਸਿਰਫ ਓਨਾ ਕੁ ਜਾਣਦੇ ਹਾਂ ਜੋ ਖਬਰ ਏਜੰਸੀਆਂ ਦੇ ਡਿਸਪੈਚਾਂ ਜਾਂ ਸਰਕਾਰੀ ਸਰੋਤਾਂ ਦੇ ਕੂੜ ਪ੍ਰਚਾਰ ਰਾਹੀਂ ਸਾਡੇ ਤੱਕ ਪੁੱਜਦਾ ਹੈ। ਮੀਰਪੁਰ, ਮਕਬੂਜ਼ਾ ਕਸ਼ਮੀਰ ਦਾ ਜ਼ਿਲ੍ਹਾ ਹੈ। ਬ੍ਰਿਟੇਨ ਵਿਚ ਵਸੇ 70 ਫੀਸਦੀ ਪਾਕਿਸਤਾਨੀ ਪਰਵਾਸੀ ਜ਼ੱਦ ਪੱਖੋਂ ਮੀਰਪੁਰੀ ਹਨ ਪਰ ਕੀ ਵਾਦੀ ਵਾਲੇ ਜਾਂ ਮੁਜ਼ੱਫਰਾਬਾਦ ਵਾਲੇ ਕਸ਼ਮੀਰੀ ਉਨ੍ਹਾਂ ਨੂੰ ਕਸ਼ਮੀਰੀ ਮੰਨਦੇ ਹਨ? ਇਸ ਸਵਾਲ ਦਾ ਜਵਾਬ ਹੈ: ਤਹਿ-ਦਿਲੋਂ ਨਹੀਂ। ਦਰਅਸਲ, ਮੀਰਪੁਰੀਏ ਕਸ਼ਮੀਰੀ ਜ਼ੁਬਾਨ ਜਾਣਦੇ ਹੀ ਨਹੀਂ। ਉਹ ਜਾਂ ਤਾਂ ਪੰਜਾਬੀ ਬੋਲਦੇ ਹਨ ਜਾਂ ਉਰਦੂ। ਇਹੋ ਕੁਝ ਮੋਈਨ ਅਲੀ 'ਤੇ ਵੀ ਢੁੱਕਦਾ ਹੈ। ਪਰਵਾਸੀਆਂ ਦੀ ਤੀਜੀ ਪੀੜ੍ਹੀ ਤੋਂ ਹੋਣ ਕਰਕੇ ਅੰਗਰੇਜ਼ੀ ਤਾਂ ਹੁਣ ਉਸ ਲਈ ਮਾਤ-ਭਾਸ਼ਾ ਵਾਂਗ ਹੈ ਪਰ ਪੰਜਾਬੀ ਤੇ ਉਰਦੂ ਵੀ ਉਹ ਚੰਗੀ ਬੋਲ ਲੈਂਦਾ ਹੈ। ਕਸ਼ਮੀਰੀ ਤੋਂ ਉਹ ਉੱਕਾ ਹੀ ਨਾਵਾਕਫ ਹੈ। ਇਹੋ ਹਕੀਕਤ 90 ਫੀਸਦੀ ਮੀਰਪੁਰੀਆਂ ਉੱਤੇ ਲਾਗੂ ਹੁੰਦੀ ਹੈ। ਇਸ ਦੇ ਬਾਵਜੂਦ ਮੀਰਪੁਰ ਜ਼ਿਲ੍ਹੇ ਨੇ ਮਕਬੂਜ਼ਾ ਕਸ਼ਮੀਰ ਨੂੰ ਚਾਰ ਸਦਰ (ਰਾਸ਼ਟਰਪਤੀ) ਤੇ ਪੰਜ ਪ੍ਰਧਾਨ ਮੰਤਰੀ (ਅਸਲ 'ਚ ਮੁੱਖ ਮੰਤਰੀ) ਮੁਹੱਈਆ ਕਰਵਾਏ। ਇਸੇ ਤਰ੍ਹਾਂ (ਮਕਬੂਜ਼ਾ) ਕਸ਼ਮੀਰ ਅਸੈਂਬਲੀ ਦੀ ਅਧਿਕਾਰਤ ਜ਼ੁਬਾਨ ਵੀ ਉਰਦੂ ਹੈ, ਕਸ਼ਮੀਰੀ ਨਹੀਂ।

ਉਪਰੋਕਤ ਤੱਥ ਕੌਮਾਂਤਰੀ ਮੰਚਾਂ ਉੱਤੇ ਭਾਰਤ ਵੱਲੋਂ ਭੁਨਾਏ ਜਾਣੇ ਚਾਹੀਦੇ ਸਨ ਪਰ ਅਜਿਹਾ ਕਰਨ ਦਾ ਸੰਜੀਦਾ ਤੇ ਸੰਗਠਿਤ ਯਤਨ ਪਿਛਲੇ ਸੱਤ ਦਹਾਕਿਆਂ ਦੌਰਾਨ ਨਜ਼ਰ ਨਹੀਂ ਆਇਆ। ਇਸ ਦੀ ਇਕ ਵਜ੍ਹਾ ਹੈ ਕਿ 1948 ਵਿਚ ਗੋਲੀਬੰਦੀ ਰੇਖਾ ਜਿਸ ਨੂੰ ਹੁਣ ਕੰਟਰੋਲ ਰੇਖਾ (ਐਲ.ਓ.ਸੀ.) ਕਿਹਾ ਜਾਂਦਾ ਹੈ, ਦੇ ਨਾਮ 'ਤੇ ਜੋ ਭੂਗੋਲਿਕ ਸਥਿਤੀ ਬਣੀ, ਉਸ ਨੂੰ ਸਾਡੇ ਰਾਜਨੇਤਾਵਾਂ ਨੇ ਸਿਆਸੀ, ਕੌਮਾਂਤਰੀ ਅਤੇ ਸ਼ਾਇਦ ਰਣਨੀਤਕ ਮਜਬੂਰੀਆਂ ਕਾਰਨ ਅਸਲ ਸਰਹੱਦ ਵਜੋਂ ਸਵੀਕਾਰ ਲਿਆ। ਜੋ ਕਸ਼ਮੀਰ ਜਾਂ ਉੱਤਰੀ ਇਲਾਕੇ (ਨਾਰਦਰਨ ਏਰੀਆਜ਼) ਪਾਕਿਸਤਾਨੀ ਕਬਜ਼ੇ ਹੇਠ ਚਲੇ ਗਏ, ਉਨ੍ਹਾਂ ਨੂੰ ਸਾਡੇ ਨਕਸ਼ਿਆਂ ਵਿਚ ਤਾਂ ਭਾਰਤ ਦਾ ਹਿੱਸਾ ਦਿਖਾਇਆ ਜਾਂਦਾ ਹੈ ਪਰ ਉਨ੍ਹਾਂ ਉੱਤੇ ਕਾਬਜ਼ ਹੋਣ ਦੀ ਰਣਨੀਤਕ ਦ੍ਰਿੜ੍ਹਤਾ ਸਾਡੀ ਕਿਸੇ ਵੀ ਸਰਕਾਰ ਨੇ ਨਹੀਂ ਦਿਖਾਈ। ਸ਼ਾਇਦ ਮੁਸਲਿਮ ਵਸੋਂ ਹੋਰ ਵਧ ਜਾਣ ਦੇ ਹਊਏ ਕਾਰਨ। ਅਸਲੀਅਤ ਇਹ ਵੀ ਹੈ ਕਿ ਪਾਕਿਸਤਾਨੀ ਕਬਜ਼ੇ ਹੇਠਲੇ ਇਲਾਕਿਆਂ ਦਾ ਭੂਗੋਲਿਕ ਰਕਬਾ, ਸਾਡੇ ਵਾਲੇ ਜੰਮੂ ਕਸ਼ਮੀਰ ਤੇ ਲੱਦਾਖ ਤੋਂ ਵੱਡਾ ਹੈ। ਨਾਰਦਰਨ ਏਰੀਆਜ਼ ਨੂੰ ਪਾਕਿਸਤਾਨ ਨੇ 1949 ਵਿਚ ਹੀ (ਆਜ਼ਾਦ) ਕਸ਼ਮੀਰ ਨਾਲੋਂ ਅਲਹਿਦਾ ਕਰ ਦਿੱਤਾ ਸੀ ਅਤੇ ਫਿਰ 1966 ਵਿਚ ਇਨ੍ਹਾਂ ਦਾ 1942 ਵਰਗ ਕਿਲੋਮੀਟਰ ਰਕਬਾ ਚੀਨ ਦੇ ਹਵਾਲੇ ਕਰ ਦਿੱਤਾ ਸੀ। ਹੁਣ ਇਸੇ ਖਿੱਤੇ ਨੂੰ ਗਿਲਗਿਤ ਬਾਲਟਿਸਤਾਨ ਦੇ ਨਾਂ ਹੇਠ ਪਾਕਿਸਤਾਨ ਦਾ ਪੰਜਵਾਂ ਸੂਬਾ ਗ਼ੈਰ-ਰਸਮੀ ਤੌਰ 'ਤੇ ਮੰਨ ਲਿਆ ਗਿਆ ਹੈ। ਇਸ ਦੀ ਵੱਖਰੀ ਅਸੈਂਬਲੀ ਬਣ ਚੁੱਕੀ ਹੈ। (ਕੁਝ ਕਾਨੂੰਨੀ ਪੇਚੀਦਗੀਆਂ ਕਾਰਨ) ਸੂਬੇ ਵਾਲੇ ਦਰਜੇ ਉੱਤੇ ਰਸਮੀ ਮੋਹਰ ਲੱਗਣੀ ਸਿਰਫ ਬਾਕੀ ਹੈ। ਸਾਡੀਆਂ ਸਰਕਾਰਾਂ ਨੇ ਅਜਿਹੀਆਂ ਚਾਲਾਂ-ਕੁਚਾਲਾਂ ਖ਼ਿਲਾਫ ਕੌਮਾਂਤਰੀ ਮੰਚਾਂ 'ਤੇ ਕੋਈ ਹਾਲ-ਦੁਹਾਈ ਨਹੀਂ ਪਾਈ।



ਇੰਗਲਿਸਤਾਨੀ ਕ੍ਰਿਕਟਰ ਮੋਈਨ ਅਲੀ





ਪੀ. ਸ੍ਰੀਵਾਸਤਵ ਦੀ ਕਿਤਾਬ 'ਫੋਰਗੌਟਨ ਕਸ਼ਮੀਰ' ਦਾ ਮੁਖੜਾ।

ਇਹ ਇਕ ਵਿਡੰਬਨਾ ਹੈ ਕਿ ਨਕਸ਼ੇ ਵਿਚ ਭਾਰਤੀ ਹੱਦ ਅਫਗਾਨਿਸਤਾਨ ਨਾਲ ਲੱਗਦੀ ਹੈ ਪਰ ਅਸਲ ਵਿਚ ਉਹ ਸਾਰਾ ਖਿੱਤਾ ਪਾਕਿਸਤਾਨੀ ਕਬਜ਼ੇ ਹੇਠ ਹੈ ਅਤੇ ਪਾਕਿਸਤਾਨ ਰਾਹੀਂ ਚੀਨ ਨੂੰ ਵੀ ਅਫਗਾਨਿਸਤਾਨ ਨਾਲ ਸਿੱਧੇ ਤੌਰ 'ਤੇ ਜੋੜਦਾ ਹੈ। ਅਕਤੂਬਰ 1947 ਵਿਚ ਕਬਾਇਲੀ ਧਾੜਵੀਆਂ ਦੇ ਲਬਾਦੇ ਹੇਠ ਪਾਕਿਸਤਾਨੀ ਫੌਜ ਨੇ ਜੰਮੂ ਕਸ਼ਮੀਰ ਉੱਤੇ ਜੋ ਹਮਲਾ ਕੀਤਾ ਸੀ, ਉਹ ਨਾਰਦਰਨ ਏਰੀਆਜ਼ ਤੋਂ ਹੀ ਸ਼ੁਰੂ ਹੋਇਆ ਸੀ। ਹਮਲਾਵਰਾਂ ਨੇ ਜਨਵਰੀ 1948 ਵਿਚ ਕਾਰਗਿਲ ਤੇ ਦਰਾਸ 'ਤੇ ਕਬਜ਼ਾ ਕਰ ਕੇ ਲੱਦਾਖ ਖਿੱਤੇ ਨੂੰ ਬਾਕੀ ਭਾਰਤ ਨਾਲੋਂ ਕੱਟ ਦਿੱਤਾ ਸੀ। ਭਾਰਤੀ ਫੌਜ ਨੇ ਕਾਰਗਿਲ ਤੇ ਦਰਾਸ ਤਾਂ ਮੁਕਤ ਕਰਵਾ ਲਏ, ਪਰ ਸਕਰਦੂ (ਗਿਲਗਿਤ ਦਾ ਸਭ ਤੋਂ ਵੱਡਾ ਸ਼ਹਿਰ) ਇਸ ਦੀ ਮਾਰ ਹੇਠ ਹੋਣ ਦੇ ਬਾਵਜੂਦ ਗੋਲੀਬੰਦੀ ਦੇ ਨਾਂ 'ਤੇ ਮੁਕਤ ਨਾ ਕਰਵਾਇਆ ਗਿਆ। ਇਸ ਤੋਂ ਬਾਅਦ ਇਸ ਇਲਾਕੇ ਵੱਲ ਕੋਈ ਫੌਜੀ ਚੜ੍ਹਾਈ ਨਹੀਂ ਕੀਤੀ ਗਈ, ਨਾ 1965 ਵਿਚ ਤੇ ਨਾ 1971 ਵਿਚ।

ਅਜਿਹੇ ਬਹੁਤ ਸਾਰੇ ਤੱਤ ਤੇ ਤੱਥ ਸਾਬਕਾ ਰਾਜਦੂਤ ਦਿਨਕਰ ਪੀ. ਸ੍ਰੀਵਾਸਤਵ ਦੀ ਕਿਤਾਬ 'ਫੋਰਗੌਟਨ ਕਸ਼ਮੀਰ' (ਵਿਸਰਿਆ ਕਸ਼ਮੀਰ) ਵਿਚ ਸ਼ਾਮਲ ਹਨ। ਭਾਰਤੀ ਵਿਦੇਸ਼ ਸੇਵਾ (ਆਈ.ਐਫ.ਐਸ.) ਦਾ ਹਿੱਸਾ ਰਹੇ ਅਫਸਰਾਂ ਦੀਆਂ ਕਿਤਾਬਾਂ ਅਕਸਰ ਵੱਧ ਇਹਤਿਆਤ ਨਾਲ ਪੜ੍ਹਨੀਆਂ ਪੈਂਦੀਆਂ ਹਨ। ਉਨ੍ਹਾਂ ਦੀ ਸੋਚ-ਸੁਹਜ ਉੱਤੇ ਕੌਮਪ੍ਰਸਤੀ ਦੀ ਪਾਣ ਕੁਝ ਜ਼ਿਆਦਾ ਹੀ ਚੜ੍ਹੀ ਹੁੰਦੀ ਹੈ- ਕੁਝ ਸਿਖਲਾਈ, ਅਭਿਆਸ ਤੇ ਪੇਸ਼ੇਵਾਰਾਨਾ ਮਜਬੂਰੀਆਂ ਕਰਕੇ ਅਤੇ ਕੁਝ ਸੇਵਾ-ਮੁਕਤੀ ਤੋਂ ਬਾਅਦ ਕੋਈ ਉੱਚ ਸਰਕਾਰੀ ਰੁਤਬਾ ਹਾਸਿਲ ਕਰ ਲੈਣ ਦੀ ਲਾਲਸਾ ਕਾਰਨ। ਤੱਥਾਂ ਦੀ ਪੱਖਪਾਤੀ ਵਰਤੋਂ ਤੇ ਵਿਆਖਿਆ ਅਕਸਰ ਅਜਿਹੀਆਂ ਕਿਤਾਬਾਂ 'ਤੇ ਹਾਵੀ ਹੁੰਦੀ ਹੈ। 'ਫੋਰਗੌਟਨ ਕਸ਼ਮੀਰ' ਇਸ ਮਰਜ਼ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਪਰ ਲੇਖਕ ਨੇ ਸੰਤੁਲਨ ਬਣਾਈ ਰੱਖਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਉਸ ਨੇ ਜਸਟਿਸ ਐਮ.ਵਾਈ.ਸਰਾਫ, ਜਸਟਿਸ ਹਾਫਿਜ਼ ਗਿਲਾਨੀ, ਕੁਦਰਤ ਉੱਲਾ ਸ਼ਾਹਾਬ, ਮੇਜਰ ਜਨਰਲ ਅਕਬਰ ਖ਼ਾਨ ਤੇ ਸਰਦਾਰ ਇਬਰਾਹੀਮ ਖ਼ਾਨ (ਸਾਰੇ ਪਾਕਿਸਤਾਨੀ/ਮਕਬੂਜ਼ਾ ਕਸ਼ਮੀਰੀ) ਦੀਆਂ ਕਿਤਾਬਾਂ ਨੂੰ ਮੂਲ ਆਧਾਰ ਵਜੋਂ ਵਰਤਿਆ ਹੈ ਤਾਂ ਜੋ ਹਰ ਧਾਰਨਾ-ਅਵਧਾਰਨਾ ਆਬਜੈਕਟਿਵ ਢੰਗ ਨਾਲ ਨਿਰਖੀ-ਪਰਖੀ ਜਾ ਸਕੇ। ਕਿਤਾਬ ਇਤਿਹਾਸ ਵੀ ਹੈ ਅਤੇ ਪਿਛਲੇ ਸੱਤ ਦਹਾਕਿਆਂ ਦੀਆਂ ਘਟਨਾਵਾਂ ਉੱਤੇ ਤਬਸਰਾ ਵੀ। ਇਸ ਤੋਂ ਵੀ ਵੱਡੀ ਗੱਲ: ਮਕਬੂਜ਼ਾ ਕਸ਼ਮੀਰ ਬਾਰੇ ਜਾਣਕਾਰੀ ਦਾ ਪਾੜਾ ਪੂਰਨ ਦਾ ਸੰਜੀਦਾ ਉਪਰਾਲਾ ਹੈ ਇਹ ਕਿਤਾਬ।

---

ਐਡ੍ਰੀਅਨ ਲੈਵੀ ਤੇ ਕੈਥਰੀਨ ਸਕੌਟ-ਕਲਾਰਕ ਡੇਢ ਦਹਾਕਾ ਪਹਿਲਾਂ ਤਕ ਦੋ ਬ੍ਰਿਟਿਸ਼ ਅਖ਼ਬਾਰਾਂ ਨਾਲ ਜੁੜੇ ਨਾਮੀ ਪੱਤਰਕਾਰ ਸਨ। 2005 ਤੋਂ ਬਾਅਦ ਇਸ ਜੋੜੀ ਦੀਆਂ ਸੀ.ਆਈ.ਏ., ਅਫਗਾਨਿਸਤਾਨ ਅਤੇ ਵੱਡੇ ਦਹਿਸ਼ਤੀ ਹਮਲਿਆਂ ਸਬੰਧੀ ਸੱਤ ਕਿਤਾਬਾਂ ਆ ਚੁੱਕੀਆਂ ਹਨ ਜਿਨ੍ਹਾਂ ਵਿਚੋਂ ਪੰਜ ਅਫ-ਪਾਕਿ ਖਿੱਤੇ ਅਤੇ ਭਾਰਤੀ ਉਪ ਮਹਾਂਦੀਪ ਉੱਤੇ ਕੇਂਦ੍ਰਿਤ ਹਨ। ਅੱਠਵੀਂ ਕਿਤਾਬ 'ਸਪਾਈ ਸਟੋਰੀਜ਼' ਵੀ ਪਿਛਲੀਆਂ ਕਿਤਾਬਾਂ ਵਾਲੀ ਤਰਜ਼ ਦੀ ਹੀ ਹੈ। ਇਹ ਪਾਕਿਸਤਾਨੀ ਖ਼ੁਫੀਆ ਏਜੰਸੀ 'ਆਈ.ਐਸ.ਆਈ.' ਤੇ ਭਾਰਤੀ ਏਜੰਸੀ 'ਰਿਸਰਚ ਐਂਡ ਐਨੇਲਾਈਸਿਜ਼ ਵਿੰਗ' (ਰਾਅ) ਦਰਮਿਆਨ ਪਿਛਲੇ ਦੋ ਦਹਾਕਿਆਂ ਦੀ ਰੱਸਾਕਸ਼ੀ ਦੀ ਕਥਾ-ਕਹਾਣੀ ਪੇਸ਼ ਕਰਦੀ ਹੈ। ਕਿਉਂਕਿ ਲੇਖਕਾਂ ਨੂੰ ਦੋਵਾਂ ਏਜੰਸੀਆਂ ਦੇ ਮੁਰਸ਼ਿਦਾਂ ਤੇ ਧਰਮ-ਗੁਰੂਆਂ, ਖਾਸ ਕਰਕੇ ਭਾਰਤੀ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਸਹਿਯੋਗ ਹਾਸਲ ਸੀ, ਇਸ ਲਈ ਕਿਤਾਬ ਅੰਦਰਲੀਆਂ 'ਜਾਸੂਸੀ ਕਹਾਣੀਆਂ' ਹਨ ਵੀ ਪ੍ਰਮਾਣਿਕ।

ਕਿਤਾਬ ਬੁਨਿਆਦੀ ਤੌਰ 'ਤੇ ਵੱਖ ਵੱਖ ਦਹਿਸ਼ਤੀ ਹਮਲਿਆਂ ਨਾਲ ਜੁੜੇ ਘਟਨਾ-ਚੱਕਰਾਂ 'ਤੇ ਕੇਂਦ੍ਰਿਤ ਹੈ। ਭਾਰਤੀ ਪਾਰਲੀਮੈਂਟ ਉਪਰ ਹਮਲੇ ਦੀ ਸਾਜ਼ਿਸ਼ ਕਿਵੇਂ ਉਲੀਕੀ ਤੇ ਸਿਰੇ ਚਾੜ੍ਹੀ ਗਈ ਅਤੇ ਇਸ ਤੋਂ ਬਾਅਦ ਦੋਵਾਂ ਏਜੰਸੀਆਂ ਦੇ ਮੋਹਤਬਰਾਂ ਦਰਮਿਆਨ ਕਿਸ ਕਿਸਮ ਦੀ ਵਾਰਤਾਲਾਪ ਤੇ ਲੈਣ-ਦੇਣ ਚੱਲੀ; ਮੁੰਬਈ ਉਪਰ ਹਮਲਾ ਕਿਵੇਂ ਵਿਉਂਤਿਆ ਤੇ ਤਰਤੀਬ ਦਿੱਤਾ ਗਿਆ; ਪੁਲਵਾਮਾ ਕਾਂਡ ਕਿਉਂ ਤੇ ਕਿਵੇਂ ਵਾਪਰਿਆ; ਕੁਲਭੂਸ਼ਨ ਜਾਧਵ ਦੀ ਗ੍ਰਿਫਤਾਰੀ ਕਿੱਥੇ ਤੇ ਕਿਵੇਂ ਹੋਈ; ਅਜਿਹੇ ਕਾਂਡਾਂ ਦਾ 'ਰਾਅ' ਵੱਲੋਂ ਜਵਾਬ ਕਿੱਥੇ ਕਿੱਥੇ ਤੇ ਕਿਵੇਂ ਦਿੱਤਾ ਗਿਆ: ਇਹ ਸਾਰਾ ਕੁਝ ਪੜ੍ਹਨਾ ਗਿਆਨ ਤਾਂ ਵਧਾਉਂਦਾ ਹੀ ਹੈ। ਸੀ.ਆਈ.ਏ. ਨੇ ਆਪਣੇ ਹਿੱਤਾਂ ਲਈ ਦੋਵਾਂ ਏਜੰਸੀਆਂ ਦੀ ਕਿੱਥੇ-ਕਿੱਥੇ ਤੇ ਕਿਵੇਂ ਵਰਤੋਂ-ਕੁਵਰਤੋਂ ਕੀਤੀ, ਇਹ ਕਹਾਣੀ ਵੀ ਘੱਟ ਰੌਚਕ ਨਹੀਂ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਨਵੰਬਰ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-509



**ਝੜ ਜਾਣੇ ਭਾਵੇਂ ਪੱਤੇ, ਖੜ-ਖੜ ਕਰ ਕੇ ਸਾਰੇ,**
**ਦੇਖੋ ਯਾਰਾ ਕਾਦਰ ਦੇ, ਇਹ ਅਜਬ ਨਜ਼ਾਰੇ,**
**ਆਖੇ ਭਾਵੇਂ ਜੱਗ ਸਾਰਾ, ਪੱਤਝੜ ਨੂੰ ਗ਼ਮਗੀਨ,**
**ਪਰ ਜਾਪਦਾ ਇਹ ਰੁੱਤ ਵੀ, ਕਿੰਨੀ ਹੈ ਹੁਸੀਨ!**

## ਕੈਪਸ਼ਨ-507



ਜਿਸ ਤਨ ਲਾਗੈ ਸੋਈ ਤਨ ਜਾਣੈ
ਅਨੁਭਵ ਕਿਰਤੀ ਦੇ ਮੁੜ੍ਹਕੇ ਦਾ
ਉਹੀ ਭਾਂਪ ਸਕਦਾ ਜਿਸ ਹੱਡੀਂ ਹੰਡਾਇਆ
ਸਾਂਝੀਵਾਲਤਾ ਪ੍ਰਤੀਕ ਹੈ ਇਕੱਠ ਦਾ
ਖਾਬ ਨਹੀਂ ਹਕੀਕਤ ਹੋ ਨਿੱਬੜਿਆ
ਕਿੰਜ ਸੁਆਣੀਆਂ ਰਲ
ਤਾਮ ਤਿਆਰ ਕਰਦੀਆਂ
ਬੈਠੇ ਹਨ ਜੋ ਕਿਸਾਨ
ਹੱਕਾਂ ਲਈ ਲੜ ਰਹੇ
ਬਰਕਤ ਹੈ ਪੂਰੀ ਰਿਜ਼ਕ ਵਿਚ।
***-ਦਰਸ਼ਨ ਪਾਲ ਦੁਸਾਂਝ***

ਅੰਨ ਉਗਾਉਣ ਵਾਲੇ ਤੇ
ਪਕਾ ਕੇ ਖੁਆਉਣ ਵਾਲੇ ਮੁਜਰਮ ਹਨ,
ਉਨ੍ਹਾਂ ਉੱਪਰ ਗੱਡੀਆਂ ਚੜ੍ਹਾ ਕੇ
ਮਾਰਨ ਵਾਲੇ ਹੁਕਮਰਾਨ ਹਨ,
ਹੱਕਾਂ ਲਈ ਸੰਘਰਸ਼ ਕਰਨ ਵਾਲੇ
ਦੇਸ਼ ਧ੍ਰੋਹੀ ਹਨ ਤਾਂ
ਚਲੋ ਪਤਾ ਕਰੀਏ ਕਿਉਂ?
ਇੰਨਾ ਬੇਵਸ ਹਾਂ,
ਗੁਰੂਆਂ ਦੀ ਧਰਤੀ ਤੇ!!
***-ਦਵਿੰਦਰ ਗੁਰਾਇਆ।***

'ਮਾਈਆਂ ਰੱਬ ਰਜਾਈਆਂ' ਦਾ
ਵਰ ਲੈ ਕੇ ਸੱਚੇ ਗੁਰ ਤੋਂ,
ਜੱਗ ਦੀ ਜਣਨੀ "ਜੈ ਮਾਤਾ ਦੀ"
ਲਿਖਾ ਕੇ ਮੱਥੇ ਧੁਰ ਤੋਂ।
ਨਿਸ਼ਕਾਮ ਸੇਵਾ ਦੀ ਮੂਰਤ ਜਾਣੋ
ਧਰਤ ਬਰੋਬਰ ਖੜ੍ਹੀਆਂ,
ਚਾਹੇ ਕਿਸਾਨ ਮੋਰਚਾ ਹੋਵੇ
ਜਾਂ ਫਿਰ ਹੋਵਣ ਮੜ੍ਹੀਆਂ।
***-ਸੇਵਾ ਸਿੰਘ "ਨੂਰਪੁਰੀ"***

ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ
ਐਤਕੀਂ ਕਰ ਰਹੇ
ਸ਼ਾਂਤੀ ਸੰਘਰਸ਼ ਦਾ ਇਜ਼ਹਾਰ।
ਦਿੱਲੀ ਦੇ ਬਾਰਡਰਾਂ 'ਤੇ ਸਾਲ ਲੰਘਾਇਆ
ਕਿਸਾਨਾਂ ਕਦੀ ਆਪ ਤੇ ਕਦੀ ਪਰਿਵਾਰ
ਲੰਗਰ ਸੇਵਾ ਸੰਭਾਲੀ
ਭੈਣਾਂ ਤੇ ਬਜ਼ੁਰਗਾਂ ਨੇ
ਮੋਰਚਾ ਲਾਇਆ ਸੜਕ ਵਿਚਕਾਰ
ਕਿਸਾਨਾਂ ਤੇ ਖੇਤ ਮਜ਼ਦੂਰਾਂ ਦਾ ਸਾਂਝਾ ਮੰਚ
ਬਣਿਆ ਸਮੇਂ ਦੀਆਂ ਸਰਕਾਰਾਂ
ਲਈ ਵੰਗਾਰ।
***-ਅਮਰਜੀਤ ਸਿੰਘ ਤੂਰ, ਪਟਿਆਲਾ***
***ਫੋਨ 98784-69639***

# ਨਸੀਹਤਾਂ

ਘਰੋਂ ਪੁਲਾਂਘ ਜੀ ਪੱਟਦਾ
ਆਖਣ ਚੱਲਿਆ ਦੱਸ ਕਿੱਧਰ ਨੂੰ,
ਵੱਢੂੰ-ਖਾਊਂ ਜੇ ਕਰਦੇ ਸਾਰੇ,
ਤੁਰਦਾ ਹਾਂ ਜਿਧਰ ਨੂੰ,
ਦੂਰੋਂ ਮੁਖੜਾ ਵੱਟ ਜਾਂਦੇ,
ਜੇ ਕੇਰਾਂ ਇੱਜ਼ਤ ਗਈ ਗਵਾਈ,
ਮੇਰੇ ਵਖਰੇਵੇਂ ਅਲੱਗ ਨੇ ਯਾਰਾ,
ਤੇਰੇ ਹੋਣੇ ਅਲੱਗ ਭਾਈ।
ਬਾਪੂ ਡਰਦਾ ਲੱਥ ਨਾ ਹੋ 'ਜੇ,
ਅਜੇ ਲਾਡਲਾ ਆਖੇ ਮਾਈ ..!
ਹਰ ਦਰਵਾਜ਼ਾ ਖੁੱਲ੍ਹਾ ਦਿਖਦਾ,
ਕਿਸੇ ਵੀ ਦਰ 'ਤੇ ਜਾ ਖਲੋਜਾ,
ਕੋਈ ਛਲਾਰੂ ਮਿਲ ਹੀ ਜਾਂਦਾ,
ਇਕ ਵਾਰੀ ਜੇ ਭਰਲੇਂ ਬੋਝਾ,
ਛੇਤੀ ਹੀ ਖੰਭ ਲੱਗ ਜਾਣੇ,
ਜਦ ਨਸ਼ਿਆਂ ਦੀ ਤੈਂ ਵੀ ਨਿਸ਼ਾ ਕਰਾਈ।
ਮੇਰੇ ਵਖਰੇਵੇਂ ਅਲੱਗ ਨੇ ਯਾਰਾ,
ਤੇਰੇ ਹੋਣੇ ਅਲੱਗ ਭਾਈ ,,!
ਮੂਰਤ ਤਰਾਸ਼ ਲਈਂ ਇੱਕ ਵਾਰੀ,
ਕਦਮ ਪੁਟਣੇ ਤਾਂ ਸੌਖੇ ਨੇ,
ਧਾਲੀਵਾਲਾ ਮੰਗ ਰੱਬ ਕੋਲੋਂ
ਇੱਥੇ ਥੋੜ੍ਹੇ ਹੀ ਮਿਲਦੇ ਮੌਕੇ ਨੇ,
ਹੁਣ ਪੂਰੇ ਤਾਂ ਕਰਨੇ ਪੈਣੇ ਮਾਈ
ਖ਼੍ਵਾਬ ਜੋ ਬੰਨ੍ਹ ਲੈ ਆਈ,
ਮੇਰੇ ਵਖਰੇਵੇਂ ਅਲੱਗ ਨੇ ਯਾਰਾ,
ਤੇਰੇ ਹੋਣੇ ਅਲੱਗ ਭਾਈ !
***-ਸਨਪ੍ਰੀਤ ਸਿੰਘ ਕੁੱਸਾ***

# ਵਤਨ ਦੇਖਣ ਦਾ ਮੁੱਲ



ਵੰਡ ਵੇਲੇ ਰੈਲੀ ਪਟਿਆਲਾ ਰਿਆਸਤ ਦਾ ਪਿੰਡ ਸੀ। ਅੱਜ ਕੱਲ੍ਹ ਇਹ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦਾ ਪਿੰਡ ਹੈ। ਸੰਤਾਲੀ ਤੋਂ ਪਹਿਲਾਂ ਇੱਥੇ ਤਿੰਨ-ਚਾਰ ਘਰ ਸਿੱਖ ਕੰਬੋਆਂ ਦੇ ਸਨ ਤੇ ਬਾਕੀ ਸਾਰੇ ਮੁਸਲਮਾਨ ਵੱਸਦੇ ਸਨ। ਵੰਡ ਮਗਰੋਂ ਇੱਥੇ ਸਿਆਲਕੋਟੀਏ

ਜੱਟ ਆਣ ਵੱਸੇ। ਇਨ੍ਹਾਂ ਵਿਚੋਂ ਇੱਕ ਕਰਤਾਰ ਸਿੰਘ ਘੁੰਮਣ ਨੇ। ਉਨ੍ਹਾਂ ਨਾਲ ਗੱਲਬਾਤ ਕਰਨ ਲਈ ਮੈਂ ਰੈਲੀ ਗਿਆ। ਚਿੱਟੇ ਵਸਤਰ ਅਤੇ ਹੱਥ 'ਚ ਸਿਰ ਤੋਂ ਹੱਥ ਭਰ ਉੱਚਾ ਖੂੰਡਾ ਫੜੀ ਉਹ ਗੁਆਚੀ ਧਰਤੀ ਦੀ ਬਾਤ ਪਾਉਣ ਲੱਗੇ, "ਸਾਡਾ ਪਿੰਡ ਕਾਲੋਵਾਲੀ ਘੁੰਮਣਾਂ ਏ। ਬੰਨ ਬਾਜਵੇ ਤੇ ਜਧਾਲੇ ਦੇ ਕੋਲ। ਸਾਡੇ ਨਾਨਕੇ ਤਾਰੜ ਪਿੰਡ 'ਚ ਸਨ। ਉਹ ਪਿੰਡ ਅੱਧਾ ਸਿੱਖਾਂ ਅਤੇ ਅੱਧਾ ਮੁਸਲਮਾਨ ਤਾਰੜਾਂ ਦਾ ਸੀ। ਉਨ੍ਹਾਂ ਦਾ ਵਡੇਰਾ ਸ਼ੇਖ਼ੂਪੁਰੇ ਤੋਂ ਆ ਕੇ ਇੱਥੇ ਵਸਿਆ ਸੀ। ਹੁਣ ਉਹ ਕਾਹਨੂੰਵਾਨ ਕੋਲ ਦਾਰਾਪੁਰ ਪਿੰਡ 'ਚ ਬੈਠੇ ਨੇ।

ਨੇੜਲੇ ਪਿੰਡ ਕਰਨਾਣੀ 'ਚ ਗਿਆਰਾਂ ਹਾੜ੍ਹ ਨੂੰ ਬੜਾ ਵੱਡਾ ਮੇਲਾ ਲੱਗਦਾ। ਬਾਵੇ ਦੀ ਕੋਟਲੀ 'ਚ ਵੈਸਾਖੀ, ਰਛਾੜੇ 'ਚ ਬਾਬੇ ਲੱਛਣ ਤੇ ਕੋਰੇ ਪਿੰਡ 'ਚ ਬਾਬੇ ਗੁੱਲੂ ਸ਼ਾਹ ਦਾ ਮੇਲਾ ਲੱਗਦਾ ਹੁੰਦਾ ਸੀ। ਸਾਧਾਵਾਲੀ ਪਿੰਡ ਦਾ ਨਜ਼ਰ ਸ਼ਾਹ ਮੇਰੇ ਵੱਡੇ ਭਾਈ ਦਾ ਪੱਗ ਵੱਟ ਭਰਾ ਬਣਿਆ ਹੋਇਆ ਸੀ।



**ਸਾਂਵਲ ਧਾਮੀ**
ਫੋਨ: +91-97818-43444

ਉਧਰ ਮੇਰੇ ਬਾਪ ਨੂੰ ਚੌਧਰੀ ਬੇਲਾ ਆਂਹਦੇ ਸੀ। ਇੱਧਰ ਆ ਕੇ ਉਹ ਬੇਲਾ ਸਿੰਘ ਹੋ ਗਿਆ ਸੀ। ਤਾਏ ਦਾ ਨਾਂ ਫਤਿਹ ਚੰਦ ਸੀ। ਸਾਰੇ ਉਹਨੂੰ ਫੱਤੂ-ਫੱਤੂ ਹੀ ਆਖਦੇ ਸਨ। ਮੇਰੀਆਂ ਤਿੰਨ ਭੂਆ ਸਨ। ਇੱਕ ਨੰਗਲ ਬਾਜਵੇ, ਦੂਜੀ ਬੁੱਟਰੀ ਤੇ ਤੀਜੀ ਗੁੱਜਰਾਂਵਾਲੇ ਦੇ ਪਿੰਡ ਬੀਰਮ 'ਚ ਵਿਆਹੀ ਹੋਈ ਸੀ।

ਸਾਡੇ ਪਿੰਡ ਦਾ ਗੁਰਦੁਆਰਾ ਮੇਰੀ ਹੋਸ਼ 'ਚ ਮੁਕੰਮਲ ਹੋਇਆ ਸੀ। ਪਿੰਡ 'ਚ ਮਸੀਤ ਵੀ ਸੀ। ਉਹਦੇ ਨਾਲ ਸ਼ਾਦੀ ਸ਼ਾਹ ਪੀਰ ਦੀ ਜਗ੍ਹਾ ਸੀ।

ਉਸ ਪਿੰਡ 'ਚ ਜ਼ਮੀਨ ਦੇ ਮਾਲਕ ਘੁੰਮਣ ਸਨ। ਪੈਂਤੀ-ਚਾਲੀ ਘਰ ਸਿੱਖ ਘੁਮਿਆਰਾਂ ਦੇ ਵੀ ਸਨ। ਉਹ ਹੁਣ ਗੁਰਦਾਸਪੁਰ ਜ਼ਿਲ੍ਹੇ ਦੇ ਮੀਰਪੁਰ ਪਿੰਡ 'ਚ ਬੈਠੇ ਨੇ। ਕੁਝ ਘਰ ਮੁਸਲਮਾਨ ਅਰਾਈਆਂ ਦੇ ਸਨ। ਗੁਲਾਮ ਮੁਹੰਮਦ, ਮਾਮੂੰ, ਯਾਮੂੰ ਤੇ ਮੰਨਾਂ ਉਨ੍ਹਾਂ 'ਚੋਂ ਮਸ਼ਹੂਰ ਬੰਦੇ ਸਨ। ਮਾਮੂੰ ਤੇ ਝੰਡੂ; ਸਾਡੇ ਪਿੰਡ ਦੇ ਦੋ ਚੌਕੀਦਾਰ ਸਨ। ਪਹਿਲਵਾਨ ਖੈਰਦੀਨ ਮੇਰੇ ਵੱਡੇ ਭਾਈ ਬੁੱਢਾ ਸਿੰਘ ਦਾ ਭਰਾ ਬਣਿਆ ਹੋਇਆ ਸੀ। ਉਹ ਭਾਈ ਦੀ ਬਰਾਤ 'ਚ ਵੀ ਗਿਆ ਸੀ।

ਅਸੀਂ ਤਿੰਨ ਭਾਈ ਸਾਂ। ਸਾਡੇ ਕੋਲ ਦੋ ਘੋੜੀਆਂ ਸਨ। ਇੱਕ ਪੱਠਿਆਂ ਵਾਸਤੇ ਤੇ ਦੂਜੀ ਆਉਣ-ਜਾਣ ਵਾਸਤੇ ਰੱਖੀ ਹੋਈ ਸੀ। ਉਹ ਘੋੜੀ ਮੈਂ ਮੇਲਿਆਂ 'ਤੇ ਵੀ ਭਜਾਉਂਦਾ ਹੁੰਦਾ ਸਾਂ। ਪਿੰਡ 'ਚ ਨੌਂ-ਦਸ ਖੂਹ ਸਨ। ਸਾਡੇ ਖੂਹ ਦਾ ਨਾਂ ਗੋਰੇ ਵਾਲਾ ਖੂਹ ਸੀ। ਕਿਰਪਾਲੇ ਆਲਾ, ਅੰਬਾਂ ਆਲਾ ਤੇ ਨਵਾਂ ਖੂਹ; ਕੁਝ ਹੋਰ ਖੂਹ ਯਾਦ ਨੇ ਮੈਨੂੰ। ਸਾਡਾ ਇੱਕ ਖੂਹ ਅਰਾਈਆਂ ਨਾਲ ਸਾਂਝਾ ਹੁੰਦਾ ਸੀ।

ਸਾਡਾ ਘਰ ਮਿਸਤਰੀਆਂ ਦੇ ਘਰ ਦੇ ਨਾਲ ਲੱਗਦਾ ਸੀ। ਉਹ ਬਹੁਤ ਵੱਡੇ ਕਾਰੀਗਰ ਸਨ। ਉਨ੍ਹਾਂ ਦੇ ਨਾਂ ਸਨ; ਲਾਭ ਸਿੰਘ, ਕਰਮ ਸਿੰਘ ਤੇ ਭਾਈ ਸੁੰਦਰ ਸਿੰਘ। ਉਹ ਸਿਆਲਕੋਟ ਸ਼ਹਿਰ 'ਚ ਮਕਾਨਾਂ ਦੇ ਠੇਕੇ ਲੈਂਦੇ ਸਨ। ਉਨ੍ਹਾਂ ਦੇ ਆਪਣੇ ਮਕਾਨ ਵੀ ਪੱਕੇ ਸਨ। ਉਨ੍ਹਾਂ 'ਚੋਂ ਇੱਕ ਭਾਈ ਸੁੰਦਰ ਸਿੰਘ ਜੀ ਸਨ। ਉਨ੍ਹਾਂ ਪਿੰਡ 'ਚ ਆ ਕੇ ਡਾਕਟਰੀ ਦੀ ਦੁਕਾਨ ਖੋਲ੍ਹੀ ਸੀ। ਕੋਈ ਜ਼ਿਆਦਾ ਬਿਮਾਰ ਹੋਏ ਤਾਂ ਉਹਨੂੰ ਘਰ ਜਾ ਕੇ ਦਵਾਈ ਦਿੰਦੇ ਸੀ। ਉਹ ਕਿਸੇ ਕੋਲੋਂ ਪੈਸਾ ਨਹੀਂ ਸਨ ਲੈਂਦੇ।

ਪਿੰਡ 'ਚ ਕਦੇ ਕੋਈ ਲੜਾਈ-ਝਗੜਾ ਹੋ ਜਾਂਦਾ ਤਾਂ ਲੋਕ ਚੌਧਰੀ ਬੇਲੀ ਕੋਲ ਆਉਂਦੇ ਸਨ। ਫਲਾਹੀ ਦੀ ਛਾਵੇਂ ਅਸੀਂ ਥੜ੍ਹਾ ਬਣਾਇਆ ਹੋਇਆ ਸੀ। ਲਗਭਗ ਸਾਰੇ ਫੈਸਲੇ ਉਥੇ ਹੀ ਹੋ ਜਾਂਦੇ। ਸ਼ਾਇਦ ਹੀ ਕਦੇ ਕੋਈ ਮਸਲਾ ਥਾਣੇ ਤੱਕ ਗਿਆ ਹੋਵੇ। ਭਾਈ ਬੁੱਢਾ ਸਿੰਘ ਤੇ ਜਥੇਦਾਰ ਈਸ਼ਰ ਸਿੰਘ ਕਾਨਫਰੰਸਾਂ 'ਤੇ ਵੀ ਜਾਂਦੇ ਹੁੰਦੇ ਸਨ। ਇੱਕ ਵਾਰ ਇਨ੍ਹਾਂ ਆਣ ਕੇ ਦੱਸਿਆ ਕਿ ਵੰਡ ਹੋ ਗਈ ਏ। ਅਸੀਂ ਇੱਥੇ ਨਹੀਂ ਰਹਿਣਾ। ਬਜ਼ੁਰਗ ਹੱਸ ਕੇ ਬੋਲੇ- ਅਸੀਂ ਕਿੱਥੇ ਤੁਰ ਜਾਣਾ? ਸਾਡੀਆਂ ਜੜ੍ਹਾਂ ਤਾਂ ਪਾਤਾਲ 'ਚ ਨੇ।



ਥੋੜ੍ਹੇ ਦਿਨਾਂ 'ਚ ਚਾਰ-ਚੁਫੇਰੇ ਅੱਗਾਂ ਲੱਗਣ ਲੱਗ ਪਈਆਂ। ਨੇੜਲੇ ਪਿੰਡਾਂ 'ਚੋਂ ਹਿੰਦੂ-ਸਿੱਖ ਉੱਠਣ ਲੱਗੇ। ਸਾਡਾ ਪਿੰਡ ਬੈਠਾ ਰਿਹਾ। ਲੁੱਟ-ਮਾਰ ਕਰਨ ਵਾਲੇ ਲੋਕ ਸਾਧਾਵਲੀ ਗਏ। ਉਹ ਨਜ਼ਰ ਸ਼ਾਹ ਨੂੰ ਕਹਿਣ ਲੱਗੇ- ਕਾਲੋਵਾਈਏ ਸਿੱਖ ਤੇਰੀ ਵਜ੍ਹਾ ਨਾਲ ਬੈਠੇ ਨੇ। ਉਨ੍ਹਾਂ ਕੋਲ ਬਸ ਅੱਜ ਦੀ ਰਾਤ ਏ। ਸਵੇਰੇ ਅਸੀਂ ਹਮਲਾ ਕਰ ਦੇਣਾ।

ਉਸੀ ਸ਼ਾਮ ਦੀ ਗੱਲ ਏ। ਸਾਡਾ ਸਾਰਾ ਪਿੰਡ ਘਰਾਂ 'ਚੋਂ ਨਿਕਲ ਕੇ ਨੇੜਲੇ ਪਿੰਡਾਂ 'ਚੋਂ ਉੱਠਦੀਆਂ ਅੱਗ ਦੀਆਂ ਲਾਟਾਂ ਦੇਖ ਰਿਹਾ ਸੀ। ਨਜ਼ਰ ਸ਼ਾਹ ਨੇ ਆਪਣੇ ਪੁੱਤਰ ਨੂੰ ਘੋੜੀ 'ਤੇ ਘੱਲਿਆ। ਉਹ ਬੁੱਢਾ ਸਿੰਘ ਨੂੰ ਕਹਿੰਦਾ- ਅੱਬਾ ਦਾ ਸੁਨੇਹਾ ਹੈ ਕਿ ਅੱਜ ਹੀ ਪਿੰਡ ਛੱਡ ਦਿਓ। ਕੱਲ੍ਹ ਸਵੇਰੇ ਤੁਹਾਡੇ ਉੱਤੇ ਹਮਲਾ ਹੋ ਜਾਣਾ। ਸੁਨੇਹਾ ਦੇ ਕੇ ਉਹ ਮੁੜ ਗਿਆ। ਮੋਹਤਬਰਾਂ ਉੱਠਣ ਦਾ ਫੈਸਲਾ ਕਰ ਲਿਆ। ਅਸੀਂ ਥੋੜ੍ਹੇ-ਥੋੜ੍ਹੇ ਕੱਪੜੇ ਚੁੱਕ ਲਏ ਤੇ ਰੋਂਦੇ-ਕੁਰਲਾਉਂਦੇ ਘਰਾਂ 'ਚੋਂ ਨਿਕਲ ਤੁਰੇ। ਪਿੰਡੋਂ ਨਿਕਲਦਿਆਂ ਸਾਡਾ ਕਾਫਲਾ ਦੋ ਹਿੱਸਿਆਂ 'ਚ ਵੰਡਿਆ ਗਿਆ। ਅੱਧਾ ਬਢਿਆਣੇ ਕੈਂਪ ਵੱਲ ਤੁਰ ਪਿਆ ਸੀ ਤੇ ਅੱਧਾ ਕਲਾਸਵਾਲੇ ਵੱਲ।

ਸਾਨੂੰ ਬੰਨ ਬਾਜਵੇ ਦੇ ਕੋਲ ਦਿਨ ਛਿਪ ਗਿਆ। ਅੱਗੇ ਨਦੀ ਸੀ। ਸਾਰਾ ਪਿੰਡ ਨਦੀ ਦੇ ਕਿਨਾਰੇ ਬੈਠ ਗਿਆ। ਅਸੀਂ ਬਰਛਿਆਂ ਨਾਲ ਪਾਣੀ ਦੀ ਡੂੰਘਾਈ ਨਾਪ ਰਹੇ ਸਾਂ ਕਿ ਕਾਲੇ ਚੱਕ ਦੇ ਲੁਟੇਰਿਆਂ ਨੇ ਸਾਨੂੰ ਆਣ ਘੇਰਿਆ। ਸਾਨੂੰ ਵੱਡਿਆਂ ਨੇ ਆਖਿਆ ਹੋਇਆ ਸੀ ਕਿ ਜੇ ਕੋਈ ਤੁਹਾਨੂੰ ਮਾਰਨ ਪੈ ਗਿਆ ਤਾਂ ਲੜ ਕੇ ਮਰਿਓ। ਐਵੇਂ ਕੱਪੜੇ ਨਾ ਸੰਭਾਲੀ ਜਾਇਓ। ਅਸੀਂ ਬਰਛੇ ਲੈ ਕੇ ਉਨ੍ਹਾਂ ਦੇ ਅੱਗੇ ਖੜ੍ਹੋ ਗਏ। ਅਸੀਂ ਆਖਿਆ- ਜੇ ਸਾਡਾ ਕੋਈ ਨੁਕਸਾਨ ਹੋਇਆ ਤਾਂ ਬਚ ਕੇ ਜਾਣ ਅਸੀਂ ਤੁਹਾਨੂੰ ਵੀ ਨਹੀਂ ਦੇਣਾ। ਇਸ ਤਕਰਾਰ ਨੂੰ ਸੁਣ ਕੇ ਮਿਸਤਰੀਆਂ ਦੇ ਅਤਰ ਸਿੰਘ ਨੂੰ ਗੁੱਸਾ ਆ ਗਿਆ। ਉਹ ਭੱਜ ਕੇ ਗਿਆ ਤੇ ਇੱਕ ਧਾੜਵੀ ਦੇ ਹੱਥੋਂ ਗੰਡਾਸਾ ਖੋਹ ਲਿਆਇਆ। ਉਹ ਡਰ ਕੇ ਪਿਛਾਂਹ ਵੱਲ ਮੁੜ ਗਏ।

ਲਾਭ ਸਿੰਘ ਮਿਸਤਰੀ ਦੀ ਮਾਈ ਦੀ ਉਮਰ ਉਦੋਂ ਅੰਦਾਜ਼ਨ ਅੱਸੀ ਕੁ ਸਾਲ ਹੋਵੇਗੀ। ਮੈਂ ਉਹਨੂੰ ਮੋਢਿਆਂ 'ਤੇ ਚੁੱਕ ਕੇ ਨਦੀ ਪਾਰ ਕਰਵਾਈ ਸੀ। ਨਦੀ ਤੋਂ ਪਾਰ ਦਾਤਾ ਬਾਹਮਣਾ ਪਿੰਡ ਸੀ। ਇਸ ਪਿੰਡ 'ਚੋਂ ਹਿੰਦੂ ਉੱਠ ਗਏ ਸਨ ਤੇ ਮੁਸਲਮਾਨ ਵੱਸਦੇ ਸਨ।

ਮੋਹਤਬਰਾਂ ਨੇ ਮੁਸਲਮਾਨਾਂ ਕੋਲੋਂ ਪੁੱਛਿਆ ਤਾਂ ਉਹ ਕਹਿੰਦੇ- ਕੋਈ ਗੱਲ ਨਹੀਂ। ਤੁਸੀਂ ਪਿੰਡ 'ਚੋਂ ਦੀ ਲੰਘ ਜਾਓ। ਇਸ ਪਿੰਡ 'ਚੋਂ ਦੀ ਲੰਘ ਕੇ ਅਸੀਂ ਖੇਤਾਂ 'ਚੋਂ ਹੁੰਦੇ ਹੋਏ ਕਲਾਸਵਾਲੇ ਵੱਲ ਤੁਰ ਪਏ। ਕਾਲੋਵਾਲੀ 'ਚੋਂ ਨਿਕਲਦਿਆਂ ਪਿੰਡ ਦੀਆਂ ਦੋ ਕੁੜੀਆਂ ਮਾਪਿਆਂ ਨਾਲੋਂ ਨਿੱਖੜ ਕੇ ਸਾਡੇ ਨਾਲ ਤੁਰ ਪਈਆਂ ਸਨ। ਉਨ੍ਹਾਂ ਦੇ ਮਾਪੇ ਬਢਿਆਣੇ ਕੈਂਪ ਵੱਲ ਚਲੇ ਗਏ ਸਨ। ਜਦੋਂ ਅਸੀਂ ਕਲਾਸਵਾਲੇ ਦੇ ਕੋਲ ਪਹੁੰਚੇ ਤਾਂ ਜਥੇਦਾਰ ਈਸ਼ਰ ਸਿੰਘ ਆਂਹਦਾ- ਜੀਅ ਗਿਣੋ ਕਿ ਪੂਰੇ ਈ ਆ। ਜਦੋਂ ਜੀਅ ਗਿਣੇ ਤਾਂ ਉਹ ਕੁੜੀਆਂ ਨਾ ਲੱਭੀਆਂ। ਦਰਅਸਲ, ਜਦੋਂ ਨਦੀ 'ਤੇ ਰੌਲਾ ਪਿਆ ਤਾਂ ਉਹ ਡਰ ਕੇ ਨਰਮੇ 'ਚ ਲੁਕ ਗਈਆਂ ਸਨ। ਅਸੀਂ ਤੁਰ ਆਏ ਪਰ ਉਹ ਉਥੇ ਬੈਠੀਆਂ ਰਹਿ ਗਈਆਂ। ਦਿਨ ਚੜ੍ਹੇ ਉਹ ਉੱਠ ਕੇ ਨਾਲ ਦੇ ਪਿੰਡ ਕੁੱਲ ਬਾਜਵੇ ਚਲੀਆਂ ਗਈਆਂ। ਉਥੋਂ ਦੇ ਕੁਝ ਹਿੰਦੂ ਹਾਲੇ ਬੈਠੇ ਸਨ। ਮੁਸਲਮਾਨਾਂ ਨੇ ਉਹ ਕੁੜੀਆਂ ਉਨ੍ਹਾਂ ਦੇ ਘਰ ਪਹੁੰਚਾ ਦਿੱਤੀਆਂ। ਅਗਲੇ ਦਿਨ ਉਹ ਹਿੰਦੂ ਵੀ ਕੁੜੀਆਂ ਨੂੰ ਨਾਲ ਲੈ ਕੇ ਕਲਾਸਵਾਲੇ ਕੈਂਪ 'ਚ ਪਹੁੰਚ ਗਏ। ਉਥੇ ਅਸੀਂ ਪੱਚੀ ਤੀਹ ਦਿਨ ਰਹੇ।

ਕਲਾਸਵਾਲੀਏ ਸਰਦਾਰਾਂ ਨੇ ਆਖਿਆ ਹੋਇਆ ਸੀ ਕਿ ਹਿੰਦੂ ਮਿਲਟਰੀ ਆਏਗੀ ਤਾਂ ਅਸੀਂ ਜਥਾ ਤੋਰਨਾ। ਫਿਰ ਇੱਧਰੋਂ ਮਰਹੱਟੇ ਗਏ। ਬੁੱਢੇ-ਠੇਰੇ ਤੇ ਬੱਚੇ ਤਾਂ ਗੱਡੀਆਂ 'ਚ ਆਏ ਪਰ ਜਵਾਨਾਂ ਅਤੇ ਡੰਗਰ-ਵੱਛੇ ਵਾਲਿਆਂ ਨੂੰ ਕਾਫਲੇ 'ਚ ਆਉਣਾ ਪਿਆ। ਇੱਧਰ ਆ ਕੇ ਪਹਿਲਾਂ ਅਸੀਂ ਕੀੜੀ ਅਫਗਾਨਾ 'ਚ ਬੈਠੇ। ਫਿਰ ਪਟਿਆਲੇ ਵਾਲੇ ਰਾਜੇ ਨੇ ਐਲਾਨ ਕਰ ਦਿੱਤਾ ਕਿ ਮੈਂ ਆਪਣੀ ਰਿਆਸਤ 'ਚ ਸਿਆਲਕੋਟੀਏ ਬਿਠਾਉਣੇ ਨੇ। ਸਾਡੇ ਲਾਣੇਦਾਰ ਪਟਿਆਲੇ 'ਚ ਜ਼ਮੀਨ ਦੇਖਣ ਆਏ। ਆਖਰ ਉਨ੍ਹਾਂ ਆਹ ਪਿੰਡ ਅਲਾਟ ਕਰਵਾ ਲਿਆ। ਪਹਿਲਾਂ ਕੱਚੀ ਅਲਾਟਮੈਂਟ ਹੋਈ ਤੇ ਫਿਰ ਪੱਕੀ। ਇਸ ਪਿੰਡ ਨੂੰ ਰਾਏਪੁਰ ਰੈਲੀ ਕਹਿੰਦੇ ਨੇ। ਨੇੜੇ ਰਾਏਪੁਰ ਪਿੰਡ ਏ। ਮੁਸਲਮਾਨ ਗੁੱਜਰਾਂ ਦਾ ਪਿੰਡ ਸੀ ਇਹ।

ਸੰਤਾਲੀ ਨੇ ਸਾਡਾ ਬੜਾ ਨੁਕਸਾਨ ਕੀਤਾ। ਸਾਡੀ ਇੱਕ ਭੈਣ ਰਾਹ 'ਚ ਪੂਰੀ ਹੋ ਗਈ ਸੀ। ਸਿਆਲਕੋਟ ਵਾਲੀ ਜ਼ਮੀਨ ਇਹਦੇ ਨਾਲੋਂ ਕਿਤੇ ਵਧੀਆ ਸੀ। ਸਾਨੂੰ ਸੱਠ ਕਿੱਲਿਆਂ ਦੇ ਬਦਲੇ ਉਨੱਤੀ ਕਿੱਲੇ ਹੀ ਮਿਲੇ। ਚਲੋ, ਜੋ ਹੋਣਾ ਸੀ ਹੋ ਗਿਆ। ਬੱਚੇ ਮਿਹਨਤੀ ਨੇ। ਸਾਰਾ ਕੁਝ ਮੁੜ ਤੋਂ ਮਿਲ ਗਿਆ ਏ।

ਘਰ ਦਾ ਸਾਮਾਨ ਅਸੀਂ ਫਜ਼ਲ ਹੁਸੈਨ ਦੇ ਘਰ ਰੱਖ ਆਏ ਸਾਂ ਅਤੇ ਗਹਿਣੇ-ਗੱਟੇ ਝੰਡੂ ਚੌਕੀਦਾਰ ਨੂੰ ਫੜਾ ਆਏ ਸਾਂ। ਇੱਧਰ ਆ ਕੇ ਅਸੀਂ ਉਹਨੂੰ ਚਿੱਠੀ ਵੀ ਪਾਈ ਸੀ। ਉਹਨੇ ਜਵਾਬ 'ਚ ਲਿਖਿਆ ਸੀ- ਤੁਹਾਡੇ ਵਾਲੇ ਗਹਿਣੇ ਮੇਰੇ ਕੋਲੋਂ ਪੁਲੀਸ ਲੈ ਗਈ ਸੀ। ਪੰਜ-ਛੇ ਸਾਲਾਂ ਬਾਅਦ ਵੱਡੇ ਭਾਈ ਬੁੱਢਾ ਸਿੰਘ ਦਾ ਦੋ ਮਹੀਨੇ ਦਾ ਵੀਜ਼ਾ ਲੱਗ ਗਿਆ। ਉਸ ਵੇਲੇ ਉਹਦਾ ਪੁੱਤਰ ਬਿਮਾਰ ਸੀ। ਇੱਕ ਪਾਸੇ ਵਤਨ ਦੇਖਣ ਦੀ ਤਾਂਘ ਸੀ ਤੇ ਦੂਜੇ ਪਾਸੇ ਪੁੱਤ ਦਾ ਫਿਕਰ। ਆਖਰ ਉਹਨੇ ਪਿੰਡ ਦੇਖਣ ਦਾ ਫੈਸਲਾ ਕਰ ਲਿਆ ਸੀ।

ਉਹਦੇ ਪਿੱਛੋਂ ਉਹਦਾ ਪੁੱਤਰ ਜ਼ਿਆਦਾ ਬਿਮਾਰ ਹੋ ਗਿਆ। ਉਧਰ ਉਹਦੇ ਯਾਰ ਉਹਨੂੰ ਪਿੰਡਾਂ 'ਚ ਲਈ ਫਿਰਦੇ ਸਨ। ਪਿੰਡ ਵਾਲੇ ਉਹਨੂੰ ਇਧਰ ਨਹੀਂ ਸਨ ਆਉਣ ਦਿੰਦੇ। ਮੁੜ-ਮੁੜ ਇਹੋ ਕਹਿੰਦੇ- ਤੂੰ ਕੀ ਕਰਨਾ ਏ, ਹਿੰਦੋਸਤਾਨ ਜਾ ਕੇ? ਅਸੀਂ ਚਿੱਠੀ ਪਾਈ ਪਰ ਉਹਦੇ ਮੁੜਨ ਤੋਂ ਪਹਿਲਾਂ ਉਹ ਮੁੰਡਾ ਗੁਜ਼ਰ ਗਿਆ। ਉਹ ਬੜਾ ਰੋਇਆ। ਫਿਰ ਉਹ ਸਿਵਿਆ 'ਚ ਵੀ ਗਿਆ। ਪੁੱਤਰ ਦੀ ਢੇਰੀ ਦਾ ਕਲਾਵਾ ਭਰਦਿਆਂ ਧਾਹ ਮਾਰ ਕੇ ਬੋਲਿਆ- ਇੱਥੇ ਹੁੰਦਾ ਤਾਂ ਸ਼ਾਇਦ ਮੈਂ ਤੈਨੂੰ ਬਚਾ ਲੈਂਦਾ। ਮੈਨੂੰ ਮੁਆਫ ਕਰ ਦਈਂ ਪੁੱਤਰਾ। ਵਤਨ ਦੇਖਣ ਦੀ ਤਾਂਘ ਨੇ ਮੈਨੂੰ ਸਭ ਰਿਸ਼ਤੇ ਭੁਲਾ ਛੱਡੇ ਸਨ। ਮੈਂ ਤੈਨੂੰ ਨਹੀਂ ਗਵਾਇਆ ਪੁੱਤਰਾ, ਵਤਨ ਦੇਖਣ ਦਾ ਮੁੱਲ ਤਾਰਿਆ ਏ!'

ਇਸ ਨਾਲ ਕਰਤਾਰ ਸਿੰਘ ਹੋਰਾਂ ਦੀ ਗੱਲ ਮੁੱਕ ਗਈ ਪਰ ਅੱਥਰੂ ਵਹਿਣੇ ਸ਼ੁਰੂ ਹੋ ਗਏ।

---

# ਬੁੱਢਾ ਸੀਰੀ

ਬਾਪੂ ਜਦੋਂ ਬਾਂਹ ਛੁਡਾ ਕੇ ਅਸਤਕਾਲ ਨੂੰ ਤੁਰ ਗਿਆ ਤਾਂ ਇਕ ਵਾਰੀ ਮੈਨੂੰ ਲੱਗਾ, ਇਸ ਸਦਮੇ ਵਿਚੋਂ ਸ਼ਾਇਦ ਹੀ ਬਾਹਰ ਆ ਸਕਾਂ। ਤੁਰ ਜਾਣ ਤੋਂ ਪਹਿਲਾਂ ਬਾਪੂ ਮੈਨੂੰ ਬੜੀ ਛੋਟੀ ਉਮਰ ਵਿਚ ਵਿਆਹ ਬੰਨ੍ਹਣ ਵਿਚ ਬੰਨ੍ਹ ਗਿਆ ਸੀ। ਨਾ ਮੇਰੀ ਪੜ੍ਹਾਈ ਇੰਨੀ ਸੀ ਕਿ ਕਿਸੇ ਨੌਕਰੀ ਬੰਨੇ ਲੱਗ ਜਾਂਦਾ। ਖੇਤੀ ਵਿਚ ਵੀ ਮੇਰੀ ਹਾਲਤ ਪਤਲੀ ਸੀ। ਫਸਲਾਂ ਬਾਰੇ ਮੇਰਾ ਕੋਈ ਤਜਰਬਾ ਨਹੀਂ

**ਸੁਖਦੇਵ ਸਿੰਘ ਮਾਨ**
ਫੋਨ: +91-94170-59142

ਸੀ। ਬਾਪੂ ਜਿੱਧਰ ਮੈਨੂੰ ਖੜ੍ਹਾ ਕਰ ਦਿੰਦਾ, ਮੈਂ ਉਧਰ ਖੜ੍ਹਾ ਖੇਤ ਵਿਚ ਟੱਕਰਾਂ ਜਿਹੀਆਂ ਮਾਰੀ ਜਾਂਦਾ। ਖੇਤੀ ਬਾਰੇ ਮੇਰਾ ਗ੍ਰਹਿਸਥੀ ਤੋਂ ਨਿਰਲੇਪ ਚਾਚਾ ਹਰੀ ਸਭ ਕੁਝ ਜਾਣਦਾ ਸੀ ਪਰ ਚਾਚੇ ਹਰੀ ਨੂੰ ਹੱਥ ਕੰਬਣ ਦੀ ਚੰਦਰੀ ਬਿਮਾਰੀ ਨੇ ਨਿਢਾਲ ਕਰ ਦਿੱਤਾ ਸੀ। ਬਾਪੂ ਦੇ ਤੁਰ ਜਾਣ ਬਾਅਦ ਚਾਚਾ ਹਰੀ ਕੰਬਦੇ ਹੱਥਾਂ ਨਾਲ ਮੇਰੇ ਨਾਲ ਖੇਤ ਜਾਂਦਾ। ਖੇਤੀ ਦੇ ਕੰਮਾਂ ਨੂੰ ਚਾਚਾ ਹੱਥ ਪਾਉਣ ਦਾ ਯਤਨ ਵੀ ਕਰਦਾ ਪਰ ਕੰਬਦੇ ਹੱਥ ਕੁਝ ਵੀ ਕਰਨ ਨਾ ਦਿੰਦੇ। ਭਰਾ ਨੂੰ ਯਾਦ ਕਰ ਚਾਚਾ ਹਰੀ ਵੱਟ 'ਤੇ ਬਹਿ ਹੰਝੂ ਬਹਾਉਣ ਲੱਗ ਪੈਂਦਾ।

ਬਾਪੂ ਖੇਤੀ ਲਈ ਬੋਤੀ ਲੈ ਕੇ ਦੇ ਗਿਆ ਸੀ। ਬੋਤੀ ਬੜੀ ਮੜਕ ਵਾਲੀ ਸੀ। ਮੇਰੇ ਅਣਜਾਣਪੁਣੇ ਤੋਂ ਬੋਤੀ ਖਿਝ ਜਾਂਦੀ। ਬੋਤੀ ਚਾਹੁੰਦੀ ਸੀ, ਉਸ ਨੂੰ ਵਾਹੁਣ ਵਾਲਾ ਕੋਈ ਹਾਲੀ ਹੋਵੇ ਜਿਹੜਾ ਮੁਹਾਰ ਸੱਜੇ ਖੱਬੇ ਸੁੱਟਣ ਜਾਣਦਾ ਹੋਵੇ ਪਰ ਮੇਰੇ ਕੋਲੋਂ ਨਾ ਬੋਤੀ ਦੀ ਕੁਆਂਟ ਤੇ ਘੋੜੀ ਸਹੀ ਟਿਕਦੀ ਸੀ, ਨਾ ਤੰਗੜ ਕੱਸਿਆ ਜਾਂਦਾ। ਅਸਲ ਵਿਚ ਮੈਂ ਬੋਤੀ ਮਗਰ ਤੁਰਦਾ ਨਹੀਂ ਸੀ ਬਲਕਿ ਬੋਤੀ ਮੈਨੂੰ ਘੜੀਸੀ ਫਿਰਦੀ।

ਇਕ ਦਿਨ ਬੋਤੀ ਨੂੰ ਪਤਾ ਨਹੀਂ ਕੀ ਜੋਸ਼ ਆਇਆ, ਉਹ ਮੈਨੂੰ ਸੁਹਾਗੀ ਸਮੇਤ ਖੇਤ ਵਿਚ ਘੜੀਸ ਕੇ ਲੈ ਗਈ। ਮੈਂ ਸੁਹਾਗੀ ਦੇ ਮੂਹਰੇ ਡਿੱਗ ਪਿਆ। ਇਕ ਬਾਂਹ ਵਿਚ ਮੁਹਾਰ ਵਿਲਟ ਗਈ। ਗੁਆਰੇ ਦੇ ਵੱਢ ਵਿਚ ਸੁਹਾਗੀ ਮੇਰੇ ਉਪਰ ਦੀ ਲੰਘ ਗਈ। ਵੱਜੀਆਂ ਝਰੀਟਾਂ ਤੇ ਮਿੱਟੀ ਭੁਕਦਾ ਮੈਂ ਕੰਬਦੇ ਹੱਥਾਂ ਨਾਲ ਕੋਲ ਆਏ ਚਾਚੇ ਵੱਲ ਦੇਖ ਅੱਖਾਂ ਭਰ ਆਇਆ। ਚਾਚੇ ਨੇ ਮੈਨੂੰ ਵਰਾਇਆ।

ਇਕ ਦਿਨ ਚਾਚਾ ਮੈਨੂੰ ਪਰਲੇ ਅਗਵਾੜ ਦੇ ਨਹਿਰੂ ਦੇ ਘਰ ਲੈ ਗਿਆ। ਨਹਿਰੂ ਵੀ ਚਾਚੇ ਵਾਂਗ ਗ੍ਰਹਿਸਥੀ ਤੋਂ ਮੁਕਤ ਸੀ। ਨਹਿਰੂ ਆਪਣੇ ਚਾਚੇ ਦੇ ਪੁੱਤ ਕਿਹਰ ਦੇ ਚੁੱਲ੍ਹੇ 'ਤੇ ਰੋਟੀ ਖਾਂਦਾ ਸੀ। ਕਿਹਰ ਪੁਲਿਸ ਵਿਚ ਹੌਲਦਾਰ ਲੱਗਿਆ ਹੋਇਆ ਸੀ। ਨਹਿਰੂ ਜਵਾਨੀ ਪਹਿਰੇ ਵੱਡੇ ਘਰਾਂ ਨਾਲ ਸੀਰੀ ਰਲਦਾ ਰਿਹਾ ਸੀ। ਸਰੀਰ ਜਦੋਂ ਕਮਜ਼ੋਰ ਪੈ ਗਿਆ ਤਾਂ ਨਹਿਰੂ ਲੋਕਾਂ ਦੇ ਛੋਟੇ ਮੋਟੇ ਕੰਮ ਤਾਂ ਕਰਾ ਆਉਂਦਾ ਪਰ ਉਹ ਸਾਰੇ ਦਿਨ ਦੇ ਔਖੇ ਕੰਮ 'ਤੇ ਨਾ ਜਾਂਦਾ। ਚਾਚੇ ਨੇ ਜਦੋਂ ਮੇਰੀ ਸਮੱਸਿਆ ਦੱਸੀ ਤਾਂ ਨਹਿਰੂ ਦੇ ਬੋਲਣ ਤੋਂ ਪਹਿਲਾਂ ਹੀ ਕਿਹਰ ਕਹਿੰਦਾ, "ਨਹਿਰੂ, ਮੁੰਡੇ ਨਾਲ ਦੋ ਘੰਟੇ ਖੇਤ ਜਾ ਆਇਆ ਕਰ। ਖਬਰੈ ਕਿਸੇ ਦੀ ਅਸੀਸ ਆਪਾਂ ਨੂੰ ਤਾਰ ਜਾਵੇ।"

ਨਹਿਰੂ ਮੇਰੇ ਨਾਲ ਖੇਤ ਜਾਣ ਲੱਗਾ। ਉਹ ਕੰਮ ਦੱਸੀ ਜਾਂਦਾ, ਮੈਂ ਕਰੀ ਜਾਂਦਾ। ਨਹਿਰੂ ਦੀ ਸਿੱਧੀ ਕੀਤੀ ਬੋਤੀ ਵੀ ਮੈਨੂੰ ਰਾਹ ਦੇਣ ਲੱਗ ਪਈ। ਇਕ ਦਿਨ ਨਹਿਰੂ ਨੂੰ ਕਿਹਰ ਦੀ ਆਖੀ ਅਸੀਸ ਵਾਲੀ ਗੱਲ ਬਾਰੇ ਪੁੱਛਿਆ ਤਾਂ ਕਹਿੰਦਾ, "ਕਿਹਰ ਬਿਮਾਰ ਐ, ਬੱਸ ਇਸ ਤੋਂ ਅੱਗੇ ਤੂੰ ਮੈਨੂੰ ਕੁਝ ਨਾ ਪੁੱਛੀਂ।"

ਨਹਿਰੂ ਦੀ ਅਧੂਰੀ ਛੱਡੀ ਗੱਲ ਦਾ ਸੱਚ ਉਸ ਦਿਨ ਸਾਹਮਣੇ ਆ ਗਿਆ, ਜਦੋਂ ਕਿਹਰ ਛੋਟੇ ਦੋ ਬੱਚੇ ਤੇ ਜਵਾਨ ਜਹਾਨ ਭਾਬੀ ਮੈਨਾ ਨੂੰ ਛੱਡ ਕੇ ਤੁਰ ਗਿਆ। ਭੋਗ ਵਾਲੇ ਦਿਨ ਮੈਂ ਤੇ ਚਾਚਾ ਵੀ ਅਫਸੋਸ ਕਰਨ ਗਏ। ਭਾਬੀ ਮੈਨਾ ਦੇ ਪੇਕਿਆਂ ਵੱਲੋਂ ਪੱਗ ਦੀ ਰਸਮ ਦੀ ਗੱਲ ਚੱਲੀ। ਨਹਿਰੂ ਨੇ ਮੌਕਾ ਸਾਂਭ ਲਿਆ; ਕਹਿੰਦਾ, "ਕਿਹਰ ਦੇ ਜਿਊਂਦਿਆਂ ਵੀ ਮੈਂ ਇਸ ਘਰ ਦਾ ਜੀਅ ਸੀ, ਹੁਣ ਵੀ ਇਸ ਘਰ ਦਾ ਜੀਅ ਹਾਂ, ਮੈਨਾ ਮੇਰੀ ਮਾਂ ਵੀ ਹੈ, ਧੀ ਵੀ ਹੈ।" ਨਹਿਰੂ ਨੇ ਅੱਗੇ ਵਧ ਮੈਨਾ ਦੇ ਸਿਰ ਤੇ ਹੱਥ ਰੱਖ ਦਿੱਤਾ। ਦੁੱਖ ਵਾਲਾ ਸਮਾਂ ਲੰਘ ਗਿਆ। ਮਗਰੋਂ ਵੀ ਮੈਂ ਦੇਖਦਾ ਰਿਹਾ। ਨਹਿਰੂ ਘਰ ਦਾ ਜਿੰਦਰਾ ਬਣ ਕੇ ਰਿਹਾ। ਭਾਬੀ ਮੈਨਾ ਵੀ ਨਹਿਰੂ ਨੂੰ ਪੂਰਾ ਸਤਿਕਾਰ ਦਿੰਦੀ।

ਭਾਬੀ ਮੈਨਾ ਦੇ ਬੱਚੇ ਜਦੋਂ ਜਵਾਨ ਹੋ ਗਏ, ਉਦੋਂ ਨਹਿਰੂ ਇਸ ਫਾਨੀ ਸੰਸਾਰ ਨੂੰ ਛੱਡ ਕੇ ਗਿਆ। ਹੁਣ ਵੀ ਜਦੋਂ ਮੈਂ ਰਾਮ ਸਰੂਪ ਅਣਖੀ ਦੀ ਕਹਾਣੀ 'ਖਾਰਾ ਦੁੱਧ' ਦੇ ਪਾਤਰ ਮਿਲਖੀ ਜਾਂ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਦੇ ਪਾਤਰ ਜਗਸੀਰ ਨੂੰ ਪੜ੍ਹਦਾ ਹਾਂ ਤਾਂ ਨਹਿਰੂ ਬਹੁਤ ਯਾਦ ਆਉਂਦਾ ਹੈ। ਅਜਿਹੇ ਪਾਤਰ ਜਿਹੜੇ ਸਮਾਜ ਦੀ ਹਿੱਕ 'ਤੇ ਪੈਰ ਧਰ ਕੇ ਆਪਣਾ ਰਸਤਾ ਚੁਣਦੇ ਨੇ, ਸਾਹਿਤ ਵਿਚ ਹਮੇਸ਼ਾ ਲਈ ਅਮਰ ਹੋ ਜਾਂਦੇ ਨੇ।

# ਅਰਜਨਾ ਅਵਾਰਡੀ 'ਸਿਮਰ ਚਕਰ' ਦਾ ਬਾਬਾ ਮਹਿੰਦਰ ਸੈਕਟਰੀ


ਪੰਜਾਬੀ ਖੇਡ ਸਾਹਿਤ 67



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਕਾਮਰੇਡ ਮਹਿੰਦਰ ਸਿੰਘ ਚਕਰ ਨੂੰ ਪਿੰਡ ਵਾਲੇ 'ਮਹਿੰਦਰ ਸੈਕਟਰੀ' ਕਹਿੰਦੇ ਸਨ। ਉਹ ਪਿੰਡ ਦੀ ਕੋਪ੍ਰੇਟਿਵ ਸੁਸਾਇਟੀ ਦਾ ਸੈਕਟਰੀ ਸੀ। ਲੋੜਵੰਦਾਂ ਦਾ ਦਰਦੀ ਤੇ ਮਦਦਗਾਰ। ਉਸ ਨੇ ਆਪਣੇ ਘਰ 'ਚ ਕਿਤਾਬਾਂ ਦੀ ਲਾਇਬ੍ਰੇਰੀ ਬਣਾਈ ਹੋਈ ਸੀ। ਉਸ ਦੇ ਆਪਣੇ ਵੀ ਦੋ ਨਾਵਲ 'ਕੱਲਰ ਦੇ ਕੰਵਲ' ਤੇ 'ਸੂਰਾ ਸੋ ਪਹਿਚਾਨੀਏ' ਛਪੇ ਸਨ। ਉਦੋਂ ਉਹ ਤੀਜਾ ਨਾਵਲ ਲਿਖ ਰਿਹਾ ਸੀ ਜਦੋਂ ਗੁਮਰਾਹ ਹੋਏ ਦੋ ਦਹਿਸ਼ਤਗਰਦਾਂ ਨੇ ਏਕੇ ਸੰਤਾਲੀ ਦੇ ਬ੍ਰੱਸਟ ਨਾਲ ਉਸ ਨੂੰ ਅਨਿਆਈ ਮੌਤੇ ਮਾਰ ਦਿੱਤਾ। ਸਕੂਲ ਵਿਚ ਅਸੀਂ 'ਕੱਠੇ ਪੜ੍ਹਦੇ ਸਾਂ।

ਪੰਜਾਬ ਦੇ ਦਹਿਸ਼ਤੀ ਦੌਰ ਵਿਚ ਜੇਕਰ ਉਹਦੇ ਨਾਲ ਇਹ ਭਿਆਣਕ ਭਾਣਾ ਨਾ ਵਰਤਦਾ ਤਾਂ ਉਸ ਨੇ ਮੇਰੇ ਵਾਂਗ ਜਿਊਂਦੇ ਹੋਣਾ ਸੀ। ਫਿਰ ਉਹ ਆਪਣੀ ਪੋਤੀ ਸਿਮਰਨਜੀਤ ਕੌਰ ਬਾਠ ਉਰਫ਼ 'ਸਿਮਰ ਚਕਰ' ਨੂੰ ਓਲੰਪੀਅਨ ਮੁੱਕੇਬਾਜ਼ ਬਣੀ ਵੇਖਦਾ ਤੇ 13 ਨਵੰਬਰ 2021 ਨੂੰ ਅਰਜਨਾ ਅਵਾਰਡ ਲੈਣ ਲਈ ਉਹਦੇ ਨਾਲ ਰਾਸ਼ਟਰਪਤੀ ਤੋਂ ਪੁਰਸਕਾਰ ਲੈਣ ਰਾਸ਼ਟਰਪਤੀ ਭਵਨ ਵੀ ਜਾਂਦਾ। ਹੁਣ ਸਿਮਰਨ ਨਾਲ ਦਿੱਲੀ ਜਾਣ ਵਾਲਾ ਨਾ ਉਹਦਾ ਬਾਬਾ ਜੀਂਦਾ ਹੈ, ਨਾ ਬਾਪ ਤੇ ਨਾ ਚਾਚਾ। ਉਹ ਸਭ ਅਧਖੜ ਉਮਰ ਵਿਚ ਚੱਲ ਵਸੇ। ਹੁਣ ਉਹਦੀ ਮਾਂ ਹੀ ਉਹਦੇ ਸਿਰ ਦੀ ਛਾਂ ਹੈ।

'ਸਿਮਰ ਚਕਰ' ਆਪਣੇ ਦਾਦੇ ਦੇ ਲਿਖੇ ਨਾਵਲ 'ਕੱਲਰ ਦੇ ਕੰਵਲ' ਵਾਂਗ ਕੱਲਰ 'ਚ ਖਿੜੀ ਖਿਡਾਰਨ ਹੈ ਜਿਸ ਨੂੰ ਚਕਰ ਦੀ ਖੇਡ ਅਕੈਡਮੀ ਨੇ ਪਾਲਿਆ-ਪਲੋਸਿਆ ਤੇ ਓਲੰਪਿਕ ਖੇਡਾਂ ਤਕ ਪੁਚਾਇਆ। ਚਕਰ ਦੀ ਖੇਡ ਅਕੈਡਮੀ ਉਸ ਦੀ ਦੂਜੀ ਮਾਂ ਹੈ ਜਿਸ ਨੇ ਉਸ ਨੂੰ ਆਪਣੀ ਗੋਦ ਵਿਚ ਖਿਡਾ ਕੇ ਪਰਵਾਨ ਚੜ੍ਹਾਇਆ। ਸਪੋਰਟਸ ਅਕੈਡਮੀ ਚਕਰ ਦੀ ਚੜ੍ਹਤ ਪਿੱਛੇ ਪਿੰਡ ਚਕਰ ਦੇ ਮਸੀਹੇ ਮਰਹੂਮ ਅਜਮੇਰ ਸਿੰਘ ਸਿੱਧੂ, ਬਲਦੇਵ ਸਿੰਘ ਸਿੱਧੂ, ਪਿੰਡ ਵਿਚ ਸਪੋਰਟਸ ਅਕੈਡਮੀ ਦਾ ਬੂਟਾ ਲਾਉਣ ਤੇ ਪਾਲਣ ਵਾਲੇ ਮੁੱਢਲੇ ਪ੍ਰਬੰਧਕ ਡਾ. ਬਲਵੰਤ ਸਿੰਘ ਸੰਧੂ ਅਤੇ ਸਮੂਹ ਚਕਰ ਵਾਸੀਆਂ ਤੇ ਪਰਵਾਸੀਆਂ ਦਾ ਯੋਗਦਾਨ ਹੈ। ਇਹ ਖੇਡ ਖੇਤਰ ਦੇ ਪਾਰਖੂਆਂ ਲਈ ਖੋਜ ਦਾ ਵਿਸ਼ਾ ਹੈ ਕਿ ਕਿਸੇ ਸਮੇਂ ਵੈਲੀਆਂ ਦਾ ਪਿੰਡ ਕਹੇ ਜਾਂਦੇ ਚਕਰ ਨੂੰ ਪਿੰਡਾਂ ਦਾ ਚਾਨਣ ਮੁਨਾਰਾ ਬਣਾਉਣ ਤੇ ਚਕਰ ਦੀਆਂ ਸੰਗਾਊ ਧੀਆਂ ਦੇ ਖ਼ੂੰਖ਼ਾਰ ਖੇਡ ਮੁੱਕੇਬਾਜ਼ੀ ਵਿਚ ਨੈਸ਼ਨਲ ਤੇ ਇੰਟਰਨੈਸ਼ਨਲ ਚੈਂਪੀਅਨ ਬਣਨ ਪਿੱਛੇ ਕਿਹੜਾ ਰਾਜ਼ ਹੈ?

ਮੈਂ ਮਹਿੰਦਰ ਸਿੰਘ ਬਾਰੇ ਲਿਖਣੋਂ ਸ਼ਾਇਦ ਭੁੱਲਿਆ ਰਹਿੰਦਾ ਜੇਕਰ ਬਾਈ ਗੁਰਬਚਨ ਸਿੰਘ ਭੁੱਲਰ ਮੈਨੂੰ ਉਹਦੀ ਛਪੀ ਹੋਈ ਇਕ ਖੇਡ ਲਿਖਤ ਨਾ ਭੇਜਦਾ। ਭੁੱਲਰ ਪੁਰਾਣੇ ਰਸਾਲੇ ਰੱਦੀ ਕੱਢਣ ਲਈ ਛਾਂਟ ਰਿਹਾ ਸੀ ਕਿ 'ਆਰਸੀ' ਦੇ ਨਵੰਬਰ 1982 ਅੰਕ ਵਿਚ ਉਸ ਨੂੰ ਮਹਿੰਦਰ ਸਿੰਘ ਚਕਰ ਦੀ ਇਹ ਖੇਡ ਲਿਖਤ ਨਜ਼ਰੀਂ ਪੈ ਗਈ ਜੋ ਉਸ ਨੇ ਮੈਨੂੰ ਵਟ੍ਹਸਐਪ ਕਰ ਦਿੱਤੀ। ਚਾਲੀ ਸਾਲ ਪਹਿਲਾਂ ਮੈਂ ਉਹ ਲਿਖਤ ਪੜ੍ਹੀ ਤਾਂ ਸੀ ਪਰ ਸੰਭਾਲੀ ਨਹੀਂ ਸੀ। ਪਹਿਲਾਂ ਉਹਦੀ ਖੇਡ ਲਿਖਤ ਹੀ ਪੜ੍ਹਦੇ ਹਾਂ:

### ਪੁਸਤਕ 'ਖੇਡ ਸੰਸਾਰ' ਬਾਰੇ

ਸਰਵਣ ਸਿੰਘ ਦੀ ਰਚਨਾ 'ਖੇਡ ਸੰਸਾਰ' ਨੂੰ ਜਿਉਂ ਹੀ ਪਾਠਕ ਖੋਲ੍ਹ ਕੇ ਬਹਿੰਦਾ ਏ, ਤਿਉਂ ਈ ਇਸ ਦੇ ਪੰਨਿਆਂ 'ਚੋਂ ਜੋਬਨ ਮੱਤੀਆਂ ਹਿਰਨਾਂ ਵਾਂਗ ਚੁੰਘੀਆਂ ਭਰਦੀਆਂ ਨੱਢੀਆਂ, ਬਿਨ-ਖੰਭਾਂ ਦੇ ਉਡਣ ਵਾਲੇ ਖਿਡਾਰੀ, ਮੁੱਕੇ ਵੱਜ ਕੇ ਉਖੜੇ ਜਬ੍ਹਾੜਿਆਂ ਨਾਲ ਲਹੂ-ਲੁਹਾਣ ਹੋਏ ਮੁੱਕੇਬਾਜ਼, ਇਕ ਦੂਜੇ ਪਾਸੋਂ ਗੇਂਦ ਲੈਂਦੇ ਤੇ ਪਾਸ ਦਿੰਦੇ ਝੱਖੜ ਬਣੇ ਹਾਕੀ ਦੇ ਖਿਡਾਰੀ, ਅੰਬਰ 'ਚੋਂ ਟੁੱਟੇ ਤਾਰੇ ਦੀ ਰਫ਼ਤਾਰ ਨਾਲੋਂ ਤੇਜ਼ ਨੇਜ਼ਾ ਤੇ ਤਾਰ ਗੋਲਾ ਸੁੱਟਦੇ ਸੁਟਾਵੇ, ਲੋਹੇ ਨਾਲ ਲੋਹਾ ਹੋ ਕੇ ਗੱਡੇ ਦੇ ਲੱਦ ਨਾਲੋਂ ਵੀ ਵੱਧ ਵਜ਼ਨ ਚੁੱਕਣ ਵਾਲੇ ਲੋਹ-ਪੁਰਸ਼, ਰੇਲ ਦੇ ਕੰਨ ਵਾਂਗ ਉਠਦੇ ਡਿੱਗਦੇ ਪਹਿਲਵਾਨ, ਬਾਜ਼ੀ ਦੀਆਂ ਸ਼ਰਤਾਂ ਲੱਗੇ ਕਬੂਤਰਾਂ ਵਾਂਗ ਅੰਤਲੇ ਦਮ ਤੀਕ ਜੂਝਦੇ ਦੌੜਾਕ, ਚਲ-ਚਿੱਤਰ ਵਾਂਗ ਅੱਖਾਂ ਅੱਗੋਂ ਲੰਘਦੇ ਤੁਰੇ ਜਾਂਦੇ ਹਨ। ਕਿਤਾਬ ਦੇ ਪੰਨਿਆਂ 'ਚ ਪਲਚਿਆ ਪਾਠਕ ਆਪਣੇ ਆਪ ਨੂੰ ਕਿਸੇ ਖੇਡ ਭਵਨ ਦੀ ਗੈਲਰੀ ਵਿਚ ਬੈਠਾ ਅਨੁਭਵ ਕਰਨ ਲੱਗ ਪੈਂਦਾ ਹੈ।

ਕਾਲੇ ਰੰਗ ਨੂੰ ਲਾਲ ਰੰਗ ਵਿਚ ਰੰਗਣਾ ਜਿੰਨਾ ਕਠਨ ਹੁੰਦਾ ਹੈ, ਇਸ ਨਾਲੋਂ ਵਧੇਰੇ ਔਖਾ ਕੰਮ ਪੱਤਰਕਾਰੀ ਨੂੰ ਸਾਹਿਤਕ ਰੰਗ ਦੇਣਾ ਹੁੰਦਾ ਹੈ। ਖੇਡਾਂ ਬਾਰੇ ਹੋਰ ਲੇਖਕ ਵੀ ਲਿਖ ਰਹੇ ਹਨ, ਪਰ ਹੱਥਲੀ ਪੁਸਤਕ ਨੂੰ ਜਿਹੜਾ ਸਾਹਿਤਕ ਰੰਗ ਸਰਵਣ ਸਿੰਘ ਨੇ ਚਾੜ੍ਹਿਆ ਹੈ, ਇਹ ਇਕ ਕ੍ਰਿਸ਼ਮਾ ਹੈ। ਗਿਣਤੀ ਮਿਣਤੀ ਦੇ ਅੰਕੜਿਆਂ ਨੂੰ ਸਾਹਿਤਕ ਰੰਗ ਦੇਣਾ ਹਾਰੀ ਸਾਰੀ ਦੇ ਵੱਸ ਦਾ ਰੋਗ ਨਹੀਂ। ਵੇਖੋ ਵੰਨਗੀ: ਸਵੀਡਨ ਦੇ ਬਰਟਲ ਜਾਰਲਾਕਰ ਨੇ ਇਕੋ ਸਾਹ ਲਗਾਤਾਰ 352 ਮੀਲ ਦਾ ਪੰਧ ਤੈਅ ਕੀਤਾ, ਜਿਵੇਂ ਕੋਈ ਦਿੱਲੀਓਂ ਚੱਲਿਆ ਬੰਦਾ ਲਾਹੌਰੋਂ ਪਰ੍ਹਾਂ ਜਾ ਕੇ ਦਮ ਲਵੇ! ਅਮਰੀਕਾ ਦੇ ਜਾਰਜ ਐੱਮ ਸਕਿਲਿੰਗ ਨੇ ਪੈਦਲ ਵਗ ਕੇ 1897 ਤੋਂ 1904 ਦੌਰਾਨ ਸਾਰੀ ਧਰਤੀ ਗਾਹੀ। ਸੋਵੀਅਤ ਰੂਸ ਦੇ ਵਾਸਲੀ ਅਲੇਕਸੀਏਵ ਨੇ 256 ਕਿੱਲੋਗਰਾਮ ਭਾਰ ਬਾਹਾਂ ਉਤੇ ਤੋਲ ਦਿੱਤਾ। ਕੈਸੀਅਸ ਕਲੇਅ ਦੇ ਇਕੋ ਮੁੱਕੇ ਨਾਲ ਮੁੱਕੇਬਾਜ਼ ਕੂਪਰ ਦੇ ਜਬ੍ਹਾੜੇ ਉਖੜ ਗਏ। ਜਾਫੀ ਛਾਂਗਾ ਹਠੂਰੀਆ ਲੱਗੇ ਹੱਥ ਤਿੰਨ ਤਿੰਨ ਕੈਂਚੀਆਂ ਲਾ ਕੇ ਸਾਹੀ ਨੂੰ ਅਸਲੋਂ ਰੋਲ ਦਿੰਦਾ। ਬਲਬੀਰ ਸਿੰਘ ਦੀ ਪਤਨੀ ਸੁਸ਼ੀਲ ਕੌਰ ਦੀ ਪਹਿਨੀ ਚਿੱਟੀ ਸਾੜ੍ਹੀ ਦੇ ਵਹਿਮ ਨੂੰ ਜਿੱਤ ਦਾ ਵਿਸ਼ਵਾਸ ਬਣਾ ਕੇ ਬਲਬੀਰ ਸਿੰਘ ਦੀ ਹਾਕੀ ਟੀਮ ਨੌਂ ਨੌਂ ਗੋਲ ਕਰਦੀ ਰਹੀ!

ਖੇਡ ਮੈਦਾਨ ਅੰਦਰ ਆਮ ਤੌਰ 'ਤੇ ਦਰਸ਼ਕ ਵਧਾਈ ਦੇਣ ਲਈ ਜੇਤੂ ਟੀਮ ਦੇ ਖਿਡਾਰੀਆਂ ਵੱਲ ਵਧਦੇ ਹਨ ਪਰ ਸਰਵਣ ਸਿੰਘ ਢਾਰਸ ਦੇਣ ਲਈ ਹਾਰੀ ਟੀਮ ਕੋਲ ਜਾਂਦਾ ਹੈ। ਹਾਰੀ ਟੀਮ ਦੇ ਖਿਡਾਰੀਆਂ ਨੂੰ ਉਹ ਹੌਸਲਾ ਬਖ਼ਸ਼ਦਾ ਹੈ। ਥਾਪੀ ਦੇ ਕੇ ਮੁੜ ਮੈਦਾਨ ਵਿਚ ਕੁੱਦਣ ਦੀ ਪ੍ਰੇਰਨਾ ਦਿੰਦਾ ਹੈ। ਧੀਮੀ ਸੁਰ ਵਿਚ ਗੰਭੀਰ ਕੋਚ ਵਾਂਗ ਹਾਰਨ



ਦੇ ਕਾਰਨ ਵੀ ਦੱਸਦਾ ਹੈ। ਕਈ ਵਾਰ ਟੀਮਾਂ ਦੇ ਹਾਰਨ ਦਾ ਕਾਰਨ ਸਮੇਂ ਦੀਆਂ ਸਰਕਾਰਾਂ ਵੱਲੋਂ ਖਿਡਾਰੀਆਂ ਨੂੰ ਅਣਗੌਲੇ ਕਰਨਾ ਕਹਿੰਦਾ ਹੈ ਅਤੇ ਖੇਡਾਂ ਵਿਚ ਸਿਆਸਤ ਦੀ ਦਖ਼ਲ ਅੰਦਾਜ਼ੀ ਨੂੰ ਵੀ ਨਿੰਦਦਾ ਭੰਡਦਾ ਹੈ।

ਖਿਡਾਰੀਆਂ ਨੂੰ ਉਹ ਅਮਨ ਦੇ ਪ੍ਰਤੀਕ ਕਹਿੰਦਾ ਹੈ ਜਿਹੜੇ ਜਿੱਤ-ਹਾਰ ਤੋਂ ਉਪਰ ਉਠ ਕੇ ਗਲਵਕੜੀਆਂ ਪਾ ਕੇ ਮਿਲਦੇ ਹਨ। ਜਿਨ੍ਹਾਂ ਖਿਡਾਰੀਆਂ ਦੇ ਮੰਨ ਮਨੌਤੀ ਦੇ ਪੁਰਾਣੇ ਸੰਸਕਾਰ ਤੇ ਵਹਿਮ ਭਰਮ, ਬੇਲੋੜੇ ਵਿਸ਼ਵਾਸ ਬਣ ਜਾਂਦੇ ਹਨ, ਜਿਵੇਂ ਕਾਲੀ ਬਿੱਲੀ ਦੀਆਂ ਮੁੱਛਾਂ ਦੇ ਵਾਲ ਲੰਗੋਟ ਵਿਚ ਸਿਵਾ ਲੈਣ ਵਾਲਾ ਪਹਿਲਵਾਨ ਕਦੀ ਨਹੀਂ ਹਾਰਦਾ ਜਾਂ ਚੀਚੀ ਦਾ ਖ਼ੂਨ ਅਖਾੜੇ ਵਿਚ ਛਿੜਕਣ ਵਾਲੇ ਪਹਿਲਵਾਨ ਦੇ ਕਦੇ ਸੱਟ ਨਹੀਂ ਲੱਗਦੀ ਆਦਿ ਬਣੇ ਵਹਿਮਾਂ-ਭਰਮਾਂ ਨੂੰ ਉਹ ਕਾਟਵੇਂ ਵਿਅੰਗਾਂ ਰਾਹੀਂ ਰੱਦ ਕਰਦਾ ਹੈ।

ਮੁਟਾਪੇ ਦੇ ਰੋਗੀਆਂ ਨੂੰ ਸਿਹਤਯਾਬ ਰਹਿਣ ਲਈ ਉਹ ਕਸਰਤਾਂ ਦੇ ਨੁਸਖ਼ੇ ਦੱਸਦਾ ਹੈ। ਸੂਰ ਵਾਂਗ ਚੜ੍ਹੀ ਚਰਬੀ ਨੂੰ ਸੱਪ ਦੀ ਕੁੰਜ ਵਾਂਗ ਲਾਹੁਣ ਦੀਆਂ ਨਸੀਹਤਾਂ ਦਿੰਦਾ ਹੈ। ਢਿਲਕੂੰ-ਢਿਲਕੂੰ ਕਰਦੀ ਗੋਗੜ ਵਾਲੇ ਮਨੁੱਖ ਵੱਲ ਉਹ ਕੁਣੱਖਾ ਝਾਕ ਕੇ ਉਸ ਦੀ ਗਰਭਵਤੀ ਔਰਤ ਨਾਲ ਤੁਲਨਾ ਕਰਦਾ ਹੈ। ਕਸਰਤ ਕਰਦੇ ਜਿਸਮਾਂ ਦੀ ਉਹ ਵਗਦੇ ਪਾਣੀਆਂ ਦੀ ਪਵਿੱਤਰ ਰਵਾਨੀ ਤੇ ਸੱਪ ਵਾਂਗ ਮੇਲ੍ਹਦੀ ਮੁਟਿਆਰ ਨਾਲ ਉਪਮਾ ਕਰਦਾ ਹੈ। ਜਦ ਧਰਤੀ ਦੇ ਜ਼ੱਰੇ ਜ਼ੱਰੇ ਵਿਚ ਹਰਕਤ ਹੈ ਤਾਂ ਫਿਰ ਜੁੱਸਾ ਕਿਉਂ ਨਾ ਹਰਕਤ ਵਿਚ ਰਹੇ? ਕਿਉਂ ਬੇਹਰਕਤ ਹੋ ਕੇ ਮਿੱਟੀ ਦਾ ਮਾਧੋ ਬਣਿਆ ਰਹੇ? ਖਿੜਦੇਤੇ ਝੂੰਮਦੇ ਹੋਏ ਫੁੱਲ ਹੀ ਰਾਹ ਜਾਂਦੇ ਰਾਹੀ ਨੂੰ ਆਪਣੇ ਵੱਲ ਖਿੱਚਦੇ ਹਨ। ਚੰਨ-ਤਾਰੇ, ਧਰਤੀ ਤੇ ਸੂਰਜ ਇਕ ਦੂਜੇ ਦੀ ਖਿੱਚ ਕਰਕੇ ਹੀ ਕਾਇਮ ਹਨ, ਜਿਉਂਦੇ ਜਾਗਦੇ ਤੇ ਚਮਕਦੇ ਲਿਸ਼ਕਦੇ ਹਨ। ਫਿਰ ਖੇਡਦੇ ਮੱਲ੍ਹਦੇ ਸੁੰਦਰ ਸਡੌਲ ਸਰੀਰ ਵਿਚ ਆਮੁਹਾਰੀ ਖਿੱਚ ਕਿਉਂ ਨਾ ਹੋਵੇਗੀ।

ਵਰਜਿਸ਼ ਨਾਲ ਸਮੱਧਰ ਕੱਦ ਉਚੇ ਲੰਮੇ ਕੱਦਾਂ ਵਿਚ ਬਦਲਣ ਵਾਲਾ, ਸੁੰਦਰ ਨਕਸ਼ਾਂ ਨੂੰ ਹੋਰ ਨਿਖਾਰਨ ਵਾਲਾ ਲੇਖਕ ਸਰਵਣ ਸਿੰਘ ਖ਼ਾਲਸਾ ਕਾਲਜ ਦਿੱਲੀ ਵਿਚ ਪੜ੍ਹਨ ਸਮੇਂ ਖ਼ੁਦ ਖਿਡਾਰੀ ਰਹਿ ਚੁੱਕਾ ਹੈ। ਪੰਜਾਬੀ ਸਾਹਿਤਕਾਰਾਂ ਬਾਰੇ ਬਲਵੰਤ ਗਾਰਗੀ ਵੱਲੋਂ ਲਿਖੇ ਰੇਖਾ ਚਿੱਤਰਾਂ ਤੋਂ ਪ੍ਰਭਾਵਿਤ ਹੋ ਕੇ, ਉਹ ਜਿਨ੍ਹਾਂ ਖਿਡਾਰੀਆਂ ਦੇ ਅੰਗ ਸੰਗ ਖੇਡਿਆ ਜਾਂ ਵਿਚਰਿਆ ਸੀ, ਉਨ੍ਹਾਂ ਖਿਡਾਰੀਆਂ ਦੇ ਉਸ ਨੇ ਰੇਖਾ ਚਿੱਤਰ ਲਿਖੇ। ਖ਼ਾਲਸਾ ਕਾਲਜ ਦਿੱਲੀ ਵਿਚ ਲੈਕਚਰਾਰ ਲੱਗਣ ਪਿੱਛੋਂ ਉਹ ਢੇਰਾਂ ਦੇ ਢੇਰ ਲੇਖ ਲਿਖਣ ਲੱਗਾ। 1966 ਤੋਂ 'ਆਰਸੀ' ਰਸਾਲੇ ਵਿਚ ਉਸ ਦੇ ਰੇਖਾ ਚਿੱਤਰ ਲਗਾਤਾਰ ਛਪਣ ਲੱਗੇ। ਫਿਰ ਉਹ 'ਸਚਿੱਤਰ ਕੌਮੀ ਏਕਤਾ' ਦੇ ਪੰਨਿਆਂ ਦੇ ਛਾ ਗਿਆ। ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' ਅਖ਼ਬਾਰ ਨਿਕਲਣ ਲੱਗਾ ਤਾਂ ਉਹਦੇ ਵਿਚ ਵੀ ਛਪਣ ਲੱਗਾ। ਉਹਦੇ ਇਕ ਇਕ ਸ਼ਬਦ ਤੇ ਫਿਕਰੇ ਦੀ ਕਦਰ ਪੈਣ ਲੱਗੀ। ਸਾਹਿਤਕ ਵਾਰਤਕ ਲਿਖਦਿਆਂ ਉਹ ਇਕ ਇਕ ਸ਼ਬਦ ਤੇ ਫਿਕਰੇ ਨਾਲ ਪੂਰਾ ਘੋਲ ਕਰਦਾ ਹੈ। ਰੇਖਾ ਚਿੱਤਰ ਦਾ ਢੁੱਕਵਾਂ ਸਿਰਲੇਖ ਰੱਖਦਾ ਹੈ। ਕਿਸੇ ਦਾ 'ਮੁੜ੍ਹਕੇ ਦਾ ਮੋਤੀ' ਕਿਸੇ ਦਾ 'ਧਰਤੀਧੱਕ' ਕਿਸੇ ਦਾ 'ਕਲਹਿਰੀ ਮੋਰ' ਤੇ ਕਿਸੇ ਦਾ 'ਅੱਗ ਦੀ ਨਾਲ'। ਅਜਿਹੇ ਵਕਤ ਉਹ ਜੰਗ ਵਿਚ ਕੁੱਦੇ ਜਰਨੈਲ ਵਾਂਗ ਦਿਮਾਗ ਵਰਤਦਾ ਹੈ। ਉਸ ਦੇ ਸਿਰਲੇਖ ਨਿੱਕੇ ਨਿੱਕੇ ਹੁੰਦੇ ਹਨ ਜਿਵੇਂ 'ਚੰਦ 'ਤੇ ਛਾਲ', 'ਉਡਣਾ ਪੰਛੀ', 'ਪੌਣ ਦਾ ਹਾਣੀ', 'ਜ਼ੋਰ ਤੇ ਜੁਗਤ' ਤੇ 'ਬੰਦੇ ਦਾ ਦਮ' ਆਦਿ।

ਉਹ ਦਿਲਕਸ਼ ਫਿਕਰਾ ਸਿਰਜ ਕੇ ਪਾਠਕ ਦੇ ਦਿਲ ਵਿਚ ਪੜ੍ਹਨ ਦੀ ਉਤਸੁਕਤਾ ਪੈਦਾ ਕਰ ਦਿੰਦਾ ਹੈ। 1982 ਵਿਚ ਨਵੀਂ ਦਿੱਲੀ ਵਿਖੇ ਹੋਣ ਵਾਲੀਆਂ ਏਸ਼ਿਆਈ ਖੇਡਾਂ ਦੀ ਨਬਜ਼ 'ਤੇ ਹੱਥ ਧਰ ਕੇ ਹੀ ਉਸ ਨੇ ਇਸ ਪੁਸਤਕ ਦਾ ਨਾਂ 'ਖੇਡ ਸੰਸਾਰ' ਰੱਖਿਆ ਹੈ ਅਤੇ ਟਾਈਟਲ 'ਤੇ ਏਸ਼ਿਆਈ ਖੇਡਾਂ ਦਾ ਲੋਗੋ ਛਾਪਿਆ ਹੈ। ਪੰਜਾਬੀ ਖੇਡ ਸਾਹਿਤ ਵਿਚ ਲੇਖਕ ਨੇ ਇਹ ਇਕੱਲੀ ਖੇਡ ਪੁਸਤਕ ਹੀ ਨਹੀਂ, ਇਸ ਤੋਂ ਬਿਨਾਂ ਉਸ ਨੇ 'ਪੰਜਾਬ ਦੇ ਉਘੇ ਖਿਡਾਰੀ', 'ਪੰਜਾਬੀ ਖਿਡਾਰੀ' ਤੇ 'ਖੇਡ ਜਗਤ ਵਿਚ ਭਾਰਤ' ਪੁਸਤਕਾਂ ਲਿਖ ਕੇ ਵੀ ਵਾਧਾ ਕੀਤਾ ਹੈ। ਇਸ ਸੇਧ ਵਿਚ ਲੇਖਕ ਪਾਸੋਂ ਹੋਰ ਵੀ ਬੜੀਆਂ ਆਸਾਂ ਹਨ ਕਿਉਂਕਿ ਉਹਦੇ ਮੁੱਖਬੰਦ ਹੀ 'ਪਹੁਫੁਟਾਲਾ' ਤੇ 'ਪਹੁਫੁਟਾਲੇ ਪਿੱਛੋਂ' ਦੇ ਸਿਰਲੇਖਾਂ ਨਾਲ ਸ਼ੁਰੂ ਹੁੰਦੇ ਹਨ।

### ਮਹਿੰਦਰ ਸਿੰਘ ਦਾ ਕਾਮਰੇਡ ਬਣਨਾ

ਮਹਿੰਦਰ ਤੇ ਮੈਂ ਪਿੰਡ ਪ੍ਰਾਇਮਰੀ ਸਕੂਲ ਵਿਚ 'ਕੱਠੇ ਪੜ੍ਹੇ ਸਾਂ। 'ਕੱਠੇ ਕੌਡੀ ਖੇਡਦੇ ਤੇ ਤਖਤੂਪੁਰੇ ਦਾ ਮੇਲਾ ਵੇਖਦੇ। ਉਹ ਮੈਥੋਂ ਇਕ ਜਮਾਤ ਮੂਹਰੇ ਸੀ। ਹੁਸ਼ਿਆਰ ਏਨਾ ਸੀ ਕਿ ਉਸ ਨੂੰ ਚੌਥੀ ਜਮਾਤ ਦੇ ਇਮਤਿਹਾਨ ਵਿਚੋਂ ਵਜ਼ੀਫਾ ਮਿਲ ਗਿਆ ਸੀ। ਵਜ਼ੀਫ਼ੇ ਦਾ ਇਮਤਿਹਾਨ ਜਗਰਾਓਂ ਹੋਣਾ ਸੀ ਜਿਥੇ ਉਸ ਨੂੰ ਰੇਲ ਦਾ ਇੰਜਣ ਵਿਖਾਉਣ ਦੇ ਬਹਾਨੇ ਲਿਜਾਇਆ ਗਿਆ ਸੀ। ਮੱਲ੍ਹੇ ਦੇ ਸਕੂਲ 'ਚੋਂ ਉਸ ਨੇ ਦਸ ਜਮਾਤਾਂ ਪੜ੍ਹੀਆਂ। ਉਸ ਦਾ ਬਾਪ ਬਚਨ ਸਿੰਘ ਨਿਮਨ ਕਿਸਾਨ ਸੀ ਜੋ ਕਿਰਸਾਨੀ ਨਾਲ ਦਿਹਾੜੀ ਦੱਪਾ ਕਰ ਕੇ ਪਰਿਵਾਰ ਪਾਲ ਰਿਹਾ ਸੀ। ਉਹ ਆਪਣੇ ਇਕਲੌਤੇ ਪੁੱਤਰ ਨੂੰ ਕਿਸੇ ਕਾਲਜ ਵਿਚ ਨਹੀਂ ਸੀ ਪੜ੍ਹਾ ਸਕਦਾ ਜਦ ਕਿ ਮਹਿੰਦਰ ਉਚੇਰੀ ਪੜ੍ਹਾਈ ਕਰਨ ਵਾਲਾ ਹੁਸ਼ਿਆਰ ਵਿਦਿਆਰਥੀ ਸੀ। ਮੈਟ੍ਰਿਕ ਪਾਸ ਕਰ ਕੇ ਰੁਜ਼ਗਾਰ ਲੱਭਦਾ ਲੱਭਦਾ ਉਹ ਅਗਾਂਹ ਵਧੂ ਸਾਹਿਤ ਵੱਲ ਖਿੱਚਿਆ ਗਿਆ। ਪਹਿਲਾਂ ਸੀਪੀਆਈ ਦਾ ਮੈਂਬਰ ਤੇ ਫਿਰ ਸੀਪੀਐਮ ਦਾ ਮੈਂਬਰ ਬਣ ਗਿਆ। ਫਿਰ ਉਹ ਕਈ ਸਾਲ ਚਕਰ ਦੀ ਕੋਪ੍ਰੇਟਿਵ ਸੁਸਾਇਟੀ ਦਾ ਸੈਕਟਰੀ ਰਿਹਾ ਜਿਸ ਕਰਕੇ ਉਹਦਾ ਨਾਂ ਹੀ 'ਮਹਿੰਦਰ ਸੈਕਟਰੀ' ਪੱਕ ਗਿਆ।

ਮੈਂ ਕਾਲਜਾਂ ਵਿਚ ਪੜ੍ਹਦਾ-ਪੜਾਉਂਦਾ ਛੁੱਟੀਆਂ ਵਿਚ ਪਿੰਡ ਮੁੜਦਾ ਤਾਂ ਅਸੀ 'ਕੱਠੇ ਬਹਿੰਦੇ-ਉਠਦੇ ਤੇ ਸਾਹਿਤਕ ਵਿਚਾਰ-ਵਟਾਂਦਰਾ ਕਰਦੇ। ਉਹ ਗੁਰਬਖ਼ਸ਼ ਸਿੰਘ ਦੇ ਰਸਾਲੇ 'ਪ੍ਰੀਤਲੜੀ' ਤੇ ਭਾਪਾ ਪ੍ਰੀਤਮ ਸਿੰਘ ਦੇ ਪਰਚੇ 'ਆਰਸੀ' ਸੰਭਾਲ ਸੰਭਾਲ ਰੱਖਦਾ। ਉਸ ਨੇ ਘਰ ਵਿਚ ਲਾਇਬ੍ਰੇਰੀ ਬਣਾ ਰੱਖੀ ਸੀ ਜਿਸ ਵਿਚ ਪ੍ਰਗਤੀ ਪ੍ਰਕਾਸ਼ਨ ਦੀਆਂ ਪੁਸਤਕਾਂ ਵਧੇਰੇ ਸਨ। ਪੰਜਾਬੀ ਵਿਚ ਅਨੁਵਾਦਿਤ ਵਿਸ਼ਵ ਪ੍ਰਸਿੱਧ ਨਾਵਲ ਤੇ ਮਾਰਕਸੀ ਵਿਚਾਰਧਾਰਾ ਦੀਆਂ ਕਿਤਾਬਾਂ ਉਹ ਮੇਰੇ ਰਾਹੀਂ ਦੱਲੀਓਂ ਵੀ ਮੰਗਵਾਉਂਦਾ ਰਹਿੰਦਾ। ਆਪ ਪੜ੍ਹ ਕੇ ਕਿਤਾਬਾਂ ਉਹ ਪਿੰਡ ਦੇ ਪਾਠਕਾਂ ਨੂੰ ਪੜ੍ਹਨ ਲਈ ਦੇ ਦਿੰਦਾ। ਇਸ ਤਰ੍ਹਾਂ ਉਸਨੇ ਪਿੰਡ ਵਿਚ ਸਾਹਿਤ ਪੜ੍ਹਨ ਦੀ ਚੇਟਕ ਵੀ ਲਾਈ।

ਉਹ ਮੇਰੇ ਵਾਂਗ ਖਿਡਾਰੀ ਤਾਂ ਨਹੀਂ ਸੀ ਪਰ ਖੇਡਾਂ ਵੇਖਣ ਦਾ ਸ਼ੌਂਕੀ ਜ਼ਰੂਰ ਸੀ। ਅਸੀਂ ਰਲ ਕੇ ਮੇਲੇ-ਮੁਸਾਹਬੇ ਤੇ ਖੇਡ ਮੇਲੇ ਵੇਖਦੇ। ਕਦੇ ਕਦੇ ਸਾਈਕਲ 'ਤੇ ਜਸਵੰਤ ਸਿੰਘ ਕੰਵਲ ਨੂੰ ਮਿਲਣ ਢੁੱਡੀਕੇ ਚਲੇ ਜਾਂਦੇ ਜਿਥੇ ਉਹ ਆਪਣੀ ਕੋਈ ਨਾ ਕੋਈ ਲਿਖਤ ਕੰਵਲ ਨੂੰ ਪੜ੍ਹ ਕੇ ਸੁਣਾਉਂਦਾ ਤੇ ਸਲਾਹ ਲੈਂਦਾ। ਪਹਿਲਾਂ-ਪਹਿਲ ਉਸ ਨੇ ਕਹਾਣੀਆਂ ਲਿਖੀਆਂ ਪਰ ਕੋਈ ਕਹਾਣੀ ਸੰਗ੍ਰਹਿ ਨਾ ਛਪਵਾਇਆ। ਫਿਰ ਦੋ ਨਾਵਲ 'ਕੱਲਰ ਦੇ ਕੰਵਲ' ਤੇ 'ਸੂਰਾ ਸੋ ਪਹਿਚਾਨੀਏ' ਲਾਹੌਰ ਬੁੱਕ ਸ਼ਾਪ ਤੋਂ ਪ੍ਰਕਾਸ਼ਤ ਕਰਵਾਏ। ਉਹਦਾ ਤੀਜਾ ਨਾਵਲ ਅੱਧ ਵਿਚਾਲੇ ਸੀ ਜਦੋਂ ਉਹਦਾ ਬਿਨਾਂ ਕਿਸੇ ਦੁਸ਼ਮਣੀ ਦੇ ਬੇਦੋਸ਼ੇ ਦਾ ਕਤਲ ਕਰ ਦਿੱਤਾ ਗਿਆ, ਜਿਸ ਦਾ ਜ਼ਿਕਰ ਮੈਂ ਆਪਣੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਵਿਚ ਵੀ ਕੀਤਾ।

ਉਸ ਦੀ ਸ਼ਹੀਦੀ ਤੋਂ ਤੀਹ ਸਾਲਾਂ ਬਾਅਦ ਕੱਲਰ ਦੇ ਕੰਵਲ ਤੇ ਸੂਰਾ ਸੋਈ ਵਾਂਗ ਉਹਦੀ ਪੋਤੀ ਸਿਮਰਨਜੀਤ ਕੌਰ ਉਡਾਰ ਹੋਈ ਤੇ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿਚੋਂ ਬਰੌਂਜ਼ ਮੈਡਲ ਜਿੱਤੀ। ਇਕ ਕਿਰਤੀ ਕਿਸਾਨ ਘਰ ਦੀ ਜਾਈ ਨੇ ਅਮੀਰ ਮੁਲਕਾਂ ਦੀਆਂ ਅਮੀਰਜ਼ਾਦੀਆਂ ਨੂੰ ਪਛਾੜ ਦਿੱਤਾ। ਏਸ਼ੀਆ 'ਚੋਂ ਸਿਲਵਰ ਮੈਡਲ ਤੇ ਹੋਰ ਕਈ ਮੁਕਾਬਲਿਆਂ ਵਿਚੋਂ ਮੈਡਲ ਜਿੱਤਦੀ ਉਹ ਟੋਕੀਓ-2021 ਦੀਆਂ ਓਲੰਪਿਕ ਖੇਡਾਂ ਦੀ ਸ਼ਾਨ ਬਣੀ। ਹੁਣ ਉਸ ਨੂੰ ਭਾਰਤ ਦਾ ਸ਼ਾਨਾਂਮੱਤਾ ਖੇਡ ਪੁਰਸਕਾਰ ਅਰਜਨਾ ਅਵਾਰਡ ਮਿਲਿਆ ਹੈ।

### ਇੰਜ ਵਾਪਰਿਆ ਸੀ ਭਾਣਾ

ਮਹਿੰਦਰ ਸੈਕਟਰੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਮਿਊਨਿਸਟਾਂ ਦੀਆਂ ਕਾਨਫਰੰਸਾਂ ਵਿਚ ਬੜੇ ਚਾਅ ਉਤਸ਼ਾਹ ਨਾਲ ਕਰਿਆ ਕਰਦਾ ਸੀ। ਗੱਜ ਵੱਜ ਕੇ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਲਾਉਂਦਾ ਤੇ ਲੋੜ ਪੈਣ 'ਤੇ ਗ੍ਰਿਫਤਾਰੀ ਵੀ ਦਿੰਦਾ। ਹਰ ਥਾਂ ਕਿਰਤੀ ਕਿਸਾਨਾਂ ਦਾ ਪੱਖ ਪੂਰਦਾ।



ਜਰਵਾਣਿਆਂ ਨਾਲ ਮੱਥਾ ਲਾਉਂਦਾ, ਗਰੀਬ ਗੁਰਬੇ ਨਾਲ ਖੜ੍ਹਾ ਹੁੰਦਾ ਤੇ ਬਣਦੀ-ਸਰਦੀ ਮਦਦ ਕਰਦਾ। ਅਗਾਂਹਵਧੂ ਵਿਚਾਰਾਂ ਕਰਕੇ ਪਿੰਡ 'ਚ ਉਹ ਮੇਰਾ ਸਾਹਿਤਕ ਦੋਸਤ ਸੀ। ਫਿਰ ਹਾਲਾਤ ਐਸੇ ਬਣੇ ਕਿ ਦਹਿਸ਼ਤੀ ਦੌਰ ਵਿਚ ਉਸ ਨੂੰ ਰਿਵਾਲਵਰ ਦਾ ਲਸੰਸ ਬਣਵਾਉਣਾ ਪਿਆ ਤੇ ਬੁਲਿਟ ਮੋਟਰ ਸਾਈਕਲ ਖਰੀਦਣਾ ਪਿਆ। ਜਦੋਂ ਕਦੇ ਮੈਂ ਉਹਦੇ ਮੋਟਰ ਸਾਈਕਲ ਪਿੱਛੇ ਬਹਿਣਾ ਤਾਂ ਉਸ ਕਹਿਣਾ, 'ਜ਼ਮੀਨ ਦਾ ਇਕ ਕਿੱਲਾ ਮੇਰੇ ਹੇਠਾਂ ਐ ਤੇ ਇਕ ਕਿੱਲਾ ਲੱਕ ਨਾਲ ਲਟਕਾਇਆ ਹੋਇਐ!' ਵਿਚਲੀ ਗੱਲ ਇਹ ਦੱਸਦਾ ਕਿ ਉਸ ਨੇ ਜ਼ਮੀਨ ਦੇ ਦੋ ਕਿੱਲੇ ਵੇਚ ਕੇ ਰਿਵਾਲਵਰ ਤੇ ਮੋਟਰ ਸਾਈਕਲ ਖਰੀਦੇ ਹਨ। ਜ਼ਮੀਨ ਬਾਰੇ ਉਹ ਕਹਿੰਦਾ ਕਿ ਇਨਕਲਾਬ ਆਉਣ ਪਿੱਛੋਂ ਸਭ ਦੀ ਸਾਂਝੀ ਹੋ ਜਾਣੀ ਐਂ!

ਮੈਂ ਉਦੋਂ ਢੁੱਡੀਕੇ ਪੜ੍ਹਾਉਂਦਾ ਸਾਂ। ਇਕ ਸ਼ਾਮ ਮੈਂ ਪਿੰਡ ਗਿਆ। ਢੁੱਡੀਕੇ ਤੋਂ ਚਕਰ ਜਾਣ ਨੂੰ ਮਸਾਂ ਅੱਧਾ ਪੌਣਾ ਘੰਟਾ ਲੱਗਦਾ ਸੀ। ਜਦੋਂ ਦਾ ਸਕੂਟਰ ਲਿਆ ਸੀ ਬੜੀ ਮੌਜ ਹੋ ਗਈ ਸੀ। ਜਿੱਦਣ ਮੇਰਾ ਮੂਡ ਬਣਦਾ ਮੈਂ ਚਾਰ ਕੁ ਵਜੇ ਚੱਲਦਾ, ਘਰਦਿਆਂ ਨੂੰ ਮਿਲਦਾ-ਗਿਲਦਾ ਤੇ ਚਾਹ-ਪਾਣੀ ਪੀ ਕੇ ਕਾਮਰੇਡ ਮਹਿੰਦਰ ਸੈਕਟਰੀ ਕੋਲ ਗੱਪ ਸ਼ੱਪ ਮਾਰਨ ਚਲਾ ਜਾਂਦਾ। ਉਹ ਪੀਣ-ਖਾਣ ਦਾ ਜੁਗਾੜ ਕਰ ਲੈਂਦਾ ਤੇ ਅਸੀਂ ਗੱਲੀਂ-ਬਾਤੀਂ ਇਨਕਲਾਬ ਲਿਆਉਣ ਲੱਗਦੇ। ਉਹਦੇ ਚੁਬਾਰੇ 'ਚ ਲੈਨਿਨ ਦੀ ਆਦਮਕੱਦ ਤਸਵੀਰ ਲੱਗੀ ਹੁੰਦੀ ਤੇ ਪੜ੍ਹਨਯੋਗ ਪੁਸਤਕਾਂ ਹੁੰਦੀਆਂ। ਮਾਓ ਤੇ ਸਟਾਲਿਨ ਦੇ ਫੋਟੋ ਵੀ ਲੱਗੇ ਹੋਏ ਸਨ। ਮਾਰਕਸੀ ਪਾਰਟੀ ਦੇ ਲੀਡਰ ਉਹਦੇ ਘਰ ਆਮ ਆਉਂਦੇ ਜਾਂਦੇ। ਰੰਗ ਭਾਵੇਂ ਤਵੇ ਵਰਗਾ ਸੀ ਪਰ ਦੰਦ ਬੈਟਰੀ ਵਾਂਗ ਲਿਸ਼ਕਦੇ ਤੇ ਗੱਲਾਂ ਬੜੀਆਂ ਦਿਲਚਸਪ ਕਰਦਾ ਸੀ। ਦਿਲ ਦਾ ਏਡਾ ਦਿਲਦਾਰ, ਭਾਵੇਂ ਗੱਡੇ ਲੰਘ ਜਾਣ, ਪਰਵਾਹ ਨਹੀਂ ਸੀ ਕਰਦਾ।

ਇਕ ਸ਼ਾਮ ਮੈਂ ਢੁੱਡੀਕੇ ਤੋਂ ਪਿੰਡ ਪਹੁੰਚਿਆ ਤਾਂ ਅਮਰੀਕਾ ਤੋਂ ਮੇਰਾ ਭਰਾ ਭਜਨ ਸਿੰਘ ਘੰਟਾ ਕੁ ਪਹਿਲਾਂ ਹੀ ਘਰੇ ਅੱਪੜਿਆ ਸੀ। ਅਸੀਂ ਦੋ ਢਾਈ ਸਾਲਾਂ ਬਾਅਦ ਮਿਲ ਰਹੇ ਸਾਂ। ਸਾਰੇ ਭਰਾ ਖਾਣ-ਪੀਣ ਲੱਗ ਪਏ। ਆਮ ਤੌਰ 'ਤੇ ਮੈਂ ਅੱਧਾ ਪੌਣਾ ਘੰਟਾ ਘਰ ਬੈਠ ਕੇ ਮਹਿੰਦਰ ਸੈਕਟਰੀ ਵੱਲ ਚਲਾ ਜਾਂਦਾ। ਉਦਣ ਮੈਨੂੰ ਉਹਦਾ ਚੇਤਾ ਹੀ ਨਾ ਰਿਹਾ। ਅਮਰੀਕਾ ਤੋਂ ਭਰਾ ਆਇਆ ਹੋਣ ਕਰਕੇ ਮੈਂ ਉਹਦੇ ਨਾਲ ਹੀ ਗੱਲਾਂ ਕਰਦਾ ਰਿਹਾ ਤੇ ਢੁੱਡੀਕੇ ਮੁੜਨਾ ਵੀ ਸਵੇਰ ਉਤੇ ਪਾ ਦਿੱਤਾ।

ਅਜੇ ਦਿਨ ਛਿਪਿਆ ਈ ਸੀ ਕਿ ਏਕੇ ਸੰਤਾਲੀ ਦੇ ਕੰਨ ਪਾੜਵੇਂ ਫਾਇਰ ਗੂੰਜੇ। ਇਓਂ ਲੱਗਾ ਜਿਵੇਂ ਬਾਹਰ ਬੀਹੀ ਵਿਚ ਈ ਗੋਲੀਆਂ ਚੱਲੀਆਂ ਹੋਣ। ਦਬਾਦੱਬ ਕੁੰਡੇ ਜਿੰਦੇ ਲੱਗ ਗਏ। ਸਾਨੂੰ ਸ਼ੱਕ ਪਿਆ ਕਿ ਅਮਰੀਕਾ ਤੋਂ ਆਏ ਭਜਨ ਦੀ ਕਿਸੇ ਨੇ ਲੁੱਟ-ਖੋਹ ਨਾ ਕਰਨੀ ਹੋਵੇ। ਸਾਰਾ ਪਿੰਡ ਡਰਦਾ ਮਾਰਾ ਜਾਗਦਾ ਹੋਇਆ ਹੀ ਛਾਪਲ ਗਿਆ। ਕਿਤੋਂ ਕੋਈ ਆਵਾਜ਼ ਨਹੀਂ ਸੀ ਆ ਰਹੀ। ਕੁੱਤੇ ਵੀ ਨਹੀਂ ਸਨ ਭੌਂਕ ਰਹੇ। ਭਜਨ ਵੀ ਭੈਭੀਤ ਸੀ ਕਿ ਉਹਦੇ ਆਉਣ ਸਾਰ ਹੀ ਇਹ ਕੀ ਹੋ ਗਿਆ? ਮੇਰੇ ਮਨ 'ਚ ਫਿਰੌਤੀ ਵਾਲੀ ਦਹਿਸ਼ਤੀ ਚਿੱਠੀ ਵਾਲਾ ਉਹੀ ਪੁਰਾਣਾ ਡਰ ਜਾਗ ਪਿਆ। ਮਨਾਂ ਕੀ ਪਤਾ ਉਹ ਚਿੱਠੀ ਜਾਅ੍ਹਲੀ ਨਾ ਹੀ ਹੋਵੇ! ਕੀ ਪਤਾ ਉਹਦੇ 'ਤੇ ਅਮਲ ਅੱਜ ਭਜਨ ਦੇ ਆਏ ਤੋਂ ਹੀ ਹੋਣਾ ਹੋਵੇ? ਸਾਰੇ ਪਰਿਵਾਰ ਨੂੰ ਜੁ ਸੋਧਣਾ ਸੀ। ਰਾਤ ਅਸੀਂ ਡਾਢੇ ਫਿਕਰਾਂ ਵਿਚ ਕੱਟੀ।

ਸਵੇਰੇ ਸਵੱਖਤੇ ਹੀ ਮਹਿੰਦਰ ਸੈਕਟਰੀ ਦਾ ਲੜਕਾ, 1995 'ਚ ਪੈਦਾ ਹੋਣ ਵਾਲੀ ਸਿਮਰਨਜੀਤ ਦਾ ਚਾਚਾ ਸਾਡੇ ਘਰ ਆਇਆ। ਉਸ ਨੇ ਡੁਸਕਦਿਆਂ ਦੱਸਿਆ ਕਿ ਅੱਤਵਾਦੀ ਉਹਦੇ ਪਾਪੇ ਨੂੰ ਮਾਰ ਗਏ ਹਨ। ਦਿਨ ਛਿਪੇ ਜਿਹੜੀਆਂ ਗੋਲੀਆਂ ਚੱਲੀਆਂ ਸੀ ਉਹ ਉਹਦੇ 'ਤੇ ਈ ਚੱਲੀਆਂ ਸਨ। ਘਰ ਦੇ ਜੀਆਂ ਨੇ ਡਰ ਦੇ ਮਾਰੇ ਰਾਤ ਘਰੋਂ ਬਾਹਰ ਕੱਟੀ ਸੀ। ਉਹ ਉਹਦਾ ਰਿਵਾਲਵਰ ਲੈਣ ਆਏ ਸੀ ਜੋ ਉਸ ਨੇ ਠਾਣੇ ਜਮ੍ਹਾਂ ਕਰਾਇਆ ਕਹਿ ਦਿੱਤਾ ਸੀ ਅਤੇ ਜਾਨ ਬਚਾਉਣ ਲਈ ਭੱਜ ਕੇ ਕੰਧ ਟੱਪਣ ਲੱਗਾ ਸੀ। ਭੱਜਦੇ ਦੇ ਉਹ ਏਕੇ ਸੰਤਾਲੀ ਦਾ ਬ੍ਰੱਸਟ ਮਾਰ ਗਏ ਸਨ। ਲਾਸ਼ ਓਥੇ ਈ ਪਈ ਸੀ। ਮੁੰਡੇ ਨੇ ਪੁੱਛਿਆ, 'ਚਾਚਾ ਜੀ, ਹੁਣ ਲਾਸ਼ ਦਾ ਕੀ ਕਰੀਏ?'

ਮੇਰੀਆਂ ਅੱਖਾਂ ਭਰ ਆਈਆਂ। ਬੰਦੇ ਮਰਨ ਦੀਆਂ ਖ਼ਬਰਾਂ ਹਰ ਰੋਜ਼ ਹੀ ਪੜ੍ਹਦੇ ਸੁਣਦੇ ਹੋਣ ਕਰਕੇ ਇਹ ਖ਼ਬਰ ਕੋਈ ਅਸਚਰਜ ਤਾਂ ਨਹੀਂ ਸੀ ਪਰ ਮੇਰੇ ਲਈ ਇਸ ਦੇ ਕੁਝ ਹੋਰ ਅਰਥ ਵੀ ਸਨ। ਮੈਂ ਸੋਚਣ ਲੱਗਾ, 'ਜੇ ਅਮਰੀਕਾ ਤੋਂ ਭਰਾ ਨਾ ਆਇਆ ਹੁੰਦਾ ਤਾਂ ਮੈਂ ਘਰਦਿਆਂ ਨੂੰ ਮਿਲ ਕੇ ਮਹਿੰਦਰ ਵੱਲ ਚਲੇ ਜਾਣਾ ਸੀ। ਉਸ ਨੇ ਕੁਝ ਖਾਣ-ਪੀਣ ਨੂੰ ਮੰਗਾ ਲੈਣਾ ਸੀ। ਉਹ ਜਿਹੜੇ ਉਹਨੂੰ ਮਾਰਨ ਆਏ ਸਨ ਉਨ੍ਹਾਂ ਨੇ ਮੈਨੂੰ ਕਿਹੜਾ ਬਖਸ਼ਣਾ ਸੀ? ਅੱਜ ਕੱਲ੍ਹ ਜ਼ਿੰਦਗੀ ਦਾ ਕੀ ਵਿਸਾਹ ਐ? ਆਹ ਵੇਖ ਲਓ, ਮਹਿੰਦਰ ਕੱਲ੍ਹ ਚੰਗਾ ਭਲਾ ਸੀ, ਰਾਤੀਂ ਮਰ ਮੁੱਕ ਗਿਐ! ਇਹੋ ਕੁਝ ਮੇਰੇ ਨਾਲ ਹੋਣਾ ਸੀ।'

ਮੈਂ ਮੁੰਡੇ ਨੂੰ ਦਿਲਾਸਾ ਦਿੱਤਾ ਤੇ ਸਕੂਟਰ ਉਤੇ ਬਿਠਾ ਕੇ ਮਹਿੰਦਰ ਸੈਕਟਰੀ ਦੇ ਘਰ ਵੱਲ ਚੱਲ ਪਿਆ। ਉਨ੍ਹਾਂ ਦਾ ਘਰ ਦੂਜੇ ਅਗਵਾੜ ਵਿਚ ਸੀ। ਪਿੰਡ ਦਾ ਕੋਈ ਬੰਦਾ ਅਜੇ ਬਾਹਰ ਨਹੀਂ ਸੀ ਨਿਕਲਿਆ। ਬਹੁਤਿਆਂ ਦੇ ਬੂਹੇ ਭੇੜੇ ਹੋਏ ਸਨ। ਉਂਜ ਅੰਦਰੋ-ਅੰਦਰੀ ਖ਼ਬਰ ਹੋ ਗਈ ਸੀ ਕਿ ਮਹਿੰਦਰ ਸੈਕਟਰੀ ਮਾਰਿਆ ਗਿਆ। ਸਿਆਲੂ ਰਾਤ 'ਚ ਠੰਢ ਨਾਲ ਆਕੜੀ ਹੋਈ ਉਹਦੀ ਲਾਸ਼ ਚਾਰ ਫੁੱਟੀ ਕੰਧ ਕੋਲ ਕੁੰਗੜੀ ਪਈ ਸੀ। ਉਹ ਕੰਧ ਟੱਪਣ ਲੱਗਾ ਗੋਲੀਆਂ ਖਾ ਕੇ ਡਿੱਗਾ ਸੀ। ਜਿਥੇ ਗੋਲੀਆਂ ਵੱਜੀਆਂ ਸਨ ਉਥੇ ਖ਼ੂਨ ਜੰਮਿਆ ਹੋਇਆ ਸੀ। ਉਹ ਟੇਢਾ ਪਿਆ ਝਾਕ ਰਿਹਾ ਸੀ। ਮੈਂ ਨੇੜਿਓਂ ਵੇਖਿਆ ਉਹਦੀਆਂ ਮੋਟੀਆਂ ਬੱਗੀਆਂ ਅੱਖਾਂ ਖੁੱਲ੍ਹੀਆਂ ਸਨ ਜਿਵੇਂ ਸੁਆਲ ਪੁੱਛਦੀਆਂ ਹੋਣ, ਕਦ ਆਵੇਗਾ ਇਨਕਲਾਬ? ਉਹਦੇ ਬੂਟ ਜੁਰਾਬਾਂ ਤੇ ਗਰਮ ਕਪੜੇ ਪਾਏ ਹੋਏ ਸਨ ਜੋ ਖ਼ੂਨ ਨਾਲ ਰੰਗੇ ਗਏ ਸਨ। ਸਿਰ 'ਤੇ ਅੱਧ-ਢੱਠੀ ਪੋਚਵੀਂ ਪੱਗ ਸੀ। ਕੱਲ੍ਹ ਸ਼ਾਮ ਸਜ-ਧਜ ਕੇ ਉਹ ਪਿੰਡ ਦੀਆਂ ਪੈੜਾਂ (ਵੱਡੀ ਸੱਥ) 'ਚ ਗਿਆ ਸੀ। ਹੱਸ ਹੱਸ ਗੱਲਾਂ ਕਰਦਾ ਰਿਹਾ ਸੀ।

ਦਹਿਸ਼ਤਗਰਦਾਂ ਦੀ ਏਨੀ ਦਹਿਸ਼ਤ ਸੀ ਕਿ ਸੂਰਜ ਦੀ ਧੁੱਪ ਚੜ੍ਹਨ ਤਕ ਵੀ ਆਂਢੀਆਂ-ਗੁਆਂਢੀਆਂ ਨੇ ਮਹਿੰਦਰ ਦੇ ਘਰ ਜਾਣ ਦਾ ਹੀਆ ਨਹੀਂ ਸੀ ਕੀਤਾ। ਆਪਣੇ ਹੀ ਪਿੰਡ ਤੇ ਆਪਣੇ ਘਰ ਦੀ ਕੰਧ ਨਾਲ, ਲੋਕਾਂ ਦੇ ਕੰਮ ਆਉਣ ਵਾਲੇ ਇਸ ਇਨਸਾਨ ਦਾ

(ਬਾਕੀ ਸਫਾ 29 'ਤੇ)

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

# ਵਿਧਾਨ ਸਭਾ ਸੈਸ਼ਨ ਨੇ ਪੰਜਾਬ ਦੀ ਸਿਆਸੀ ਲੀਡਰਸ਼ਿਪ ਦਾ ਹੀਜ-ਪਿਆਜ਼ ਬਾਹਰ ਲਿਆ ਦਿੱਤਾ

ਜਦੋਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸੱਦੇ ਉਤੇ ਸਾਰੀਆਂ ਪਾਰਟੀਆਂ ਦੀ ਸਾਂਝੀ ਬੈਠਕ ਕੀਤੀ ਗਈ ਤਾਂ ਲੋਕਾਂ ਨੂੰ ਆਸ ਸੀ ਕਿ ਇਸ ਵਿਚ ਪੰਜਾਬ ਦੇ ਸਾਂਝੇ ਮੁੱਦੇ ਵਿਚਾਰੇ ਜਾਣਗੇ। ਅਗਲੇ ਹਫਤੇ ਸਰਕਾਰ ਨੇ ਵਿਧਾਨ ਸਭਾ ਸੈਸ਼ਨ ਸੱਦ ਲਿਆ ਅਤੇ ਉਸ ਵਿਚ ਰੱਖੇ ਜਾਣ ਵਾਲੇ ਮੁੱਦਿਆਂ ਬਾਰੇ ਕੈਬਨਿਟ ਮੀਟਿੰਗ ਕਰ ਕੇ ਤਿਆਰੀ ਵੀ ਕਰ ਲਈ, ਤਾਂ ਇਸ ਨਾਲ ਆਮ ਲੋਕਾਂ ਨੂੰ ਇਸ ਸੈਸ਼ਨ ਤੋਂ ਆਸਾਂ ਵਧ ਗਈਆਂ ਸਨ। ਜਦੋਂ ਵਿਧਾਨ ਸਭਾ ਦਾ ਸੈਸ਼ਨ ਹੋਇਆ, ਬਦਕਿਸਮਤੀ ਨਾਲ ਫਿਰ ਰਾਜਨੀਤਕ ਚਾਂਦਮਾਰੀ ਭਾਰੂ ਹੋ ਗਈ ਅਤੇ ਸਾਂਝੇ ਮੁੱਦੇ ਸਿਰਫ ਮਤੇ ਪਾਸ ਕਰਨ ਤਕ ਦੀ ਸਾਂਝ ਤਕ ਸੀਮਤ ਹੋ ਗਏ। ਰਾਜਨੀਤਕ ਚਾਂਦਮਾਰੀ ਇਸ ਹੱਦ ਤਕ ਕੀਤੀ ਗਈ ਕਿ ਵੱਡੇ ਲੀਡਰਾਂ ਦੇ ਛੋਟੇ ਭਾਸ਼ਣ ਅਤੇ ਭੱਦੀ ਸ਼ਬਦਾਵਲੀ ਸੁਣ ਕੇ ਆਮ ਲੋਕਾਂ ਨੂੰ ਸ਼ਰਮ ਮਹਿਸੂਸ ਹੁੰਦੀ ਸੀ, ਪਰ ਕਿਸੇ ਵੀ ਲੀਡਰ ਨੂੰ ਆਪਣੇ ਭਾਸ਼ਣ ਦੇ ਕਿਸੇ ਹਿੱਸੇ ਉਤੇ ਕੋਈ ਸ਼ਰਮ ਮਹਿਸੂਸ ਹੋਈ ਹੋਵੇ, ਇਹੋ ਜਿਹਾ ਪ੍ਰਭਾਵ ਕਿਸੇ ਪਾਸਿਓਂ ਨਹੀਂ ਮਿਲਿਆ।

ਕੋਈ ਵੀ ਸਦਨ ਹੋਵੇ-ਪਾਰਲੀਮੈਂਟ ਜਾਂ ਵਿਧਾਨ ਸਭਾ, ਚਲਾਉਣ ਦੀ ਜ਼ਿੰਮੇਵਾਰੀ ਆਮ ਕਰ ਕੇ ਰਾਜ ਕਰਦੀ ਧਿਰ ਦੀ ਬਾਕੀਆਂ ਤੋਂ ਵੱਧ ਹੁੰਦੀ ਹੈ। ਪੰਜਾਬ ਵਿਚ ਰਾਜ ਕਰਦੀ ਧਿਰ ਕਾਂਗਰਸ ਸੀ, ਇਸ ਲਈ ਬਹੁਤੀ ਜ਼ਿੰਮੇਵਾਰੀ ਉਸੇ ਦੀ ਬਣਦੀ ਸੀ ਕਿ ਹਾਊਸ ਠੀਕ-ਠਾਕ ਚਲਾਉਣ ਲਈ ਸੁਖਾਵਾਂ ਮਾਹੌਲ ਬਣਾਉਣ ਲਈ ਯਤਨ ਕਰਦੀ। ਇਸ ਕੰਮ ਵਿਚ ਉਹ ਕਾਮਯਾਬ ਨਹੀਂ ਹੋਈ ਜਾਂ ਉਸ ਦੀ ਇਹੋ ਜਿਹੀ ਕੋਈ ਨੀਤ ਨਹੀਂ ਸੀ। ਮੁੱਕਦੀ ਗੱਲ ਕਿ ਮਾਹੌਲ ਸੁਖਾਵਾਂ ਨਹੀਂ ਸੀ ਬਣਿਆ ਤੇ ਬਹਿਸ ਦੇ ਨਾਂ 'ਤੇ ਬੇਹੂਦਗੀ ਇੱਕ-ਦੂਸਰੇ ਦੇ ਘਰ ਦੇ ਜੀਆਂ ਤੱਕ ਪਹੁੰਚਦੀ ਵੇਖੀ ਗਈ। ਖੁਦ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਬਾਰੇ ਭੱਦੀ ਗੱਲ ਕਹਿ ਦਿੱਤੀ ਤਾਂ ਬਾਕੀਆਂ ਨੂੰ ਸ਼ਰਮ ਦਾ ਛਿੱਕਾ ਲਾਹ ਕੇ ਮਨ-ਆਈਆਂ ਗੱਲਾਂ ਕਹਿਣ ਦਾ ਮੌਕਾ ਨਸੀਬ ਹੋ ਗਿਆ। ਚੰਗੀ ਗੱਲ ਇਹ ਹੋਈ ਕਿ ਕੁਝ ਮੁੱਦਿਆਂ ਉਤੇ ਭਾਜਪਾ ਨੂੰ ਛੱਡ ਕੇ ਹੋਰ ਸਭਨਾਂ ਧਿਰਾਂ ਨੇ ਇੱਕ-ਸੁਰ ਵਿਚ ਮਤੇ ਪਾਸ ਕੀਤੇ, ਜਿਨ੍ਹਾਂ ਵਿਚ ਬਾਰਡਰ ਸਕਿਓਰਿਟੀ ਫੋਰਸ (ਬੀ ਐਸ ਐਫ) ਦਾ ਅਧਿਕਾਰ ਖੇਤਰ ਵਧਾਉਣ ਦਾ ਵਿਰੋਧ ਵੀ



ਸ਼ਾਮਲ ਸੀ ਤੇ ਕੇਂਦਰ ਦੇ ਤਿੰਨ ਖੇਤੀਬਾੜੀ ਬਿੱਲਾਂ ਦਾ ਵਿਰੋਧ ਵੀ। ਭਾਜਪਾ ਦੇ ਲੀਡਰਾਂ ਨੂੰ ਆਪਣੇ ਮੁੱਢਾਂ ਤੋਂ, ਜਦੋਂ ਹਾਲੇ ਭਾਜਪਾ ਤਾਂ ਕੀ, ਉਸ ਦੀ ਮਾਂ-ਪਾਰਟੀ ਭਾਰਤੀ ਜਨ ਸੰਘ ਵੀ ਬਣਾਈ ਨਹੀਂ ਸੀ ਗਈ, ਉਸ ਵਕਤ ਤੋਂ ਪੰਜਾਬ ਨਾਲ ਕਦੇ ਹੇਜ ਨਹੀਂ ਰਿਹਾ, ਭਾਰਤ ਮਾਤਾ ਦੇ ਪੁਜਾਰੀ ਹੋਣ ਦਾ ਢੌਂਗ ਕਰਦੇ ਉਨ੍ਹਾਂ ਲੋਕਾਂ ਤੋਂ ਸਿਵਾ ਬਾਕੀ ਸਭ ਧਿਰਾਂ ਦੀ ਇਨ੍ਹਾਂ ਮੁੱਦਿਆਂ ਬਾਰੇ ਏਕਤਾ ਵੀ ਚੰਗੀ ਸੀ। ਇਸ ਏਕਤਾ ਨੂੰ ਭਵਿੱਖ ਵਿਚ ਬਚਾਉਣਾ ਹੋਵੇਗਾ, ਜਿਸ ਦੇ ਲਈ ਇਨ੍ਹਾਂ ਸਭ ਧਿਰਾਂ ਨੂੰ ਸਾਂਝ ਦੇ ਪੁਲ ਉਸਾਰਨੇ ਪੈਣਗੇ, ਪਰ ਇਸ ਦੇ ਆਸਾਰ ਬਿਲਕੁਲ ਨਹੀਂ ਦਿੱਸਦੇ।

ਆਸਾਰ ਨਾ ਦਿੱਸਣ ਦਾ ਕਾਰਨ ਇਹ ਵੀ ਹੈ ਕਿ ਇਹ ਗੱਲ ਅੱਠ ਸਾਲ ਲੁਕੀ ਰਹੀ ਹੈ ਕਿ ਜਿਹੜੇ ਕਾਨੂੰਨ ਬਣੇ ਤਾਂ ਕਿਸਾਨਾਂ ਨੂੰ ਦਿੱਲੀ ਦੇ ਬਾਰਡਰਾਂ ਉਤੇ ਜਾ ਕੇ ਬਹਿਣਾ ਪਿਆ ਹੈ, ਉਹ ਪੰਜਾਬ ਵਿਧਾਨ ਸਭਾ ਨੇ ਇੱਕ ਬਿੱਲ ਪਾਸ ਕਰ ਕੇ ਸਾਲ 2013 ਵਿਚ ਬਣਾ ਧਰੇ ਸਨ। ਭਾਰਤ ਦੇ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਪਿਛਲੀ ਫਰਵਰੀ ਦੇ ਇੱਕ ਦਿਨ ਪਾਰਲੀਮੈਂਟ ਵਿਚ ਇਹ ਆਖਿਆ ਕਿ ਸਾਡਾ ਬਣਾਇਆ ਠੇਕਾ ਖੇਤੀ ਕਾਨੂੰਨ ਚੁਭਦਾ ਹੈ, ਪਰ ਇੱਦਾਂ ਦਾ ਕਾਨੂੰਨ ਪੰਜਾਬ ਸਰਕਾਰ 2013 ਵਿਚ ਪਾਸ ਕਰ ਚੁੱਕੀ ਹੈ, ਉਸ ਨੂੰ ਪੜ੍ਹ ਕੇ ਵੇਖ ਲਵੋ, ਉਸ ਨਾਲੋਂ ਕੌਮਾ-ਬਿੰਦੀ ਤਕ ਵੀ ਫਰਕ ਨਹੀਂ ਲੱਭੇਗਾ। ਉਸ ਨੇ ਇਹ ਗੱਲ ਨਾ ਕਹੀ ਹੁੰਦੀ ਤਾਂ ਪੰਜਾਬ ਵਿਚ ਕੁਝ ਚੋਣਵੇਂ ਸੂਝਵਾਨ ਪੱਤਰਕਾਰਾਂ ਤੋਂ ਬਿਨਾਂ ਕੋਈ ਵੀ ਇਹ ਨਹੀਂ ਸੀ ਜਾਣਦਾ ਕਿ ਏਦਾਂ ਦਾ ਕੋਈ ਕਾਨੂੰਨ ਪੰਜਾਬ ਸਰਕਾਰ ਨੇ ਬਣਾਇਆ ਸੀ। ਮੈਨੂੰ ਇਹ ਮੰਨਣ ਵਿਚ ਕੋਈ ਵੀ ਹਰਜ਼ ਨਹੀਂ ਕਿ ਇਸ ਕਾਨੂੰਨ ਦੀ ਜਾਣਕਾਰੀ ਰੱਖਦੇ 'ਸੂਝਵਾਨ' ਪੱਤਰਕਾਰਾਂ ਵਿਚ ਮੈਂ ਨਹੀਂ ਸੀ, ਪਤਾ ਨਹੀਂ ਕਿਸ ਤਰ੍ਹਾਂ ਉਸ ਵਕਤ ਰੌਲੇ-ਗੌਲੇ ਵਿਚ ਇਹ ਪਾਸ ਕੀਤਾ ਗਿਆ ਤੇ ਕਿਸੇ ਵੀ ਮੀਡੀਆ ਬਹਿਸ ਜਾਂ ਕਿਸਾਨ ਜਥੇਬੰਦੀਆਂ ਦੇ ਵਿਰੋਧ ਦਾ ਕੋਈ ਮੁੱਦਾ ਤੱਕ ਨਹੀਂ ਸੀ ਬਣ ਸਕਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਅੱਜ ਜਿਹੜੇ ਲੀਡਰ ਕੇਂਦਰੀ ਕਾਨੂੰਨਾਂ ਦਾ ਵਿਰੋਧ ਕਰਦੇ ਪਏ ਹਨ, ਉਨ੍ਹਾਂ ਵਿਚੋਂ ਕਈਆਂ ਨੇ ਓਦੋਂ ਪੰਜਾਬ ਵਿਧਾਨ ਸਭਾ ਵਿਚ ਇਹ ਬਿੱਲ ਪਾਸ ਕਰ ਕੇ ਆਪਣੇ ਰਾਜ ਦੇ ਕਿਸਾਨਾਂ ਦੀ ਸੰਘੀ ਦੁਆਲੇ ਰੱਸਾ ਕੱਸਣ ਦਾ ਕੰਮ ਖੁਦ ਵੀ ਕੀਤਾ ਹੋਇਆ ਸੀ।

ਓਦੋਂ ਪਾਸ ਹੋਏ ਇਸ ਕਾਨੂੰਨ ਦੀ ਚਰਚਾ ਚੱਲੀ ਤਾਂ ਵਿਧਾਨ ਸਭਾ ਵਿਚ ਸਵਾਲ ਉਠ ਪਿਆ ਕਿ ਜਦੋਂ ਇਹ ਬਿੱਲ ਪਾਸ ਕੀਤਾ ਸੀ, ਓਦੋਂ ਜਿਹੜੇ ਲੀਡਰਾਂ ਨੇ ਇਸ ਦੀ ਵਕਾਲਤ ਕੀਤੀ ਸੀ ਤੇ ਜਿਹੜੇ ਲੀਡਰਾਂ ਨੇ ਇਸ ਦੀ ਹਮਾਇਤ ਕੀਤੀ ਸੀ, ਉਹ ਆਪਣੇ ਗੁਨਾਹਾਂ ਦਾ ਅਹਿਸਾਸ ਕਦੋਂ ਕਰਨਗੇ? ਜਦੋਂ ਪਹਿਲਾਂ ਕਦੇ ਏਦਾਂ ਦਾ ਅਹਿਸਾਸ ਕਿਸੇ ਨਹੀਂ ਸੀ ਕੀਤਾ ਤਾਂ ਇਸ ਵਾਰੀ ਵੀ ਕਿਸ ਨੇ ਨਹੀਂ ਕਰਨਾ ਸੀ, ਪਰ ਇਸ ਨਾਲ ਲੋਕਾਂ ਨੂੰ ਆਪਣੇ ਰਾਜ ਦੀ ਲੀਡਰਸ਼ਿਪ ਦੇ ਕਿਰਦਾਰ ਦੀ ਝਲਕ ਮਿਲ ਗਈ।

ਬਹੁਤ ਵੱਡੇ ਮੁੱਦਿਆਂ ਵਿਚੋਂ ਜੇ ਖੇਤੀਬਾੜੀ ਕਾਨੂੰਨਾਂ ਦੇ ਮਾਮਲੇ ਵਿਚ ਲੀਡਰਸ਼ਿਪ ਦੇ ਦੋਹਰੇ ਕਿਰਦਾਰ ਦੀ ਝਲਕ ਪੰਜਾਬ ਦੇ ਲੋਕਾਂ ਨੂੰ ਮਿਲ ਗਈ ਤਾਂ ਦੂਸਰੇ ਵੱਡੇ ਮੁੱਦੇ ਬਿਜਲੀ ਕੰਪਨੀਆਂ ਨਾਲ ਸਮਝੌਤਿਆਂ ਕਾਰਨ ਵੀ ਲੀਡਰਸ਼ਿਪ ਦਾ ਦੋਹਰਾ ਕਿਰਦਾਰ ਲੋਕਾਂ ਸਾਹਮਣੇ ਆ ਗਿਆ। ਜਦੋਂ ਬਿਜਲੀ ਸਮਝੌਤੇ ਹੋਏ ਸਨ ਤੇ ਉਨ੍ਹਾਂ ਨਾਲ ਪੰਜਾਬ ਦੇ ਖਜ਼ਾਨੇ ਦੀ ਲੁੱਟ ਕਰਨ ਲਈ ਉਨ੍ਹਾਂ ਕੰਪਨੀਆਂ ਨੂੰ ਬਾਕੀ ਸਭ ਰਾਜਾਂ ਨਾਲ ਕੀਤੇ ਸਮਝੌਤਿਆਂ ਤੋਂ ਵੱਧ ਖੁੱਲ੍ਹਾ ਮੌਕਾ ਦਿੱਤਾ ਗਿਆ ਸੀ, ਓਦੋਂ ਵੀ ਪੰਜਾਬ ਦੀ ਕਿਸੇ ਸਿਆਸੀ ਪਾਰਟੀ ਨੇ ਇਸ ਦਾ ਸਿੱਧਾ ਵਿਰੋਧ ਨਹੀਂ ਸੀ ਕੀਤਾ। ਆਮ ਆਦਮੀ ਪਾਰਟੀ ਤਾਂ ਓਦੋਂ ਹਾਲੇ ਬਣੀ ਨਹੀਂ ਸੀ, ਬਣੀ ਹੁੰਦੀ ਤਾਂ ਉਸ ਦੇ ਕਿਰਦਾਰ ਦਾ ਪਤਾ ਵੀ ਲੱਗ ਜਾਂਦਾ, ਪਰ ਉਸ ਵੇਲੇ ਦੀਆਂ ਰਾਜਸੀ ਖੇਤਰ ਦੀਆਂ ਬਾਕੀ ਸਾਰੀਆਂ ਧਿਰਾਂ ਵਿਚੋਂ ਕੋਈ ਇੱਕ ਵੀ ਇਹੋ ਜਿਹੀ ਲੱਭਣੀ ਔਖੀ ਹੈ, ਜਿਸ ਨੇ ਲੋਕ-ਹਿੱਤਾਂ ਦਾ ਧਿਆਨ ਰੱਖਿਆ ਹੋਵੇ। ਚਰਚਾ ਇਹ ਹੈ ਕਿ ਉਸ ਵਕਤ ਇਨ੍ਹਾਂ ਬਿਜਲੀ ਕੰਪਨੀਆਂ ਨੇ ਮੰਤਰੀਆਂ ਤੋਂ ਅਫਸਰਾਂ ਤਕ ਅਤੇ ਵਿਧਾਨ ਸਭਾ ਵਿਚ ਸਮਝੌਤਿਆਂ ਦਾ ਵਿਰੋਧ ਹੋਣ ਤੋਂ ਰੋਕਣ ਲਈ ਚੋਣਵੇਂ ਪ੍ਰਭਾਵਸ਼ਾਲੀ ਵਿਧਾਇਕਾਂ ਤੱਕ ਵੀ ਪਹੁੰਚ ਕੀਤੀ ਸੀ ਤੇ ਇਹੋ ਕਾਰਨ ਸੀ ਕਿ 'ਢੱਕੀ ਰਿੱਝੇ ਤੇ ਕੋਈ ਨਾ ਬੁੱਝੇ' ਵਾਲਾ ਮਾਹੌਲ ਏਨੇ ਸਾਲ ਬਣਿਆ ਰਿਹਾ ਸੀ।

ਅੱਜ ਜਦੋਂ ਉਸ ਵੇਲੇ ਪਾਸ ਕੀਤੇ ਗਏ ਕਾਂਟਰੈਕਟ ਫਾਰਮਿੰਗ ਕਾਨੂੰਨ ਜਾਂ ਬਿਜਲੀ ਸਮਝੌਤਿਆਂ ਬਾਰੇ ਸਾਰਾ ਕਸੈਲਾ ਸੱਚ ਬਾਹਰ ਆਉਣ ਲੱਗ ਪਿਆ ਹੈ ਤਾਂ ਇਹੋ ਜਿਹਾ ਨਿਰਣਾ ਕਰਨਾ ਔਖਾ ਹੈ ਕਿ 'ਨਿੰਦਣ-ਸਲਾਹੁਣ ਵਾਲਾ ਕਿਹੜਾ ਹੈ' 'ਜੋ ਨਾ ਡਿੱਠਾ, ਸੋਈਓ ਮਿੱਠਾ' ਦੀ ਕਹਾਵਤ ਕਾਰਨ ਅੱਜ ਆਮ ਆਦਮੀ ਪਾਰਟੀ ਇਸ ਕਾਲਖ ਤੋਂ ਬਚੀ ਹੋਈ ਲੱਭਦੀ ਹੈ, ਕਿਉਂਕਿ ਓਦੋਂ ਹਾਲੇ ਇਹ ਬਣੀ ਨਹੀਂ ਸੀ, ਬਣੀ ਹੁੰਦੀ ਤਾਂ ਪੰਜਾਂ ਸਾਲਾਂ ਵਿਚ ਤਿੰਨ-ਤਿੰਨ ਵਾਰ ਦਲ-ਬਦਲੀ ਕਰਨ ਵਾਲੇ ਇਸ ਪਾਰਟੀ ਦੇ ਲੀਡਰਾਂ ਨੇ ਕੀ ਚੰਦ ਚਾੜ੍ਹਿਆ ਹੋਣਾ ਸੀ, ਇਸ ਬਾਰੇ ਵੀ ਅਸੀਂ ਅੰਦਾਜ਼ਾ ਲਾ ਸਕਦੇ ਹਾਂ।

ਪੰਜਾਬ ਦੇ ਲੋਕ ਅਗਲੇ ਮਹੀਨਿਆਂ ਵਿਚ ਆਪਣੇ ਰਾਜ ਦੀ ਕਮਾਨ ਸੰਭਾਲਣ ਵਾਲੀ ਨਵੀਂ ਲੀਡਰਸ਼ਿਪ ਦੀ ਚੋਣ ਕਰਨ ਵਾਲੇ ਹਨ ਤਾਂ ਇਸ ਮੌਕੇ ਬੜਾ ਕੁਝ ਸੋਚਣ ਦੀ ਲੋੜ ਹੈ। ਈਮਾਨ ਦੇ ਪੁਤਲੇ ਲੱਭਣੇ ਔਖੇ ਤਾਂ ਹਨ, ਪਰ ਮੁੱਕ ਨਹੀਂ ਗਏ। ਅੱਜ ਵੀ ਕੁਝ ਲੀਡਰ ਅਜਿਹੇ ਹੋ ਸਕਦੇ ਹਨ, ਜਿਹੜੇ ਆਮ ਲੋਕਾਂ ਦੀ ਮਿਹਨਤ ਦੀ ਕਮਾਈ ਉਤੇ ਅੱਖ ਰੱਖਣ ਵਿਚ ਕੁਝ ਸ਼ਰਮ ਕਰ ਸਕਦੇ ਹੋਣ, ਪਰ ਜੇ ਏਦਾਂ ਦੇ ਨਾ ਲੱਭਣ ਤਾਂ ਵੋਟਾਂ ਫਿਰ ਵੀ ਪਾਉਣੀਆਂ ਹਨ। ਏਦਾਂ ਦੇ ਹਾਲਾਤ ਵਿਚ ਸਾਨੂੰ ਕਿਹੋ ਜਿਹਾ ਫੈਸਲਾ ਕੀ ਸੋਚ ਕੇ ਕਰਨ ਦੀ ਲੋੜ ਹੈ, ਇਹ ਸਿਰਫ ਬੀਤੇ ਦੇ ਤਜਰਬੇ ਤੋਂ ਸਿੱਖਿਆ ਜਾ ਸਕਦਾ ਹੈ।

## ਸ਼ਾਇਰ ਨੂੰ ਸ਼ਰਧਾਂਜਲੀ

# ਚਿਰਾਗ ਬੁਝ ਗਿਆ ਦੀਵਾਲੀ ਦੀ ਰਾਤੋਂ ਪਹਿਲਾਂ ...

ਸੁਖਮਿੰਦਰ ਰਾਮਪੁਰੀ ਨਾਲ ਮੇਰਾ ਕੋਈ ਨਿੱਜੀ ਸਬੰਧ ਨਹੀਂ ਸੀ। ਨਾ ਸਾਡੀ ਕੋਈ ਰਿਸ਼ਤੇਦਾਰੀ ਸੀ ਤੇ ਨਾ ਹੀ ਕੋਈ ਡੂੰਘੀ ਜਾਣ-ਪਛਾਣ। ਪੰਜਾਬ ਵਿਚ ਰਹਿੰਦਿਆਂ ਅਸੀਂ ਕਦੇ ਵੀ ਇਕ-ਦੂਸਰੇ ਨੂੰ ਨਹੀਂ ਮਿਲੇ। ਅਲਬੱਤਾ, ਏਨਾ ਜ਼ਰੂਰ ਪਤਾ ਸੀ ਕਿ ਸੁਖਮਿੰਦਰ ਰਾਮਪੁਰੀ ਨਾਂ ਦਾ ਕੋਈ ਕਵੀ ਹੈ ਜੋ ਗੀਤ ਲਿਖਦਾ ਹੈ ਅਤੇ ਤਰੰਨਮ ਵਿਚ ਗਾਉਂਦਾ ਵੀ ਹੈ ਅਤੇ ਸਰੋਤਿਆਂ ਨੂੰ ਕੀਲ ਲੈਂਦਾ ਹੈ, ਪਰ ਉਸ ਨੂੰ ਸੁਣਨ ਦਾ ਮੌਕਾ ਕਦੇ ਨਹੀਂ ਮਿਲਿਆ ਸੀ।

2010 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਨੌਕਰੀ ਤੋਂ ਸੇਵਾ-ਮੁਕਤੀ ਤੋਂ ਬਾਅਦ ਜਦੋਂ ਨਵੰਬਰ ਮਹੀਨੇ ਮੈਂ ਪੱਕੇ ਪੈਰੀਂ ਬਰੈਂਪਟਨ ਆ ਗਿਆ ਤਾਂ ਸਿਟੀ ਬੱਸਾਂ ਵਿਚ ਜਾਣ-ਆਉਣ ਨਾਲ ਕੁਝ ਕੁ ਸਾਹਿਤਕ ਦੋਸਤਾਂ ਨਾਲ ਮੁਲਾਕਾਤਾਂ ਹੋਈਆਂ। ਪਹਿਲੀ ਮੁਲਾਕਾਤ ਕਵੀ ਜੋਗਿੰਦਰ ਸਿੰਘ




ਡਾ. ਸੁਖਦੇਵ ਸਿੰਘ ਝੰਡ
ਫੋਨ: 647-567-9128

ਅਣਖੀਲਾ ਨਾਲ ਹੋਈ। ਉਦੋਂ ਤੱਕ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਗਠਨ ਹੋ ਚੁੱਕਾ ਸੀ ਅਤੇ ਕਵੀ ਹੋਣ ਕਰਕੇ ਮੈਂ ਉਨ੍ਹਾਂ ਨੂੰ ਇਸ ਸਭਾ ਦੀਆਂ ਮਹੀਨਾਵਾਰ ਮੀਟਿੰਗਾਂ ਵਿਚ ਆਉਣ ਲਈ ਕਿਹਾ। ਉਹ ਆਪਣੇ ਨਾਲ ਅਤਿ-ਨੇੜਲੇ ਸਾਥੀ ਸੁਖਮਿੰਦਰ ਰਾਮਪੁਰੀ ਨੂੰ ਵੀ ਲੈ ਆਏ ਅਤੇ ਇਹ ਸਿਲਸਿਲਾ ਚੱਲਦਾ ਰਿਹਾ। ਇਸ ਤਰ੍ਹਾਂ ਮੇਰੀ ਜਾਣ-ਪਛਾਣ ਰਾਮਪੁਰੀ ਨਾਲ ਸਭਾ ਦੀਆਂ ਮੀਟਿੰਗਾਂ ਵਿਚ ਹੋਈ ਅਤੇ ਹੌਲੀ-ਹੌਲੀ ਇਹ ਸਾਹਿਤ-ਦੋਸਤੀ ਵਿਚ ਬਦਲ ਗਈ।

4 ਨਵੰਬਰ ਨੂੰ ਦੀਵਾਲੀ ਸੀ ਤੇ ਉਸ ਤੋਂ ਇਕ ਦਿਨ ਪਹਿਲਾਂ ਪੰਜਾਬੀ ਸਾਹਿਤ ਦਾ ਇਹ ਚਿਰਾਗ ਹਮੇਸ਼ਾ ਲਈ ਬੁਝ ਗਿਆ। ਉਸ ਦੀਆਂ ਅੰਤਿਮ ਰਸਮਾਂ ਮੌਕੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਜਾਣ-ਪਹਿਚਾਣ ਵਾਲਿਆਂ ਤੋਂ ਇਲਾਵਾ ਉਨ੍ਹਾਂ ਦੇ ਸਾਹਿਤਕਾਰ ਦੋਸਤ ਵੀ ਕਾਫੀ ਗਿਣਤੀ ਵਿਚ ਸ਼ਾਮਲ ਹੋਏ। ਰਿਸ਼ਤੇ ਵਿਚ ਸੁਖਮਿੰਦਰ ਰਾਮਪੁਰੀ ਦੇ ਭਤੀਜੇ ਦੀਪ ਰਾਮਪੁਰੀ ਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਰਾਮਪੁਰੀ ਜੀ ਨੂੰ ਭਾਵ-ਭਿੰਨੀ ਸ਼ਰਧਾਂਜਲੀ ਦਿੱਤੀ ਗਈ।

ਅਧਿਆਪਕ ਦੀ ਨੌਕਰੀ ਦੌਰਾਨ ਸੁਖਮਿੰਦਰ ਰਾਮਪੁਰੀ ਆਪਣੇ ਪਿੰਡ ਬਣੀ 'ਰਾਮਪੁਰ ਸਾਹਿਤ ਸਭਾ' (ਲੁਧਿਆਣਾ) ਵਿਚ ਸੁਰਜੀਤ ਰਾਮਪੁਰੀ, ਗੁਰਚਰਨ ਰਾਮਪੁਰੀ, ਸੁਰਿੰਦਰ ਰਾਮਪੁਰੀ ਵਰਗੇ ਨਾਮੀ ਕਵੀਆਂ ਦੇ ਨਾਲ ਲੰਮੇ ਸਮੇਂ ਤੱਕ ਜੁੜੇ ਰਹੇ। ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਵੀ ਸਰਗਰਮ ਮੈਂਬਰ ਸਨ। ਅਧਿਆਪਕ ਵਜੋਂ ਸੇਵਾ-ਮੁਕਤੀ ਤੋਂ ਬਾਅਦ ਉਹ ਬਰੈਂਪਟਨ ਆ ਗਏ ਅਤੇ ਇੱਥੋਂ ਦੀਆਂ ਸਾਹਿਤ ਸਭਾਵਾਂ ਵਿਚ ਆਪਣੀ ਹਾਜ਼ਰੀ ਲਵਾਉਣ ਲੱਗ ਪਏ। ਉਹ 'ਕਲਮਾਂ ਦਾ ਕਾਫਲਾ' ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀਆਂ ਮਹੀਨਾਵਾਰ ਮੀਟਿੰਗਾਂ ਵਿਚ ਅਕਸਰ ਸ਼ਿਰਕਤ ਕਰਦੇ ਤੇ ਪਰਮਾਤਮਾ ਵਜੋਂ ਬਖ਼ਸ਼ੀ ਗਈ ਸੁਰੀਲੀ ਆਵਾਜ਼ ਨਾਲ ਆਪਣੇ ਗੀਤਾਂ ਨੂੰ ਤਰੰਨਮ ਵਿਚ ਗਾ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਲੈਂਦੇ। ਕਰੋਨਾ-ਕਾਲ ਦੌਰਾਨ ਉਹ ਕਈ ਵਾਰ ਜ਼ੂਮ-ਮੀਟਿੰਗਾਂ ਵਿਚ ਸ਼ਾਮਲ ਹੁੰਦੇ ਰਹੇ ਅਤੇ ਆਪਣੇ ਗੀਤਾਂ ਨਾਲ ਹਾਜ਼ਰੀਨ ਨੂੰ ਸਰਸ਼ਾਰ ਕਰਦੇ ਰਹੇ।

ਮੀਟਿੰਗਾਂ ਵਿਚ ਉਹ ਆਮ ਤੌਰ 'ਤੇ ਆਪਣੇ ਨੇੜਲੇ ਸਾਥੀ ਕਵੀ ਜੋਗਿੰਦਰ ਸਿੰਘ ਅਣਖੀਲਾ ਨਾਲ ਹਾਜ਼ਰ ਹੁੰਦੇ। ਸਭਾ ਦੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ 'ਹੰਸਾਂ ਦੀ ਜੋੜੀ' ਵਜੋਂ ਜਾਣਿਆ ਜਾਂਦਾ। ਇਕ



ਹੰਸ ਦੀ ਉਡਾਰੀ ਨੂੰ ਦੂਸਰਾ ਹੰਸ ਆਪਣੇ ਕਾਵਿਕ ਅੰਦਾਜ਼ ਵਿਚ ਬੜੀ ਸ਼ਿੱਦਤ ਨਾਲ ਯਾਦ ਕਰ ਰਿਹਾ ਹੈ।

ਇਕ ਹਾਦਸਾ ਹੈ ਜਿਸ ਨੂੰ,
ਦਿਲ ਨੇ ਭੁਲਾਇਆ ਹੀ ਨਹੀਂ,
ਮੂੰਹ ਫੇਰ ਲਿਆ ਵੇਖ ਕੇ,
ਉਸ ਨੇ ਬੁਲਾਇਆ ਹੀ ਨਹੀਂ।
ਨਾ ਉਹ ਰੁਕਿਆ,
ਤੇ ਨਾ ਹੀ ਮੈਂ ਉਸ ਨੂੰ ਰੋਕ ਪਾਇਆ,
ਜਾਣ ਵਾਲੇ ਦੇ ਦਿਲ ਨੂੰ
ਸ਼ਾਇਦ ਇਹ ਭਾਇਆ ਹੀ ਨਹੀਂ।
ਅਤੇ ਇਕ ਬਾਵਰਾ ਮੁਸਾਫ਼ਿਰ,
ਹੈ ਛੋੜ ਕੇ ਚਲਾ ਗਿਆ,
ਏਥੇ ਕੌਣ ਹੈ ਕਿਸੇ ਦਾ,
ਸੱਭ ਸੋਚ ਕੇ ਇਹ ਰੋਏ।
ਮਿਲਣਾ ਨਹੀਂ ਉਸਨੇ,
ਜੇ ਮਿਲੇ ਤਾਂ ਉਸ ਨੂੰ ਕਹਿਣਾ,
ਰਹਿ ਗਿਐ 'ਅਣਖੀਲਾ' 'ਕੱਲ੍ਹਾ,
ਕਿਸ ਕੋਲ ਬਹਿ ਕੇ ਰੋਏ।

ਸੁਖਮਿੰਦਰ ਰਾਮਪੁਰੀ ਇਸ ਸੰਸਾਰ ਦੇ ਅਧੂਰੇਪਨ ਦੀ ਹਕੀਕਤ ਨੂੰ ਬਾਖ਼ੂਬੀ ਸਮਝਦੇ। ਉਹ ਜਾਣਦੇ ਸਨ ਕਿ ਇੱਥੇ ਕੁਝ ਵੀ ਪੂਰਾ ਨਹੀਂ ਹੈ। ਆਪਣੇ ਗੀਤਾਂ ਨੂੰ ਵੀ ਉਹ ਅਧੂਰਾ ਸਮਝਦੇ ਅਤੇ ਇਕ ਪੂਰੇ ਗੀਤ ਦੀ ਤਲਾਸ਼ ਵਿਚ ਸਨ:

ਮੈਂ ਮੰਨਦਾਂ ਕਿ ਇਹ ਵੀ ਸੱਚ ਹੈ,
ਹਰ ਯੁੱਗ ਦਾ ਹਰ ਗੀਤ ਅਧੂਰਾ,
ਹਰ ਯੁੱਗ ਦਾ ਸੰਗੀਤ ਅਧੂਰਾ,
ਹਰ ਯੁੱਗ ਦਾ ਹਰ ਮੀਤ ਅਧੂਰਾ,
ਮੇਰੇ ਦਰਦ ਦਾ ਸਫ਼ਰ ਅਧੂਰਾ,
ਮੈਨੂੰ ਇਕ ਹੀ ਗੀਤ ਬਥੇਰਾ।
ਮੈਨੂੰ ਇਕ ਹੀ ਗੀਤ ਬਥੇਰਾ।

ਹੋਰ ਪਤਾ ਨਹੀਂ ਕੀ-ਕੀ ਉਨ੍ਹਾਂ ਦੇ ਮਨ ਵਿਚ ਸੀ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਬੀਮਾਰੀ ਨਾਲ ਜੂਝਣ ਤੋਂ ਪਹਿਲਾਂ ਉਹ ਇਕ ਹੋਰ ਨਾਵਲ ਦੇ ਖਰੜੇ ਨੂੰ ਅੰਤਿਮ ਛੋਹਾਂ ਦੇ ਰਹੇ ਸਨ। ਜ਼ਾਹਿਰ ਹੈ, ਇਸ ਸੰਸਾਰ ਤੋਂ ਜਾਣ ਤੋਂ ਪਹਿਲਾਂ ਕਈ ਗੀਤਾਂ ਦੇ ਮੁਖੜੇ ਉਨ੍ਹਾਂ ਦੇ ਜ਼ਹਿਨ ਵਿਚ ਚੱਲ ਰਹੇ ਹੋਣਗੇ। ਪਰ,

ਚਿਰਾਗ ਬੁਝ ਗਿਆ ਇਕ, ਦੀਵਾਲੀ ਦੀ ਰਾਤੋਂ ਪਹਿਲਾਂ।
ਕੀ-ਕੀ ਛੱਡ ਗਿਆ ਅਣਕਿਹਾ, ਦੀਵਾਲੀ ਦੀ ਰਾਤੋਂ ਪਹਿਲਾਂ।

ਸੁਖਮਿੰਦਰ ਰਾਮਪੁਰੀ ਅਗਾਂਹ-ਵਧੂ ਕਵੀ ਅਤੇ ਸੁਰੀਲੇ ਗੀਤਕਾਰ ਹੋਣ ਦੇ ਨਾਲ ਨਾਲ ਬਹੁਤ ਵਧੀਆ ਇਨਸਾਨ ਵੀ ਸਨ। ਉਹ ਇਕ ਪ੍ਰੌੜ੍ਹ ਕਵੀ ਅਤੇ ਗੀਤਕਾਰ ਹੋਣ ਦੇ ਨਾਲ ਨਾਲ ਨਾਵਲਕਾਰ, ਵਾਰਤਕ-ਲੇਖਕ ਅਤੇ ਸੰਪਾਦਕ ਵੀ ਸਨ। ਉਨ੍ਹਾਂ ਅੱਧੀ ਦਰਜਨ ਤੋਂ ਵੱਧ ਕਾਵਿ-ਪੁਸਤਕਾਂ 'ਯੁਗਾਂ ਯੁਗਾਂ ਦੀ ਪੀੜ', 'ਅਸੀਮਤ ਸਫ਼ਰ', 'ਮਿਹਰਬਾਨ ਹੱਥ', 'ਮੈਂ ਨਿਰੀ ਪੱਤਝੜ ਨਹੀਂ', 'ਧੀਆਂ', 'ਅੱਜ ਤੀਕ', 'ਇਹ ਸਫ਼ਰ ਜਾਰੀ ਰਹੇ', 'ਸਫ਼ਰ ਸਾਡੀ ਬੰਦਗੀ', 'ਤੁਹਾਨੂੰ ਕਿਵੇਂ ਲੱਗਦੀ ਹੈ' ਰਚਣ ਦੇ ਨਾਲ ਨਾਲ ਨਾਵਲ 'ਗੁਲਾਬੀ ਛਾਂ ਵਾਲੀ ਕੁੜੀ' ਲਿਖਿਆ ਅਤੇ ਪੁਸਤਕਾਂ 'ਕੂੜ ਨਿਖੁੱਟੇ', 'ਕਿਰਨਾਂ ਦੇ ਰੰਗ', 'ਕਤਰਾ ਕਤਰਾ ਸੱਚ' ਅਤੇ 'ਨਿੱਕੇ ਨਿੱਕੇ ਫੁੱਲ ਨਿੱਕੀ ਵਾਸ਼ਨਾ' ਸੰਪਾਦਿਤ ਵੀ ਕੀਤੀਆਂ।

ਸੁਯੋਗ ਅਧਿਆਪਕ ਹੋਣ ਕਰਕੇ ਉਨ੍ਹਾਂ ਦੇ ਵਿਦਿਆਰਥੀਆਂ ਦਾ ਘੇਰਾ ਬੜਾ ਵਿਸ਼ਾਲ ਹੈ। ਉਹ ਪ੍ਰਗਤੀਸ਼ੀਲ ਵਿਚਾਰਾਂ ਦੇ ਧਾਰਨੀ ਸਨ ਅਤੇ ਇਕ ਵਧੀਆ ਕਵੀ ਤੇ ਪ੍ਰਬੰਧਕ ਹੋਣ ਦੇ ਨਾਤੇ 'ਰਾਮਪੁਰ ਸਾਹਿਤ ਸਭਾ' ਨੂੰ ਬੁਲੰਦੀਆਂ ਤਕ ਲਿਜਾਣ ਵਿਚ ਉਨ੍ਹਾਂ ਨੇ ਵੱਡਮੁੱਲਾ ਯੋਗਦਾਨ ਪਾਇਆ। ਉਹ ਦੱਸਦੇ ਹੁੰਦੇ ਸਨ ਕਿ ਉਨ੍ਹਾਂ ਨੇ ਇਸ ਸਭਾ ਦੀਆਂ ਖੁੱਲ੍ਹੇ ਮੈਦਾਨਾਂ ਵਿਚ ਹੋਈਆਂ ਵੱਡੀਆਂ ਮੀਟਿੰਗਾਂ ਵਿਚ ਉੱਡਦੀ ਮਿੱਟੀ ਉੱਪਰ ਪਾਣੀ ਤਰੌਂਕਣ, ਦਰੀਆਂ ਵਿਛਾਉਣ ਤੇ 'ਕੱਠੀਆਂ ਕਰਨ, ਪਾਣੀ ਪਿਲਾਉਣ, ਮਾਈਕ ਫਿੱਟ ਕਰਨ ਅਤੇ ਸਟੇਜ-ਸਕੱਤਰ ਵਜੋਂ ਸਾਰੀਆਂ ਹੀ ਡਿਊਟੀਆਂ ਨਿਭਾਈਆਂ। ਆਪਣੇ ਸਮਰੱਥ ਗੀਤਾਂ ਸਦਕਾ ਉਨ੍ਹਾਂ 19 ਵਾਰ ਕੌਮੀ ਕਵੀ-ਦਰਬਾਰਾਂ ਵਿਚ ਹਾਜ਼ਰੀ ਲਵਾਈ। ਵਿਦਿਆਰਥੀ ਜੀਵਨ ਵਿਚ ਆਪਣੇ ਸਮੇਂ ਦੇ ਉੱਘੇ ਖਿਡਾਰੀ ਵੀ ਰਹੇ।

ਦੁਨੀਆਂ ਤੋਂ ਰੁਖ਼ਸਤ ਹੋਣ ਸਮੇਂ ਉਨ੍ਹਾਂ ਦੀ ਉਮਰ ਤਕਰੀਬਨ 85 ਸਾਲ ਸੀ। ਜਾਣਾ ਤਾਂ ਹਰੇਕ ਨੇ ਹੈ ਪਰ ਕਈ ਸ਼ਖ਼ਸ ਆਪਣੇ ਪਿੱਛੇ ਕਾਫ਼ੀ 'ਖ਼ਲਾਅ' ਛੱਡ ਜਾਂਦੇ ਹਨ, ਜਿਸ ਨੂੰ ਭਰਨਾ ਬੜਾ ਮੁਸ਼ਕਿਲ ਹੁੰਦਾ ਹੈ। ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਸੁਖਮਿੰਦਰ ਰਾਮਪੁਰੀ ਵੀ ਉਨ੍ਹਾਂ ਵਿਚੋਂ ਇਕ ਸਨ।

# ਹੰਝੂ ਹਮੇਸ਼ਾ ਖਾਰੇ ਨਹੀਂ ਹੁੰਦੇ

***ਅਮਰੀਕਾ ਵੱਸਦੇ ਲਿਖਾਰੀ ਰਵੀ ਸ਼ੇਰਗਿੱਲ ਦੀ ਕਹਾਣੀ 'ਹੰਝੂ ਹਮੇਸ਼ਾ ਖਾਰੇ ਨਹੀਂ ਹੁੰਦੇ' ਅੱਜ ਦੇ ਪਦਾਰਥਵਾਦੀ ਦੌਰ ਵਿਚ ਰਿਸ਼ਤਿਆਂ ਦੀ ਹੂਕ ਦੀ ਕਥਾ ਹੈ। ਸਵਾਰਥ ਅੱਜ ਕੱਲ੍ਹ ਸੁੱਚੇ ਰਿਸ਼ਤਿਆਂ ਨੂੰ ਅਜਿਹੀ ਤੱਕੜੀ ਵਿਚ ਤੋਲ ਰਿਹਾ ਹੈ ਕਿ ਯਕੀਨ ਦੇ ਮੋਛੇ ਲੱਗਦੇ ਜਾਪਦੇ ਹਨ। ਇਹ ਸਵਾਰਥ ਸਮਾਜ ਦੇ ਹੱਡੀਂ ਰਚਿਆ ਪਿਆ ਹੈ ਜੋ ਮਨੁੱਖ ਨੂੰ ਲਗਾਤਾਰ ਤੋੜਨ ਦੀ ਕੋਸ਼ਿਸ਼ ਕਰਦਾ ਹੈ।***

ਪਿਛਲੇ ਅੱਧੇ ਪੌਣੇ ਘੰਟੇ ਤੋਂ ਉਹ ਪੱਗ ਬੰਨ੍ਹਣ ਲੱਗਿਆ ਹੋਇਆ ਸੀ। ਦੋ ਵਾਰ ਪਹਿਲਾਂ ਹੀ ਬੰਨ੍ਹ ਕੇ ਲਾਹ ਚੁੱਕਿਆ ਸੀ ਪਰ ਹਾਲੇ ਵੀ ਠੀਕ ਨਹੀਂ ਸੀ ਬੱਝ ਰਹੀ। ਪਹਿਲੀ ਵਾਰ ਅਖੀਰਲਾ ਲੜ ਛੋਟਾ ਰਹਿ ਗਿਆ ਤੇ ਦੂਸਰੀ ਵਾਰ ਉਹੀ ਲੜ ਜ਼ਿਆਦਾ ਵੱਡਾ ਹੋ ਗਿਆ। ਆਮ ਤੌਰ 'ਤੇ ਉਹ ਦਸ ਪੰਦਰਾਂ ਮਿੰਟ ਵਿਚ ਪੱਗ ਬੰਨ੍ਹ ਲੈਂਦਾ ਹੈ ਪਰ ਅੱਜ ਤਾਂ ਜਿਵੇਂ ਸਾਰਾ ਦਿਨ ਹੀ ਪੱਗ ਬੰਨ੍ਹਣ ਵਿਚ ਲੱਗ ਜਾਣਾ ਹੋਵੇ। ਸ਼ਾਇਦ ਕੱਲ੍ਹ ਵਾਲੇ ਫੋਨ ਨੇ ਉਸ ਦੇ ਦਿਮਾਗ ਵਿਚ ਘਮਾਸਾਨ ਮਚਾ ਰੱਖਿਆ ਸੀ। ਜਦੋਂ ਉਹ ਕਿਸੇ ਵੀ ਪਰੇਸ਼ਾਨੀ 'ਚ ਹੋਵੇ ਤਾਂ ਕੋਈ ਵੀ ਕੰਮ ਠੀਕ ਢੰਗ ਨਾਲ ਨਹੀਂ ਕਰ ਸਕਦਾ। ਤਾਹੀਓਂ ਪੱਗ ਦਾ ਲੜ ਠੀਕ ਨਹੀਂ ਸੀ ਆ ਰਿਹਾ। ਜਦੋਂ ਤੀਜੀ ਵਾਰ ਵੀ ਪੱਗ ਸਹੀ ਨਾ ਬੱਝੀ ਤਾਂ ਉਸ ਨੇ ਪੱਗ ਸਿਰੋਂ ਲਾਹ ਕੇ ਪਰੇ ਮਾਰੀ ਤੇ ਬੈੱਡ 'ਤੇ ਲੰਮਾ ਪੈ ਗਿਆ। ਅੱਖਾਂ ਕਮਰੇ ਦੀ ਛੱਤ 'ਤੇ ਟਿਕ ਗਈਆਂ ਤੇ ਦਿਮਾਗ ਸੋਚਾਂ ਦੀ ਘੁੰਮਣਘੇਰੀ 'ਚ ਫਸ ਗਿਆ।

ਜੋਗਿੰਦਰ ਸਿੰਘ ਪਿੰਡ ਦੇ ਸਰਦੇ ਪੁੱਜਦੇ ਜ਼ਿਮੀਂਦਾਰਾਂ 'ਚ ਆਉਂਦਾ ਸੀ। ਅੱਠ ਕਿੱਲਿਆਂ ਦਾ ਇਕੱਠਾ ਟੱਕ ਮੇਨ ਸੜਕ ਨਾਲ ਖਹਿੰਦਾ ਸੀ। ਇਕ ਮੁੰਡਾ ਜੱਗੀ, ਇਕ ਕੁੜੀ ਸੁੱਖੀ ਤੇ ਘਰਵਾਲੀ ਪ੍ਰੀਤ,

**ਰਵੀ ਸ਼ੇਰਗਿੱਲ**
**ਫੋਨ: 916-753-2868**

ਸਾਵਾਂ ਜਿਹਾ ਟੱਬਰ ਸੀ। ਮਹੀਨਾ ਕੁ ਪਹਿਲਾਂ ਹੀ ਉਸ ਨੇ ਆਪਣੀ ਬੀ.ਏ. ਪਾਸ ਕੁੜੀ ਸੁੱਖੀ ਦਾ ਰਿਸ਼ਤਾ ਨਾਲ ਲਗਦੇ ਸ਼ਹਿਰ ਦੇ ਚੰਗੇ ਪਰਿਵਾਰ ਵਿਚ ਕੀਤਾ ਸੀ। ਮੁੰਡਾ ਸਰਕਾਰੀ ਵਕੀਲ ਤੇ ਐਡਵੋਕੇਟ ਅਜੀਤ ਸਿੰਘ ਦਾ ਹੋਣਹਾਰ ਫਰਜ਼ੰਦ ਸੀ। ਇਲਾਕੇ ਵਿਚ ਚੰਗੇ ਮਾਣ ਸਨਮਾਨ ਵਾਲਾ ਪਰਿਵਾਰ ਸੀ। ਦੋ ਕੁ ਹਫਤਿਆਂ ਨੂੰ ਸ਼ਹਿਰ ਦੇ ਵੱਡੇ ਪੈਲੇਸ ਵਿਚ ਵਿਆਹ ਰੱਖਿਆ ਹੋਇਆ ਸੀ। ਹਾਲੇ ਤਕ ਮੁੰਡੇ ਵਾਲਿਆਂ ਨੇ ਕੋਈ ਮੰਗ ਨਹੀਂ ਸੀ ਰੱਖੀ। ਜੋਗਿੰਦਰ ਸਿੰਘ ਨੇ ਵਿਚੋਲੇ ਹਾਕਮ ਸਿੰਘ ਰਾਹੀਂ ਤਿੰਨ ਚਾਰ ਸੁਨੇਹੇ ਭੇਜ ਕੇ ਮੁੰਡੇ ਵਾਲਿਆਂ ਤੋਂ ਮੰਗ ਮੰਗਾਈ ਬਾਰੇ ਪੁੱਛਿਆ ਸੀ।

"ਸਾਡੇ ਘਰ ਕਿਸੇ ਚੀਜ਼ ਦੀ ਘਾਟ ਨਹੀਂ ਸਰਦਾਰ ਸਾਬ੍ਹ। ਸਾਨੂੰ ਆਪਣੀ ਧੀ ਵਰਗੀ ਬਹੂ ਮਿਲ ਜਾਵੇ, ਹੋਰ ਕੋਈ ਮੰਗ ਨਹੀਂ।" ਹਰ ਵਾਰ ਉਹਨਾਂ ਵੱਲੋਂ ਇਹੋ ਜਵਾਬ ਮਿਲਦਾ ਸੀ।

ਹੁਣ ਤਾਂ ਹਾਕਮ ਸਿੰਘ ਵੀ ਆਖ ਗਿਆ ਸੀ, "ਭਾਈ ਜੋਗਿੰਦਰ ਸਿਆਂ, ਕਿਉਂ ਵਾਰ ਵਾਰ ਇਕੋ ਗੱਲ ਦੇ ਪਿੱਛੇ ਪਿਐਂ। ਐਡਵੋਕੇਟ ਸਾਬ੍ਹ ਦੇ ਘਰ ਰੱਬ ਦਾ ਦਿੱਤਾ ਸਭ ਕੁਝ ਹੈ। ਤੁਸੀਂ ਵਾਰ ਵਾਰ ਦਾਜ ਦੀ ਗੱਲ ਕਰ ਕੇ ਕਿਤੇ ਗੱਲ ਵਿਗਾੜ ਨਾ ਲਇਓ। ਰੱਬ ਦਾ ਸ਼ੁਕਰ ਕਰੋ ਕਿ ਇਹੋ ਜਿਹੇ ਵਧੀਆ ਰਿਸ਼ਤੇਦਾਰ ਟੱਕਰ ਗਏ, ਤੁਸੀਂ ਬੱਸ ਵਿਆਹ ਦੀਆਂ ਤਿਆਰੀਆਂ ਕਰੋ ਹੁਣ।"

"ਦੁੱਧ ਦਾ ਸੜਿਆ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਪੀਂਦਾ। ਪਹਿਲਾਂ ਸਾਰੇ ਨਾ ਨਾ ਹੀ ਕਰਦੇ ਹੁੰਦੇ ਐ, ਮੌਕੇ 'ਤੇ ਆ ਕੇ ਪਹਾੜ ਜਿੱਡਾ ਮੂੰਹ ਖੋਲ੍ਹ ਲੈਂਦੇ ਆ। ਮੈਂ ਤਾਂ ਏਸ ਗੱਲ ਦਾ ਮਾਰਾ ਸਭ ਪਹਿਲਾਂ ਹੀ ਨਿਬੇੜ ਲੈਣਾ ਚਾਹੁੰਦਾ ਹਾਂ, ਹੋਰ ਨਾ ਪਹਿਲਾਂ ਵਾਂਗ ਹੋਵੇ ਕਿਤੇ।" ਉਹਨੇ ਆਪਣੀ ਮਜਬੂਰੀ ਦੱਸੀ ਸੀ।

"ਤੂੰ ਭੋਰਾ ਫਿਕਰ ਨਾ ਕਰ, ਮੇਰੇ ਹੁੰਦੇ ਕਿਸੇ ਗੱਲ ਦਾ ਸੰਸਾ ਨੀ ਕਰਨਾ।" ਆਖ ਕੇ ਉਹ ਤੁਰ ਗਿਆ ਸੀ।

ਜੋਗਿੰਦਰ ਸਿੰਘ ਨੂੰ ਹਾਕਮ ਦੀਆਂ ਗੱਲਾਂ ਸੁਣ ਕੇ ਸੁਖ ਦਾ ਸਾਹ ਆਇਆ ਸੀ ਕਿ ਰਿਸ਼ਤੇਦਾਰ ਚੰਗੇ ਮਿਲ ਗਏ। ਨਹੀਂ ਤਾਂ ਅੱਜ ਕੱਲ੍ਹ ਹਰ ਕੋਈ ਕੁੜੀ ਵਾਲਿਆਂ ਦੇ ਗਲ 'ਚ ਸਾਫਾ ਪਾ ਕੇ ਖੜ੍ਹ ਜਾਂਦਾ। ਘਰੇ ਭਾਵੇਂ ਕੁਝ ਰੱਖਣ ਦੀ ਥਾਂ ਨਾ ਹੋਵੇ ਪਰ ਮੰਗਣ ਲੱਗੇ ਕੁਝ ਵੀ ਨੀ ਛੱਡਦੇ। ਇਸੇ ਲੈਣ ਦੇਣ ਕਰਕੇ ਸੁੱਖੀ ਦਾ ਇਕ ਰਿਸ਼ਤਾ ਪਹਿਲਾਂ ਵੀ ਬਿਲਕੁਲ ਵਿਆਹ ਦੇ ਨੇੜੇ ਜਾ ਕੇ ਟੁੱਟ ਗਿਆ ਸੀ। ਇਸ ਵਾਰ ਜੋਗਿੰਦਰ ਸਿੰਘ ਤੇ ਸਾਰਾ ਪਰਿਵਾਰ ਬਹੁਤ ਖੁਸ਼ ਸੀ ਕਿ ਵਧੀਆ ਬੰਦੇ ਟੱਕਰ ਗਏ ਹਨ ਪਰ ਰਾਤੀਂ ਮੁੰਡੇ ਦੇ ਬਾਪ ਦੇ ਆਏ ਫੋਨ ਨੇ ਉਸ ਨੂੰ ਸਾਰੀ ਰਾਤ ਸੌਣ ਨਹੀਂ ਸੀ ਦਿੱਤਾ।

ਫੋਨ ਤਾਂ ਉਹਨਾਂ ਦਾ ਪਿਛਲੇ ਹਫਤੇ ਵੀ ਆਇਆ ਸੀ। ਮੁੰਡੇ ਦੇ ਬਾਪ ਨੇ ਸਰਸਰੀ ਜਿਹੀ ਆਖਿਆ ਸੀ ਕਿ ਆਪਾਂ ਵਿਆਹ ਤੋਂ ਪਹਿਲਾਂ ਕਿਸੇ ਦਿਨ ਬੈਠ ਕੇ ਗੱਲਬਾਤ ਕਰੀਏ। ਤੁਸੀਂ ਜਦੋਂ ਵੀ ਸ਼ਹਿਰ ਆਏ ਤਾਂ ਦੱਸਣਾ, ਕਿਧਰੇ ਬਹਿ ਕੇ ਚਾਹ ਪਾਣੀ ਪੀ ਲਵਾਂਗੇ, ਨਾਲੇ ਗੱਲਾਂ-ਬਾਤਾਂ ਹੋ ਜਾਣਗੀਆਂ। ਜੋਗਿੰਦਰ ਸਿੰਘ ਨੇ ਗੱਲ ਕੋਈ ਬਹੁਤੀ ਗੌਲੀ ਨਹੀਂ ਸੀ। ਹਾਲਾਂਕਿ ਉਸ ਤੋਂ ਬਾਅਦ ਉਹ ਕਈ ਵਾਰ ਸ਼ਹਿਰ ਗਿਆ ਸੀ ਪਰ ਕਦੇ ਕੁੜਮ ਨੂੰ ਫੋਨ ਕਰ ਕੇ ਮਿਲਣ ਲਈ ਨਹੀਂ ਸੀ ਆਖਿਆ। ਕੱਲ੍ਹ ਵਾਲੇ ਫੋਨ ਨੇ ਤਾਂ ਉਸ ਨੂੰ ਨਵੀਂ ਹੀ ਚਿੰਤਾ ਵਿਚ ਪਾ ਦਿੱਤਾ ਸੀ।

ਵਿਆਹ ਤੋਂ ਦੋ ਹਫਤੇ ਪਹਿਲਾਂ ਮੁੰਡੇ ਦੇ ਬਾਪ ਦਾ ਫੋਨ ਆਉਣਾ ਕੋਈ ਸਿੱਧ ਪੱਧਰੀ ਗੱਲ ਨਹੀਂ ਸੀ। ਆਮ ਤੌਰ 'ਤੇ ਉਹਨਾਂ ਦੀ ਗੱਲਬਾਤ ਵਿਚੋਲੇ ਹਾਕਮ ਸਿੰਘ ਰਾਹੀਂ ਹੁੰਦੀ ਸੀ ਪਰ ਇਸ ਤਰ੍ਹਾਂ ਕੁੜਮ ਦਾ ਦੁਬਾਰਾ ਸਿੱਧਾ ਫੋਨ ਆਉਣਾ ਉਸ ਦੇ ਅੰਦਰ ਤਰਥੱਲੀ ਮਚਾ ਗਿਆ ਸੀ।

"ਹੈਲੋ, ਸਰਦਾਰ ਜੋਗਿੰਦਰ ਸਿੰਘ ਜੀ?" ਫੋਨ ਅੰਦਰੋਂ ਆਵਾਜ਼ ਆਈ ਸੀ।

"ਹਾਂ ਜੀ, ਹਾਂ ਜੀ।" ਜੋਗਿੰਦਰ ਸਿੰਘ ਨੇ ਜਵਾਬ ਦਿੱਤਾ ਸੀ।

"ਮੈਂ ਬਰਨਾਲੇ ਤੋਂ ਐਡਵੋਕੇਟ ਅਜੀਤ ਸਿੰਘ ਬੋਲ ਰਿਹਾਂ।" ਅੱਗੋਂ ਬੜੀ ਭਾਰੀ ਆਵਾਜ਼ ਆਈ ਸੀ।

"ਹਾਂ ਜੀ ਸਰਦਾਰ ਸਾਬ੍ਹ, ਪਛਾਣ ਲਿਆ ਜੀ ਮੈਂ।" ਉਸ ਨੇ ਦੁਬਾਰਾ ਹੁੰਗਾਰਾ ਭਰਿਆ ਸੀ।

"ਹੋਰ ਤਿਆਰੀਆਂ ਕਿਵੇਂ ਚੱਲਦੀਆਂ ਨੇ ਵਿਆਹ ਦੀਆਂ?" ਉਸ ਨੇ ਪੁੱਛਿਆ ਸੀ।

"ਸਭ ਵਧੀਆ ਚੱਲ ਰਿਹਾ ਜੀ। ਮਿਹਰ ਐ ਬਾਬੇ ਦੀ।" ਜੋਗਿੰਦਰ ਸਿੰਘ ਬਨਾਉਟੀ ਜਿਹਾ ਹਾਸਾ ਹੱਸਿਆ ਸੀ।

"ਚਲੋ ਬਹੁਤ ਅੱਛੇ, ਮਿਹਰ ਈ ਚਾਹੀਦੀ ਐ ਮਾਲਕ ਦੀ", ਉਹ ਬੋਲਦਾ ਰਿਹਾ, "ਅੱਛਿਆ ਮੈਂ ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀ ਐ। ਮੈਂ ਪਿਛਲੇ ਹਫਤੇ ਵੀ ਫੋਨ ਕੀਤਾ ਸੀ ਮਿਲਣ ਲਈ, ਸ਼ਾਇਦ ਤੁਹਾਡੇ ਦਿਮਾਗ 'ਚੋਂ ਨਿਕਲ ਗਿਆ ਹੋਣਾ, ਹੋ ਜਾਂਦੀ ਐ ਗੱਲ ਇਧਰ ਓਧਰ ਐਨੀ ਭੱਜ ਦੌੜ 'ਚ।"

"ਹੁਕਮ ਕਰੋ ਸਰਦਾਰ ਸਾਬ੍ਹ।" ਜੋਗਿੰਦਰ ਸਿੰਘ ਦੇ ਬੋਲ ਖੁਸ਼ਕੀ ਫੜ ਗਏ ਸਨ।

"ਹੁਕਮ ਨਹੀਂ ਜੀ, ਬੇਨਤੀ ਹੀ ਕਰਨੀ ਐ ਇਕ", ਅੱਗੋਂ ਗੱਲ ਜਾਰੀ ਰਹੀ, "ਕੀ ਤੁਸੀਂ ਕੱਲ੍ਹ ਨੂੰ ਮੈਨੂੰ ਆ ਕੇ ਮਿਲ ਸਕਦੇ ਹੋ। ਮੈਂ ਇਹ ਗੱਲ ਫੋਨ 'ਤੇ ਨਹੀਂ ਕਰਨੀ ਚਾਹੁੰਦਾ।"

"ਹਾਂ ਜੀ, ਕਿਉਂ ਨਹੀਂ", ਜੋਗਿੰਦਰ ਸਿੰਘ ਮਸਾਂ ਹੀ ਬੋਲਿਆ ਸੀ, "ਦੱਸੋ ਕਦੋਂ ਆਵਾਂ?"

"ਐਂ ਕਰਿਓ ਫੇਰ, ਕੱਲ੍ਹ ਨੂੰ ਬਾਰਾਂ ਕੁ ਵਜੇ ਉਸੇ ਹੋਟਲ 'ਤੇ ਆ ਜਾਇਓ ਜਿੱਥੇ ਆਪਾਂ ਬੱਚਿਆਂ ਦੀ ਦੇਖ ਦਿਖਾਈ ਕੀਤੀ ਸੀ।" ਐਡਵੋਕੇਟ ਨੇ ਗੱਲ ਨਿਬੇੜ ਦਿੱਤੀ ਸੀ।

"ਜ਼ਰੂਰ ਜੀ ਜ਼ਰੂਰ, ਮੈਂ ਪਹੁੰਚ ਜਾਵਾਂਗਾ।" ਆਖ ਉਸ ਨੇ ਫੋਨ ਕੱਟ ਦਿੱਤਾ ਸੀ।

ਫੋਨ ਕੱਟਦਿਆਂ ਹੀ ਉਸ ਦੇ ਅੰਦਰ ਸਵਾਲਾਂ ਦਾ ਹੜ੍ਹ ਆ ਗਿਆ ਸੀ।

ਕੀ ਇਹ ਕਹਾਣੀ ਵੀ ਪਹਿਲਾਂ ਵਾਲਾ ਹੀ ਮੋੜ ਕੱਟ ਰਹੀ ਹੈ? ਕਿਹੜੀ ਗੱਲ ਹੈ ਜਿਹੜੀ ਫੋਨ 'ਤੇ ਨਹੀਂ ਸੀ ਕੀਤੀ ਜਾ ਸਕਦੀ? ਜ਼ਰੂਰ ਵੱਡੀ ਗੱਡੀ ਦੀ ਮੰਗ ਹੋਣੀ ਐ। ਜਾਂ ਫੇਰ ਨਕਦਨਾਮੇ ਦੀ। ਨਹੀਂ ਤਾਂ ਵਿਆਹ ਤੋਂ ਪਹਿਲਾਂ ਇਸ ਤਰ੍ਹਾਂ ਫੋਨ ਕਰ ਕੇ ਕੌਣ ਬੁਲਾਉਂਦਾ ਕੁੜੀ ਵਾਲਿਆਂ ਨੂੰ। ਛੋਟੇ ਮੋਟੇ ਲੈਣ ਦੇਣ ਦੀ ਗੱਲ ਹੁੰਦੀ ਤਾਂ ਉਹਨਾਂ ਨੇ ਵਿਚੋਲੇ ਹੱਥ ਸੁਨੇਹਾ ਭੇਜ ਦੇਣਾ ਸੀ। ਜ਼ਰੂਰ ਮੰਗ ਕੋਈ ਵੱਡੀ ਹੋਵੇਗੀ। ਲੱਗਦਾ ਸੀ ਰਿਸ਼ਤੇਦਾਰ ਚੰਗੇ ਮਿਲ ਗਏ ਜਿਨ੍ਹਾਂ ਨੇ ਕੋਈ ਮੰਗ ਨਹੀਂ ਸੀ ਰੱਖੀ ਪਰ ਕਿੱਥੇ। ਅੱਜ ਕੱਲ੍ਹ ਦੁੱਧ ਧੋਤਾ ਕੌਣ ਐ ਭਲਾ। ਅਗਲਿਆਂ ਨੇ ਵੀ ਦੋ ਕੁ ਮਹੀਨੇ ਪਹਿਲਾਂ ਕੁੜੀ ਤੋਰੀ ਐ ਘਰੋਂ। ਉਹਨਾਂ ਨੇ ਵੀ ਮੁੰਡੇ ਵਾਲਿਆਂ ਦਾ ਮੂੰਹ ਬੰਦ ਕਰਵਾਇਆ ਹੋਣੈ। ਉਸ ਦੀ ਭਰਪਾਈ ਹੁਣ ਸਾਥੋਂ ਕਰਨਗੇ। ਇਹੀ ਰਿਵਾਜ ਬਣ ਗਿਆ ਅੱਜ ਕੱਲ੍ਹ ਦੇ ਸਮਾਜ ਦਾ। ਜੇ ਜਿਊਂਦੇ ਰਹਿਣਾ ਹੈ ਤਾਂ ਇਸ ਭਵਸਾਗਰ ਵਿਚ ਬਾਕੀਆਂ ਦੇ ਨਾਲ ਹੀ ਤਰਨਾ ਪੈਣਾ ਜੋਗਿੰਦਰ ਸਿਆਂ।

"ਤੁਸੀਂ ਤਾਂ ਪੱਗ ਬੰਨ੍ਹਣ ਲੱਗੇ ਸੀ।" ਉਸ ਦੀ ਘਰਵਾਲੀ ਪ੍ਰੀਤ ਨੇ ਆ ਕੇ ਉਸ ਦੀਆਂ ਸੋਚਾਂ ਦੀ ਲੜੀ ਤੋੜੀ।

"ਬੰਨ੍ਹਣ ਤਾਂ ਲੱਗਿਆ ਸੀ ਪਰ ਪੱਗ ਦਾ ਲੜ ਹੀ ਸੂਤ ਨਹੀਂ ਆ ਰਿਹਾ ਅੱਜ।" ਉਹ ਉੱਠ ਕੇ ਬੈਠ ਗਿਆ।

"ਇਹ ਤਾਂ ਤੁਹਾਡੀ ਪੁਰਾਣੀ ਪੱਗ ਹੈ, ਇਸ ਦੇ ਲੜ ਨੂੰ ਕੀ ਅੱਜ ਗੋਲ਼ੀ ਵੱਜ ਗਈ।" ਪ੍ਰੀਤ ਨੇ ਬੈੱਡ ਤੋਂ ਪੱਗ ਚੁੱਕੀ ਤੇ ਪੂਣੀ ਉਧੇੜ ਦਿੱਤੀ।

"ਪਤਾ ਨਹੀਂ ਕਿਉਂ ਅੱਜ ਆਖਰੀ ਲੜ ਛੋਟਾ ਵੱਡਾ ਹੋਈ ਜਾਂਦੈ", ਜੋਗਿੰਦਰ ਸਿੰਘ ਦੁਬਾਰਾ ਸ਼ੀਸ਼ੇ ਅੱਗੇ ਜਾ ਖੜ੍ਹਿਆ, "ਤੂੰ ਮੈਨੂੰ ਦੂਸਰੀ ਪੱਗ ਫੜਾ ਅਲਮਾਰੀ 'ਚੋਂ। ਮੈਂ ਪਹਿਲਾਂ ਹੀ ਲੇਟ ਹੋਈ ਜਾਨਾਂ।"

"ਤੁਸੀਂ ਪੱਗ ਬੰਨ੍ਹ ਕੇ ਰੋਟੀ ਖਾ ਲਓ ਪਹਿਲਾਂ, ਫੇਰ ਜਾਇਓ ਜਿੱਧਰ ਜਾਣਾ।" ਪ੍ਰੀਤ ਨੇ ਨੀਲੀ ਪੱਗ ਉਸ ਦੇ ਹੱਥ ਫੜਾਉਂਦਿਆਂ ਕਿਹਾ।

"ਰੋਟੀ ਨੀ ਖਾਣੀ ਮੈਂ। ਲੇਟ ਹੋ ਜਾਣਾ। ਤੂੰ ਚਾਹ ਦੀ ਘੁੱਟ ਬਣਾ ਦੇ ਬੱਸ।" ਕਹਿ ਕੇ ਉਹ ਪੱਗ ਦੀ ਪੂਣੀ ਕਰਨ ਲੱਗ ਗਿਆ। ਦਿਮਾਗ ਨੂੰ ਸਹਿਜ 'ਚ ਰੱਖ ਕੇ ਇਸ ਵਾਰ ਉਹ ਪੱਗ ਬੰਨ੍ਹਣ



ਵਿਚ ਕਾਮਯਾਬ ਹੋ ਗਿਆ।

ਪੱਗ ਬੰਨ੍ਹ ਕੇ ਉਹ ਬਾਹਰ ਵਿਹੜੇ ਵਿਚ ਆ ਗਿਆ ਤੇ ਮੰਜੇ 'ਤੇ ਬੈਠ ਕੇ ਗਰਮ ਗਰਮ ਚਾਹ ਦੀਆਂ ਚੁਸਕੀਆਂ ਭਰਨ ਲੱਗਾ।

ਪ੍ਰੀਤ ਵੀ ਆਪਣੇ ਚਾਹ ਵਾਲਾ ਕੱਪ ਲੈ ਕੇ ਉਸ ਕੋਲ ਆ ਬੈਠੀ।

"ਜੇ ਤੁਸੀਂ ਸ਼ਹਿਰ ਚੱਲੇ ਓ ਤਾਂ ਮੈਨੂੰ ਵੀ ਨਾਲ ਲੈ ਚੱਲੋ। ਆਪਾਂ ਵਰੀ ਦੇ ਕੱਪੜਿਆਂ ਦਾ ਕੰਮ ਨਿਬੇੜ ਆਵਾਂਗੇ।" ਪ੍ਰੀਤ ਨੇ ਕੋਲ ਬੈਠਦਿਆਂ ਗੱਲ ਤੋਰੀ।

"ਅੱਜ ਮੈਨੂੰ ਹੋਰ ਬਹੁਤ ਕੰਮ ਨੇ। ਤੇਰੇ ਨਾਲ ਗਿਆ ਤਾਂ ਮੇਰੇ ਆਪਣੇ ਕੰਮ ਨੀ ਹੋਣੇ। ਤੈਨੂੰ ਕੱਲ੍ਹ ਲੈ ਚੱਲੂੰ।" ਚਾਹ ਵਾਲਾ ਕੱਪ ਮੰਜੇ ਦੀ ਪੈਂਦ 'ਚ ਫਸਾਉਂਦਿਆਂ ਉਹ ਉੱਠ ਕੇ ਤੁਰ ਪਿਆ।

ਜੋਗਿੰਦਰ ਸਿੰਘ ਮੁੰਡੇ ਦੇ ਬਾਪ ਵੱਲੋਂ ਆਏ ਸੁਨੇਹੇ ਬਾਰੇ ਘਰ ਦੇ ਕਿਸੇ ਵੀ ਜੀਅ ਨੂੰ ਨਹੀਂ ਸੀ ਦੱਸਣਾ ਚਾਹੁੰਦਾ। ਐਵੇਂ ਸਾਰਾ ਟੱਬਰ ਸੂਲ਼ੀ 'ਤੇ ਟੰਗਿਆ ਜਾਊ। ਮਸਾਂ ਮਸਾਂ ਤਾਂ ਗੱਲ ਸਿਰੇ ਚੜ੍ਹੀ ਐ। ਹੁਣ ਜੋ ਵੀ ਹੋਇਆ, ਕਰ ਕਰਾ ਕੇ ਰਿਸ਼ਤਾ ਸਿਰੇ ਚਾੜ੍ਹਨ ਦੀ ਕੀਤੀ ਜਾਵੇ। ਇਹ ਉਸ ਦੀ ਆਪਣੀ ਸੋਚ ਸੀ। ਅਸਲ ਵਿਚ ਉਸ ਦੀ ਇਹ ਸੋਚ ਪਹਿਲਾਂ ਟੁੱਟੇ ਰਿਸ਼ਤੇ ਕਾਰਨ ਹੀ ਬਣੀ ਸੀ। ਉਹ ਤਾਂ ਉਸ ਸਮੇਂ ਵੀ ਲੈ ਦੇ ਕੇ ਗੱਲ ਸਿਰੇ ਚੜ੍ਹਾਉਣ ਦੇ ਹੱਕ ਵਿਚ ਸੀ।

"ਜੇ ਇਕ ਵਾਰੀ ਧੀ ਪੁੱਤ ਦਾ ਰਿਸ਼ਤਾ ਟੁੱਟ ਜਾਵੇ ਤਾਂ ਦੁਬਾਰਾ ਰਿਸ਼ਤਾ ਹੋਣਾ ਬੜਾ ਮੁਸ਼ਕਿਲ ਹੋ ਜਾਂਦੈ। ਅਗਲੇ ਸੌ ਸਵਾਲ ਪੁੱਛਦੇ ਆ ਬਈ ਪਹਿਲਾਂ ਕਿਹੜੀ ਗੱਲੋਂ ਟੁੱਟ ਫੁੱਟ ਹੋਈ। ਇਹ ਲੈਣ ਦੇਣ ਤਾਂ ਚਲਦਾ ਹੀ ਰਹਿੰਦਾ ਰਿਸ਼ਤੇਦਾਰੀਆਂ 'ਚ। ਕੋਈ ਅਲੋਕਾਰੀ ਗੱਲ ਨੀ ਇਹ ਆਪਣੇ ਸਮਾਜ ਲਈ। ਆਪਾਂ ਗੱਲ ਅੱਗੇ ਤੋਰਨ ਦੀ ਕਰੀਏ।" ਉਸ ਨੇ ਸਾਰੇ ਟੱਬਰ ਨੂੰ ਕਿਹਾ ਸੀ ਪਰ ਸੁੱਖੀ ਤੇ ਜੱਗੀ ਨੇ ਤਾਂ ਪਰਾਂ 'ਤੇ ਪਾਣੀ ਨਹੀਂ ਸੀ ਪੈਣਾ ਦਿੱਤਾ।

"ਜੇ ਹੁਣ ਇਹ ਹਾਲ ਨੇ ਉਹਨਾਂ ਦੇ ਤਾਂ ਕੱਲ੍ਹ ਨੂੰ ਕੀ ਪਤਾ ਕੀ ਕੀ ਮੰਗਾਂ ਰੱਖਣਗੇ। ਇਹ ਲਾਲਚੀ ਕਿਸਮ ਦੇ ਲੋਕ ਸਾਰੀ ਉਮਰ ਤੰਗ ਕਰਨਗੇ ਆਪਾਂ ਨੂੰ। ਇਸ ਬਿਮਾਰੀ ਨੂੰ ਹੁਣੇ ਖਤਮ ਕਰ ਦੇਈਏ ਤਾਂ ਸੁਖੀ ਰਹਾਂਗੇ, ਨਹੀਂ ਤਾਂ ਇਸ ਨੇ ਨਾਸੂਰ ਬਣ ਕੇ ਸਾਰੀ ਉਮਰ ਖਹਿੜਾ ਨੀ ਛੱਡਣਾ।" ਉਹ ਦੋਵੇਂ ਇਕੋ ਵਿਚਾਰ ਰੱਖਦੇ ਸਨ।

ਉਸ ਵੇਲੇ ਮਹਾਂਬੱਧਰ ਵਾਲੇ ਸਰਦਾਰਾਂ ਨੇ ਮੰਗ ਕੇ ਸੁੱਖੀ ਦਾ ਰਿਸ਼ਤਾ ਲਿਆ ਸੀ। ਅਸਲ ਵਿਚ ਮੁੰਡੇ ਦੀ ਭੂਆ ਉਹਨਾਂ ਦੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਾਉਂਦੀ ਸੀ। ਉਸ ਨੇ ਸੁੱਖੀ ਨੂੰ ਅੱਡੇ ਤੋਂ ਕਾਲਜ ਜਾਂਦੀ ਨੂੰ ਦੇਖਿਆ ਸੀ ਤੇ ਆਪਣੇ ਭਤੀਜੇ ਲਈ ਪਸੰਦ ਕਰ ਲਿਆ ਸੀ।

"ਮੈਨੂੰ ਤਾਂ ਕੁੜੀ ਦੇਖਣ ਸਾਰ ਜਚ ਗਈ ਸੀ। ਮੇਰੇ ਭਤੀਜੇ ਦੀ ਤਾਂ ਬੱਸ ਇਕੋ ਮੰਗ ਐ ਬਈ ਕੁੜੀ ਸੁਨੱਖੀ ਹੋਵੇ, ਲੈਣ ਦੇਣ ਦਾ ਕੋਈ ਚੱਕਰ ਨਹੀਂ।" ਭੂਆ ਨੇ ਹੀ ਰਿਸ਼ਤੇ ਦੀ ਗੱਲ ਸਿਰੇ ਚੜ੍ਹਾਈ ਸੀ। ਜਦੋਂ ਰਿਸ਼ਤਾ ਤੈਅ ਹੋਇਆ ਸੀ ਤਾਂ ਆਮ ਲੈਣ ਦੇਣ ਤੋਂ ਬਿਨਾ ਕੋਈ ਬਹੁਤੀ ਵੱਡੀ ਮੰਗ ਨਹੀਂ ਸੀ ਰੱਖੀ ਮਹਾਂਬੱਧਰ ਵਾਲਿਆਂ ਨੇ ਪਰ ਜਿਉਂ ਜਿਉਂ ਵਿਆਹ ਦਾ ਦਿਨ ਨੇੜੇ ਆ ਰਿਹਾ ਸੀ, ਵਿਚੋਲੇ ਹੱਥ ਵੱਡੀਆਂ ਵੱਡੀਆਂ ਮੰਗਾਂ ਦੇ ਨਿੱਕੇ ਨਿੱਕੇ ਰੁੱਕੇ ਆਉਣ ਲੱਗ ਪਏ ਸਨ। ਐਨੇ ਸੋਨੇ ਦੇ ਸੈੱਟ, ਐਨੀਆਂ ਛਾਪਾਂ। ਵੱਡੀ ਕਾਰ ਤੇ ਨਕਦਨਾਮੇ ਦੀ ਮੰਗ ਵੀ ਪਹੁੰਚ ਗਈ ਸੀ। ਮਹਾਂਬੱਧਰ ਵਾਲਿਆਂ ਦੀਆਂ ਵਧ ਰਹੀਆਂ ਮੰਗਾਂ ਤੋਂ ਸਾਰਾ ਪਰਿਵਾਰ ਪਰੇਸ਼ਾਨ ਹੋ ਗਿਆ ਸੀ ਪਰ ਸੁੱਖੀ ਤੇ ਜੱਗੀ ਨੂੰ ਤਾਂ ਦਾਜ ਵਾਲੀ ਗੱਲ ਬਿਲਕੁਲ ਪਸੰਦ ਨਹੀਂ ਸੀ। ਅੱਜ ਕੱਲ੍ਹ ਦੇ ਪੜ੍ਹੇ ਲਿਖੇ ਦਿਮਾਗਾਂ ਨੇ ਉਸ ਰਿਸ਼ਤੇ ਦਾ ਖੁਦ ਹੀ ਭੋਗ ਪਾ ਦਿੱਤਾ ਸੀ।

ਸੁੱਖੀ ਨੇ ਆਪਣੇ ਹੋਣ ਵਾਲੇ ਘਰਵਾਲੇ ਨੂੰ ਫੋਨ ਕਰ ਕੇ ਵਿਆਹ ਤੋਂ ਕੋਰਾ ਜਵਾਬ ਦੇ ਦਿੱਤਾ ਸੀ, "ਦਾਜ ਲੈਣ ਵਾਲੇ ਘਰ ਵਿਚ ਨੂੰਹ ਬਣ ਕੇ ਜਾਣ ਨਾਲੋਂ ਮੈਂ ਸਾਰੀ ਉਮਰ ਕੁਆਰੀ ਬੈਠਣਾ ਪਸੰਦ ਕਰਾਂਗੀ।"

ਓਧਰ ਜੱਗੀ ਨੇ ਤਾਂ ਮੁੰਡੇ ਦੇ ਪਿਉ ਨੂੰ ਹੀ ਖਰੀਆਂ ਖਰੀਆਂ ਸੁਣਾ ਦਿੱਤੀਆਂ ਸਨ, "ਜੇ ਸਰਦਾਰ ਹੋ ਕੇ ਵੀ ਤੁਹਾਡਾ ਢਿੱਡ ਨਹੀਂ ਭਰਿਆ ਤਾਂ ਸਾਡੀਆਂ ਦਿੱਤੀਆਂ ਦਾਜ ਦੀਆਂ ਚੀਜ਼ਾਂ ਨਾਲ ਵੀ ਤੁਹਾਡਾ ਕੁਝ ਨਹੀਂ ਬਣਨਾ, ਕਿਉਂਕਿ ਤੁਹਾਡੀ ਸੋਚ ਵਿਚ ਭੁੱਖ ਵੜੀ ਹੋਈ ਐ। ਦਾਜ ਦੇ ਲੋਭੀਆਂ ਨਾਲ ਮੈਂ ਜਿਊਂਦੇ ਜੀਅ ਰਿਸ਼ਤਾ ਨਹੀਂ ਜੁੜਨ ਦਿਆਂਗਾ ਆਪਣੇ ਘਰ ਦਾ।"

"ਅਸੀਂ ਕੋਈ ਭੁੱਖੇ ਨਹੀਂ ਕਿਸੇ ਚੀਜ਼ ਦੇ ਕਾਕਾ ਜੀ। ਕਿਸੇ ਚੀਜ਼ ਦੀ ਕੋਈ ਤੰਗੀ ਨਹੀਂ। ਦਸ ਪੁਸ਼ਤਾਂ ਵਿਹਲੀਆਂ ਬਹਿ ਕੇ ਵੀ ਖਾਈ ਜਾਣ ਤਾਂ ਵੀ ਕੋਈ ਫਰਕ ਨੀ ਪੈਣ ਲੱਗਾ ਸਾਨੂੰ ਪਰ ਸਾਡੀ ਬਿਰਾਦਰੀ 'ਚ ਸਾਡੀ ਕੋਈ ਇੱਜ਼ਤ ਐ। ਜੇ ਬਿਨਾ ਕਿਸੇ ਲੈਣ ਦੇਣ ਦੇ ਮੁੰਡਾ ਵਿਆਹ ਲਿਆ ਤਾਂ ਸਾਨੂੰ ਤਾਂ ਸਾਰੀ ਉਮਰ ਸ਼ਰੀਕਾਂ ਦੀਆਂ ਗੱਲਾਂ ਸੁਣਨੀਆਂ ਪੈਣਗੀਆਂ।" ਅੱਗੋਂ ਮਹਾਂਬੱਧਰ ਵਾਲਾ ਸਰਦਾਰ ਬੋਲਿਆ ਤਾਂ ਜੱਗੀ ਹੋਰ ਭੜਕ ਗਿਆ ਸੀ, "ਜੇ ਇਹਨਾਂ ਭੈੜੀਆਂ ਰੀਤਾਂ ਨੂੰ ਤੋੜਨ ਦੀ ਤਾਕਤ ਹੈਨੀ ਤੁਹਾਡੇ 'ਚ ਤਾਂ ਸਾਨੂੰ ਮਾਫ ਕਰੋ। ਆਪਣੀ ਬਿਰਾਦਰੀ 'ਚ ਆਪਣੀ ਫੋਕੀ ਟਹੁਰ ਬਣਾ ਕੇ ਰੱਖਣ ਲਈ ਕੋਈ ਹੋਰ ਘਰ ਲੱਭੋ ਸਰਦਾਰ ਜੀ। ਸਾਡੇ ਵੱਲੋਂ ਤਾਂ ਦੋਵੇਂ ਹੱਥ ਜੋੜ ਕੇ ਨਾਂਹ ਹੈ ਇਸ ਰਿਸ਼ਤੇ ਨੂੰ।" ਕਹਿ ਕੇ ਉਸ ਨੇ ਫੋਨ ਅਤੇ ਰਿਸ਼ਤਾ, ਦੋਵਾਂ ਨੂੰ ਕੱਟ ਦਿੱਤਾ ਸੀ।

"ਮੈਂ ਉਸ ਵੇਲੇ ਕਿੰਨਾ ਕਲਪਿਆ ਸੀ, ਤੁਸੀਂ ਵੀ ਆਪ ਈ ਵੱਡੇ ਸਿਆਣੇ ਬਣ ਜਾਨੇਂ ਓ। ਐਂ ਥੋੜ੍ਹੀ ਤੂੰ-ਤੜੱਕ ਨਾਲ ਰਿਸ਼ਤੇ ਤੋੜੇ ਜਾਂਦੇ ਨੇ। ਬੈਠ ਕੇ ਗੱਲਬਾਤ ਕਰਦੇ, ਸੌ ਹੱਲ ਨਿਕਲ ਆਉਂਦੈ ਇਹਨਾਂ ਚੀਜ਼ਾਂ ਦਾ। ਕਮਾਲ ਈ ਕਰਦੇ ਓ। ਚਾਰ ਅੱਖਰ ਪੜ੍ਹ ਕੀ ਗਏ, ਸਾਨੂੰ ਤਾਂ ਕੁਛ ਗੌਲਦੇ ਹੀ ਨਹੀਂ।"

"ਬਾਪੂ ਗੱਲ ਗੌਲਣ ਦੀ ਨੀ। ਜੇ ਉਹਨਾਂ ਦਾ ਖੁੱਲ੍ਹਾ ਮੂੰਹ ਤੁਸੀਂ ਅੱਜ ਭਰ ਵੀ ਦਿੰਦੇ ਤਾਂ ਇਹ ਮੂੰਹ ਸਾਰੀ ਜ਼ਿੰਦਗੀ ਤੁਹਾਡੇ ਕੋਲੋਂ ਬੰਦ ਨੀ ਸੀ ਹੋਣਾ। ਜਿਹਨਾਂ ਲੋਕਾਂ ਦੇ ਅੰਦਰ ਲਾਲਚ ਦਾ ਕੀੜਾ ਜਿਹੜਾ ਵੜ ਜਾਵੇ, ਫੇਰ ਨਿਕਲਦਾ ਨਹੀਂ ਆਪਣੇ ਵਰਗਿਆਂ ਤੋਂ।"

ਜੱਗੀ ਦੀਆਂ ਦਲੀਲਾਂ ਉਸ ਵੇਲੇ ਤਾਂ ਜੋਗਿੰਦਰ ਸਿੰਘ ਨੂੰ ਭਾਵੇਂ ਚੰਗੀਆਂ ਨਾ ਲੱਗੀਆਂ ਪਰ ਜਦੋਂ ਬਾਅਦ ਵਿਚ ਉਸ ਨੇ ਬੈਠ ਕੇ ਸੋਚਿਆ ਤਾਂ ਲੱਗਿਆ ਜੋ ਹੋਇਆ ਠੀਕ ਹੀ ਹੋਇਆ।

ਸੋਚਦਾ ਸੋਚਦਾ ਉਹ ਕਦੋਂ ਸੱਥ ਵਾਲਾ ਮੋੜ ਮੁੜ ਗਿਆ, ਉਸ ਨੂੰ ਪਤਾ ਹੀ ਨਾ ਲੱਗਿਆ। ਰਾਹ ਵਿਚ ਕਿੰਨੇ ਬੰਦਿਆਂ ਨੇ ਉਸ ਨਾਲ ਦੁਆ ਸਲਾਮ ਕੀਤੀ, ਉਸ ਨੂੰ ਭੋਰਾ ਵੀ ਚਿੱਤ-ਚੇਤਾ ਨਹੀਂ ਸੀ। ਗਿਆਰਾਂ ਵਾਲੀ ਮਿੰਨੀ ਬੱਸ ਦਾ ਹਾਰਨ ਸੁਣ ਕੇ ਉਸ ਨੇ ਆਪਣੀ ਚਾਲ ਹੋਰ ਤੇਜ਼ ਕਰ ਲਈ। ਜੇ ਇਹ ਬੱਸ ਖੁੰਝ ਗਈ ਤਾਂ ਉਸ ਨੇ ਬਾਰਾਂ ਵਜੇ ਵਾਲੇ ਸਮੇਂ ਤੋਂ ਲੇਟ ਹੋ ਜਾਣਾ ਸੀ। ਉਹ ਬੱਸ ਦੇ ਪਹੁੰਚਣ ਤੋਂ ਪਹਿਲਾਂ ਹੀ ਅੱਡੇ 'ਤੇ ਪਹੁੰਚ ਗਿਆ ਸੀ।

ਬੱਸ ਵਿਚ ਬੈਠਦਿਆਂ ਹੀ ਉਸ ਬਰਨਾਲੇ ਦੀ ਟਿਕਟ ਕਟਾ ਲਈ।

ਗੱਲ ਦਾ ਉੱਘ ਸੁੱਘ ਲਾਉਣ ਲਈ ਉਸ ਨੇ ਵਿਚੋਲੇ ਹਾਕਮ ਸਿੰਘ ਨਾਲ ਵੀ ਗੱਲ ਕੀਤੀ ਸੀ।

"ਹਾਕਮ ਸਿਆਂ, ਕੁੜਮ ਦਾ ਦੋ ਵਾਰ ਸੱਦਾ ਆ ਗਿਆ। ਕਹਿੰਦਾ ਵਿਆਹ ਤੋਂ ਪਹਿਲਾਂ ਬਹਿ ਕੇ ਕੋਈ ਗੱਲ ਕਰਨੀ ਐ। ਤੂੰ ਹੀ ਦੱਸ ਦੇ ਜੇ ਤੈਨੂੰ ਕੋਈ ਖਬਰ ਸਾਰ ਐ ਇਸ ਬਾਰੇ। ਕੋਈ ਲੈਣ ਦੇਣ ਦੀ ਗੱਲ ਈ ਲੱਗਦੀ ਐ ਮੈਨੂੰ ਤਾਂ।" ਉਸ ਨੇ ਨਜ਼ਰਾਂ ਹਾਕਮ ਸਿੰਘ ਦੇ ਚਿਹਰੇ 'ਤੇ ਗੱਡ ਲਈਆਂ ਸਨ।

"ਨਹੀਂ ਨਹੀਂ ਸਰਦਾਰ ਸਾਬ੍ਹ। ਐਸੀ ਤਾਂ ਕੋਈ ਗੱਲ ਨੀ। ਜੇ ਹੁੰਦੀ ਤਾਂ ਮੈਨੂੰ ਸਭ ਤੋਂ ਪਹਿਲਾਂ ਪਤਾ ਹੁੰਦਾ। ਨਾਲੇ ਆਪਾਂ ਤਾਂ ਲੈਣ ਦੇਣ ਬਾਰੇ ਸਭ ਕੁਝ ਪਹਿਲਾਂ ਹੀ ਪੁੱਛ ਲਿਆ ਸੀ। ਪੁੱਛ ਪੜਤਾਲ ਕਰ ਕੇ ਉਹਨਾਂ ਦੀ ਤਸੱਲੀ ਤੋਂ ਬਾਅਦ ਹੀ ਸ਼ਗਨ ਪਾਇਆ ਸੀ।" ਹਾਕਮ ਸਿੰਘ ਵੀ ਅਣਜਾਣ ਬਣਿਆ ਬੈਠਾ ਸੀ।

"ਮੈਨੂੰ ਤਾਂ ਯਾਰ ਗੱਲ ਸ਼ੱਕੀ ਜਿਹੀ ਜਾਪਦੀ ਐ। ਇਸ ਤਰ੍ਹਾਂ ਮੈਨੂੰ ਸੁਨੇਹਾ ਭੇਜ ਕੇ ਗੱਲ ਕਰਨ ਲਈ ਬੁਲਾਉਣਾ, ਉਹ ਵੀ ਵਿਆਹ ਤੋਂ ਦਸ ਬਾਰਾਂ ਦਿਨ ਪਹਿਲਾਂ। ਦਿਲ 'ਚ ਗੱਲ ਬੈਠ ਜਿਹੀ ਗਈ ਮੇਰੇ ਤਾਂ। ਹੋਰ ਨਾ ਕਿਧਰੇ ਕੋਈ ਵੱਡੀ ਮੰਗ...।" ਹਾਲੇ ਉਸ ਦੀ ਗੱਲ ਪੂਰੀ ਨਹੀਂ ਸੀ ਹੋਈ ਕਿ ਹਾਕਮ ਸਿੰਘ ਵਿਚੋਂ ਹੀ ਬੋਲ ਪਿਆ, "ਓ ਨਹੀਂ ਨਹੀਂ ਸਰਦਾਰ ਜੀ। ਮੈਂ ਐਡਵੋਕੇਟ ਸਾਬ੍ਹ ਨੂੰ ਪੰਦਰਾਂ ਸਾਲ ਤੋਂ ਜਾਣਦਾਂ। ਜ਼ੁਬਾਨ ਦੇ ਪੱਕੇ ਤੇ ਅਸੂਲਾਂ ਦੇ ਖਰੇ ਨੇ ਉਹ। ਜੇ ਕੋਈ ਮੰਗ-ਮੁੰਗ ਹੁੰਦੀ, ਉਹਨਾਂ ਪਹਿਲਾਂ ਹੀ ਦੱਸ ਦੇਣਾ ਸੀ। ਨਾਲੇ ਉਹਨਾਂ ਦੇ ਘਰ ਕਿਹੜਾ ਘਾਟਾ ਕਿਸੇ ਚੀਜ਼ ਦਾ। ਵੈਸੇ ਹੀ ਨਵਾਂ ਰਿਸ਼ਤਾ ਬਣਾਉਣ ਤੋਂ ਪਹਿਲਾਂ ਮਿਲ ਕੇ ਥੋੜ੍ਹਾ ਗੱਲਬਾਤ ਕਰ ਕੇ ਮੇਲ ਮਿਲਾਪ ਵਧਾਉਣ ਲਈ ਹੀ ਤੁਹਾਨੂੰ ਬੁਲਾਇਆ ਹੋਣਾ। ਤੁਸੀਂ ਐਵੇਂ ਨਾ ਬਹੁਤੀ ਫਿਕਰ ਕਰੋ। ਨਾਲੇ ਜੇ ਕੋਈ ਹੋਈ ਉੱਨੀ ਇੱਕੀ ਤਾਂ ਮੈਂ ਆਪ ਗੱਲ ਕਰੂੰ। ਮੇਰੇ ਨਾਲ ਤਾਂ ਘਰ ਵਾਲੀ ਗੱਲ ਐ ਉਹਨਾਂ ਦੀ।"

ਹਾਕਮ ਦਿਲਾਸਾ ਵੀ ਦੇ ਗਿਆ ਸੀ ਪਰ ਜਾਂਦਾ ਜਾਂਦਾ ***(ਬਾਕੀ ਅਗਲੇ ਸਫੇ 'ਤੇ)***

# ਤੀਸਰਾ ਵਿਆਹ

**ਡਾ. ਅਜੀਤ ਸਿੰਘ ਕੋਟਕਪੂਰਾ**
585-305-0443

ਪਾਲੇ ਨੂੰ ਮਹਿਸੂਸ ਹੁੰਦਾ ਸੀ ਕਿ ਹੁਣ ਉਸ ਦੀ ਸੇਵਾ ਨਹੀਂ ਹੁੰਦੀ। ਨੂੰਹਾਂ ਉਸ ਦਾ ਆਦਰ ਘੱਟ ਕਰਦੀਆਂ ਹਨ। ਵੱਡੇ ਮੁੰਡੇ ਤਾਂ ਉਸ ਨਾਲ ਗੱਲ ਕਰ ਕੇ ਰਾਜ਼ੀ ਨਹੀਂ ਹਨ। ਫਿਰ ਕੀ ਸੀ ਉਹ ਇਸ ਵਾਰ ਆਪਣਾ ਇੱਕ ਟਰੱਕ ਲੈ ਕੇ ਗੇੜੇ 'ਤੇ ਚਲਾ ਗਿਆ ਤੇ ਮੁੜਦੇ ਹੋਏ ਇਕ ਪਰਦੇਸਣ ਨੂੰ ਨਾਲ ਲੈ ਆਇਆ ਅਤੇ ਲਿਆ ਕੇ ਘਰ ਵਸਦਾ ਕਰ ਲਿਆ। ਭਾਵੇਂ ਉਹ 50 ਨੂੰ ਢੁਕ ਚੁੱਕਾ ਸੀ ਅਤੇ ਸਵੀ ਨਾਮ ਦੀ ਪਰਦੇਸਣ ਨੂੰ ਪਤਨੀ ਮੰਨ ਲਿਆ ਸੀ ਅਤੇ ਉਸ ਨੂੰ ਮੀਤੋ ਆਖਣਾ ਸ਼ੁਰੂ ਕਰ ਦਿੱਤਾ ਸੀ। ਮੀਤੋ ਤੋਂ ਉਹ ਸਰਦਾਰਨੀ ਮਨਮੀਤ ਕੌਰ ਬਣ ਗਈ ਸੀ।

ਪਾਲੇ ਨੇ ਮੀਤੋ ਲਈ ਤੈਅ ਕੀਤੀ ਸਾਰੀ ਰਕਮ ਉਸ ਦੇ ਬਾਪ ਨੂੰ ਨਕਦ ਹੀ ਦੇ ਦਿੱਤੀ ਸੀ, ਇਸ ਲਈ ਉਸ ਦੇ ਪੇਕੇ ਘਰਵਾਲੇ ਆਪਣੇ ਘਰ ਰੋਟੀ ਪੱਕਦੀ ਜਾਣ ਕੇ ਚੁੱਪ ਵੱਟ ਗਏ ਸਨ। ਮੀਤੋ ਵੀ ਉਸ ਸਮੇਂ 25 ਸਾਲ ਦੀ ਹੋ ਚੁੱਕੀ ਸੀ ਅਤੇ ਉਸ ਨੂੰ ਵੀ ਮਾਨਸਿਕ ਤਸੱਲੀ ਸੀ ਕਿ ਉਹ ਘਰਦਿਆਂ ਨੂੰ ਖੁਸ਼ ਕਰ ਕੇ ਪਰਦੇਸ ਜਾ ਰਹੀ ਸੀ, ਜਿੱਥੇ ਉਸ ਨੂੰ ਆਪਣਾ ਭਵਿੱਖ ਸੁਰੱਖਿਅਤ ਨਜ਼ਰ ਆ ਰਿਹਾ ਸੀ। ਪਾਲੇ ਦੇ 20 ਟਰੱਕ ਚੱਲਦੇ ਹੋਣ ਕਾਰਨ ਉਸ ਦੇ ਆਪਣੇ ਪਿੰਡ ਦੇ ਲੋਕ ਉਸ ਦੀ ਇੱਜ਼ਤ ਕਰਦੇ ਸਨ ਅਤੇ ਪਿੰਡ ਵਿਚ ਉਸ ਨੂੰ ਸਾਰੇ ਸਰਦਾਰ ਕਿਰਪਾਲ ਸਿੰਘ ਟਰੱਕਾਂ ਵਾਲਾ ਕਰਕੇ ਜਾਣਦੇ ਸਨ।

ਪਾਲਾ, ਮੀਤੋ ਨੂੰ ਖੰਡ ਦੇ ਖਿਡੌਣੇ ਵਾਂਗ ਰੱਖਦਾ ਸੀ। ਉਹ ਖੁਸ਼ ਸੀ ਅਤੇ ਮੀਤੋ ਵੀ ਰੋਜ਼ਾਨਾ ਸਜ-ਸੰਵਰ ਕੇ ਰਹਿੰਦੀ ਸੀ ਅਤੇ ਖੁਸ਼ੀ ਉਸ ਦੇ ਚਿਹਰੇ 'ਤੇ ਸਾਫ ਝਲਕਦੀ ਸੀ। ਇਹ ਸਭ ਦੇਖ ਪਾਲੇ ਦੀਆਂ ਨੂੰਹਾਂ ਹੱਸ-ਹੱਸ ਕੇ ਗੱਲਾਂ ਕਰਦੀਆਂ ਸਨ। ਮੀਤੋ ਉਮਰ ਵਿਚ ਆਪਣੀ ਵੱਡੀ ਨੂੰਹ ਤੋਂ ਛੋਟੀ ਸੀ। ਨੂੰਹਾਂ ਅਕਸਰ ਝੁਰਦੀਆਂ ਸਨ ਕਿ ਬੁੜ੍ਹੇ ਦੀ ਅਕਲ 'ਤੇ ਪਰਦਾ ਪੈ ਗਿਆ ਹੈ। ਇਸ ਉਮਰੇ ਕੀ ਲੋੜ ਸੀ, ਆਪਣੀ ਉਮਰ ਤੋਂ ਅੱਧੀ ਉਮਰ ਦੀ ਤੀਵੀਂ ਘਰ ਲਿਆ ਕੇ ਬਿਠਾਉਣ ਦੀ। ਧੌਲੀ ਦਾੜ੍ਹੀ ਦਾ ਭੋਰਾ ਜਿੰਨਾ ਵੀ ਲਿਹਾਜ਼ ਨਹੀਂ ਕੀਤਾ ਇਸ ਬੁੱਢੜੇ ਨੇ। ਵੱਡੇ ਮੁੰਡੇ ਵੀ ਖਿਝੇ ਹੀ ਰਹਿੰਦੇ। ਅਸਲ ਵਿਚ ਉਹ ਚਾਰੇ ਭਰਾ ਮਹਿਸੂਸ ਕਰਦੇ ਸਨ ਕਿ ਬਾਪੂ ਪਿੱਛੋਂ ਉਨ੍ਹਾਂ ਦੇ ਹਿੱਸੇ 5-5 ਟਰੱਕ ਆ ਜਾਣਗੇ ਅਤੇ ਉਹ ਮੌਜਾਂ ਕਰਨਗੇ ਪਰ ਹੁਣ ਉਨ੍ਹਾਂ ਨੂੰ ਹੋਰ ਸ਼ਰੀਕਾਂ ਦੇ ਪੈਦਾ ਹੋ ਜਾਣ ਦਾ ਖਦਸ਼ਾ ਸੀ। ਜਿਸ ਕਾਰਨ ਉਹ ਆਪਣੇ ਬਾਪੂ ਦੇ ਇਸ ਸਹੇੜ ਮੀਤੋ ਕਾਰਨ ਦੁਖੀ ਸਨ। ਇਕ ਦਿਨ ਉਨ੍ਹਾਂ ਨੇ ਸਲਾਹ ਕਰ ਕੇ ਬਾਪੂ ਨੂੰ ਕਿਹਾ, 'ਸਾਨੂੰ ਸਾਡੀ ਵੰਡ ਕਰ ਕੇ ਅੱਡ ਕਰ ਦਿੱਤਾ ਜਾਵੇ, ਅਸੀਂ ਲੋਕਾਂ ਦੇ ਬੋਲ-ਕਬੋਲ ਨਹੀਂ ਸੁਣ ਸਕਦੇ।' ਪਹਿਲਾਂ ਤਾਂ ਪਾਲੇ ਨੇ ਉਨ੍ਹਾਂ ਦੀ ਗੱਲ ਨੂੰ ਨਾ ਗੌਲਿਆ ਪਰ ਜਦੋਂ ਨੂੰਹਾਂ ਵੀ ਉੱਚਾ-ਨੀਵਾਂ ਮੂੰਹ 'ਤੇ ਬੋਲਣ ਲੱਗੀਆਂ ਤਾਂ ਪਾਲੇ ਨੇ ਦੋਵਾਂ ਵਿਆਹੇ ਮੁੰਡਿਆਂ ਨੂੰ 3-3 ਟਰੱਕ ਦੇ ਕੇ ਕਿਹਾ, 'ਤੁਸੀਂ ਇਸ ਘਰ ਵਿੱਚ ਨਹੀਂ ਰਹਿ ਸਕਦੇ, ਜਿੱਥੇ ਮਰਜ਼ੀ ਜਾ" ਅਤੇ ਮੌਜਾਂ ਕਰੋ।' ਉਸ ਨੂੰ ਦੋਵਾਂ ਨੂੰਹਾਂ ਦਾ ਭੋਰਾ ਵੀ ਹੇਜ ਨਹੀਂ ਸੀ ਅਤੇ ਨਾ ਹੀ ਉਸ ਨੂੰ ਮੁੰਡਿਆਂ ਦਾ ਕੋਈ ਸਹਾਰਾ ਸੀ। ਉਸ ਕੋਲ ਕੰਮ ਕਰਨ ਲਈ ਦੋ ਛੋਟੇ ਮੁੰਡੇ ਸਨ, ਜੋ ਹਾਲੇ ਕੁਆਰੇ ਸਨ।

ਇਕ ਦੋ ਦਿਨ ਵਿਚ ਦੋਵੇਂ ਵੱਡੇ ਮੁੰਡੇ ਪਿੰਡ ਛੱਡ ਗਏ ਅਤੇ ਆਪਣਾ ਸਾਮਾਨ ਟਰੱਕਾਂ ਵਿੱਚ ਲੱਦ ਕੇ ਲੈ ਗਏ ਅਤੇ ਜਾਂਦੀਆਂ ਹੋਈਆਂ ਨੂੰਹਾਂ ਮੀਤੋ ਨੂੰ ਆਖ ਗਈਆਂ, 'ਲੈ ਅੰਬੋ ਤੂੰ ਹੁਣ ਚੌੜੀ ਹੋ ਕੇ ਬੈਠ ਅਤੇ ਬੁੱਢੜਾ ਵੀ ਆਪਦਾ ਚਿੱਤ ਰਾਜ਼ੀ ਕਰ ਲਵੇ।' ਅੱਗੋਂ ਮੀਤੋ ਨੇ ਹਲੀਮੀ ਨਾਲ ਕਿਹਾ, 'ਮੈਂ ਤਾਂ ਕਦੇ ਤੁਹਾਨੂੰ ਕੋਈ ਉੱਚੀ-ਨੀਵੀਂ ਗੱਲ ਵੀ ਨਹੀਂ ਕਹੀ ਤੁਸੀਂ ਜਾਣੋ ਅਤੇ ਤੁਹਾਡਾ ਸਹੁਰਾ ਜਾਣੇ।' ਇਹ ਬੋਲ ਆਖਦੇ ਹੋਏ ਉਸ ਦੀਆਂ ਅੱਖਾਂ ਭਰ ਆਈਆਂ ਸਨ।

ਮੀਤੋ, ਪਾਲੇ ਦੀ ਤੀਸਰੀ ਔਰਤ ਸੀ। ਪਹਿਲਾ ਵਿਆਹ ਜਦੋਂ ਹੋਇਆ ਸੀ ਤਾਂ ਪਾਲੇ ਦੇ ਪਿਤਾ ਗੁਰਜੰਟ ਸਿੰਘ ਅਤੇ ਮਾਂ ਜਰਨੈਲੋ ਨੇ ਪੂਰੀ ਖੁਸ਼ੀ ਮਨਾਈ ਸੀ। ਜਰਨੈਲੋ ਨੇ ਆਪਣੀ ਨੂੰਹ ਗੁਰਦੇਵ ਕੌਰ ਅਤੇ ਪੁੱਤ ਕਿਰਪਾਲ ਸਿੰਘ ਤੋਂ ਪਾਣੀ ਵਾਰ ਕੇ ਪੀਤਾ ਸੀ। ਸਾਰੇ ਪਿੰਡ ਵਿਚ ਲੱਡੂ ਵੰਡੇ ਗਏ ਸਨ। ਦੋ ਦਿਨ ਦਾਰੂ ਮੀਟ ਚੱਲਦਾ ਰਿਹਾ ਸੀ। ਪਿੱਛੋਂ ਵੀ ਸ਼ਰਾਬ ਦੀ ਵਰਤੋਂ ਅਕਸਰ ਹੀ ਹੁੰਦੀ ਰਹਿੰਦੀ ਸੀ। ਸਮਾਂ ਆਪਣੀ ਚਾਲੇ ਚੱਲਦਾ ਰਿਹਾ। ਇਕ ਦਿਨ ਗੁਰਜੰਟ ਸਿੰਘ ਅਤੇ ਜਰਨੈਲ ਕੌਰ ਨਾਢਾ ਸਾਹਿਬ ਆਪਣੇ ਮੁੰਡੇ ਦੇ ਵਿਆਹ ਦੀ ਸੁੱਖ ਲਾਹ ਕੇ ਵਾਪਸ ਆ ਰਹੇ ਸਨ ਕਿ ਰਾਹ ਵਿਚ ਉਨ੍ਹਾਂ ਦੀ ਕਾਰ ਇਕ ਟਰੱਕ ਨਾਲ ਟਕਰਾ ਗਈ। ਦੋਵਾਂ ਦੇ ਗੰਭੀਰ ਸੱਟਾਂ ਲੱਗੀਆਂ ਅਤੇ ਹਸਪਤਾਲ ਵਿਚ ਪੁੱਜਣ ਤੋਂ ਪਹਿਲਾਂ ਹੀ ਸਦਾ ਲਈ ਚੁੱਪ ਹੋ ਗਏ। ਘਰ ਵਿਚ ਸੋਗ ਵਰਤ ਗਿਆ। ਸਾਰਾ ਕੰਮ ਦਾ ਬੋਝ ਇਕਲੌਤੇ ਪੁੱਤਰ ਕਿਰਪਾਲ ਦੇ ਮੋਢਿਆਂ 'ਤੇ ਆ ਪਿਆ। ਪਾਲੇ ਤੇ ਗੁਰਦੇਵ ਦੇ ਵਿਆਹ ਨੂੰ ਪੰਜ ਬਸੰਤ ਰੁੱਤਾਂ ਲੰਘ ਗਈਆਂ ਪਰ ਕਿਸੇ ਬਸੰਤ ਰੁੱਤ ਨੂੰ ਗੁਰਦੇਵ ਕੌਰ ਨਾ ਫੁੱਟੀ। ਦੋਵੇਂ ਉਦਾਸ ਰਹਿਣ ਲੱਗੇ, ਲੋਕ ਵੀ ਅਜੀਬ-ਅਜੀਬ ਸਲਾਹਾਂ ਦੇਣ ਲੱਗੇ। ਕੋਈ ਧਾਗੇ ਤਵੀਤ ਕਰਵਾਉਣ ਦੀ ਸਲਾਹ ਦਿੰਦਾ ਅਤੇ ਕੋਈ ਹੋਰ ਵਿਆਹ ਕਰਵਾ ਲੈਣ ਦਾ ਮਸ਼ਵਰਾ ਦਿੰਦਾ ਸੀ। ਅਖੀਰ ਡਾਕਟਰੀ ਇਲਾਜ ਤੋਂ ਬਾਅਦ ਉਮੀਦ ਦੀ ਕਿਰਨ ਜਾਗੀ। ਸਮਾਂ ਫੇਰ ਚੰਗਾ ਲੰਘਣ ਲੱਗਾ। ਪਾਲਾ, ਗੁਰਦੇਵ ਕੌਰ ਦਾ ਪੂਰਾ ਧਿਆਨ ਰੱਖਦਾ ਸੀ। ਕੰਮ ਲਈ ਉਸ ਨੇ ਘਰ ਵਿਚ ਕੰਮ ਵਾਲੀ ਦਾ ਪ੍ਰਬੰਧ ਕਰ ਲਿਆ ਸੀ।

ਅਖੀਰ ਖੁਸ਼ੀ ਦਾ ਸਮਾਂ ਆਇਆ ਤਾਂ ਦਾਈ ਨੇ ਖੁਸ਼ ਖ਼ਬਰੀ ਦਿੱਤੀ ਕਿ ਤੁਹਾਡੀ ਜਾਇਦਾਦ ਦਾ ਵਾਰਸ ਆ ਗਿਆ ਹੈ। ਖੁਸ਼ੀ ਮਨਾਈ ਗਈ। ਲੋਕਾਂ ਨੂੰ ਲੱਡੂ ਵੰਡੇ ਗਏ ਪਰ ਇਹ ਖੁਸ਼ੀ ਲੰਮਾ ਸਮਾਂ ਨਾ ਰਹਿ ਸਕੀ। ਅਚਾਨਕ ਬੱਚੇ ਨੂੰ ਬੁਖਾਰ ਹੋ ਗਿਆ ਅਤੇ ਡਾਕਟਰ ਕੋਲ ਪੁੱਜਣ ਤੋਂ ਪਹਿਲਾਂ ਹੀ ਬੱਚਾ ਦੁਨੀਆ ਤੋਂ ਦੂਰ ਜਾ ਬੈਠਾ। ਗਮਾਂ ਨੇ ਘਰ ਵਿਚ ਫਿਰ ਡੇਰਾ ਲਾ ਲਿਆ। ਇੱਥੇ ਹੀ ਬਸ ਨਹੀਂ ਹੋਈ, ਇਕ ਦਿਨ ਗੁਰਦੇਵ ਦੇ ਸੀਨੇ ਵਿਚ ਦਰਦ ਉਠਿਆ। ਡਾਕਟਰ ਕੋਲ ਗਏ ਤਾਂ ਉਸ ਨੇ ਦੱਸਿਆ ਕਿ ਗੁਰਦੇਵ ਦੇ ਦਿਲ ਵਿਚ ਛੇਕ ਹੈ ਅਤੇ ਤੁਰੰਤ ਇਲਾਜ ਕਰਵਾਇਆ ਜਾਵੇ ਨਹੀਂ ਤਾਂ ਜਾਨ ਨੂੰ ਖਤਰਾ ਹੈ। ਪਾਲੇ ਨੇ ਕੋਈ ਢਿੱਲ ਨਾ ਕੀਤੀ ਅਤੇ ਵੱਡੇ ਹਸਪਤਾਲ ਲੈ ਗਿਆ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇਲਾਜ ਦੇ ਦੌਰਾਨ ਹੀ ਗੁਰਦੇਵ ਉਥੇ ਜਾ ਪੁੱਜੀ, ਜਿੱਥੋਂ ਕਦੇ ਕੋਈ ਵਾਪਸ ਨਹੀਂ ਆਇਆ।



ਸਮਾਂ ਬਹੁਤ ਮੁਸ਼ਕਿਲ ਨਾਲ ਬੀਤਣ ਲੱਗਾ। ਪਾਲੇ ਨੂੰ ਦਿਨ-ਰਾਤ ਚੈਨ ਨਹੀਂ ਸੀ। ਚੰਗੀ ਆਰਥਿਕ ਹਾਲਤ ਹੋਣ ਕਾਰਨ ਪਿੰਡ ਦੇ ਲੋਕਾਂ ਨੇ ਪਾਲੇ ਨੂੰ ਸਮਝਾ-ਬੁਝਾ ਕੇ ਕਿ ਉਸ ਦੀ ਉਮਰ ਹਾਲੇ ਮਸਾਂ 28-30 ਸਾਲ ਦੀ ਹੈ, ਉਸ ਨੂੰ ਹੋਰ ਵਿਆਹ ਲਈ ਰਾਜ਼ੀ ਕਰ ਲਿਆ। ਘਰਾਂ ਵਿੱਚੋਂ ਹੀ ਉਸ ਨੂੰ ਰਿਸ਼ਤਾ ਕਰਵਾ ਦਿੱਤਾ। ਵਿਆਹ ਉਪਰ ਜ਼ਿਆਦਾ ਸ਼ੋਰ ਸ਼ਰਾਬਾ ਨਾ ਕੀਤਾ ਗਿਆ। ਵਿਆਹ ਹੋਣ ਉਪਰੰਤ ਜ਼ਿੰਦਗੀ ਆਪਣੀ ਰਫਤਾਰ ਫੜਨ ਲੱਗੀ। ਪਾਲੇ ਦੇ ਘਰ ਚਾਰ ਪੁੱਤਰ ਪੈਦਾ ਹੋਏ। ਘਰ ਵਿਚ ਖੁਸ਼ੀਆਂ ਫਿਰ ਗੇੜੇ ਦੇਣ ਲੱਗੀਆਂ। ਮੁੰਡੇ ਜਵਾਨ ਹੋਣ ਲੱਗੇ।

ਪਹਿਲਾਂ ਵੱਡੇ ਮੁੰਡੇ ਦਾ ਅਤੇ ਫਿਰ ਛੋਟੇ ਮੁੰਡੇ ਦਾ ਵਿਆਹ ਕਰ ਦਿੱਤਾ ਗਿਆ। ਦੋ ਛੋਟੇ ਮੁੰਡੇ ਕੁਆਰੇ ਸਨ ਕਿ ਉਨ੍ਹਾਂ ਦੀ ਮਾਂ ਵੀ ਸੰਸਾਰ ਨੂੰ ਅਲਵਿਦਾ ਆਖ ਗਈ। ਇਹ ਸਦਮਾ ਪਾਲੇ ਲਈ ਵੱਡਾ ਸੀ। ਉਸ ਨੂੰ ਆਪਣੇ ਛੋਟੇ ਮੁੰਡਿਆਂ ਅਤੇ ਆਪਣਾ ਫਿਕਰ ਸਤਾਉਣ ਲੱਗਾ। ਕੁਝ ਦੇਰ ਤਾਂ ਇਕੱਠ ਨਿਭਦਾ ਰਿਹਾ ਪਰ ਬਾਅਦ ਵਿਚ ਮੁੰਡਿਆਂ ਨੂੰ ਆਪੋ ਧਾਪੀ ਪੈ ਗਈ ਅਤੇ ਪਾਲੇ ਨੂੰ ਇਹ ਹੂਲਾ ਫੱਕਣਾ ਪਿਆ ਸੀ ਅਤੇ ਪਰਦੇਸਣ ਨੂੰ ਘਰ ਲੈ ਕੇ ਆਉਣਾ ਪਿਆ।

ਪਾਲੇ ਨੇ ਟਰੱਕ ਲਈ ਡਰਾਈਵਰ ਰੱਖ ਲਿਆ ਅਤੇ ਆਪ ਸਾਰਾ ਦਿਨ ਘਰੇ ਹੀ ਮੀਤੋ ਕੋਲ ਬੈਠਾ ਰਹਿੰਦਾ। ਦੋਵਾਂ ਮੁੰਡਿਆਂ ਨੂੰ ਟਰੱਕਾਂ ਉਪਰ ਟੋਰੀ ਰੱਖਦਾ ਸੀ। ਉਹ ਹਫਤਾ-ਹਫਤਾ ਬਾਹਰ ਲਾ ਆਉਂਦੇ। ਘਰ ਵਿਚ ਪਾਲਾ ਅਤੇ ਮੀਤੋ ਰੰਗ-ਰਲੀਆਂ ਮਨਾਉਂਦੇ ਰਹਿੰਦੇ। ਦੋਵੇਂ ਛੋਟੇ ਵੀ ਵਿਆਹੁਣਯੋਗ ਹੋ ਚੁੱਕੇ ਸਨ ਪਰ ਪਾਲੇ ਨੂੰ ਕੋਈ ਫਿਕਰ ਨਹੀਂ ਸੀ। ਉਸ ਨੂੰ ਹਮੇਸ਼ਾ ਮੀਤੋ ਦਾ ਹੀ ਧਿਆਨ ਰਹਿੰਦਾ ਸੀ। ਉਸ ਲਈ ਮੰਡੀ ਤੋਂ ਕੁਝ ਨਾ ਕੁਝ ਲਿਆਈ ਰੱਖਦਾ ਸੀ। ਕਦੇ ਨਵੇਂ ਸੂਟ ਅਤੇ ਕਦੇ ਗਹਿਣੇ ਲੈ ਕੇ ਆ ਜਾਂਦਾ। ਉਹ ਮੀਤੋ ਨੂੰ ਖੁਸ਼ ਰੱਖਣ ਦਾ ਯਤਨ ਕਰਦਾ ਸੀ, ਪਰ ਮੀਤੋ ਨੂੰ ਹਾਣ-ਪ੍ਰਵਾਨ ਦੀ ਤਾਂਘ ਸੀ। ਉਹ ਮੁੰਡਿਆਂ 'ਤੇ ਨਿਗਾਹ ਰੱਖਣ ਲੱਗੀ ਅਤੇ ਅਖੀਰ ਸੀਤੇ ਨੂੰ, ਜੋ ਕਿ ਘਰ ਵਿਚ ਵੱਡਾ ਮੁੰਡਾ ਸੀ, ਨੂੰ ਆਪਣੀ ਚਾਟ 'ਤੇ ਲੈ ਲਿਆ। ਉਹ ਉਸ ਵਿੱਚ ਵਿਸ਼ੇਸ਼ ਰੁਚੀ ਰੱਖਦੀ।

ਪਹਿਲਾਂ ਪਹਿਲ ਤਾਂ ਸੀਤੇ ਨੇ ਕੋਈ ਪ੍ਰਵਾਹ ਨਾ ਕੀਤੀ ਪਰ ਉਹ ਵੀ ਮੀਤੋ ਵੱਲ ਖਿੱਚਦਾ ਗਿਆ ਅਤੇ ਵੇਲੇ-ਕੁਵੇਲੇ ਉਹ ਪਾਲੇ ਤੋਂ ਚੋਰੀ ਇਕ ਦੂਸਰੇ ਨੂੰ ਮਿਲਣ ਲੱਗੇ। ਮੀਤੋ ਕਿਸੇ ਨਾ ਕਿਸੇ ਬਹਾਨੇ ਪਾਲੇ ਨੂੰ ਸ਼ਹਿਰ ਭੇਜ ਦਿੰਦੀ ਅਤੇ ਆਪ ਸੀਤੇ ਨਾਲ ਰੰਗ-ਰਲੀਆਂ ਮਨਾਉਂਦੀ। ਹੁਣ ਉਹ ਪੂਰੀ ਤਰ੍ਹਾਂ ਖੁਸ਼ ਸੀ, ਉਸ ਨੂੰ ਉਸ ਦਾ ਹਾਣ ਜੋ ਮਿਲ ਗਿਆ ਸੀ। ਸੀਤਾ ਵੀ ਕੋਈ ਨਾ ਕੋਈ ਬਿਮਾਰੀ ਦਾ ਬਹਾਨਾ ਬਣਾ ਕੇ ਘਰ ਹੀ ਰਹਿਣਾ ਪਸੰਦ ਕਰਦਾ। ਉਹ ਆਪਣੇ ਛੋਟੇ ਭਰਾ ਨੂੰ ਕੰਮ 'ਤੇ ਭੇਜ ਦਿੰਦਾ ਅਤੇ ਨਸ਼ਾ ਵੀ ਕਰਨ ਲੱਗ ਪਿਆ ਸੀ।

ਪਾਲੇ ਨੂੰ ਸ਼ਰਾਬ ਤਾਂ ਪਹਿਲਾਂ ਹੀ ਚੰਗੀ ਲੱਗਦੀ ਸੀ। ਹੁਣ ਉਹ ਕਮਜ਼ੋਰੀ ਮਹਿਸੂਸ ਕਰਦਾ ਸੀ, ਜਿਸ ਕਾਰਨ ਹੋਰ ਨਸ਼ੇ ਵੀ ਕਰਨ ਲੱਗ ਪਿਆ। ਪਿਤਾ-ਪੁੱਤ ਇੱਕ ਦੂਜੇ ਤੋਂ ਚੋਰੀ ਨਸ਼ੇ ਕਰਦੇ। ਸੀਤੇ ਨੂੰ ਵੀ ਚੋਰੀ ਦਾ ਗੁੜ ਮਿੱਠਾ ਲੱਗਣ ਲੱਗ ਗਿਆ ਸੀ। ਛੋਟਾ ਮੁੰਡਾ ਆਪਣੇ ਕੰਮ ਵਿਚ ਮਸਤ ਰਹਿੰਦਾ ਸੀ। ਇਕ ਦਿਨ ਪਾਲੇ ਨੇ ਮੀਤੋ ਅਤੇ ਸੀਤੇ ਨੂੰ ਗਲਤ ਹਾਲਤ ਵਿਚ ਦੇਖ ਲਿਆ। ਉਸ ਨੇ ਰੌਲਾ ਨਾ ਪਾਇਆ ਪਰ ਇਹ ਗੱਲ ਉਸ ਨੂੰ ਚੰਗੀ ਨਾ ਲੱਗੀ। ਉਸ ਨੇ ਦਿਨ ਵੇਲੇ ਹੀ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਭਾਵੇਂ ਮੀਤੋ ਨੂੰ ਇਹ ਭਿਣਕ ਪੈ ਗਈ ਸੀ ਕਿ ਪਾਲੇ ਨੂ ਉਸ ਦੇ ਤੇ ਸੀਤੇ ਦੇ ਸਬੰਧਾਂ ਬਾਰੇ ਪਤਾ ਲੱਗ ਗਿਆ ਹੈ ਪਰ ਉਸ ਨੇ ਪ੍ਰਵਾਹ ਨਾ ਕੀਤੀ। ਮੀਤੋ ਨੇ ਜਾਣ-ਬੁੱਝ ਕੇ ਪਾਲੇ ਦੀ ਪ੍ਰਵਾਹ ਕਰਨੀ ਛੱਡ ਦਿੱਤੀ। ਪਾਲਾ ਅੰਦਰੋਂ-ਅੰਦਰੀਂ ਘੁਟ-ਘੁਟ ਕੇ ਜੀ ਰਿਹਾ ਸੀ। ਨਸ਼ਾ ਵੀ ਪਹਿਲਾਂ ਨਾਲੋਂ ਵਧੇਰੇ ਕਰਨ ਲੱਗਾ।

ਅਖੀਰ ਉਹੀ ਹੋਇਆ, ਜਿਸ ਦਾ ਡਰ ਸੀ। ਨਸ਼ੇ ਦੀ ਬਹੁਤਾਤ ਕਾਰਨ ਇਕ ਦਿਨ ਪਾਲਾ ਸਵੇਰੇ ਮੰਜੇ ਤੋਂ ਨਾ ਉਠਿਆ। ਜਦੋਂ ਛੋਟੇ ਘਸੀਟੇ ਨੇ ਆਪਣੇ ਬਾਪ ਨੂੰ ਹਿਲਾਇਆ ਅਤੇ ਉਹ ਨਾ ਹਿੱਲਿਆ, ਨਾ ਬੋਲਿਆ ਤਾਂ ਉਸ ਨੇ ਰੌਲਾ ਪਾਇਆ। ਸਾਰੇ ਲੋਕ ਇਕੱਠੇ ਹੋ ਗਏ। ਵੱਡੇ ਮੁੰਡੇ ਜਿਹੜੇ ਅੱਡ ਹੋ ਗਏ ਸਨ, ਉਨ੍ਹਾਂ ਨੂੰ ਬੁਲਾਇਆ ਗਿਆ ਪਰ ਉਨ੍ਹਾਂ ਨੇ ਆਉਣ ਦੀ ਲੋੜ ਨਾ ਮਹਿਸੂਸ ਕੀਤੀ। ਸੀਤੇ ਅਤੇ ਘਸੀਟੇ ਨੇ ਆਪਣੇ ਪਿਤਾ ਦਾ ਸਸਕਾਰ ਕਰ ਦਿੱਤਾ। ਮੀਤੋ ਨੇ ਰੋ-ਰੋ ਕੇ ਆਪਣਾ ਬੁਰਾ ਹਾਲ ਕਰ ਲਿਆ। ਭਾਵੇਂ ਉਹ ਦੁਨੀਆ ਦੀਆਂ ਨਜ਼ਰਾਂ ਵਿਚ ਰੰਡੀ ਹੋ ਗਈ ਸੀ ਪਰ ਸੀਤੇ ਦੀ ਹਾਜ਼ਰੀ ਵਿਚ ਉਹ ਖੁਸ਼ ਸੀ। ਸਮਾਂ ਪਾ ਕੇ ਘਸੀਟੇ ਦਾ ਵਿਆਹ ਕਰ ਦਿੱਤਾ ਗਿਆ।

---

# ਹੰਝੂ ਹਮੇਸ਼ਾ ਖਾਰੇ ਨਹੀਂ ਹੁੰਦੇ

*(ਪਿਛਲੇ ਸਫੇ ਦਾ ਬਾਕੀ )*

ਇਹ ਆਖ ਕੇ 'ਜੇ ਹੋਈ ਕੋਈ ਉੱਨੀ ਇੱਕੀ ਤਾਂ', ਪਰਨਾਲਾ ਉੱਥੇ ਦਾ ਉੱਥੇ ਹੀ ਛੱਡ ਗਿਆ ਸੀ। ਹਾਕਮ ਵੱਲੋਂ ਗੱਲ ਕਿਸੇ ਤਣ ਪੱਤਣ ਨਾ ਲਾਉਣ ਕਰਕੇ ਉਸ ਦੇ ਮਨ ਦਾ ਧੁੜਕੂ ਹੋਰ ਵਧ ਗਿਆ ਸੀ।

ਜਿਉਂ ਜਿਉਂ ਬੱਸ ਸ਼ਹਿਰ ਵੱਲ ਜਾ ਰਹੀ ਸੀ, ਤਿਉਂ ਤਿਉਂ ਉਸ ਦੇ ਦਿਲ ਦੀ ਧੜਕਣ ਤੇਜ਼ ਹੋ ਰਹੀ ਸੀ। ਕਈ ਵਾਰ ਉਸ ਨੂੰ ਜਾਪਿਆ ਜਿਵੇਂ ਧੜਕ ਧੜਕ ਕੇ ਦਿਲ ਸੀਨੇ 'ਚੋਂ ਬਾਹਰ ਆ ਨਿਕਲੇਗਾ। ਆਪਣਾ ਧਿਆਨ ਇਸ ਗੱਲ ਤੋਂ ਹਟਾਉਣ ਲਈ ਉਸ ਨੇ ਬੱਸ ਦੀ ਬਾਰੀ ਵਿਚੋਂ ਬਾਹਰ ਵੱਲ ਨਿਗਾਹ ਮਾਰੀ। ਸੜਕ ਦੇ ਆਸੇ ਪਾਸੇ ਸੋਨੇ ਰੰਗੀ ਕਣਕ ਨੂੰ ਦੇਖ ਕੇ ਇਕ ਪਲ ਲਈ ਤਾਂ ਉਸ ਅੰਦਰਲਾ ਕਿਸਾਨ ਖੁਸ਼ੀ ਨਾਲ ਖੀਵਾ ਹੋ ਗਿਆ। ਇਹ ਖੇਤ ਦੇਖ ਕੇ ਉਸ ਨੂੰ ਆਪਣੀ ਫਸਲ ਯਾਦ ਆ ਗਈ ਪਰ ਅਗਲੇ ਹੀ ਪਲ ਐਡਵੋਕੇਟ ਅਜੀਤ ਸਿੰਘ ਦੇ ਬੋਲ ਉਸ ਦੇ ਕੰਨਾਂ ਵਿਚ ਖੌਰੂ ਪਾਉਣ ਲੱਗੇ। ਐਡਵੋਕੇਟ ਦੇ ਸਹਿਜਤਾ ਨਾਲ ਕਹੇ ਬੋਲ ਵੀ ਉਸ ਦੇ ਕੰਨਾਂ ਵਿਚ ਹਥੌੜਿਆਂ ਵਾਂਗ ਵੱਜ ਰਹੇ ਸਨ।

'ਜੇਕਰ ਅੱਜ ਉਹਨਾਂ ਨੇ ਕਾਰ ਦੀ ਮੰਗ ਰੱਖ ਦਿੱਤੀ ਜਾਂ ਨਕਦਨਾਮਾ ਮੰਗ ਲਿਆ ਤਾਂ ਮੈਂ ਹਾਂ ਕਰ ਦੇਣੀ ਐ। ਇਸ ਤਰ੍ਹਾਂ ਵਾਰ ਵਾਰ ਰਿਸ਼ਤਾ ਤੋੜਨ ਨਾਲ ਤਾਂ ਕੁੜੀ ਦਾ ਰਿਸ਼ਤਾ ਹਮੇਸ਼ਾ ਲਈ ਅਟਕ ਜਾਵੇਗਾ ਤੇ ਲੋਕ ਤਾਂ ਮਿੰਟੋ-ਮਿੰਟੀ ਖੰਭਾਂ ਦੀਆਂ ਡਾਰਾਂ ਬਣਾ ਦਿੰਦੇ ਨੇ। ਮੁੰਡੇ ਵਾਲੇ ਤਾਂ ਹੁਣੇ ਈ ਨੀ ਮਾਣ, ਜੇ ਕੁੜੀ ਦਾ ਦੋ ਵਾਰ ਰਿਸ਼ਤਾ ਟੁੱਟ ਗਿਆ ਤਾਂ ਕੰਮ ਔਖਾ ਹੋ ਜਾਣੈ। ਨਾਲੇ ਕੁੜੀਆਂ ਨੂੰ ਕਿੰਨਾ ਕੁ ਚਿਰ ਘਰੇ ਬਿਠਾਇਆ ਜਾ ਸਕਦੈ। ਇਹ ਅੱਕ ਤਾਂ ਇਉਂ ਹੀ ਚੱਬਣਾ ਪੈਣਾ, ਭਾਵੇਂ ਕਿੰਨਾ ਵੀ ਕੌੜਾ ਕਿਉਂ ਨਾ ਹੋਵੇ। ਸਭ ਕੁਝ ਅੱਜ ਮੁਕਾ ਕੇ ਹੀ ਮੁੜਾਂਗਾ। ਆੜ੍ਹਤੀਏ ਦੇ ਜਾ ਕੇ ਗੱਲ ਨਿਬੇੜ ਲਵਾਂਗਾ। ਸੁਖ ਨਾਲ ਇਸ ਵਾਰ ਫਸਲ ਵੀ ਸੋਹਣੀ ਹੋ ਜਾਣੀ ਐ। ਫਿਕਰ ਕਿਸ ਗੱਲ ਦੀ ਹੈ। ਬੱਸ ਇਹ ਰਿਸ਼ਤਾ ਹੱਥੋਂ ਨਹੀਂ ਜਾਣਾ ਚਾਹੀਦਾ, ਜੋ ਮਰਜ਼ੀ ਹੋ ਜਾਏ।' ਉਹ ਬੈਠਾ ਬੈਠਾ ਆਪਣੇ ਆਪ ਨਾਲ ਉਲਝਿਆ ਹੋਇਆ ਸੀ।

"ਬੱਸ ਅੱਡੇ ਆਲੇ... ਬੱਸ ਅੱਡੇ ਆਲੇ ਉਤਰੋ ਬਈ, ਬੱਸ ਅੰਦਰ ਨੀ ਜਾਣੀ ਬੱਸ ਅੱਡੇ ਦੇ।" ਬੱਸ ਕੰਡਕਟਰ ਦੀ ਉੱਚੀ ਆਵਾਜ਼ ਨੇ ਉਸ ਨੂੰ ਸੋਚਾਂ 'ਤੋਂ ਬਾਹਰ ਕੱਢਿਆ।

ਬੱਸ ਦੀ ਪਿਛਲੀ ਤਾਕੀ ਉੱਤਰ ਉਹ ਬਾਜ਼ਾਰ ਵੱਲ ਤੁਰ ਪਿਆ। ਹੋਟਲ ਤਕ ਪਹੁੰਚਣ ਲਈ ਭਾਵੇਂ ਰਿਕਸ਼ਾ ਲੈਣਾ ਬਿਹਤਰ ਸੀ ਪਰ ਉਸ ਨੇ ਤੁਰ ਕੇ ਜਾਣ ਨੂੰ ਹੀ ਬਿਹਤਰ ਸਮਝਿਆ।

'ਦਸਾਂ ਮਿੰਟਾਂ ਦੀ ਵਾਟ ਐ। ਤੁਰੇ ਚੱਲਦੇ ਆਂ', ਸੋਚ ਕੇ ਉਹ ਰਾਹੇ ਪੈ ਗਿਆ। ਜਿਵੇਂ ਜਿਵੇਂ ਹੋਟਲ ਨੇੜੇ ਆ ਰਿਹਾ ਸੀ, ਉਸ ਦਾ ਦਿਲ ਘਟ ਰਿਹਾ ਸੀ। 'ਜੇਕਰ ਵੱਡੀ ਕਾਰ ਤੇ ਨਕਦਨਾਮਾ ਦੋਵੇਂ ਹੀ ਮੰਗ ਲਏ? ਫੇਰ ਤਾਂ ਕਸੂਤਾ ਯੱਭ ਖੜ੍ਹਾ ਹੋ ਜਾਊ। ਸ਼ਹਿਰ ਦੇ ਕਹਿੰਦੇ ਕਹਾਉਂਦੇ ਵਕੀਲ ਦਾ ਇਕਲੌਤਾ ਸਰਕਾਰੀ ਵਕੀਲ ਮੁੰਡਾ ਹੋਵੇ ਤੇ ਮੰਗ ਤਾਂ ਉੱਚੀ ਹੋਣੀ ਸੁਭਾਵਕ ਹੀ ਐ। ਏਸੇ ਗੱਲੋਂ ਡਰਦਿਆਂ ਨੇ ਪਹਿਲਾਂ ਹੀ ਇਹ ਗੱਲਾਂ ਖੋਲ੍ਹਣ ਲਈ ਐਨਾ ਜ਼ੋਰ ਪਾਇਆ ਸੀ ਪਰ ਉਦੋਂ ਤਾਂ ਪਤੰਦਰਾਂ ਨੇ ਲੈਣ ਦੇਣ ਦਾ ਨਾਂ ਤਕ ਨਹੀਂ ਲਿਆ। ਅਖੇ, ਰੱਬ ਦਾ ਦਿੱਤਾ ਸਭ ਕੁਝ ਐ ਸੁੱਖ ਨਾਲ। ਨਾ' ਪੁੱਛੋ ਹੁਣ ਰੱਬ ਦੇ ਦਿੱਤੇ ਨੂੰ ਕਿਹੜੇ ਚੋਰ ਪੈ ਗਏ।' ਤੁਰਦਿਆਂ ਉਸ ਦੀ ਸੋਚ ਵੀ ਪੁਲਾਂਘਾਂ ਪੁੱਟਦੀ ਜਾ ਰਹੀ ਸੀ। 'ਪਰ ਐਤਕੀਂ ਗੱਲ ਹਰ ਹੀਲੇ ਸਿਰੇ ਲਾਉਣੀ ਐ, ਜੇ ਕਾਰ ਤੇ ਨਕਦੀ ਦੋਵੇਂ ਮੰਗ ਲਈਆਂ ਤਾਂ ਵੀ ਹਾਂ ਕਰ ਦੇਵਾਂਗਾ। ਆੜ੍ਹਤੀਏ ਤੋਂ ਵਿਆਜੂ ਫੜ ਲਵਾਂਗੇ। ਅਗਲੀ ਫਸਲ 'ਤੇ ਹੱਥ ਘੁੱਟ ਕੇ ਸਭ ਲਾਹ ਦਿਆਂਗੇ। ਬੱਸ ਐਡਵੋਕੇਟ ਸਾਬ੍ਹ ਨੂੰ ਇਕੋ ਬੇਨਤੀ ਕਰਾਂਗਾ ਕਿ ਇਸ ਲੈਣ ਦੇਣ ਦੀ ਸਾਡੇ ਟੱਬਰ ਦੇ ਕਿਸੇ ਜੀਅ ਕੋਲ ਭਾਫ ਨਹੀਂ ਨਿਕਲਣੀ ਚਾਹੀਦੀ। ਐਨੀ ਕੁ ਗੱਲ ਤਾਂ ਮੰਨ ਹੀ ਜਾਣਗੇ।'

ਪੰਦਰਾਂ ਮਿੰਟ ਕਦੋਂ ਲੰਘ ਗਏ, ਉਸ ਨੂੰ ਪਤਾ ਹੀ ਨਾ ਲੱਗਿਆ। ਐਡਵੋਕੇਟ ਅਜੀਤ ਸਿੰਘ ਪਹਿਲੋਂ ਹੀ ਹੋਟਲ ਦੇ ਬਾਹਰ ਖੜ੍ਹਾ ਉਸ ਦੀ ਉਡੀਕ ਕਰ ਰਿਹਾ ਸੀ।

"ਸਤਿ ਸ੍ਰੀ ਅਕਾਲ ਸਰਦਾਰ ਸਾਬ੍ਹ।"

ਉਸ ਨੇ ਆਪਣੇ ਹੋਣ ਵਾਲੇ ਕੁੜਮ ਨਾਲ ਘੁੱਟ ਕੇ ਹੱਥ ਮਿਲਾਇਆ।

"ਆਓ, ਅੰਦਰ ਬੈਠ ਕੇ ਗੱਲਾਂ ਕਰਦੇ ਹਾਂ", ਆਖ ਕੇ ਐਡਵੋਕੇਟ ਉਸ ਨੂੰ ਹੋਟਲ ਦੇ ਅੰਦਰ ਲੈ ਗਿਆ, "ਦੱਸੋ ਕੀ ਖਾਣਾ ਪੀਣੈ? ਚਾਹ ਜਾਂ ਲੰਗਰ ਪਾਣੀ?" ਐਡਵੋਕੇਟ ਨੇ ਸੁਲ੍ਹਾ ਮਾਰੀ।

"ਚਾਹ ਹੀ ਪੀ ਲਵਾਂਗੇ।" ਉਸ ਦੇ ਮੂੰਹੋਂ ਮਸਾਂ ਹੀ ਨਿਕਲਿਆ।

'ਵੈਸੇ ਤਾਂ ਚਾਹ ਵੀ ਕਿਹੜਾ ਸੰਘੀ 'ਚੋਂ ਨਿਕਲਣੀ ਐ ਹੁਣ', ਜੋਗਿੰਦਰ ਸਿੰਘ ਮਨ ਹੀ ਮਨ ਸੋਚ ਰਿਹਾ ਸੀ।

"ਮਾਫੀ ਚਾਹੁੰਨਾ, ਤੁਹਾਨੂੰ ਇਹ ਤਕਲੀਫ ਦਿੱਤੀ ਪਰ ਕੁਝ ਗੱਲਾਂ ਨੇ ਜੋ ਮੈਂ ਸਮਝਦਾਂ, ਵਿਆਹ ਤੋਂ ਪਹਿਲਾਂ ਤੁਹਾਡੇ ਨਾਲ ਜ਼ਰੂਰ ਕਰ ਲਈਆਂ ਜਾਣ।" ਐਡਵੋਕੇਟ ਨੇ ਗੱਲਬਾਤ ਸ਼ੁਰੂ ਕੀਤੀ।

"ਮਾਫੀ ਆਲੀ ਕਿਹੜੀ ਗੱਲ ਐ ਜੀ, ਤੁਹਾਡਾ ਹੁਕਮ ਸਿਰ ਮੱਥੇ।" ਉਸ ਨੇ ਜਵਾਬ ਦਿੱਤਾ।

"ਦਰਅਸਲ ਸਰਦਾਰ ਸਾਬ੍ਹ, ਮੈਂ ਤੁਹਾਡੇ ਨਾਲ ਆਪਣੇ ਦਿਲ ਦੀ ਗੱਲ ਕਰਨੀ ਚਾਹੁੰਨਾ। ਤੁਹਾਡੇ ਵਾਂਗ ਮੈਂ ਇਕ ਧੀ ਦਾ ਬਾਪ ਹਾਂ ਤੇ ਹਾਲੇ ਕੁਝ ਮਹੀਨੇ ਪਹਿਲਾਂ ਹੀ ਉਸ ਦਾ ਕਾਰਜ ਕਰ ਕੇ ਹਟਿਆ ਹਾਂ। ਇਕ ਧੀ ਦੇ ਬਾਪ ਦੇ ਸਿਰ 'ਤੇ ਜੋ ਭਾਰ ਹੁੰਦੈ, ਫਿਕਰਾਂ ਦੀ ਜੋ ਪੰਡ ਹੁੰਦੀ ਐ, ਮੈਂ ਉਸ ਤੋਂ ਭਲੀ ਭਾਂਤ ਜਾਣੂ ਹਾਂ। ਸੋ ਮੈਂ ਚਾਹੁੰਨਾ ਕਿ ਤੁਹਾਡੇ ਸਿਰ 'ਤੇ ਕੋਈ ਭਾਰ ਨਾ ਹੋਵੇ ਜਦੋਂ ਤੁਸੀਂ ਆਪਣੀ ਧੀ ਦਾ ਕਾਰਜ ਕਰ ਰਹੇ ਹੋਵੋ। ਸੋ ਮੇਰੀ ਬੇਨਤੀ ਹੈ ਕਿ ਸਾਨੂੰ ਖੁਸ਼ ਕਰਨ ਲਈ ਕੋਈ ਵੀ ਐਸਾ ਕੰਮ ਨਾ ਕਰਿਓ ਕਿ ਪੈਰ ਚਾਦਰ 'ਚੋਂ ਬਾਹਰ ਨਿਕਲ ਜਾਣ। ਤੁਸੀਂ ਆਪਣੀ ਧੀ ਦੇ ਕੇ ਜੋ ਅਹਿਸਾਨ ਸਾਡੇ 'ਤੇ ਕਰ ਰਹੇ ਹੋ, ਉਹ ਹੀ ਸਾਡੇ ਲਈ ਬਹੁਤ ਹੈ। ਹੋਰ ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਹੱਥ ਜੋੜ ਕੇ ਬੇਨਤੀ ਹੈ ਕਿ ਕੋਈ ਲੈਣ ਦੇਣ ਦੇ ਚੱਕਰ 'ਚ ਨਾ ਪਇਓ। ਅਸੀਂ ਤੁਹਾਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਅਸੀਂ ਲੈਣ ਦੇਣ ਦੇ ਬਿਲਕੁਲ ਵੀ ਹੱਕ ਵਿਚ ਨਹੀਂ ਹਾਂ। ਸਾਨੂੰ ਸਿਰਫ ਤੁਹਾਡੀ ਧੀ ਆਪਣੇ ਪੁੱਤ ਲਈ ਚਾਹੀਦੀ ਹੈ, ਬਾਕੀ ਰੱਬ ਦਾ ਦਿੱਤਾ ਬਹੁਤ ਕੁਝ ਹੈ ਸਾਡੇ ਕੋਲ।" ਕਹਿੰਦਿਆਂ ਕਹਿੰਦਿਆਂ ਐਡਵੋਕੇਟ ਦੇ ਬੋਲਾਂ ਵਿਚ ਨਮੀ ਭਰ ਗਈ ਸੀ ਤੇ ਜੋਗਿੰਦਰ ਸਿੰਘ ਦੀਆਂ ਭਰੀਆਂ ਅੱਖਾਂ ਛਲਕ ਪਈਆਂ ਸਨ।

ਜੋਗਿੰਦਰ ਸਿੰਘ ਦੇ ਹੱਥ ਹਾਲੇ ਵੀ ਐਡਵੋਕੇਟ ਦੇ ਹੱਥਾਂ ਵਿਚ ਘੁੱਟੇ ਹੋਏ ਸਨ ਤੇ ਉਸ ਨੂੰ ਮਹਿਸੂਸ ਹੋ ਰਿਹਾ ਸੀ, ਜਿਵੇਂ ਹੱਥਾਂ ਦੀ ਇਹ ਘੁੱਟਣ ਨਿੱਘੇ ਤੇ ਪਿਆਰੇ ਰਿਸ਼ਤੇ ਦੇ ਭਵਿੱਖ ਦੀ ਗਵਾਹੀ ਭਰ ਰਹੀ ਹੋਵੇ।

# ਮੋਮਬੱਤੀ

ਮਾਲ਼ਾ ਕਮਰੇ ਵਿੱਚ ਜਗ ਰਹੀ ਮੋਮਬੱਤੀ ਵੱਲ ਨੂੰ ਲਗਾਤਾਰ ਦੇਖੀ ਜਾ ਰਹੀ ਸੀ। ਪਲ ਕੁ ਮਗਰੋਂ ਕੋਈ ਕੀਟ-ਪਤੰਗਾਂ ਉਸ ਜਲ ਰਹੀ ਮੋਮਬੱਤੀ ਦੇ ਵੱਲ ਨੂੰ ਆਉਂਦਾ ਤੇ ਜਾਂ ਤੇ ਜਲ ਕੇ ਉਸਦੇ ਆਸ-ਪਾਸ ਪਿਆ ਰਹਿ ਜਾਂਦਾ ਜਾਂ ਫਿਰ ਮੋਮਬੱਤੀ ਦੇ ਉਪਰ ਹੀ ਜੰਮ ਜਾਂਦਾ।

ਇਹ ਸਾਰਾ ਦ੍ਰਿਸ਼ ਮਾਲ਼ਾ ਨੂੰ ਆਪਣੀ ਹੀ ਜ਼ਿੰਦਗੀ ਨਾਲ ਮਿਲਦਾ ਜੁਲਦਾ ਲੱਗਿਆ ਕਿਉਂਕਿ ਆਉਣ ਵਾਲਾ ਗਾਹਕ ਵੀ ਇਸੇ ਤਰਾਂ ਉਸਦੇ ਆਸ-ਪਾਸ ਮੰਡਰਾ ਕੇ ਉਸਦੇ ਸਾਥ ਤੋਂ ਬਾਅਦ ਜਾਂ ਤਾਂ ਉਸਦੇ ਆਸ-ਪਾਸ ਡਿੱਗ ਕੇ ਹੀ ਲੰਬੇ-ਲੰਬੇ ਸਾਹ ਖਿੱਚਣ ਲੱਗ ਪੈਂਦਾ ਜਿਵੇਂ ਉਹ ਆਖਰੀ ਸਾਹਾਂ ਤੇ ਹੋਵੇ ਤੇ ਜਾ ਫਿਰ ਉਸਦੇ ਉਪਰ ਹੀ ਡਿਗ ਪੈਂਦਾ ਜਿਸਨੂੰ ਉਹ ਆਪ ਧੱਕ ਕੇ ਪਰਲੇ ਪਾਸੇ ਸਿੱਟਦੀ ਸੀ।

ਹੌ਼ਲੀ-ਹੌ਼ਲੀ ਜਦ ਜਲਦੀ ਹੋਈ ਮੋਮਬੱਤੀ ਅੱਧੀ ਨਾਲੋਂ ਵੀ ਘੱਟ ਰਹਿ ਗਈ ਤਾਂ ਮਾਲਾ ਦੇ ਮਨ ਵਿੱਚ ਇੱਕ ਅਜੀਬ ਜਿਹੇ ਸਹਿਮ ਨੇ ਘਰ ਕਰਨਾ ਸ਼ੁਰੂ ਕਰ ਦਿੱਤਾ ਉਸਨੂੰ ਜਾਪਿਆ ਕਿ ਜਿੱਦਾਂ-ਜਿੱਦਾਂ ਇਹ ਮੋਮਬੱਤੀ ਪਿਘਲ-ਪਿਘਲ ਕੇ ਪਲ-ਦਰ-ਪਲ ਛੋਟੀ ਹੋਈ ਜਾ ਰਹੀ ਸੀ ਤੇ ਅੰਤ ਖਤਮ ਹੋਣ ਦੀ ਹੱਦ ਤੇ ਆ ਗਈ ਸੀ ਬਿਲਕੁਲ ਉਸੇ ਤਰਾਂ ਉਹ ਵੀ ਜਦ ਪਿਘਲ-ਪਿਘਲ ਕੇ ਅੰਤ ਤੇ ਆ ਜਾਊਗੀ ਤਾਂ ਉਸਦੀ ਜ਼ਿੰਦਗੀ ਵਿੱਚ ਵੀ ਵੈਸਾ ਈ ਹਨੇਰਾ ਹੋ ਜਾਊ ਜਿਸ ਤਰਾਂ ਦਾ ਹਨੇਰਾ ਕੁਝ ਪਲ ਮਗਰੋਂ ਇਸ ਮੋਮਬੱਤੀ ਦੇ ਖਤਮ ਹੋਣ ਤੇ ਕਮਰੇ ਵਿੱਚ ਹੋਣ ਵਾਲਾ ਸੀ।

ਇਸ ਛੋਟੇ ਜਿਹੇ ਖਿਆਲ ਦੇ ਡਰੋਂ ਹੀ ਮਾਲਾ ਆਪਣੀ ਜਗਾਹ ਤੋਂ ਉੱਠੀ ਤੇ ਉਸਨੇ ਫੂਕ ਮਾਰ ਕੇ ਮੋਮਬੱਤੀ ਬੁਝਾ ਦਿੱਤੀ ਫਿਰ ਕਮਰੇ ਵਿੱਚ ਹੋਏ ਹਨੇਰੇ ਤੋਂ ਉਸਨੂੰ ਕੁਛ-ਕੁਛ ਡਰ ਆਉਣ ਲੱਗ ਪਿਆ ਤਾਂ ਉਸਨੇ ਮੁੜ ਤੋਂ ਉਸ ਮੋਮਬੱਤੀ ਨੂੰ ਜਲਾ ਦਿੱਤਾ।

# ਏਥੋਂ ਉੱਡ ਜਾ ਭੋਲਿਆ ਪੰਛੀਆ...

***ਨੰਦ ਲਾਲ ਨੂਰਪੁਰੀ ਦੇ ਗੀਤਾਂ ਵਿਚ ਲੋਕ ਗੀਤਾਂ ਵਰਗੀ ਮਹਿਕ ਹੈ। ਪੰਜਾਬੀ ਸਭਿਆਚਾਰ ਦੀ ਇਕਸੁਰਤਾ ਅਤੇ ਸਾਂਝੀਵਾਲਤਾ ਉਸ ਦੇ ਗੀਤਾਂ ਵਿਚ ਗੁੰਨ੍ਹੀ ਹੋਈ ਹੈ। ਨੂਰਪੁਰੀ ਦੀ ਸ਼ਾਇਰੀ ਪੰਜਾਬੀ ਸਭਿਆਚਾਰਕ ਵਿਰਸੇ ਦੇ ਆਸ਼ਕਾਂ ਨੂੰ ਕੀਲਣ ਦੇ ਸਮਰੱਥ ਹੈ। ਉਘੇ ਸ਼ਾਇਰ ਜਗਤਾਰ ਨੇ ਇਸ ਅਜ਼ੀਮ ਸ਼ਾਇਰ ਬਾਰੇ ਲਿਖੇ ਇਸ ਲੇਖ ਵਿਚ ਉਸ ਦੇ ਜੀਵਨ ਅਤੇ ਰਚਨਾ ਦਾ ਅਜਿਹਾ ਚਿੱਤਰ ਖਿੱਚਿਆ ਹੈ ਜਿਹੜਾ ਧੜਕਦਾ ਹੈ ਅਤੇ ਪਾਠਕ ਨੂੰ ਝੰਜੋੜਦਾ ਵੀ ਹੈ। ਜਗਤਾਰ ਨੇ ਸੱਚ ਹੀ ਲਿਖਿਆ ਹੈ ਕਿ ਉਸ ਦੇ ਗੀਤ ਖੇਤਾਂ, ਕਿਸਾਨਾਂ ਦੇ ਵਿਹੜਿਆਂ ਅਤੇ ਕਿਰਤੀਆਂ ਦੇ ਦਿਲਾਂ ਵਿਚ ਸਦਾ ਗੂੰਜਦੇ ਰਹਿਣਗੇ।***

ਉਸ ਨਾਲ ਮੇਰੀ ਪਹਿਲੀ ਮੁਲਾਕਾਤ ਕਦੋਂ ਹੋਈ, ਠੀਕ ਤਰ੍ਹਾਂ ਯਾਦ ਨਹੀਂ ਆ ਰਿਹਾ। ਉਸ ਨੂੰ ਮੈਂ ਬਹੁਤ ਪੁਰਾਣਾ ਜਾਣਦਾ ਸਾਂ। ਸਕੂਲ ਵਿਚ ਮੈਂ ਅਤੇ ਮੁਸਲਮਾਨਾਂ ਦਾ ਮੁੰਡਾ ਅਮੀਨ ਬੜੇ ਚੰਗੇ ਤਰੰਨਮ ਨਾਲ ਕਵਿਤਾ ਸੁਣਾਇਆ ਕਰਦੇ ਸਾਂ। ਆਮ ਤੌਰ 'ਤੇ ਮੈਂ ਉਸ ਦਾ ਗੀਤ 'ਮੈਂ ਵਤਨ ਦਾ ਸ਼ਹੀਦ ਹਾਂ, ਮੇਰੀ ਯਾਦ ਭੁਲਾ ਦੇਣੀ' ਗਾਇਆ ਕਰਦਾ ਸਾਂ। ਦਿਹਾਤ ਦੇ ਵੱਡੇ ਸਾਰੇ ਸਕੂਲ ਵਿਚ ਵਿਦਿਆਰਥੀ ਮੇਰੇ ਨਾਂ ਤੋਂ ਏਨਾ ਜਾਣੂ ਨਹੀਂ ਸਨ, ਜਿੰਨਾ ਇਸ ਗੀਤ ਰਾਹੀਂ ਮੈਨੂੰ ਜਾਣਦੇ ਸਨ। ਮੇਰੇ ਦਿਲ ਵਿਚ ਗੀਤਕਾਰ ਲਈ ਸਤਿਕਾਰ ਸੀ, ਸ਼ਰਧਾ ਸੀ। ਉਸ ਦੇ ਗੀਤਾਂ ਨੂੰ ਸਜਦਾ ਕਰਦਾ ਮੈਂ ਸੋਚਦਾ, ਕੀ ਪਤਾ ਕਿ ਇਸ ਗੀਤਕਾਰ ਨਾਲ ਕਦੇ ਮੁਲਾਕਾਤ ਹੋ ਸਕੇ ਕਿ ਨਾ?

ਇਨ੍ਹਾਂ ਦਿਨਾਂ ਵਿਚ ਹੀ ਉਸ ਦੇ ਦੋ ਗੀਤ ਹਰ ਇੱਕ ਦੀ ਜ਼ਬਾਨ 'ਤੇ ਸਨ: 'ਨਿੱਕੀ-ਨਿੱਕੀ ਬੰਸੀ ਸੁਣਾ ਜਾ ਵੇ ਛੋਹਰੂਆ' ਅਤੇ 'ਇੱਥੋਂ ਉੱਡ ਜਾ ਭੋਲਿਆ ਪੰਛਿਆ, ਵੇ ਤੂੰ ਆਪਣੀ ਜਾਨ ਬਚਾ।' ਮੈਂ ਜਦੋਂ 'ਇੱਥੇ ਘਰ-ਘਰ' ਫਾਹੀਆਂ ਗੱਡੀਆਂ, ਵੇ ਤੂੰ ਛੁਰੀਆਂ ਹੇਠ ਨਾ ਆ' ਸਤਰ 'ਤੇ ਆਉਂਦਾ ਤਾਂ ਮੇਰਾ ਹਿਰਦਾ ਕੰਬ ਜਾਂਦਾ।

...ਤੇ ਫੇਰ ਇਨ੍ਹਾਂ ਗੀਤਾਂ ਦੇ ਖਾਲਕ ਨਾਲ ਮੇਰੀ ਅਚਾਨਕ ਮੁਲਾਕਾਤ ਹੋ ਗਈ ਪਰ ਮੈਂ ਇਸ ਪਹਿਲੀ ਮੁਲਾਕਾਤ ਬਾਰੇ ਦੱਸ ਨਹੀਂ ਸਕਦਾ ਕਿ ਕਿਵੇਂ ਹੋਈ। ਮੇਰੀ ਦੂਸਰੀ ਮੁਲਾਕਾਤ ਉਸ ਨਾਲ ਜਲੰਧਰ ਹੋਈ। ਇਹ ਸ਼ਾਇਦ 1952 ਦੀ ਗੱਲ ਹੈ। ਲਾਇਲਪੁਰ ਖਾਲਸਾ ਕਾਲਜ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 'ਤੇ ਕਵੀ ਦਰਬਾਰ ਹੋ ਰਿਹਾ ਸੀ। ਬੜੀ ਤੇਜ਼ ਹਨੇਰੀ ਚੱਲ ਰਹੀ ਸੀ। ਮੈਂ ਆਪਣੇ ਕਮਰੇ ਵਿਚ ਬੈਠਾ ਸਾਂ, ਉਸ ਨੇ ਅਚਾਨਕ ਮੈਨੂੰ ਦੇਖ ਲਿਆ ਤੇ ਅੰਦਰ ਲੰਘ ਆਇਆ। ਇੰਦਰਜੀਤ ਸਿੰਘ ਤੁਲਸੀ ਵੀ ਉਸ ਦੇ ਨਾਲ ਸੀ। ਉਸ ਦਿਨ ਮੇਰੇ ਕਮਰੇ ਵਿਚ ਤੁਲਸੀ ਨੇ ਉਸ ਤੋਂ ਆਪਣੇ ਨਵੇਂ ਲਿਖੇ ਗੀਤ 'ਏਧਰ ਕਣਕਾਂ ਓਧਰ ਕਣਕਾਂ' ਦੀ ਸੁਧਾਈ ਕਰਾਈ ਅਤੇ 'ਮੈਂ ਮੜ੍ਹੀ ਰਣਜੀਤ ਦੀ' ਕਵਿਤਾ ਤੁਲਸੀ ਜੀ ਨੇ ਉਸ ਦੀ ਮਦਦ ਨਾਲ ਪੂਰੀ ਕੀਤੀ। ਗੱਲਾਂ-ਗੱਲਾਂ ਵਿਚ ਇੰਦਰਜੀਤ ਨੇ ਮੈਨੂੰ ਦੱਸਿਆ ਕਿ ਨੂਰਪੁਰੀ ਮੇਰਾ ਉਸਤਾਦ ਹੈ। ਮੈਂ ਵੀ ਉਸ ਦੀ ਉਸਤਾਦਾਂ ਵਾਂਗ ਕਦਰ ਕਰਦਾ ਸਾਂ। ਇਸ ਨਿੱਕੀ ਜਿਹੀ ਮੁਲਾਕਾਤ ਵਿਚ ਨੂਰਪੁਰੀ ਨੇ ਕਈ ਵਾਰ ਪਾਨ ਮੰਗਵਾਇਆ ਪਰ ਸਿਗਰਟ ਉਸ ਨੇ ਘੱਟ ਵੱਧ ਹੀ ਪੀਤੀ।




ਜਗਤਾਰ

ਰਾਤ ਨੂੰ ਕਵੀ ਦਰਬਾਰ ਵਿਚ ਭਾਵੇਂ ਤੀਰ, ਬਲੱਗਣ, ਆਸੀ, ਕੁੰਦਨ, ਮਾਨ, ਸਾਬਰ, ਰਾਏ ਦਾ ਵਾਹਵਾ ਰੰਗ ਬੱਝਾ ਪਰ ਜੋ ਸ਼ਰਫ ਨੂਰਪੁਰੀ ਨੂੰ ਹਾਸਲ ਸੀ, ਉਹ ਕਮਾਲ ਨੂੰ ਪਹੁੰਚਿਆ ਹੋਇਆ ਸੀ। ਨੂਰਪੁਰੀ ਦੀ 'ਤਲਵਾਰ' ਸੁਣ ਕੇ ਤਾਂ ਕਈਆਂ ਸਿਆਣੀਆਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਹਜ਼ਾਰਾਂ ਦੀ ਤਾਦਾਦ ਵਿਚ ਬੈਠੇ ਲੋਕ ਬੁੱਤ ਬਣੇ ਉਸ ਦੇ ਮੂੰਹ ਵੱਲ ਵੇਖ ਰਹੇ ਹਨ।

ਦੂਸਰੇ ਦਿਨ ਨੂਰਪੁਰੀ ਚਲਾ ਗਿਆ ਪਰ ਮੇਰੇ ਮਨ ਵਿਚ ਉਸ ਬਾਰੇ ਪਹਿਲਾਂ ਨਾਲੋਂ ਵੀ ਸਤਿਕਾਰ ਤੇ ਪਿਆਰ ਵਧ ਗਿਆ ਸੀ।

...ਤੇ ਫੇਰ ਇੱਕ ਦਿਨ ਅਚਾਨਕ ਉਸ ਨਾਲ ਫਗਵਾੜੇ ਮੁਲਾਕਾਤ ਹੋ ਗਈ। ਉਸ ਨੇ ਦੱਸਿਆ, "ਮੈਂ ਜਲੰਧਰ ਆ ਗਿਆ ਹਾਂ, ਤੇ ਮਾਡਲ ਹਾਊਸ ਵਿਚ ਘਰ ਵੀ ਲੈ ਲਿਆ ਹੈ।" ਕੁਝ ਦਿਨ ਪਿੱਛੋਂ ਮੁਸਲਸਲ ਮੁਲਾਕਾਤਾਂ ਦੀ ਲੜੀ ਆਰੰਭ ਹੋ ਗਈ। ਅਸੀਂ ਸਾਰਾ ਦਿਨ ਮਾਡਲ ਹਾਊਸ, ਰਜਿੰਦਰ ਸਿੰਘ ਬਲ ਦੇ ਕਾਲਜ ਵਿਚ ਡਿਪਟੀ ਕਮਿਸ਼ਨਰ ਦੀ ਕੋਠੀ ਨੇੜਲੇ ਕਬਰਿਸਤਾਨ ਵਿਚ ਖਰੈਤੀ ਦੀ ਟੀ-ਸਟਾਲ ਤੇ ਕਦੀ-ਕਦੀ ਮੈਟਰੋ ਹੋਟਲ, ਜਾਂ ਪੁਰਾਣੀ ਕਚਹਿਰੀ ਦੇ ਦਰਵਾਜ਼ੇ ਅੱਗੇ ਬਣੇ ਕੰਪਨੀ ਬਾਗ ਵਿਚ ਬੈਠੇ ਰਹਿੰਦੇ। ਇਸ ਤਰ੍ਹਾਂ ਦੋ ਸਾਲ ਸਾਡੀ ਸਾਂਝ ਚਲਦੀ ਰਹੀ। ਅਸਾਂ ਇਕੱਠਿਆਂ ਦਿੱਲੀ, ਦੇਹਰਾਦੂਨ, ਜਲੰਧਰ, ਹੁਸ਼ਿਆਰਪੁਰ, ਫਿਰੋਜ਼ਪੁਰ, ਸੁਲਤਾਨਪੁਰ ਲੋਧੀ, ਨੂਰਮਹਿਲ, ਕਪੂਰਥਲੇ ਅਤੇ ਹੋਰ ਕਿੰਨੀਆਂ ਹੀ ਦੇਖੀਆਂ ਅਣਦੇਖੀਆਂ ਥਾਵਾਂ 'ਤੇ ਕਵੀ ਦਰਬਾਰ ਪੜ੍ਹੇ। ਕਈ ਕਵੀ ਦਰਬਾਰਾਂ ਵਿਚ ਨੂਰਪੁਰੀ ਆਪਣੀਆਂ ਕਵਿਤਾਵਾਂ ਸੁਣਾਉਣ ਦੀ ਥਾਂ ਆਪਣੀ ਕਿਤਾਬ ਦਾ ਦਿਬਾਚਾ ਜਾਂ ਸੂਚੀ ਸੁਣਾ ਕੇ ਬਹਿ ਜਾਂਦਾ। ਉਹ ਕਹਿੰਦਾ: ਗੀਤ ਲਿਖਿਆ ਹੈ 'ਮੈਂ ਵਤਨ ਦਾ ਸ਼ਹੀਦ ਹਾਂ, ਮੇਰੀ ਯਾਦ ਭੁਲਾ ਦੇਣੀ'। ਇਹ 1934 ਦਾ ਗੀਤ ਹੈ ਅਤੇ ਫੇਰ 1930 ਵਿਚ ਮਜ਼ਦੂਰ ਕਵਿਤਾ ਲਿਖੀ ਆਦਿ ਆਦਿ।

...ਇਸ ਤਰ੍ਹਾਂ ਕਈ ਵਾਰੀ ਪ੍ਰਬੰਧਕ ਉਸ ਤੋਂ ਮਾਯੂਸ ਵੀ ਹੋ ਜਾਂਦੇ। ਮੈਨੂੰ ਵੀ ਇੰਜ ਲੱਗਦਾ, ਜਿਵੇਂ ਉਹ ਕਵਿਤਾ ਸੁਣਾਉਣ ਦੀ ਥਾਂ ਆਪਣੇ ਗੀਤਾਂ ਦੀ ਉਪਮਾ ਕਰਨ ਆਇਆ ਹੋਵੇ। ਇਨ੍ਹਾਂ ਵਰ੍ਹਿਆਂ ਵਿਚ ਹੀ ਨੂਰਪੁਰੀ ਦੀਆਂ ਦੋ ਧੀਆਂ ਦਾ ਵਿਆਹ ਵੀ ਹੋਇਆ। ਖਾਸ ਕਰਕੇ ਮਹਿੰਦਰ ਦੇ ਵਿਆਹ ਦੀ ਜ਼ਿੰਮੇਵਾਰੀ ਮੇਰੇ ਅਤੇ ਮਾਣਕ ਦੇ ਸਿਰ ਸੀ। ਜੰਞ ਆਈ, ਵਿਆਹ ਹੋਇਆ, ਕੁੜੀ ਨੂੰ ਵਿਦਾ ਕੀਤਾ ਗਿਆ। ਜਨੇਤ ਚਲੀ ਗਈ ਪਰ ਨੂਰਪੁਰੀ ਨੂੰ ਮੈਖਾਨੇ ਵਿਚੋਂ ਵਿਹਲ ਨਾ ਮਿਲੀ ਕਿ ਉਹ ਆਪਣੀ ਬੱਚੀ ਦੇ ਸਿਰ 'ਤੇ ਪਿਆਰ ਹੀ ਦੇ ਸਕਦਾ। ਸ਼ਾਇਦ ਇਸ ਕਾਰਨ ਕਰਕੇ ਹੀ ਉਸ ਦਾ ਘਰੇਲੂ ਜੀਵਨ ਸੁਖਾਵਾਂ ਨਹੀਂ ਸੀ। ਉਹ ਕਈ ਵਾਰ ਬਾਜ਼ਾਰ ਖਾਣ-ਪੀਣ ਦੀਆਂ ਚੀਜ਼ਾਂ ਅਤੇ ਬੱਚਿਆਂ ਲਈ ਸਾਮਾਨ ਲੈਣ ਗਿਆ ਸ਼ਰਾਬੀ ਘਰ ਪਰਤਦਾ।



ਇੱਕ ਵਾਰੀ ਦੀਵਾਲੀ ਨੂੰ ਮੈਂ ਅਤੇ ਅਖਤਰ ਰਜ਼ਵਾਨੀ ਨੇ ਉਸ ਨੂੰ ਜੀਅ ਭਰ ਕੇ ਪਿਆਈ। ਉਸ ਨੂੰ ਬਾਜ਼ਾਰੋਂ ਬੱਚਿਆਂ ਲਈ ਮਠਿਆਈ ਅਤੇ ਹੋਰ ਚੀਜ਼ਾਂ ਖਰੀਦ ਕੇ ਦਿੱਤੀਆਂ। ਅਸੀਂ ਉਸ ਨੂੰ ਤਾਕੀਦ ਕੀਤੀ ਕਿ ਉਹ ਜਲਦੀ ਘਰ ਚਲਾ ਜਾਵੇ ਪਰ ਦੂਸਰੇ ਦਿਨ ਪਤਾ ਲੱਗਾ ਕਿ ਉਹ ਉਸ ਵੇਲੇ ਘਰ ਪਹੁੰਚਿਆ, ਜਦੋਂ ਬੱਚੇ ਅਤੇ ਘਰ ਦੇ ਦੀਵੇ ਸੌਂ ਚੁੱਕੇ ਸਨ। ਦਿਨ-ਬ-ਦਿਨ ਉਸ ਦੀ ਵਧਦੀ ਆਦਤ ਦੇਖ ਕੇ ਅਕਸਰ ਦੁੱਖ ਹੁੰਦਾ। ਸਾਰੇ ਯਾਰ ਮਿੱਤਰ ਉਸ ਨੂੰ ਸਮਝਾ ਚੁੱਕੇ ਪਰ ਉਸ ਦੇ ਅੰਦਰ ਕੋਈ ਖੋਹ ਸੀ, ਖਲਾਅ ਸੀ, ਮੌਨ ਹਾਦਸੇ ਸਨ, ਖ਼ਾਮੋਸ਼ ਪੀੜ ਸੀ ਜਿਸ ਨੂੰ ਉਹ ਸ਼ਰਾਬ ਨਾਲ ਭੁਲਾਉਣਾ ਚਾਹੁੰਦਾ ਸੀ। ਇਸ ਕਾਰਨ ਹੀ ਉਸ ਦੀ ਆਰਥਿਕ ਹਾਲਤ ਵਿਗੜਦੀ ਗਈ। ਇਨ੍ਹਾਂ ਸੰਕਟਾਂ ਦੇ ਦਿਨਾਂ ਵਿਚ ਰੇਡੀਓ 'ਤੇ ਵਾਰਸ਼ਿਕ ਕਵੀ ਦਰਬਾਰ ਹੋ ਰਿਹਾ ਸੀ। ਕਾਫੀ ਪੈਸੇ ਮਿਲਣੇ ਸਨ। ਪ੍ਰੋਫੈਸਰ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਧਨੀ ਰਾਮ ਚਾਤ੍ਰਿਕ, ਪ੍ਰੀਤਮ ਸਿੰਘ ਸਫੀਰ ਆਦਿ ਵੀ ਆਏ ਹੋਏ ਸਨ ਪਰ ਨੰਦ ਲਾਲ ਨੂਰਪੁਰੀ ਆਪਣੀ ਮੈਅਨੋਸ਼ੀ ਕਾਰਨ ਉਹ ਕਵੀ ਦਰਬਾਰ ਵੀ ਨਾ ਪੜ੍ਹ ਸਕਿਆ। ਸਾਨੂੰ ਬਹੁਤ ਦੁੱਖ ਹੋਇਆ। ਦੂਸਰੇ ਦਿਨ ਉਹ ਆਪਣੀ ਗਲਤੀ ਮੰਨਣ ਦੀ ਥਾਂ ਲੜ ਕੇ ਚਲਾ ਗਿਆ। ਉਹ ਹਮਦਰਦੀ ਬਦਲੇ ਸਾਨੂੰ ਗਾਲ੍ਹਾਂ ਕੱਢ ਰਿਹਾ ਸੀ, ਨੰਗੀਆਂ ਅਲਫ ਗਾਲ੍ਹਾਂ। ਮੈਂ ਸੋਚਿਆ, ਸ਼ਾਇਦ ਹੁਣ ਅਸੀਂ ਕਦੀ ਨਾ ਬੋਲੀਏ ਪਰ ਕੁਝ ਦਿਨਾਂ ਪਿੱਛੋਂ ਹੀ ਉਹ ਮੇਰੇ ਕੋਲ ਆਇਆ ਤੇ ਬੜੇ ਪਿਆਰ ਨਾਲ ਮਿਲਿਆ, ਜਿਵੇਂ ਕਦੀ ਨਾ ਲੜਿਆ ਹੋਵੇ। ਕਿੰਨੀ ਦੇਰ ਤੱਕ ਆਪਣੀਆਂ ਪੁਰਾਣੀਆਂ ਗਜ਼ਲਾਂ ਸੁਣਾਉਂਦਾ ਰਿਹਾ:

ਬਿਨਾ ਕਫਨ ਦੇ ਲੈ ਚੱਲੋ ਯਾਰ ਮੈਨੂੰ।  
ਹੈ ਲੁਕ ਕੇ ਗਿਆ ਆਖ ਸੰਸਾਰ ਮੈਨੂੰ।  
ਗੁਆਂਢੀ ਨੇ ਦੱਬੀ ਹੋਈ ਹਕੀਕਤ ਹੈ ਮੇਰੀ,  
ਉਹਦੇ ਰੂਬਰੂ ਕਰ ਲਉ ਇੱਕ ਵਾਰ ਮੈਨੂੰ।  
ਮੈਂ ਖਾਲੀ ਹੱਥੀਂ ਅੱਜ ਸੱਜਣ ਕੋਲ ਚੱਲਿਆਂ,  
ਬੜਾ ਹੋਣਾ ਪੈਣਾ ਸ਼ਰਮਸਾਰ ਮੈਨੂੰ।

***ਨੰਦ ਲਾਲ ਨੂਰਪੁਰੀ ਦਾ ਗੀਤ***  
***'ਚੁੰਮ-ਚੁੰਮ ਰੱਖੋ'***

*ਚੁੰਮ-ਚੁੰਮ ਰੱਖੋ*  
*ਨੀ ਇਹ ਕਲਗੀ ਜੁਝਾਰ ਦੀ*  
*ਫੁੱਲਾਂ ਨਾਲ ਗੁੰਦੋ*  
*ਲੜੀ ਹੀਰਿਆਂ ਦੇ ਹਾਰ ਦੀ*  
*ਜੰਗ ਵਿਚੋਂ ਮੁੜ ਕੇ*  
*ਸਿਪਾਹੀ ਮੇਰੇ ਆਣਗੇ*  
*ਚੰਨਾਂ ਦਿਆਂ ਚਿਹਰਿਆਂ 'ਚੋਂ*  
*ਚੰਨ ਮੁਸਕਾਣਗੇ*  
*ਵਿਹੜੇ ਵਿਚ ਠਾਠਾਂ ਮਾਰੂ*  
*ਖੁਸ਼ੀ ਸੰਸਾਰ ਦੀ*  
*ਚੁੰਮ-ਚੁੰਮ ਰੱਖੋ... ... ...*

*ਕੂਲੇ-ਕੂਲੇ ਹੱਥ*  
*ਕਿਰਪਾਨਾਂ ਵਿਚ ਗੋਰੀਆਂ*  
*ਕੱਲ੍ਹ ਨੇ ਸਵੇਰ ਦੀਆਂ*  
*ਜੋੜੀਆਂ ਮੈਂ ਤੋਰੀਆਂ*  
*ਜਿਨ੍ਹਾਂ ਦਾ ਵਿਛੋੜਾ ਮੈਂ ਨਾ*  
*ਪਲ ਸੀ ਸਹਾਰਦੀ*  
*ਚੁੰਮ-ਚੁੰਮ ਰੱਖੋ... ... ...*

*ਘੋੜੀਆਂ ਦੇ ਪੌੜ*  
*ਜਦੋਂ ਕੰਨਾਂ ਸੁਣੇ ਵੱਜਦੇ*  
*ਵੇਖਣ ਨੂੰ ਨੈਣ ਆਏ*  
*ਬੂਹੇ ਵੱਲ ਭੱਜਦੇ*  
*ਲਹੂ ਵਿਚ ਭਿੱਜੀ ਘੋੜੀ*  
*ਵੇਖੀ ਭੁੱਬਾਂ ਮਾਰਦੀ*  
*ਚੁੰਮ-ਚੁੰਮ ਰੱਖੋ... ... ...*

*ਲੱਗੇ ਹੋਏ ਕਾਠੀ ਉਤੇ*  
*ਲਹੂ ਨੇ ਇਹ ਦੱਸਿਆ*  
*ਮਾਏ ਤੇਰਾ ਜੋੜਾ*  
*ਦਾਦੇ ਕੋਲ ਹੈ ਜਾ ਵਸਿਆ*  
*ਛੱਡ ਦੇ ਉਡੀਕ ਹੁਣ*  
*ਹੰਸਾਂ ਦੀ ਡਾਰ ਦੀ*  
*ਚੁੰਮ-ਚੁੰਮ ਰੱਖੋ... ... ...*

---  
ਮੇਰੀ ਬੰਦਗੀ ਤੇਰੀ ਦਰਗਾਹ  
'ਚ ਮਨਜ਼ੂਰ ਨਾ ਹੋਈ,  
ਤੇਰੇ ਹਰ ਹੁਕਮ ਦੀ ਆਵਾਜ਼  
ਬੇ ਦਸਤੂਰ ਨਾ ਹੋਈ।  
ਮੈਂ ਆਪਣੀ ਅਮਲਾਂ ਦੀ  
ਕੰਬਲੀ ਨੂੰ ਧੋ-ਧੋ ਕਰ ਗਿਆ  
ਲੀਰਾਂ  
ਇੱਕ ਵੀ ਤਾਰ ਦੀ ਕਾਲਖ  
ਅਜੇ ਪਰ ਦੂਰ ਨਾ ਹੋਈ।  
---  
ਹਰ ਕੀ ਪੌੜੀ ਨੂੰ ਬੜੀ ਦੌੜੀ  
ਤੇ ਔੜੀ ਆਤਮਾ,  
ਤੂੰ ਕਿਸੇ ਕੰਢੇ ਨਾ ਲਾਇਆ,  
ਮੈਂ ਖੜ੍ਹਾ ਖਰਦਾ ਰਿਹਾ।  
ਨੂਰਪੁਰੀਆ ਸਾਰੀ ਉਮਰਾ  
ਜਿਸਮ ਨੂੰ ਧੋਂਦਾ ਰਿਹਾ।  
ਕਬਰ ਵਿਚ ਜਾਂ ਦੇਖਿਆ ਤਾਂ  
ਲਾਸ਼ 'ਤੇ ਗਰਦਾ ਰਿਹਾ।

ਸਟੇਜ 'ਤੇ ਉਹ ਆਪਣੀਆਂ ਗਜ਼ਲਾਂ ਅਕਸਰ ਵਾਰ ਵਾਂਗ ਹੀ ਪੜ੍ਹਿਆ ਕਰਦਾ ਸੀ ਪਰ ਉਸ ਦਿਨ ਉਸ ਦੇ ਪੜ੍ਹਨ ਵਿਚ ਬੜਾ ਸੋਜ਼ ਅਤੇ ਪੀੜ ਸੀ। ਅਜਿਹੀ ਪੀੜ ਜੋ ਕੇਵਲ ਆਤਮਾ ਦੀ ਗਹਿਰਾਈ ਵਿਚ ਹੀ ਉੱਭਰ ਸਕਦੀ ਹੈ। ਸ਼ਾਮ ਖਤਮ ਹੋ ਰਹੀ ਸੀ। ਉਸ ਦਾ ਚਿਹਰਾ ਭਖ ਰਿਹਾ ਸੀ, ਅੱਖਾਂ ਵਿਚ ਮਜੀਠ ਵਰਗਾ ਰੰਗ ਤੈਰ ਰਿਹਾ ਸੀ। ਉਸ ਦਿਨ ਪਹਿਲੀ ਵਾਰ ਮੈਂ ਉਸ ਨੂੰ ਬੇਤਹਾਸ਼ਾ ਸਿਗਰਟ ਪੀਂਦਿਆਂ ਦੇਖਿਆ। ਮੈਂ ਉਸ ਨੂੰ ਬੜੇ ਅਕੀਦਤ ਭਰੇ ਲਹਿਜੇ ਵਿਚ ਪੁੱਛਿਆ 'ਪੀਣੀ ਹੈ ਤਾਂ ਲਿਆਵਾਂ', ਪਰ ਉਸ ਨੇ ਨਾਂਹ ਕਰ ਦਿੱਤੀ। ਇਹ ਨਾਂਹ ਸ਼ਾਇਦ ਉਸ ਦੀ ਪਹਿਲੀ ਅਤੇ ਆਖਰੀ ਨਾਂਹ ਸੀ। ਤੇ ਫੇਰ ਉਹ ਆਪਣੀ ਆਦਤ ਅਨੁਸਾਰ ਕਹਿਣ ਲੱਗ ਪਿਆ, "ਨੰਦ ਲਾਲ ਤਾਂ ਜੰਮਣ ਤੋਂ ਪਹਿਲਾਂ ਹੀ ਮਰ ਗਿਆ ਸੀ ਪਰ 'ਨੂਰਪੁਰੀ', ਨੂਰਪੁਰੀ ਕਦੇ ਨਹੀਂ ਮਰੇਗਾ। ਆਪਣਾ ਰੰਗ ਪੈਦਾ ਕਰੋ, ਭਾਵੇਂ ਬੋਰੀ ਦੇ ਕੱਪੜੇ ਪਾ ਕੇ ਤੁਰੋ ਪਰ ਭਰੇ ਬਾਜ਼ਾਰ ਵਿਚ ਤੁਹਾਡਾ ਆਪਣਾ ਰੰਗ ਹੋਵੇ। ਮੈਂ ਤੇਰਾ ਗੀਤ 'ਲੋਕ ਸਾਹਿਤ' ਵਿਚ ਪੜ੍ਹਿਆ ਸੀ ਪਰ ਮੈਂ ਨਹੀਂ ਚਾਹੁੰਦਾ ਕਿ ਤੂੰ ਗੀਤ ਲਿਖੇਂ। ਗੀਤ ਲਿਖਣ ਵਿਚ ਤਾਂ ਅੰਮ੍ਰਿਤਾ ਵੀ ਸਫਲ ਨਹੀਂ, ਮੈਨੂੰ ਤੇਰੀਆਂ ਗਜ਼ਲਾਂ ਪਸੰਦ ਹਨ। ਤੂੰ ਗਜ਼ਲ ਕਿਹਾ ਕਰ।" ਤੇ ਫੇਰ ਉਹ ਮੇਰੀ ਗਜ਼ਲ ਦਾ ਸ਼ਿਅਰ ਗੁਣਗੁਣਾਉਣ ਲੱਗਾ:

"ਮੇਰੇ ਐਬਾਂ ਨੇ ਮੇਰੀ ਲਾਸ਼ ਨੂੰ ਬੇਪਰਦ ਕਰ ਦਿੱਤੈ,  
ਤੂੰ ਨੰਗਾ ਹੀ ਦਫਨ ਕਰਦੇ, ਕਫਨ ਹੁਣ ਯਾਰ ਕੀ ਕਰਨਾ।

ਐਬ! ਐਬ! ਸਿਰਫ ਗਰੀਬ ਆਦਮੀ ਵਿਚ ਹੁੰਦਾ ਹੈ। ਤੂੰ ਨਹੀਂ ਜਾਣਦਾ। ਅਮੀਰਾਂ ਦੇ ਪਾਪ ਵੀ ਪੁੰਨ ਹਨ। ਗੁਨਾਹਗਾਰ ਮੈਂ ਹਾਂ, ਤੂੰ ਏਂ ਤੇ ਹੋਰ ਕਿੰਨੇ ਹੀ ਉਹ ਲੋਕ ਜੋ ਸੱਚ ਦੀ ਭਾਲ ਵਿਚ ਹਨ। ਮੇਰਾ ਇੱਕ ਹੀ ਮਕਾਨ ਸੀ। ਮੈਂ ਉਸ ਦਾ ਕਲੇਮ ਨਹੀਂ ਲਿਆ। ਮੈਂ ਉਸ ਦਿਨ ਦੀ ਉਡੀਕ ਵਿਚ ਹਾਂ ਜਿਸ ਦਿਨ ਸਰਕਾਰ ਨੂੰ ਆਪਣੇ ਆਪ ਖਿਆਲ ਆਵੇਗਾ। ਮੈਂ ਘਰ ਚਾਹੁੰਦਾ ਹਾਂ ਜਿਸ ਦੇ ਵਿਹੜੇ ਵਿਚ ਫੁੱਲ ਹੋਣ ਤੇ ਰਸੋਈ ਵਿਚ ਆਟਾ ਪਰ, ਪਰ...!"

ਫਿਰ ਉਹ ਰੋਣ ਲੱਗ ਪਿਆ। ਇੱਕ ਖੂਬਸੂਰਤ ਕੁੜੀ ਦਾ ਜ਼ਿਕਰ ਛੇੜਿਆ ਜੋ ਪਾਕਿਸਤਾਨ ਵਿਚ ਉਸ ਦੇ ਘਰ ਨੇੜੇ ਰਹਿੰਦੀ ਸੀ। "ਮੈਂ ਉਸ ਨੂੰ ਆਪਣੀਆਂ ਬੱਚੀਆਂ ਵਾਂਗ ਪਿਆਰ ਕਰਦਾ ਸਾਂ ਪਰ ਇੱਕ ਦਿਨ ਉਹ ਅਚਾਨਕ ਮਰ ਗਈ। ਉਸ ਦੀ ਪੀੜ ਦਰਸਾਉਣ ਲਈ ਮੇਰੇ ਸ਼ਬਦ ਸਾਥ ਨਹੀਂ ਦੇਂਦੇ ਪਰ ਜਗਤਾਰ, ਮੈਂ ਇੱਕ ਵੈਣ ਲਿਖਿਆ।" ਉਸ ਦੀਆਂ ਅੱਖਾਂ ਵਿਚੋਂ ਅੱਥਰੂ ਡਿੱਗ ਰਹੇ ਸਨ ਪਰ ਉਹ ਬੜੀ ਦਰਦੀਲੀ ਆਵਾਜ਼ ਵਿਚ ਵੈਣ ਸੁਣਾ ਰਿਹਾ ਸੀ:

"ਲੱਦੀ ਜਾਂਦੇ ਈ ਉ ਢੋਲਿਆ,  
ਜਿਹਨਾਂ ਦੀ ਕਿਰਮਚੀ ਲੋਏ।  
ਚੰਦ ਲਈ ਮੱਧਮ ਸੀ ਹੋਏ,  
ਲੱਦੀ ਜਾਂਦੇ ਈ ਉ ਢੋਲਿਆ।

ਜਗਤਾਰ, ਮੈਂ ਚਾਹੁੰਦਾ ਹਾਂ ਫਕੀਰ ਹੋ ਜਾਵਾਂ। ਤੂੰਬਾ ਲੈ ਕੇ ਪਿੰਡ-ਪਿੰਡ ਗਾਉਂਦਾ ਫਿਰਾਂ। ਲੋਕਾਂ ਦਾ ਦਰਦ ਸੁਣਾਂ, ਲੋਕਾਂ ਨੂੰ ਦਰਦ ਸੁਣਾਵਾਂ ਪਰ ਸਤਨਾਮ ਹੋਰਾਂ ਦਾ ਕੀ ਬਣੂ। ਬਸ ਮੈਂ ਬੁੱਧ ਨਹੀਂ ਬਣ ਸਕਦਾ। ਤੈਨੂੰ ਵੀ ਮੈਂ ਆਪਣੇ ਬੱਚਿਆਂ ਵਾਂਗ ਸਮਝਦਾ ਹਾਂ। ਤਨ ਵੇਚਿਆ, ਮਨ ਵੇਚਿਆ, ਫਨ ਵੇਚਿਆ ਪਰ ਬੱਚਿਆਂ ਨੂੰ ਕਦੇ ਰੱਜ ਕੇ ਰੋਟੀ ਨਾ ਮਿਲੀ। ਕੱਲ੍ਹ ਕਾਫੀ ਰਾਤ ਗਿਆਂ ਘਰ ਗਿਆ ਸਾਂ। ਕਿਰਾਏ ਦੇ ਪੈਸੇ ਕਈ ਮਹੀਨਿਆਂ ਤੋਂ ਨਹੀਂ ਦੇ ਸਕਿਆ। ਲੋਕਾਂ ਨੇ ਸਟੇਜਾਂ 'ਤੇ ਮੇਰੇ ਸ਼ਿਅਰਾਂ ਦੀ ਪ੍ਰਸ਼ੰਸਾ ਕੀਤੀ, ਗਲ ਵਿਚ ਹਾਰ ਪਾਏ, ਪੁਰਸਕਾਰ ਦਿੱਤੇ। ਕਾਸ਼! ਮੇਰੀ ਅੰਦਰਲੀ ਭੁੱਖ ਨੂੰ ਕੋਈ ਦੇਖ ਸਕਦਾ। ਇਹ ਸਰਮਾਏਦਾਰਾਂ ਦਾ ਯੁੱਗ ਹੈ ਜਿੱਥੇ ਖੂਹ 'ਤੇ ਖੜੋਤੇ ਲੋਕ ਵੀ ਪਿਆਸੇ ਰਹਿੰਦੇ ਹਨ। ਮੇਰੀ ਬਦਨਸੀਬੀ ਹੈ ਕਿ ਮੈਂ ਸ਼ਾਇਰ ਬਣ ਗਿਆ। ਕਾਸ਼! ਮੈਂ ਦੁਕਾਨ ਪਾ ਲੈਂਦਾ, ਬੱਚੇ ਤਾਂ ਭੁੱਖੇ ਨਾ ਮਰਦੇ। ਸ਼ਿਅਰ ਕਹਿਣਾ ਜਾਂ ਤਾਂ ਬਾਦਸ਼ਾਹਾਂ ਦਾ ਕੰਮ ਹੈ ਜਾਂ ਫਕੀਰਾਂ ਦਾ! ਪਰ ਮੈਂ ਤਾਂ ਕੁਝ ਵੀ ਨਹੀਂ। ਸੁਰਿੰਦਰ ਕੌਰ ਹੋਰਾਂ ਮੇਰੇ ਗੀਤ ਗਾ-ਗਾ ਕੋਠੀਆਂ ਪਾ ਲਈਆਂ। ਹਿਜ਼ ਮਾਸਟਰ'ਜ਼ ਵੌਇਸ (ਐਚ.ਐਮ.ਵੀ.) ਵਾਲਿਆਂ ਕਾਰਾਂ ਖਰੀਦ ਲਈਆਂ। ਹਰਭਜਨ ਸਿੰਘ 'ਰਤਨ' ਦੇ ਗਲ ਵਿਚ ਰੇਸ਼ਮੀ ਕਮੀਜ਼ ਹੈ ਪਰ ਮੇਰੇ ਕੋਲ ਕੇਵਲ ਇਹੀ ਖੱਦਰ ਦਾ ਰੰਗਿਆ ਹੋਇਆ ਨੀਲਾ ਕੁੜਤਾ ਹੈ। ਕੋਠੀ ਕਾਰਾਂ ਬਾਰੇ ਤਾਂ ਮੈਂ ਕਦੀ ਸੋਚ ਨਹੀਂ ਸਕਦਾ। ਕਵੀ ਦਰਬਾਰਾਂ ਦੇ ਪੈਸਿਆਂ ਨਾਲ ਕੀ ਬਣਦਾ ਹੈ।"

ਮੈਂ ਦੇਖਿਆ ਕੈਂਠੇ ਵਾਲੇ ਪ੍ਰਾਹੁਣੇ ਅੰਦਰ ਕਿੱਡਾ ਵੱਡਾ ਖਲਾਅ ਸੀ। ਉਹ ਖਲਾਅ ਜਿਸ ਨੂੰ ਕਦੇ ਕੋਈ ਪੂਰਾ ਹੀ ਨਹੀਂ ਕਰ ਸਕਦਾ... 1955 ਵਿਚ ਮੈਂ ਜਲੰਧਰ ਛੱਡ ਦਿੱਤਾ। ਜਲੰਧਰ ਤੋਂ ਕਾਫੀ ਵਿੱਥ ਉੱਤੇ ਬੈਠਿਆਂ ਵੀ ਸਾਨੂੰ ਉਸ ਦੀਆਂ ਖਬਰਾਂ ਮਿਲਦੀਆਂ ਰਹੀਆਂ: ਉਹ ਕਰਜ਼ਾ ਮੰਗਦਾ ਰਹਿੰਦਾ ਹੈ; ਉਹ ਸ਼ਰਾਬ ਵਧੇਰੇ ਪੀਣ ਲੱਗ ਪਿਆ ਹੈ; ਲੋਕਾਂ ਨੂੰ ਗਾਲ੍ਹਾਂ ਕੱਢਦਾ ਹੈ; ਉਹ ਪੇਸ਼ਗੀ ਪੈਸੇ ਲੈ ਕੇ ਕਈ ਦਰਬਾਰਾਂ 'ਤੇ ਨਹੀਂ ਪੁੱਜਦਾ। ਮਨ ਬੜਾ ਦੁਖੀ ਹੁੰਦਾ ਪਰ ਤਿੰਨ ਚਾਰ ਸਾਲਾਂ ਵਿਚ ਮੈਂ ਜਦੋਂ ਕਦੇ ਵੀ ਉਸ ਨੂੰ ਕਵੀ ਦਰਬਾਰ 'ਤੇ ਸੱਦਿਆ, ਉਹ ਜ਼ਰੂਰ ਆਇਆ, ਜੋ ਕੁਝ ਦਿੱਤਾ ਲੈ ਲਿਆ, ਬੜੇ ਪਿਆਰ ਨਾਲ ਮਿਲਿਆ ਤੇ ਖਲੂਸ ਨਾਲ ਵਿਦਾ ਹੋਇਆ।

ਇੱਕ ਵਾਰੀ ਮੁਕਤਸਰ ਫੀਰੋਜ਼ਦੀਨ ਸ਼ਰਫ ਅਤੇ ਚਾਤ੍ਰਿਕ ਜੀ ਦੀ ਯਾਦ ਵਿਚ ਹੋ ਰਹੇ ਕਵੀ ਦਰਬਾਰ 'ਤੇ ਉਸ ਨੂੰ ਸੱਦਿਆ, ਲਗਭਗ ਤਿੰਨ ਦਰਜਨ ਕਵੀ ਆਏ ਹੋਏ ਸਨ ਪਰ ਨੂਰਪੁਰੀ ਦੀਆਂ ਕਵਿਤਾਵਾਂ ਹਾਸਿਲੇ-ਮੁਸ਼ਾਇਰਾ ਸਨ। ਅਪਰੈਲ ਦੇ ਦਿਨ ਸਨ, ਕਵੀ ਦਰਬਾਰ ਸਵੇਰ ਦੇ ਪੰਜ ਵਜੇ ਤੱਕ ਚੱਲਦਾ ਰਿਹਾ! ਉਸ ਤੋਂ ਬਾਅਦ ਪ੍ਰਬੰਧਕ ਕਵੀਆਂ ਦੇ ਖਾਣੇ ਆਦਿ ਦੇ ਪ੍ਰਬੰਧ ਵਿਚ ਰੁੱਝ ਗਏ। ਦਿਨ ਚੜ੍ਹੇ ਦੇਖਿਆ ਤਾਂ ਨੂਰਪੁਰੀ ਸਟੇਜ ਉੱਤੇ ਹੀ ਸੁੱਤਾ ਪਿਆ ਸੀ। ਇਹ ਦੇਖ ਕੇ ਬੜੀ ਸ਼ਰਮ ਮਹਿਸੂਸ ਹੋਈ। ਸਾਰਿਆਂ ਮੁਆਫੀ ਮੰਗੀ ਪਰ ਉਹ ਇੰਝ ਮੁਸਕਰਾ ਰਿਹਾ ਸੀ, ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਇਸ ਤਰ੍ਹਾਂ ਉਹ ਮਲੋਟ, ਮੁਕਤਸਰ, ਭੁਰਤ, ਫਾਜ਼ਿਲਕਾ ਆਦਿ ਵਿਚ ਕਰਵਾਏ ਕਵੀ ਦਰਬਾਰਾਂ ਉੱਤੇ ਬੜੇ ਉਚੇਚ ਨਾਲ ਆਉਂਦਾ ਰਿਹਾ।

ਕੁਝ ਸਾਲਾਂ ਪਿੱਛੋਂ ਉਸ ਨੂੰ ਫਿਲਮਾਂ ਦੇ ਕੰਟਰੈਕਟ ਮਿਲ ਗਏ। ਮੈਂ ਜਦੋਂ ਵੀ ਜਲੰਧਰ ਗਿਆ, ਉਹ ਮੈਨੂੰ ਮਿਲ ਨਾ ਸਕਿਆ। 1961 ਵਿਚ ਭਾਸ਼ਾ ਵਿਭਾਗ ਵੱਲੋਂ ਉਸ ਦੀ ਪੁਸਤਕ 'ਸੁਗਾਤ' ਨੂੰ ਇਨਾਮ ਮਿਲਣਾ ਸੀ। ਉਸ ਨੇ ਮੈਨੂੰ ਖਤ ਲਿਖਿਆ ਕਿ ਮੈਂ ਚੰਡੀਗੜ੍ਹ ਪਹੁੰਚਾਂ ਪਰ ਕੁਝ ਮਜਬੂਰੀਆਂ ਕਾਰਨ ਮੈਂ ਉਸ ਪ੍ਰੋਗਰਾਮ 'ਤੇ ਨਾ ਪੁੱਜ ਸਕਿਆ। ਕੁਝ ਦਿਨ ਰੇਡੀਓ ਸਟੇਸ਼ਨ 'ਤੇ ਕਵਿਤਾ ਪਾਠ ਸੀ, ਕਵਿਤਾ ਪਾਠ ਤੋਂ ਪਿੱਛੋਂ ਉਹ ਚਾਹੁੰਦਾ ਸੀ ਕਿ ਮੈਂ ਉਸ ਦੇ ਕੋਲ ਠਹਿਰਾਂ ਪਰ ਮੈਂ ਅਖਤਰ ਰਜ਼ਵਾਨੀ ਕੋਲ ਠਹਿਰਿਆ ਹੋਇਆ ਸਾਂ। ਅਖੀਰ ਉਹ ਮੇਰੇ ਨਾਲ ਅਖਤਰ ਦੇ ਘਰ

(ਬਾਕੀ ਅਗਲੇ ਸਫੇ 'ਤੇ)

# ਖੁਦਕੁਸ਼ੀ ਵਾਲੇ ਪਰਿਵਾਰਾਂ ਦੇ ਬੱਚਿਆਂ ਦੀ ਸਾਰ ਕੌਣ ਲਵੇਗਾ?

ਮੈਂ ਸਕੂਲ ਗਿਆ ਹੋਇਆ ਸੀ। ਜਦੋਂ ਮੈਨੂੰ ਸਕੂਲੋਂ ਵਾਪਸ ਘਰ ਆਉਣ ਲਈ ਕਿਹਾ ਗਿਆ ਤਾਂ ਮੈਂ ਆਉਣਾ ਨਹੀਂ ਸੀ ਚਾਹੁੰਦਾ। ਉਸ ਸਮੇਂ ਮੈਂ ਨੌਵੀਂ ਕਲਾਸ ਵਿਚ ਪੜ੍ਹਦਾ ਸਾਂ। ਮੇਰਾ ਪਿਤਾ

**ਮਨਜਿੰਦਰ ਕੌਰ**
ਫੋਨ: +91-90236-79208

ਜੀ ਨਾਲ ਬਹੁਤ ਪਿਆਰ ਸੀ। ਹੁਣ ਅਕਸਰ ਉਨ੍ਹਾਂ ਨੂੰ ਯਾਦ ਕਰਕੇ ਰੋ ਪੈਂਦਾ ਹਾਂ, ਤੇ ਮੇਰਾ ਦਿਲ ਘਰੋਂ ਭੱਜਣ ਨੂੰ ਜੀਅ ਕਰਦਾ। ਪੜ੍ਹਾਈ ਵਿਚ ਮੇਰੀ ਰੁਚੀ ਖਤਮ ਹੋ ਗਈ ਹੈ।...

ਇਹ ਸਤਰਾਂ ਗਗਨਦੀਪ (19 ਸਾਲ) ਦੀਆਂ ਹਨ ਜਿਸ ਦੇ ਪਿਤਾ ਨੇ ਖੁਦਕੁਸ਼ੀ ਕਰ ਲਈ ਸੀ; ਅਤੇ ਉਸ ਨੂੰ ਅੱਧ ਵਾਟਿਓਂ ਹੀ ਆਪਣੀ ਪੜ੍ਹਾਈ ਛੱਡਣੀ ਪਈ ਸੀ। ਅਜਿਹੀਆਂ ਤਰਾਸਦੀਆਂ ਜਿਨ੍ਹਾਂ ਵਿਚ ਸਕੂਲ ਪੜ੍ਹਦੇ ਜਾਂ ਸਕੂਲ ਵਿਚੋਂ ਪੜ੍ਹਾਈ ਛੱਡ ਗਏ 187 ਬੱਚਿਆਂ ਨੂੰ ਮੈਂ ਆਪਣੇ ਖੋਜ ਕਾਰਜ ਦੌਰਾਨ ਨੇੜਿਓਂ ਦੇਖਿਆ ਹੀ ਨਹੀਂ ਬਲਕਿ ਉਨ੍ਹਾਂ ਦੇ ਵਿੱਦਿਅਕ ਖੱਪਿਆਂ ਨੂੰ ਵੀ ਸਮਝਿਆ ਹੈ। ਕਿਸ ਤਰ੍ਹਾਂ ਖ਼ੁਦਕੁਸ਼ੀ ਵਾਲੇ ਪਰਿਵਾਰਾਂ ਦੇ ਬੱਚੇ ਸਿੱਖਿਆ ਤੋਂ ਤਾਂ ਵਾਂਝੇ ਹੋ ਹੀ ਰਹੇ ਹਨ, ਵੱਡੇ ਮਾਨਸਿਕ ਤਣਾਅ ਵਿਚੋਂ ਵੀ ਗੁਜ਼ਰ ਰਹੇ ਹਨ। ਮੁਲਕ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਲਿਖਿਆ ਸੀ- "ਮੁਲਕ ਦਾ ਸਭ ਤੋਂ ਵੱਡਾ ਸਰਮਾਇਆ ਉਸ ਮੁਲਕ ਦੇ ਬੱਚੇ ਹੁੰਦੇ ਹਨ ਜਿਨ੍ਹਾਂ ਨੂੰ ਸੰਭਾਲਣਾ ਤੇ ਵਿਕਸਿਤ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ।" ਸਾਡੀ ਤ੍ਰਾਸਦੀ ਇਹ ਹੈ ਕਿ ਅਸੀਂ ਅਜੇ ਵੀ ਆਪਣੇ ਬੱਚਿਆਂ ਨੂੰ ਪੁਰਾਣੇ ਚੌਖਟਿਆਂ, ਧਰਮਾਂ, ਜਾਤਾਂ, ਅਮੀਰੀ-ਗ਼ਰੀਬੀ ਦੇ ਪਾੜੇ ਵਿਚੋਂ ਬਾਹਰ ਨਹੀਂ ਕੱਢ ਸਕੇ।

ਇਹ ਤ੍ਰਾਸਦਿਕ ਪਹਿਲੂ ਅੱਜ ਵੀ ਵਿੱਦਿਅਕ ਖੇਤਰ ਵਿਚ ਕਾਰਜਸ਼ੀਲ ਹਨ। ਕੋਵਿਡ-19 ਦੇ ਅਸਰ ਨੇ ਬੱਚਿਆਂ ਦੀ ਪੜ੍ਹਨ ਲਿਖਣ ਦਾ ਰੁਝਾਨ ਬਹੁਤ ਕਮਜ਼ੋਰ ਕਰ ਦਿੱਤਾ ਹੈ ਜਿਸ ਵਿਚ ਉਨ੍ਹਾਂ ਦੀ ਪੜ੍ਹਨ ਲਿਖਣ ਅਤੇ ਬੌਧਿਕ ਵਿਕਾਸ ਦੀ ਸਮਰੱਥਾ ਕਾਫ਼ੀ ਕਮਜ਼ੋਰ ਹੋ ਗਈ ਹੈ। ਬਹੁਗਿਣਤੀ ਬੱਚੇ ਜਜ਼ਬਾਤੀ ਤੌਰ ਤੇ ਵੱਡੇ ਦਬਾਅ ਵਿਚੋਂ ਗੁਜ਼ਰੇ ਹਨ। ਅਜਿਹੇ ਹਾਲਾਤ ਨਾਲ ਦੋ-ਚਾਰ ਹੋਣਾ ਅਤੇ ਹੁਣ ਬੱਚਿਆਂ ਨੂੰ ਲੀਹ ਤੇ ਲੈ ਕੇ ਆਉਣਾ ਮਾਪਿਆਂ ਅਤੇ ਅਧਿਆਪਕਾਂ ਲਈ ਵੱਡਾ ਕਾਰਜ ਹੈ ਪਰ ਜੋ ਪੀੜਾ ਅਤੇ ਦਰਦ ਕਿਸਾਨ ਖੁਦਕੁਸ਼ੀ ਪਰਿਵਾਰ ਦੇ ਬੱਚਿਆਂ ਵਿਚ ਵਿੱਦਿਅਕ ਪੱਖ ਤੋਂ ਦੇਖਿਆ, ਉਸ ਨੂੰ ਦੂਰ ਕਰਨਾ ਉਸ ਪ੍ਰਤੀ ਸੰਵੇਦਨ ਹੋਣਾ ਅਤੇ ਉਨ੍ਹਾਂ ਦੀ ਬਾਂਹ ਫੜਨਾ ਸਾਡੇ ਸਾਰਿਆਂ ਦਾ ਫ਼ਰਜ਼ ਬਣਦਾ ਹੈ।

ਇਕ ਬੱਚੇ ਦੀ ਮਾਤਾ ਇੰਦਰਜੀਤ ਕੌਰ (45 ਸਾਲ) ਦਾ ਕਹਿਣਾ ਸੀ, "ਮੇਰੇ ਸਿਰ ਦਾ ਸਾਈਂ ਤਾਂ ਚਲਾ ਗਿਆ ਪਰ ਜਿਸ ਤਰ੍ਹਾਂ ਮੈਂ ਆਪਣੀ ਧੀ ਤੇ ਪੁੱਤਰ ਨੂੰ ਘੱਟ ਪੜ੍ਹਨ ਕਰਕੇ ਨਾਲਾਇਕ ਹੁੰਦਿਆਂ ਦੇਖ ਰਹੀ ਹਾਂ, ਉਸ ਨਾਲ ਮੈਨੂੰ ਆਪਣਾ ਭਵਿੱਖ ਵੀ ਹਨੇਰਾ ਲੱਗਦਾ ਹੈ। ਬਸ ਮੇਰੀ ਇਕੋ ਚਾਹ੍ਨਾਂ ਹੈ ਕਿ ਕਿਸੇ ਨਾ ਕਿਸੇ ਢੰਗ ਨਾਲ ਮੇਰੇ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਹੋ ਸਕੇ।"

ਇਸ ਹਾਲਾਤ ਅੰਦਰ ਇਨ੍ਹਾਂ ਬੱਚਿਆਂ ਦੀ ਜੋ ਮਨੋਅਵਸਥਾ ਬਣੀ ਹੈ, ਜੇ ਵਿੱਦਿਅਕ ਸੰਸਥਾਵਾਂ, ਸਮਾਜ ਤੇ ਹੋਰ ਕਾਰਜਸ਼ੀਲ ਹਿੱਸਿਆਂ ਸਮੇਤ ਸਰਕਾਰ ਸਹੀ ਰੂਪ ਵਿਚ ਇਨ੍ਹਾਂ ਬੱਚਿਆਂ ਦੀ ਮਦਦ ਨਹੀਂ ਕਰਨਗੇ ਤਾਂ ਇਹ ਘਾਟਾ ਕਦੇ ਵੀ ਪੂਰਿਆ ਨਹੀਂ ਜਾ ਸਕੇਗਾ। ਇਨ੍ਹਾਂ ਪਰਿਵਾਰਾਂ ਦੀ ਦਿਲੀ ਇੱਛਾ ਸੀ ਕਿ ਉਨ੍ਹਾਂ ਦੇ ਧੀਆਂ ਪੁੱਤਾਂ ਦੀ ਯੋਗ ਵਿੱਦਿਆ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਪਹਿਲਾਂ ਹੀ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਤੌਰ ਤੇ ਖੜੋਤ ਵਿਚ ਆਏ ਪਰਿਵਾਰ ਨੂੰ ਸਹਾਇਤਾ ਮਿਲ ਸਕੇ। ਬਹੁਗਿਣਤੀ ਮਾਪੇ ਅਨਪੜ੍ਹ ਸਨ/ਹਨ। ਹੁਣ ਤਾਂ ਇਹ ਪਰਿਵਾਰ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਆ ਰਹੀ ਸਮੱਸਿਆ ਕਿਸੇ ਅੱਗੇ ਰੱਖਣ ਤੋਂ ਵੀ ਘਬਰਾ ਰਹੇ ਹਨ।

ਬੇਹੱਦ ਸੰਵੇਦਨਸ਼ੀਲ ਅਤੇ ਹੁਸ਼ਿਆਰ ਬੱਚੇ ਅਰਸ਼ਦੀਪ (16 ਸਾਲ) ਦਾ ਦਰਦ ਸੁਣੋ: "ਮੈਂ ਦੇਰ ਰਾਤ ਤੱਕ ਪੜ੍ਹਾਈ ਕਰਨ ਤੋਂ ਬਾਅਦ ਆਪਣੇ ਡੈਡੀ ਨਾਲ ਸੌਂ ਜਾਂਦਾ ਸੀ, ਉਹ ਮੈਨੂੰ ਹੱਲਾਸ਼ੇਰੀ ਦਿੰਦੇ ਕਿ ਤੂੰ ਇੰਨਾ ਵਧੀਆ ਪੜ੍ਹਦਾ ਹੈਂ, ਇਕ ਦਿਨ ਵੱਡਾ ਅਫਸਰ ਬਣੇਂਗਾ ਪਰ ਜਿਸ ਰਾਤ ਪਿਤਾ ਨੇ ਖੁਦਕੁਸ਼ੀ ਕੀਤੀ, ਮੈਂ ਆਪਣੇ ਕਮਰੇ ਵਿਚ ਸਕੂਲ ਦੇ ਟੈਸਟ ਦੀ ਤਿਆਰੀ ਕਰ ਰਿਹਾ ਸੀ ਕਿ ਉਨ੍ਹਾਂ ਖੁਦਕੁਸ਼ੀ ਕਰ ਲਈ। ਉਹ ਤਾਂ ਚਲੇ ਗਏ ਪਰ ਉਸ ਦਿਨ ਤੋਂ ਬਾਅਦ ਮੇਰਾ ਕਿਤਾਬਾਂ ਦੇਖਣ ਨੂੰ ਦਿਲ ਹੀ ਨਹੀਂ ਕੀਤਾ ਅਤੇ ਨਾ ਹੀ ਕਿਸੇ ਨੇ ਮੈਨੂੰ ਪੜ੍ਹਾਈ ਜਾਰੀ ਕਰਨ ਲਈ ਉਤਸ਼ਾਹਿਤ ਕੀਤਾ। ਹੁਣ ਮੈਂ ਲਾਚਾਰ ਹੋਇਆ ਪਿਆ ਹਾਂ।"

ਪੰਜਾਬ ਦੇ ਮਾਲਵਾ ਖੇਤਰ ਵਿਚ ਜਿਵੇਂ ਖੁਦਕੁਸ਼ੀਆਂ ਦਾ ਵਰਤਾਰਾ ਵਾਪਰਿਆ ਹੈ, ਉਹ ਬਹੁਤ ਹੌਲਨਾਕ ਹੈ। ਇਨ੍ਹਾਂ ਪਰਿਵਾਰਾਂ ਦੇ ਤ੍ਰਾਸਦਿਕ ਹਾਲਾਤ ਤੁਹਾਨੂੰ ਉਸ ਮਾਨਸਿਕ ਪੀੜ ਦੇ ਸਨਮੁਖ ਵੀ ਕਰਦੇ ਹਨ ਜਿਸ ਵਿਚੋਂ ਇਨ੍ਹਾਂ ਨੂੰ ਨਿੱਤ ਦਿਨ ਗੁਜ਼ਰਨਾ ਪਿਆ ਅਤੇ ਹੁਣ ਵੀ ਹਾਲਾਤ ਉਹੀ ਹਨ।

ਜਾਪ ਰਿਹਾ ਸੀ, ਮੇਰੀਆਂ ਅੱਖਾਂ ਸਾਹਮਣੇ ਹੋਣਹਾਰ ਬੱਚਿਆਂ ਦਾ ਭਵਿੱਖ ਖ਼ਤਮ ਹੋ ਰਿਹਾ ਹੈ। ਦਰਜਨਾਂ ਘਟਨਾਵਾਂ ਅਤੇ ਬਿਰਤਾਂਤ ਅਕਸਰ ਘੇਰੀ ਰੱਖਦੇ ਹਨ; ਜਿਵੇਂ ਗੁਰਬਖਸ਼ੀਸ਼ (15 ਸਾਲ) ਦੀ ਹੀ ਮਿਸਾਲ ਹੈ। ਉਸ ਦਾ ਕਹਿਣਾ ਸੀ: "ਮੇਰਾ ਸੁਪਨਾ ਅੱਜ ਵੀ ਇਹ ਹੈ ਕਿ ਮੈਂ ਪੜ੍ਹ ਲਿਖ ਕੇ ਹੀ ਕੁਝ ਬਣ ਸਕਦਾ ਹਾਂ, ਕਿਉਂਕਿ ਮੈਂ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਕਲਾਸ ਵਿਚ ਪੜ੍ਹਦਿਆਂ ਸੁਣੀਆਂ ਹਨ ਕਿ ਸਾਰੇ ਵੱਡੇ ਬੰਦੇ ਪੜ੍ਹਾਈ ਰਾਹੀਂ ਹੀ ਬਣੇ ਹਨ ਪਰ ਮੈਨੂੰ ਅਜੇ ਕੋਈ ਵੀ ਅਜਿਹਾ ਦੋਸਤ ਨਹੀਂ ਮਿਲਿਆ ਜਿਹੜਾ ਮੇਰੀ ਇਸ ਚਾਹਤ ਵਿਚ ਮੇਰਾ ਸਹਿਯੋਗੀ ਬਣ ਸਕੇ।"

ਇਸ ਤਰ੍ਹਾਂ ਜਦੋਂ ਅਸੀਂ ਪਿੰਡ ਪਿੰਡ, ਘਰ ਘਰ ਇਨ੍ਹਾਂ ਪਰਿਵਾਰਾਂ ਦੇ ਅੰਗ ਸੰਗ ਵਿਚਰ ਰਹੇ ਸਾਂ ਤਾਂ ਸਾਨੂੰ ਜਾਪਿਆ ਕਿ ਪੰਜਾਬ ਦੀ ਜ਼ਮੀਨੀ ਹਕੀਕਤ ਜਿਹੜੀ ਵਿਸ਼ੇਸ਼ ਕਰਕੇ ਬੱਚਿਆਂ ਦੀ ਪੜ੍ਹਾਈ ਨਾਲ ਸੰਬੰਧਿਤ ਹੈ, ਉਸ ਨੂੰ ਗੌਰ ਨਾਲ ਸਮਝੀਏ ਅਤੇ ਇਸ ਪ੍ਰਸੰਗ ਵਿਚ ਕੋਈ ਪਹਿਲਕਦਮੀ ਕਰੀਏ। ਇੰਨੀ ਵੱਡੀ ਅਤੇ ਭਿਆਨਕ ਤ੍ਰਾਸਦਿਕ ਪਹਿਲੂਆਂ ਵਾਲੇ ਹਾਲਾਤ ਵਿਚ ਸਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਬੱਚਿਆਂ ਨੂੰ ਸਕੂਲ ਤੋਂ ਕਾਲਜ ਯੂਨੀਵਰਸਿਟੀ ਤੱਕ ਵਿੱਦਿਆ ਮੁਹੱਈਆ ਕਰਨ ਲਈ ਕਾਰਜ ਕਰੀਏ। ਪੰਜਾਬ ਵਿਚ ਹਜ਼ਾਰਾਂ ਸਕੂਲ ਅਧਿਆਪਕ ਅਤੇ ਹੋਰ ਪੜ੍ਹੇ ਲਿਖੇ ਹਿੱਸੇ ਹਨ ਜਿਹੜੇ ਇਸ ਕਾਰਜ ਵਿਚ ਪਹਿਲਕਦਮੀ ਕਰਕੇ ਇਨ੍ਹਾਂ ਪਰਿਵਾਰਾਂ ਦੇ ਬੱਚਿਆਂ ਨੂੰ ਸਹਾਰਾ ਦੇ ਸਕਦੇ ਹਨ।

ਅੱਜ ਹਰ ਸਿਆਸੀ ਪਾਰਟੀ 2022 ਵਿਚ ਸੱਤਾ ਉੱਪਰ ਕਾਬਜ਼ ਹੋਣ ਲਈ ਆਪਣੀ ਪੈਂਠ ਬਣਾਉਣ ਵਾਸਤੇ ਵਾਅਦਿਆਂ, ਲਾਰਿਆਂ, ਦਾਅਵਿਆਂ ਅਤੇ ਨਾਅਰਿਆਂ ਦੀ ਝੜੀ ਲਗਾ ਰਹੀ ਹੈ। ਹਰ ਕੋਈ ਛੋਟੀ ਮੋਟੀ ਰਿਆਇਤ ਦੀ ਗੱਲ ਕਰ ਰਿਹਾ ਹੈ ਜਾਂ ਵਾਅਦੇ ਕਰ ਰਿਹਾ ਹੈ ਪਰ ਅਜੇ ਤੱਕ ਕਿਸੇ ਵੀ ਧਿਰ ਨੇ ਕਈ ਵਰ੍ਹਿਆਂ ਤੋਂ ਤ੍ਰਾਸਦਿਕ ਪੀੜ ਵਿਚੋਂ ਲੰਘ ਰਹੇ ਇਨ੍ਹਾਂ ਬੱਚਿਆਂ ਦੀ ਸਾਰ ਨਹੀਂ ਲਈ ਹੈ।

ਹੁਣ ਲੋੜ ਇਸ ਗੱਲ ਦੀ ਹੈ ਕਿ ਇਹ ਸਰਕਾਰ ਤੁਰੰਤ ਇਨ੍ਹਾਂ ਪਰਿਵਾਰਾਂ ਬਾਰੇ ਜਾਣਕਾਰੀ ਹਾਸਿਲ ਕਰਕੇ ਜਾਂ ਜੋ ਜਾਣਕਾਰੀ ਵੱਖ-ਵੱਖ ਰਿਪੋਰਟਾਂ ਵਿੱਚ ਦਰਜ ਹੈ, ਘੱਟੋ-ਘੱਟ ਉਸ ਦੇ ਆਧਾਰ ਉੱਤੇ ਹੀ ਇਨ੍ਹਾਂ ਪਰਿਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਮੁਹੱਈਆ ਕਰਨ ਦਾ ਇੰਤਜ਼ਾਮ ਕਰੇ।

ਪੰਡਿਤ ਜਵਾਹਰ ਲਾਲ ਨਹਿਰੂ ਦੇ ਇਹ ਸੁਪਨਾ ਵੀ ਲਿਆ ਸੀ ਕਿ ਜਿਸ ਤਰ੍ਹਾਂ ਜਪਾਨ ਦੇ ਬੱਚੇ ਆਪਣੇ ਘਰ, ਪਰਿਵਾਰ ਅਤੇ ਸਮਾਜ ਬਾਰੇ ਸੋਚਦੇ ਹਨ, ਉਸੇ ਤਰ੍ਹਾਂ ਸਾਡੇ ਮੁਲਕ ਦੇ ਬੱਚੇ ਵੀ ਸੋਚਣ ਅਤੇ ਅੱਗੇ ਵਧਣ। ਇਹ ਤਦ ਹੀ ਸੰਭਵ ਹੈ ਜੇ ਅਸੀਂ ਸੰਵੇਦਨਸ਼ੀਲ ਹੋ ਕੇ ਉਨ੍ਹਾਂ ਨੂੰ ਸਿੱਖਿਆ ਖੇਤਰ ਵਿਚੋਂ ਬਾਹਰ ਧੱਕਣ ਦੀ ਥਾਂ ਉਨ੍ਹਾਂ ਨੂੰ ਮੁੜ ਸਕੂਲਾਂ ਵਿਚ ਲੈ ਆਈਏ ਤਾਂ ਕਿ ਉਹ ਮੁਲਕ ਦੇ ਨਿਰਮਾਣ ਵਿਚ ਆਪੋ-ਆਪਣਾ ਹਿੱਸਾ ਪਾ ਸਕਣ ਅਤੇ ਅਗਲੀਆਂ ਪੀੜ੍ਹੀਆਂ ਲਈ ਰਾਹ ਬਣਾ ਸਕਣ।

## ਏਥੋਂ ਉੱਡ ਜਾ ਭੋਲਿਆ ਪੰਛੀਆ...

*(ਪਿਛਲੇ ਸਫੇ ਦੀ ਬਾਕੀ)*

ਚਲਾ ਗਿਆ। ਉਹ ਪੀਣ ਦਾ ਪ੍ਰੋਗਰਾਮ ਬਣਾ ਰਿਹਾ ਸੀ। ਮੈਂ ਕਿਹਾ, "ਨੂਰਪੁਰੀ ਸਾਹਿਬ, ਮੇਰੇ ਕੋਲ ਪੈਸੇ ਨਹੀਂ।" ਉਸ ਨੇ ਲਾਲ ਅੱਖਾਂ ਨਾਲ ਮੇਰੇ ਵੱਲ ਦੇਖਿਆ ਤੇ ਕਹਿਣ ਲੱਗਾ, "ਤੂੰ ਕੀ ਸਮਝਦਾ ਏਂ ਮੈਂ ਤੇਰੇ ਕੋਲੋਂ ਸ਼ਰਾਬ ਪੀਵਾਂਗਾ! ਉਏ ਤੂੰ ਸਾਡਾ ਅਜ਼ੀਜ਼ ਮਹਿਮਾਨ ਏਂ, ਨੂਰਪੁਰੀ ਗਰੀਬ ਸਹੀ ਪਰ ਦਿਲ ਦਾ ਗ਼ਰੀਬ ਨਹੀਂ।"

ਰਾਤ ਅਖਤਰ ਦੇ ਘਰ ਮਹਿਫਲ ਜੰਮੀ ਰਹੀ। ਉਸ ਨੇ ਆਪਣਾ ਸੂਫੀਆਨਾ ਕਲਾਮ ਸੁਣਾਇਆ। ਮੈਂ ਉਸ ਨੂੰ ਮਜ਼ਾਕ ਕਰਦਾ ਰਿਹਾ, "ਇਹ ਰਿੰਦ ਹੱਜ ਕਦੋਂ ਕਰ ਆਇਆ ਹੈ?"

ਦੂਸਰੇ ਦਿਨ ਸਵੇਰੇ ਹੀ ਮੈਂ ਉਸ ਦੇ ਘਰ ਆ ਗਿਆ, ਉਸ ਨੂੰ ਤੇ ਬੱਚਿਆਂ ਨੂੰ ਬੜਾ ਚਾਅ ਸੀ, ਮੈਂ ਕਈ ਸਾਲਾਂ ਬਾਅਦ ਘਰ ਗਿਆ ਸਾਂ, ਆਉਣ ਲੱਗੇ ਨੂੰ ਕਹਿਣ ਲੱਗਾ, "ਜਗਤਾਰ, ਜੇ ਪੈਸੇ ਨਹੀਂ ਤਾਂ ਲੈ ਜਾ।" ਮੈਨੂੰ ਉਹ ਸਾਰੇ ਲੋਕ ਬੜੇ ਝੂਠੇ ਜਾਪੇ ਜਿਹੜੇ ਕਹਿੰਦੇ ਸਨ- 'ਨੂਰਪੁਰੀ ਪੈਸੇ ਮੋੜਦਾ ਨਹੀਂ।'

ਇਨ੍ਹਾਂ ਦਿਨਾਂ ਵਿਚ ਜਸਵੰਤ ਸਿੰਘ ਕੰਵਲ, ਆਤਮ ਹਮਰਾਹੀ, ਗੁਰਦੀਪ ਬਰਾੜ, ਮਰਹੂਮ ਸੁੰਦਰ ਗਿੱਲ, ਗੁਰਮੁਖ ਢਿੱਲੋਂ ਤੇ ਬਲਵੰਤ ਜੱਟ ਦੀਆਂ ਅਕਸਰ ਮਹਿਫਲਾਂ ਜੁੜਦੀਆਂ। ਵਧੇਰੇ ਕਰਕੇ ਨੂਰਪੁਰੀ ਦਾ ਜ਼ਿਕਰ ਹੁੰਦਾ, ਉਸ ਦੀਆਂ ਨਕਲਾਂ ਕੀਤੀਆਂ ਜਾਂਦੀਆਂ, ਉਸ ਦੀ ਪ੍ਰਸ਼ੰਸਾ ਹੁੰਦੀ, ਉਸ ਦੇ ਸੁਭਾਅ ਦੀ ਪੜਚੋਲ ਕੀਤੀ ਜਾਂਦੀ। ਉਸ ਦੇ ਗੀਤ ਗੁਣਗੁਣਾਏ ਜਾਂਦੇ।

1960 ਤੋਂ ਪਿੱਛੋਂ ਉਹ ਜਦੋਂ ਵੀ ਕਦੇ ਮਿਲਿਆ, ਬੜਾ ਉਦਾਸ ਤੇ ਡੁੱਬਾ-ਡੁੱਬਾ ਲੱਗਾ; ਜਿਵੇਂ ਉਸ ਦੇ ਅੰਦਰਲਾ ਖਲਾਅ ਹੋਰ ਵਧ ਰਿਹਾ ਹੋਵੇ। ਉਹ ਅਕਸਰ ਆਰਥਿਕ ਮਸਲਿਆਂ ਦਾ ਰੋਣਾ ਰੋਂਦਾ। ਮੈਂ ਉਸ ਨੂੰ ਸ਼ਰਾਬ ਛੱਡ ਦੇਣ ਦੀ ਬੇਨਤੀ ਕਰਦਾ ਪਰ ਉਸ ਨੇ ਕਦੇ ਕਿਸੇ ਦੀ ਨਹੀਂ ਸੁਣੀ ਸੀ। 1962 ਵਿਚ ਮੈਂ ਫੇਰ ਜਲੰਧਰ ਆ ਗਿਆ ਪਰ ਸਾਡੀ ਮੁਲਾਕਾਤ ਘੱਟ ਵੱਧ ਹੀ ਹੁੰਦੀ ਕਿਉਂਕਿ ਉਹ ਮਾਡਲ ਹਾਊਸ ਰਹਿੰਦਾ ਸੀ। ਤੇ ਮੇਰੇ ਲਈ ਸ਼ਾਮ ਨੂੰ ਕਠਾਰ ਤੋਂ ਆ ਕੇ ਮਾਡਲ ਹਾਊਸ ਜਾਣਾ ਮੁਸ਼ਕਿਲ ਸੀ।

ਇਨ੍ਹਾਂ ਦਿਨਾਂ ਵਿਚ ਆਧੁਨਿਕ ਕਵਿਤਾ ਦਾ ਕਾਫੀ ਚਰਚਾ ਸੀ! ਪ੍ਰਯੋਗਵਾਦੀ ਵੀ ਆਪਣੀ ਡਫਲੀ ਵਜਾ ਰਹੇ ਸਨ! ਅਸੀਂ ਅਕਸਰ ਕੌਫੀ ਹਾਊਸ ਬੈਠਿਆ ਕਰਦੇ ਸਾਂ! ਮੈਂ ਇੱਕ ਦੋ ਵਾਰੀ ਨੂਰਪੁਰੀ ਨੂੰ ਵੀ ਕੌਫੀ ਹਾਊਸ ਲੈ ਆਇਆ ਪਰ ਉਸ ਨੂੰ ਇਸ ਮਾਹੌਲ ਤੇ ਬੈਠਣ ਵਾਲਿਆਂ ਨਾਲ ਕਿਸੇ ਹੱਦ ਤੱਕ ਘ੍ਰਿਣਾ ਜਿਹੀ ਸੀ।

ਉਸ ਨੂੰ ਕਦੀ ਵੀ ਇਹ ਮਾਹੌਲ ਪਸੰਦ ਨਾ ਆਇਆ। ਉਹ ਏਥੇ ਸ਼ੋਰ ਪਾਉਣ ਵਾਲੇ ਅਦੀਬਾਂ ਨੂੰ ਅਦੀਬ ਨਹੀਂ ਸਮਝਦਾ ਸੀ; ਹਾਲਾਂਕਿ ਏਥੇ ਕੁਝ ਸੰਜੀਦਾ ਲੋਕ ਵੀ ਬੈਠਿਆ ਕਰਦੇ ਸਨ।

ਇੱਕ ਦਿਨ ਉਹ ਉਰਦੂ ਦੇ ਮੁਸ਼ਾਇਰੇ ਵਿਚ ਮੇਰੇ ਨਾਲ ਖਾਹਮਖਾਹ ਝਗੜ ਪਿਆ। ਉਹ ਬੇਹੱਦ ਸ਼ਰਾਬੀ ਸੀ। ਝਗੜੇ ਦਾ ਕਾਰਨ ਕੋਈ ਖਾਸ ਨਹੀਂ ਸੀ। ਉਹ ਕੇਵਲ ਦੋ ਵਾਕ ਵਾਰ-ਵਾਰ ਦੁਹਰਾ ਰਿਹਾ ਸੀ: "ਸਾਰੇ ਮਾਡਰਨ ਕਵੀ ... ਪ੍ਰਗਤੀਵਾਦੀ ਹਨ, ਕਿੱਧਰ ਗਿਆ ਲਾਲ ਸਵੇਰਾ? ਹੁਣ ਕਰੋ ਗੱਲ, ਆਇਆ ਚੀਨ... ਚੀਨ... ਤੁਸੀਂ ਲੋਕ ਹਾਅ... ਹਾਅ... ਇਹ ਸਜਾਦ ਜ਼ਹੀਰ ਪਾਕਿਸਤਾਨੋਂ ਕਿਉਂ ਭੱਜ ਆਇਆ? ਕਿੱਧਰ ਗਈ ਤਰੱਕੀਪਸੰਦੀ...।" "ਹਿੰਦੀ ਚੀਨੀ ਭਾਈ ਭਾਈ... ਬਣਾਓ ਭਾਈ।"

ਮੈਂ ਬਾਹਰੋਂ ਆਏ ਕਵੀਆਂ ਸਾਹਮਣੇ ਬੜਾ ਘਟਾ ਸਮਝ ਰਿਹਾ ਸਾਂ। ਉਸ ਦਿਨ ਪਹਿਲੀ ਵਾਰੀ ਅਸੀਂ ਉੱਚੇ ਨੀਵੇਂ ਹੋਏ। ਉਹ ਆਪਣੀ ਆਦਤ ਅਨੁਸਾਰ ਬੁੜਬੁੜਾਉਂਦਾ ਹੋਇਆ ਉੱਠ ਕੇ ਚਲਾ ਗਿਆ। ਉਸ ਤੋਂ ਪਿੱਛੋਂ ਉਹ ਕਦੇ ਨਹੀਂ ਮਿਲਿਆ। ਜੇ ਕਿਤੇ ਆਉਂਦਾ ਦੇਖਿਆ ਵੀ ਤਾਂ ਮੈਂ ਕੰਨੀਂ ਕਤਰਾ ਗਿਆ। ਮੈਨੂੰ ਉਸ ਦਾ ਉਹ ਰੋਲ ਬਹੁਤ ਬੁਰਾ ਲੱਗਾ ਸੀ।

ਮੇਰੇ ਵਿਆਹ ਤੋਂ ਕੁਝ ਦਿਨ ਪਿੱਛੋਂ ਮੈਨੂੰ ਭੀੜ ਵਿਚੋਂ ਕਿਸੇ ਨੇ ਆਵਾਜ਼ ਮਾਰੀ। ਆਵਾਜ਼ ਜਾਣੀ ਪਛਾਣੀ ਸੀ; ਮੈਂ ਦੇਖਿਆ, ਨੂਰਪੁਰੀ ਸੀ। ਇੰਝ ਮਿਲਿਆ, ਜਿਵੇਂ ਕਦੇ ਲੜਿਆ ਹੀ ਨਾ ਹੋਵੇ। ਮੈਨੂੰ ਹੋਟਲ ਵਿਚ ਲੈ ਗਿਆ ਤੇ ਕਹਿਣ ਲੱਗਾ, "ਦਾਰੂ ਮੰਗਾਵਾਂ ਕਿ ਕੁਝ ਹੋਰ?" ਮੈਂ ਉਸ ਨੂੰ ਦੱਸਿਆ ਮੈਂ ਤੇ ਕਈ ਸਾਲਾਂ ਤੋਂ ਸ਼ਰਾਬ ਛੱਡ ਦਿੱਤੀ ਹੈ। ਫਿਰ ਉਸ ਨੇ ਬੜੇ ਗਿਲੇ ਨਾਲ ਕਿਹਾ, "ਤੂੰ ਆਪਣੇ ਵਿਆਹ 'ਤੇ ਮੈਨੂੰ ਨਹੀਂ ਸੱਦਿਆ, ਤੇਰੀ ਮਰਜ਼ੀ, ਮੈਂ ਤੈਨੂੰ ਕਦੀ ਬੇਗਾਨਾ ਨਹੀਂ ਸਮਝਿਆ।" ਮੈਂ ਮੁਆਫੀ ਮੰਗੀ, ਮਜਬੂਰੀ ਦੱਸੀ (ਜੋ ਸਰਾਸਰ ਝੂਠ ਸੀ)।

ਕੁਝ ਮਿੰਟਾਂ ਦੀ ਚੁੱਪ ਪਿੱਛੋਂ ਕਹਿਣ ਲੱਗਾ, "ਮੈਂ ਕਿਸੇ ਦਿਨ ਤੇਰੇ ਪਿੰਡ ਆਵਾਂਗਾ, ਬੱਚਿਆਂ ਨੂੰ ਲੈ ਕੇ।" ਪਰ ਉਹ ਦਿਨ ਕਦੇ ਨਾ ਆਇਆ...। ਤੇ ਕੁਝ ਮਹੀਨਿਆਂ ਪਿੱਛੋਂ ਮੈਨੂੰ ਪਤਾ ਲੱਗਾ ਕਿ ਨੂਰਪੁਰੀ ਨੇ ਖੁਦਕੁਸ਼ੀ ਕਰ ਲਈ ਹੈ। ਮੈਂ ਸੋਚਦਾ ਹਾਂ, ਉਸ ਦਾ ਕੋਈ ਮਕਾਨ ਅਜੇ ਤੱਕ ਨਹੀਂ, ਸਰਕਾਰ ਨੂੰ ਕਦੇ ਖਿਆਲ ਨਾ ਆ ਸਕਿਆ, ਉਸ ਦੀ ਰਸੋਈ ਵਿਚ ਆਟਾ ਨਹੀਂ। ਹੁਣ ਸਤਿਨਾਮ ਹੋਰਾਂ ਦਾ ਕੀ ਬਣੇਗਾ?

ਮੈਂ ਉਸ ਦੀ ਅਰਥੀ ਨਾਲ ਨਹੀਂ ਜਾ ਸਕਿਆ, ਉਸ ਦੇ ਇਕੱਠ ਵਿਚ ਸ਼ਾਮਿਲ ਨਹੀਂ ਹੋ ਸਕਿਆ, ਉਸ ਲਈ ਰੋ ਨਹੀਂ ਸਕਿਆ। 'ਨੂਰਪੁਰੀ ਮੇਰਾ ਮਿੱਤਰ ਸੀ' ਮੈਂ ਕਿਵੇਂ ਕਹਾਂ, ਮੈਂ ਉਸ ਦੇ ਕਿਸੇ ਕੰਮ ਨਹੀਂ ਆ ਸਕਿਆ। 'ਜੀ ਕਰਦਾ ਏ ਇਸ ਦੁਨੀਆ ਨੂੰ ਮੈਂ ਹੱਸ ਕੇ ਠੋਕਰ ਮਾਰ ਦਿਆਂ' ਕਹਿਣ ਵਾਲਾ ਸਰਕਾਰ ਅਤੇ ਸਾਡੇ ਮੂੰਹ ਉੱਤੇ ਅਜਿਹੀ ਚਪੇੜ ਮਾਰ ਗਿਆ ਜੋ ਕਦੇ ਭੁਲਾਈ ਨਹੀਂ ਜਾ ਸਕਦੀ। 'ਮੇਰੀ ਯਾਦ ਭੁਲਾ ਦੇਣੀ' ਵਾਲਾ ਅਜਿਹੀ ਯਾਦ ਛੱਡ ਗਿਆ ਹੈ ਜੋ ਸਦਾ ਸਾਡੇ ਲਈ ਅਮਿੱਟ ਹੈ।

ਪਰ ਅੱਜ ਜੇ ਉਹ ਜਿਊਂਦਾ ਹੁੰਦਾ ਤਾਂ ਇਹ ਮਹਿੰਗਾਈ ਤੇ ਲਾਕਾਨੂੰਨੀ ਦੇਖ ਕੇ ਸ਼ਾਇਦ ਕੁਰਲਾ ਉੱਠਦਾ ਤੇ ਇਹ ਕਦੀ ਨਾ ਕਹਿੰਦਾ, '... ਤਰੱਕੀਪਸੰਦ' '... ਚੀਨ ਪੱਖੀ।'

ਉਸ ਨੇ ਆਪਣੀ ਭੁੱਖ ਦਾ ਕਾਰਨ ਭਾਵੇਂ ਸਮਝ ਕੇ ਵੀ ਉਨ੍ਹਾਂ ਲੋਕਾਂ ਦੀ ਖੁਸ਼ੀ ਲਈ ਹੀ ਲਿਖਿਆ ਜਿਹੜੇ ਭੁੱਖ ਤੇ ਦੁੱਖ ਦੇ ਕਾਰਨ ਹਨ...। ਕਿਸਾਨ ਦੀ ਮਜਬੂਰੀ ਪ੍ਰਤੀ ਨਹੀਂ ਲਿਖਿਆ, ਲੁਟ ਰਹੇ ਮਜ਼ਦੂਰ ਦੀਆਂ ਪੀੜਾਂ ਉਸ ਦੇ ਗੀਤਾਂ ਵਿਚ ਨਹੀਂ ਸਗੋਂ ਗੋਰੀ ਦੀਆਂ ਝਾਂਜਰਾਂ ਵਿਚ ਹਨ ਪਰ ਉਸ ਦੇ ਗੀਤ ਆਉਣ ਵਾਲੇ ਭਵਿੱਖ ਵਿਚ ਖੇਤਾਂ ਤੇ ਕਾਮੇ ਖੁਸ਼ਹਾਲੀ ਵਿਚ ਜ਼ਰੂਰ ਗੁਣਗੁਣਾਇਆ ਕਰਨਗੇ।

ਨੰਦ ਲਾਲ ਤਾਂ ਜੰਮਦਾ ਹੀ ਮਰ ਗਿਆ ਸੀ ਪਰ ਨੂਰਪੁਰੀ! ਨੂਰਪੁਰੀ ਸਦਾ ਜਿਊਂਦਾ ਰਹੇਗਾ ਪਰ ਕਲੱਬਾਂ ਜਾਂ ਹੋਟਲਾਂ ਵਿਚ ਨਹੀਂ ਸਗੋਂ ਖੇਤਾਂ, ਕਿਸਾਨਾਂ ਦੇ ਵਿਹੜਿਆਂ, ਕਿਰਤੀਆਂ ਦੇ ਦਿਲਾਂ, ਝੂਮਦੀਆਂ ਫਸਲਾਂ, ਗੋਰੀ ਦੀਆਂ ਝਾਂਜਰਾਂ, ਮੇਲਿਆਂ, ਰੁੱਤਾਂ ਅਤੇ ਕਾਮਿਆਂ ਦੇ ਵਿਸ਼ਾਲ ਮਨਾਂ ਵਿਚ।




*ਸਾਦਗੀ ਦਾ ਨੂਰ: ਨੰਦ ਲਾਲ ਨੂਰਪੁਰੀ ਅਤੇ (ਸੱਜੇ) ਨੂਰਪੁਰੀ ਦੇ ਦੋ ਕਾਵਿ ਸੰਗ੍ਰਹਿਆਂ ਦੇ ਮੁਖੜੇ।*

## ਸੱਚਾਈ

ਕਾਫੀ ਸਮਾਂ ਹੋ ਗਿਆ ਸੀ ਕਾਮਿਨੀ ਨੂੰ ਸੁਣਦੀ ਨੂੰ ਬਾਹਰ ਪਤਾ ਨੀ ਕਿਹੜੀ ਔਰਤ ਰੌਲਾ ਪਾਈ ਜਾ ਰਹੀ ਸੀ।

ਐਨਾ ਤਾਂ ਕਾਮਿਨੀ ਨੂੰ ਉਸ ਔਰਤ ਦੀ ਆਵਾਜ਼ ਤੋਂ ਪਤਾ ਲੱਗ ਹੀ ਗਿਆ ਸੀ ਕੀ ਕੋਠੇ 'ਤੇ ਮੌਜੂਦ ਕੁੜੀਆਂ ਵਿੱਚੋਂ ਕੋਈ ਨਹੀਂ ਸੀ ਉਹ। ਜਦ ਕਾਫੀ ਸਮਾਂ ਇੱਦਾਂ ਈ ਬੀਤ ਗਿਆ ਤਾਂ ਅਚਾਨਕ ਇੱਕ ਕੁੜੀ ਕਾਮਿਨੀ ਨੂੰ ਬਾਹਰ ਆਉਣ ਨੂੰ ਕਹਿ ਗਈ। ਜਿੱਦਾਂ ਈ ਉਹ ਬਾਹਰ ਗਈ ਤਾਂ ਉਹ ਔਰਤ ਉਸ ਨੂੰ ਪੁੱਛਣ ਲੱਗ ਪਈ।

'ਕਾਮਿਨੀ ਤੇਰਾ ਈ ਨਾਮ ਹੈ ਨਾ?

'ਹਾਂ ਮੇਰਾ ਨਾਮ ਈ ਕਾਮਿਨੀ ਹੈ ਕੀ ਹੋਇਆ?

'ਮੇਰਾ ਘਰਵਾਲਾ ਕਿੱਥੇ ਆ?

'ਹਾ-ਹਾ-ਹਾ ਮੈਂ ਘਰਵਾਲਾ ਜੇਬ ਵਿੱਚ ਪਾਇਆ ਆ? ਮੈਨੂੰ ਕੀ ਪਤਾ।

'ਮੈਨੂੰ ਪਤਾ ਆ ਉਹ ਐਥੇ ਆਉਂਦਾ ਹੁੰਦਾ ਸੀ ਵਿਆਹ ਤੋਂ ਪਹਿਲਾਂ।

'ਅੱਛਾ-ਅੱਛਾ ਕੀ ਨਾਮ ਉਸ ਦਾ ਕਿਸ ਦੀ ਗੱਲ ਕਰਦੇ ਹੋ ਤੁਸੀਂ?

'ਵਿਕਰਮ ਨਾਮ ਹੈ ਉਸ ਦਾ ਮੈਨੂੰ ਉਸ ਦੇ ਕਿਸੇ ਦੋਸਤ ਨੇ ਦੱਸਿਆ ਸੀ ਐਥੇ ਆਉਂਦਾ।

'ਨਹੀਂ ਨਹੀਂ ਹੁਣ ਨੀਂ ਉਹ ਐਥੇ ਆਉਂਦਾ ਯਕੀਨ ਕਰੋ।'

'ਮੈਨੂੰ ਤੇਰੇ 'ਤੇ ਯਕੀਨ ਨੀਂ ਮੇਰਾ ਪਤੀ ਜ਼ਰੂਰ ਇਥੇ ਕਿਤੇ ਈ ਆ।'

'ਇਹ ਕੀ ਤੁਸੀਂ ਮੇਰਾ ਪਤੀ, ਮੇਰਾ ਪਤੀ ਦੀ ਰਟ ਲਾਈ ਆ?'

'ਕਿਉਂਕਿ ਜਦ ਮੇਰਾ ਆ ਤਾਂ ਮੇਰਾ ਪਤੀ ਹੀ ਕਹਿਣਾ।'

'ਤੁਸੀਂ ਘਰਵਾਲੀਆਂ ਵੀ ਕਿੰਨੀਆਂ ਭੋਲੀਆਂ ਮੈਨੂੰ ਹਾਸਾ ਆਉਂਦਾ।'

'ਭੋਲੀਆਂ ਤਾਂ ਅਸੀਂ ਹੈ ਈ ਚਲਾਕ ਤਾਂ ਤੁਸੀਂ ਹੋ ਬਸ।'

'ਇੱਕ ਗੱਲ ਯਾਦ ਰੱਖੀਂ ਸ਼ਾਇਦ ਹੀ ਕੋਈ ਘਰਵਾਲੀ ਇਹ ਦਾਅਵਾ ਕਰ ਸਕੇ ਕਿ ਉਸ ਦਾ ਪਤੀ ਪੂਰੇ ਦਾ ਪੂਰਾ ਸਿਰਫ਼ ਉਸੇ ਦਾ ਹੀ ਹੈ।'

'ਹੈਂ ਕੀ ਮਤਲਬ ਤੇਰੀ ਇਸ ਗੱਲ ਦਾ?

'ਛੱਡੋ ਤੁਸੀਂ ਜਾ ਲੱਭੋ ਆਪਣੇ ਪਤੀ ਨੂੰ ਪਰ ਜੋ ਮੈਂ ਕਿਹਾ ਉਸ ਗੱਲ 'ਤੇ ਗੌਰ ਕਰਿਓ।'


'ਤੁਸੀਂ ਕੀ ਦੁਨੀਆ ਦੀ ਹਰ ਘਰਵਾਲੀ ਨੂੰ ਇਸ ਗੱਲ 'ਤੇ ਗੌਰ ਕਰਨੀ ਚਾਹੀਦੀ ਹੈ ਕਿਉਂਕਿ ਇਹੋ ਸੱਚਾਈ ਹੈ।

-ਰੋਹਿਤ

# ਸਿਆਸੀ ਲਾਰਿਆਂ ਦੀ ਰੁੱਤ ਅਤੇ ਸਿਆਸਤਦਾਨ

***ਭਾਜਪਾ ਦਾ ਭਾਰਤ ਦਾ ਸੰਕਲਪ ਹੋਰਨਾਂ ਪਾਰਟੀਆਂ ਨਾਲੋਂ ਵੱਖਰਾ ਹੈ ਜਿਸ ਵਿਚ ਧਰਮ ਇਸ ਦਾ ਮੂਲ ਸਿਧਾਂਤ ਹੈ ਜਦੋਂਕਿ ਕਾਂਗਰਸ ਦਾ ਧੁੰਦਲਾ ਜਿਹਾ ਸੰਕਲਪ ਹੈ ਹਾਲਾਂਕਿ ਇਸ ਕੋਲ ਇਸ ਸੰਕਲਪ ਦਾ ਖੁਲਾਸਾ ਕਰਨ ਵਾਲਾ ਕੋਈ ਆਗੂ ਨਹੀਂ ਹੈ। ਸੂਬਾਈ ਪਾਰਟੀਆਂ ਦੇ ਵੀ ਭਾਰਤ ਬਾਰੇ ਆਪੋ-ਆਪਣੇ ਸੰਕਲਪ ਹਨ ਜੋ ਸੱਤਾ ਵਿਚ ਆਉਣ ਅਤੇ ਸੱਤਾ ਤੋਂ ਲਾਂਭੇ ਹੋਣ ਦੀ ਸੂਰਤ ਵਿਚ ਬਦਲਦੇ ਰਹਿੰਦੇ ਹਨ। ਫਿਰ ਕਾਂਗਰਸ ਤੋਂ ਵੱਖ ਹੋਏ ਸਿਆਸਤਦਾਨਾਂ ਵੱਲੋਂ ਬਣਾਈਆਂ ਗਈਆਂ ਟੀ.ਐਮ.ਸੀ., ਐਨ.ਸੀ.ਪੀ. ਅਤੇ ਵਾਈ.ਐਸ.ਆਰ. ਜਿਹੀਆਂ ਖੇਤਰੀ ਪਾਰਟੀਆਂ ਹਨ। ਇਨ੍ਹਾਂ ਤੋਂ ਇਲਾਵਾ ਦੱਖਣ ਦੀਆਂ ਪਾਰਟੀਆਂ ਆਉਂਦੀਆਂ ਹਨ ਜਿਨ੍ਹਾਂ ਦੀ ਆਪਣੀ ਹੀ ਤਰਜ਼ 'ਤੇ ਤਰਜੀਹਾਂ ਹਨ।***

ਲੋਕਾਂ (ਵੋਟਰਾਂ) ਦੀਆਂ ਲੋੜਾਂ ਅਤੇ ਸਿਆਸਤਦਾਨਾਂ ਦੀਆਂ ਤਰਜੀਹਾਂ ਵਿਚਕਾਰ ਬਹੁਤ ਵੱਡਾ ਪਾੜਾ ਹੈ। ਸਿੱਟੇ ਵਜੋਂ ਲੋਕਾਂ ਅੰਦਰ ਅਸੰਤੁਸ਼ਟੀ ਬਹੁਤ ਵਧ ਰਹੀ ਹੈ। ਲੋਕ ਵਿਕਾਸ ਅਤੇ ਨਿਆਂਪੂਰਨ ਤੇ ਜਵਾਬਦੇਹ ਪ੍ਰਸ਼ਾਸਨ ਚਾਹੁੰਦੇ ਹਨ ਪਰ ਵੱਖੋ ਵੱਖਰੀਆਂ ਸਿਆਸੀ ਪਾਰਟੀਆਂ ਜਦੋਂ ਸਰਕਾਰਾਂ ਬਣਾ ਲੈਂਦੀਆਂ ਹਨ ਤਾਂ ਉਹ ਇਹ ਮੁਹੱਈਆ ਕਰਾਉਣ ਵਿਚ ਨਾਕਾਮ ਰਹਿੰਦੀਆਂ ਹਨ। ਇਕ ਪਾਸੇ ਸਾਡਾ ਦੇਸ਼ ਬਿਮਾਰੀ, ਬੇਰੁਜ਼ਗਾਰੀ, ਭੁੱਖਮਰੀ ਦੀ ਮਾਰ ਝੱਲ ਰਿਹਾ ਤੇ ਦੂਜੇ ਪਾਸੇ ਸਰਹੱਦਾਂ 'ਤੇ ਗੁਆਂਢੀ ਮੁਲਕਾਂ ਨਾਲ ਤਣਾਅ ਵਧ ਰਿਹਾ ਹੈ। ਇਸ ਦੇ ਨਾਲ ਹੀ ਸਾਡਾ ਸਮਾਜ ਫਿਰਕੂ ਤੇ ਜਾਤੀ ਫਿਰਕਿਆਂ ਦਰਮਿਆਨ ਵੈਰਭਾਵ ਵਿਚ ਗ੍ਰਸਿਆ ਪਿਆ ਹੈ ਤਾਂ ਸਵਾਲ ਇਹ ਹੈ ਕਿ ਹਾਲਾਤ ਇੰਨੇ ਨਿਘਰਦੇ ਕਿਉਂ ਜਾ ਰਹੇ ਹਨ। ਧਰਮ, ਸੂਬੇ, ਭਾਸ਼ਾ ਆਦਿ ਦੇ ਆਧਾਰ 'ਤੇ ਵੰਡੀਆਂ ਸਾਡੇ 'ਤੇ ਭਾਰੂ ਪੈ ਰਹੀਆਂ ਹਨ। ਆਖਰ ਇਹ ਉਹੀ ਮਸਲੇ ਸਨ



**ਗੁਰਬਚਨ ਜਗਤ**

ਜਿਨ੍ਹਾਂ 'ਤੇ ਸਾਡੇ ਦੇਸ਼ ਦੇ ਸੰਵਿਧਾਨ ਨਿਰਮਾਤਾਵਾਂ ਨੇ ਕਾਬੂ ਪਾਉਣਾ ਚਾਹਿਆ ਸੀ।

ਦੋਵਾਂ ਪਾਰਟੀਆਂ ਦਾ ਇਕੋ ਜਿਹਾ ਏਜੰਡਾ ਹੈ ਅਤੇ ਇਨ੍ਹਾਂ ਦੀ ਲੀਡਰਸ਼ਿਪ ਵੀ ਨਿੱਜੀ ਮੁਫਾਦ ਤੋਂ ਪ੍ਰੇਰਿਤ ਜਾਪਦੀ ਹੈ ਜਿਸ ਦਾ ਕੌਮੀ ਜਾਂ ਸੂਬਾਈ ਨੀਤੀਆਂ 'ਤੇ ਕੋਈ ਧਿਆਨ ਨਹੀਂ ਹੈ। ਸਿਆਸਤਦਾਨ ਮਾਮਲਿਆਂ ਨੂੰ ਆਮ ਵਿਅਕਤੀ ਜਾਂ ਉਸ ਦੀਆਂ ਲੋੜਾਂ ਦੇ ਜ਼ਾਵੀਏ ਤੋਂ ਨਹੀਂ ਦੇਖਦਾ। ਉਨ੍ਹਾਂ ਲਈ ਉਹ ਵੋਟ ਬੈਂਕ ਹੁੰਦੇ ਹਨ ਜਿਨ੍ਹਾਂ ਦਾ ਲੋੜ ਪੈਣ 'ਤੇ ਸ਼ੋਸ਼ਣ ਕੀਤਾ ਜਾ ਸਕਦਾ ਹੈ। ਆਓ, ਪੰਜ ਸੂਬਿਆਂ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਦੀ ਚਰਚਾ ਕਰੀਏ। ਸੱਤਾਧਾਰੀ ਤੇ ਸੱਤਾ ਤੋਂ ਬਾਹਰ ਦੋਵੇਂ ਤਰ੍ਹਾਂ ਦੀਆਂ ਪਾਰਟੀਆਂ ਅੰਦਰ ਮੁਫਤ ਸਹੂਲਤਾਂ ਅਤੇ ਰਿਆਇਤਾਂ ਦੇਣ ਦੀ ਹੋੜ ਲੱਗੀ ਹੋਈ ਹੈ ਕਿਉਂਕਿ ਉਨ੍ਹਾਂ ਲਈ ਵੋਟਰ ਨੂੰ ਭਰਮਾ ਕੇ ਜਾਂ ਲਾਲਚ ਦੇ ਕੇ ਕਿਸੇ ਵੀ ਸੂਰਤ ਵਿਚ ਵੋਟਾਂ ਹਾਸਲ ਕਰਨੀਆਂ ਜ਼ਰੂਰੀ ਹਨ। ਬਿਜਲੀ ਦੇ ਬਿੱਲ ਘਟਾਏ ਜਾ ਰਹੇ ਹਨ, ਯਾਤਰਾ ਰੇਲਾਂ ਚਲਾਉਣ ਦੇ ਵਾਅਦੇ ਕੀਤੇ ਜਾ ਰਹੇ ਹਨ, ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਘਟਾਈਆਂ ਜਾ ਰਹੀਆਂ ਹਨ ਅਤੇ ਸੂਬਿਆਂ ਵੱਲੋਂ ਆਪਣੇ ਸੂਬੇ ਦੇ ਜੰਮਪਲਾਂ ਲਈ 60 ਜਾਂ 70 ਫੀਸਦੀ ਭਰਤੀ ਲਾਜ਼ਮੀ ਕਰਨ ਦੇ ਨੇਮ ਬਣਾਏ ਜਾ ਰਹੇ ਹਨ। ਕੀ ਇਹ ਸਭ ਰਾਸ਼ਟਰ ਨਿਰਮਾਣ ਹੈ? ਭਾਰਤ ਦਾ ਸੰਕਲਪ ਕਿੱਥੇ ਹੈ? ਜਾਂ ਫਿਰ ਇਨ੍ਹਾਂ ਸਿਆਸੀ ਪਾਰਟੀਆਂ ਲਈ ਇਹੀ ਭਾਰਤ ਦਾ ਸੰਕਲਪ ਹੈ?

ਭਾਜਪਾ ਦਾ ਭਾਰਤ ਦਾ ਸੰਕਲਪ ਹੋਰਨਾਂ ਪਾਰਟੀਆਂ ਨਾਲੋਂ ਵੱਖਰਾ ਹੈ ਜਿਸ ਵਿਚ ਧਰਮ ਇਸ ਦਾ ਮੂਲ ਸਿਧਾਂਤ ਹੈ ਜਦੋਂਕਿ ਕਾਂਗਰਸ ਦਾ ਧੁੰਦਲਾ ਜਿਹਾ ਸੰਕਲਪ ਹੈ ਹਾਲਾਂਕਿ ਇਸ ਕੋਲ ਇਸ ਸੰਕਲਪ ਦਾ ਖੁਲਾਸਾ ਕਰਨ ਵਾਲਾ ਕੋਈ ਆਗੂ ਨਹੀਂ ਹੈ। ਸੂਬਾਈ ਪਾਰਟੀਆਂ ਦੇ ਵੀ ਭਾਰਤ ਬਾਰੇ ਆਪੋ ਆਪਣੇ ਸੰਕਲਪ ਹਨ ਜੋ ਸੱਤਾ ਵਿਚ ਆਉਣ ਅਤੇ ਸੱਤਾ ਤੋਂ ਲਾਂਭੇ ਹੋਣ ਦੀ ਸੂਰਤ ਵਿਚ ਬਦਲਦੇ ਰਹਿੰਦੇ ਹਨ। ਫਿਰ ਕਾਂਗਰਸ ਤੋਂ ਵੱਖ ਹੋਏ ਸਿਆਸਤਦਾਨਾਂ ਵੱਲੋਂ ਬਣਾਈਆਂ ਗਈਆਂ ਟੀ.ਐਮ.ਸੀ., ਐਨ.ਸੀ.ਪੀ. ਤੇ ਵਾਈ.ਐਸ.ਆਰ. ਜਿਹੀਆਂ ਖੇਤਰੀ ਪਾਰਟੀਆਂ ਹਨ। ਇਨ੍ਹਾਂ ਤੋਂ ਇਲਾਵਾ ਦੱਖਣ ਦੀਆਂ ਪਾਰਟੀਆਂ ਆਉਂਦੀਆਂ ਹਨ ਜਿਨ੍ਹਾਂ ਦੀ ਆਪਣੀ ਹੀ ਤਰਜ਼ ਤੇ ਤਰਜੀਹਾਂ ਹਨ। ਜੇ ਧਰਮ, ਜਾਤ, ਖੇਤਰਵਾਦ ਹੀ ਜ਼ਿਆਦਾਤਰ ਸਿਆਸੀ ਪਾਰਟੀਆਂ ਦਾ ਆਧਾਰ ਹਨ ਤਾਂ ਭਾਰਤ ਦਾ ਸੰਕਲਪ ਕਿੱਥੇ ਹੈ? ਮਮਤਾ ਬੈਨਰਜੀ, ਪਟਨਾਇਕ, ਸ਼ਰਦ ਪਵਾਰ, ਸਟਾਲਿਨ, ਵਾਈ.ਐਸ.ਆਰ., ਨਿਤੀਸ਼ ਅਤੇ ਲਾਲੂ ਮਜ਼ਬੂਤ ਵਿਅਕਤੀ ਹਨ ਅਤੇ ਇਨ੍ਹਾਂ ਦੀਆਂ ਪਾਰਟੀਆਂ ਇਨ੍ਹਾਂ ਦੀ ਮਰਜ਼ੀ ਮੁਤਾਬਿਕ ਚਲਦੀਆਂ ਹਨ। ਮੁੱਖਧਾਰਾ ਦੀਆਂ ਪਾਰਟੀਆਂ ਵੀ ਹੌਲੀ-ਹੌਲੀ ਇਕ ਵਿਅਕਤੀ ਜਾਂ ਇਕ ਪਾਰਟੀ ਦੀ ਜਾਗੀਰ ਬਣ ਗਈਆਂ ਜਾਪਦੀਆਂ ਹਨ।

ਮੁੱਦਾ ਇਹ ਹੈ ਕਿ ਸਮੂਹਿਕ ਲੀਡਰਸ਼ਿਪ ਅਤੇ ਸਾਂਝੀ ਜ਼ਿੰਮੇਵਾਰੀ ਸਹਿਤ ਕੈਬਨਿਟ ਦੀ ਭੂਮਿਕਾ ਨਾਂ ਦੀ ਕੋਈ ਸ਼ੈਅ ਨਹੀਂ ਬਚੀ। ਸਾਡੇ ਲੋਕਰਾਜ ਦੀ ਬੁਨਿਆਦ ਸਾਰੇ ਚੁਣੇ ਹੋਏ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵੱਲੋਂ ਨਾ ਸਿਰਫ ਉਨ੍ਹਾਂ ਦੇ ਆਪੋ ਆਪਣੇ ਆਗੂਆਂ ਦੀ ਚੋਣ ਸਗੋਂ ਕੈਬਨਿਟ, ਸਰਕਾਰ ਤੇ ਰਾਜਕੀ ਪ੍ਰਣਾਲੀ ਦੇ ਗਠਨ ਵਿਚ ਨਿਭਾਈ ਜਾਂਦੀ ਭੂਮਿਕਾ 'ਤੇ ਟਿਕੀ ਹੁੰਦੀ ਹੈ। ਵੱਖ ਵੱਖ ਮੰਤਰੀਆਂ ਅਤੇ ਉਨ੍ਹਾਂ ਦੇ ਵਿਭਾਗਾਂ ਦਰਮਿਆਨ ਸ਼ਕਤੀਆਂ ਦੀ ਵੰਡ ਅਤੇ ਫੈਸਲੇ ਲੈਣ ਦੀ ਤਾਕਤ ਨਾ ਸਿਰਫ ਜਮਹੂਰੀਅਤ ਸਗੋਂ ਪ੍ਰਸ਼ਾਸਨ ਦੇ ਕਾਰਗਰ ਕੰਮਕਾਜ ਲਈ ਵੀ ਜ਼ਰੂਰੀ ਹੈ। ਅੱਜ ਕੱਲ੍ਹ ਦੇ ਆਗੂ ਦੂਜੀ ਕਤਾਰ ਦੇ ਆਗੂਆਂ ਜਾਂ ਕੈਬਨਿਟ ਮੰਤਰੀਆਂ ਨੂੰ ਹੱਲਾਸ਼ੇਰੀ ਦੇਣ ਵਿਚ ਵਿਸ਼ਵਾਸ ਨਹੀਂ ਰੱਖਦੇ। ਨਹਿਰੂ ਦੇ ਨਾਲ ਸਰਦਾਰ ਪਟੇਲ, ਮੌਲਾਨਾ ਆਜ਼ਾਦ, ਕ੍ਰਿਸ਼ਨਾ ਮੈਨਨ, ਸੁਬਰਾਮਣੀਅਨ ਜਿਹੇ ਕਈ ਜ਼ਹੀਨ ਮੰਤਰੀਅ ਤੇ ਪਾਰਟੀ ਆਗੂ ਸਨ। ਅਟਲ ਬਿਹਾਰੀ ਵਾਜਪਾਈ ਨਾਲ ਲਾਲ ਕ੍ਰਿਸ਼ਨ ਅਡਵਾਨੀ, ਯਸ਼ਵੰਤ ਸਿਨਹਾ, ਅਰੁਣ ਜੇਤਲੀ, ਜਸਵੰਤ ਸਿੰਘ, ਸੁਸ਼ਮਾ ਸਵਰਾਜ ਜਿਹੇ ਬੇਮਿਸਾਲ ਆਗੂ ਸਨ ਜੋ ਪ੍ਰਧਾਨ ਮੰਤਰੀ ਦੇ ਬਰਾਬਰ ਰੁਤਬਾ ਰੱਖਦੇ ਸਨ। ਪੀ.ਵੀ. ਨਰਸਿਮ੍ਹਾ ਰਾਓ ਨੂੰ ਬਤੌਰ ਵਿੱਤ ਮੰਤਰੀ ਮਨਮੋਹਨ ਸਿੰਘ ਮਿਲ ਗਏ ਸਨ। ਸ੍ਰੀ ਮਨਮੋਹਨ ਸਿੰਘ ਦੇ ਨਾਲ ਵਿੱਤ ਮੰਤਰੀ ਦੇ ਤੌਰ 'ਤੇ ਪੀ. ਚਿਦੰਬਰਮ, ਪ੍ਰਣਬ ਮੁਖਰਜੀ (ਜੋ ਬਾਅਦ ਵਿਚ ਭਾਰਤ ਦੇ ਰਾਸ਼ਟਰਪਤੀ ਵੀ ਬਣੇ) ਸਨ, ਯੋਜਨਾ ਕਮਿਸ਼ਨ ਵਿਚ ਮੌਂਟੇਕ ਸਿੰਘ ਆਹਲੂਵਾਲੀਆ ਸਨ ਤੇ ਰਘੂਰਾਮ ਰਾਜਨ ਨੇ ਭਾਰਤੀ ਰਿਜ਼ਰਵ ਬੈਂਕ ਦੀ ਵਾਗਡੋਰ ਸੰਭਾਲੀ ਹੋਈ ਸੀ। ਇਹ ਕੈਬਨਿਟ ਵਿਚਲੇ ਸਹਿਕਰਮੀ ਸਨ ਜੋ ਸਾਰੇ ਮਹੱਤਵਪੂਰਨ ਮੁੱਦਿਆਂ 'ਤੇ ਆਪਣੇ ਮਨ ਦੀ ਗੱਲ ਕਹਿਣ ਦਾ ਮਾਦਾ ਰੱਖਦੇ ਸਨ।

ਸੂਬਾਈ ਰਾਜਨੀਤੀ ਦੀ ਗੱਲ ਕੀਤੀ ਜਾਵੇ ਤਾਂ ਤਾਮਿਲਨਾਡੂ ਵਿਚ ਕਾਮਰਾਜ ਤੇ ਕਰੁਣਾਨਿਧੀ, ਬੰਗਾਲ ਵਿਚ ਡਾ. ਬੀ.ਸੀ. ਰਾਏ, ਮਹਾਰਾਸ਼ਟਰ ਵਿਚ ਵਾਈ.ਬੀ. ਚਵਾਨ, ਪੰਜਾਬ ਵਿਚ ਪ੍ਰਤਾਪ ਸਿੰਘ ਕੈਰੋਂ ਤੇ ਦਰਬਾਰਾ ਸਿੰਘ, ਹਰਿਆਣਾ ਵਿਚ ਬੰਸੀ ਲਾਲ ਅਤੇ ਦੇਵੀ ਲਾਲ ਜਿਹੇ ਮੁੱਖ ਮੰਤਰੀ ਰਹੇ ਹਨ। ਇਸ ਸੂਚੀ ਵਿਚ ਹੋਰ ਵੀ ਕਈ ਨਾਂ ਹੋ ਸਕਦੇ ਹਨ ਪਰ ਮੂਲ ਨੁਕਤਾ ਇਹ ਹੈ ਕਿ ਅੱਜ ਸੱਤਾਧਾਰੀ ਆਗੂ ਕਾਬਲੀਅਤ ਨੂੰ ਹੱਲਾਸ਼ੇਰੀ ਨਹੀਂ ਦਿੰਦੇ ਸਗੋਂ ਉਹ ਇਸ ਤੋਂ ਡਰਦੇ ਰਹਿੰਦੇ ਹਨ ਜਿਸ ਕਰਕੇ ਅੱਜ ਸੁਚੱਜੇ ਢੰਗ ਨਾਲ ਤਿਆਰ ਕੀਤੀ ਕੋਈ ਵੀ ਵੱਡੀ ਯੋਜਨਾ ਪਹਿਲਕਦਮੀ ਨਜ਼ਰ ਨਹੀਂ ਆਉਂਦੀ। ਕੈਬਨਿਟ ਵਿਚ ਸੰਤੁਲਨ ਨਾ ਹੋਣ ਕਰਕੇ ਸ਼ਾਸਨ 'ਤੇ ਮਾੜਾ ਅਸਰ ਪੈਂਦਾ ਹੈ, ਅਰਥਚਾਰੇ ਦੀ ਕਾਰਕਰਦਗੀ ਅਤੇ ਨਿਆਂ ਦੇਣ ਦੀ ਯੋਗਤਾ ਘਟ ਜਾਂਦੀ ਹੈ। ਕੇਂਦਰ ਤੇ ਸੂਬਿਆਂ ਵਿਚਲੀਆਂ ਸਾਡੀਆਂ ਸਰਕਾਰਾਂ ਦੀ ਕਿਸੇ ਬਿਪਤਾ ਵੇਲੇ ਹੀ ਜਾਗ ਖੁੱਲ੍ਹਦੀ ਹੈ। ਕੋਵਿਡ, ਪਰਵਾਸ,



ਜੀ.ਐਸ.ਟੀ., ਨੋਟਬੰਦੀ ਆਦਿ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਬਾਰੇ ਕੀ ਅਸੀਂ ਕਦੇ ਸੂਬਿਆਂ ਨਾਲ ਸਲਾਹ ਮਸ਼ਵਰਾ ਕਰ ਕੇ ਕੋਈ ਕੌਮੀ ਯੋਜਨਾ ਤਿਆਰ ਕੀਤੀ ਹੈ? ਸਿਹਤ, ਸਿੱਖਿਆ, ਕੁਦਰਤੀ ਆਫਤਾਂ, ਅੰਦਰੂਨੀ ਸੁਰੱਖਿਆ ਆਦਿ ਕਿਸੇ ਮੁਤੱਲਕ ਵੀ ਨਹੀਂ। ਅਸੀਂ ਅਗਲੀ ਬਿਪਤਾ ਦੀ ਉਡੀਕ ਕਰਦੇ ਰਹਿੰਦੇ ਹਾਂ ਤੇ ਫਿਰ ਉਸ ਨਾਲ ਸਿੱਝਣ ਦੀ ਕੋਸ਼ਿਸ਼ ਕਰਦੇ ਹਾਂ।

ਕਿਹਾ ਜਾਂਦਾ ਹੈ ਕਿ ਜਦੋਂ ਹੈਨਰੀ ਫੋਰਡ ਨੇ ਆਪਣੀ ਪ੍ਰਸਿੱਧ ਕਾਰ ਲਾਂਚ ਕੀਤੀ ਸੀ ਤਾਂ ਕਿਸੇ ਪੱਤਰਕਾਰ ਨੇ ਚੁਟਕੀ ਲੈਂਦਿਆਂ ਸਵਾਲ ਕੀਤਾ ਸੀ ਕਿ ਜਦੋਂ ਉਹ ਚੰਗਾ ਪੜ੍ਹਿਆ ਲਿਖਿਆ ਬੰਦਾ ਨਹੀਂ ਹੈ ਤੇ ਉਸ ਨੂੰ ਕਾਰ ਸਨਅਤ ਦਾ ਕੋਈ ਤਜਰਬਾ ਵੀ ਨਹੀਂ ਹੈ ਤਾਂ ਉਹ ਤਰੱਕੀ ਕਿਵੇਂ ਕਰ ਸਕੇਗਾ? ਹੈਨਰੀ ਦਾ ਸੰਖੇਪ ਜਿਹਾ ਜਵਾਬ ਇਹ ਸੀ ਕਿ ਉਹ ਭਾਵੇਂ ਬਹੁਤਾ ਪੜ੍ਹਿਆ ਲਿਖਿਆ ਬੰਦਾ ਨਹੀਂ ਹੈ ਪਰ ਉਸ ਨੂੰ ਇਹ ਪਤਾ ਹੈ ਕਿ ਦੁਨੀਆਂ ਭਰ 'ਚੋਂ ਜ਼ਹੀਨ ਬੰਦੇ ਕਿਵੇਂ ਹਾਸਲ ਕੀਤੇ ਜਾਂਦੇ ਹਨ ਤੇ ਫਿਰ ਉਸ ਨੇ ਇਉਂ ਹੀ ਕੀਤਾ ਤੇ ਫਿਰ ਇਤਿਹਾਸ ਕਿਵੇਂ ਬਣਿਆ ਸਭ ਜਾਣਦੇ ਹਨ। ਸਰਕਾਰ ਵਿਚ ਸਾਡੇ ਮੌਜੂਦਾ ਆਗੂਆਂ 'ਚੋਂ ਬਹੁਤੇ ਆਪਣੇ ਆਲੇ-ਦੁਆਲੇ ਹੋਛੇ ਲੋਕਾਂ ਦਾ ਜਮਘਟਾ ਇਕੱਠਾ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਨ੍ਹਾਂ ਵਿਚ ਦਿਮਾਗ ਦੀ ਵਰਤੋਂ ਕਰਨ ਜਾਂ ਲੀਡਰਸ਼ਿਪ ਨੂੰ ਚੁਣੌਤੀ ਦੇਣ ਦਾ ਜੇਰਾ ਨਹੀਂ ਹੁੰਦਾ। ਇਸੇ ਕਰਕੇ ਲੋਕ ਸਿਰਫ ਆਪਣੇ ਆਗੂ ਨੂੰ ਹੀ ਪਛਾਣਦੇ ਹਨ ਨਾ ਕਿ ਉਸ ਦੁਆਲੇ ਇਕੱਤਰ ਹੋਏ ਹਲਕੀ ਕਿਸਮ ਦੇ ਆਗੂਆਂ ਨੂੰ। ਕੋਈ ਇਕੱਲਾ ਇਕਹਿਰਾ ਵਿਅਕਤੀ ਆਪਣੇ ਤੌਰ 'ਤੇ ਸਮੁੱਚੇ ਦੇਸ਼ ਲਈ ਫੌਰੀ ਜਾਂ ਦੀਰਘਕਾਲੀ ਨੀਤੀਆਂ ਤਿਆਰ ਨਹੀਂ ਕਰ ਸਕਦਾ ਜਿਸ ਕਰਕੇ ਉਹ ਨਾ ਚੰਗਾ ਸ਼ਾਸਨ ਤੇ ਨਿਆਂ ਨਹੀਂ ਦੇ ਸਕਦੇ।

ਚੋਣਾਂ ਮੌਕੇ ਕੀਤੀ ਜਾਂਦੀ ਜੁਮਲੇਬਾਜ਼ੀ ਰਾਹੀਂ ਸਾਡੇ ਦੇਸ਼ ਦੇ ਕਰੋੜਾਂ ਲੋਕਾਂ ਨੂੰ ਗਰੀਬੀ ਦੀ ਜਿੱਲ੍ਹਣ 'ਚੋਂ ਨਹੀਂ ਕੱਢਿਆ ਜਾ ਸਕਦਾ। ਉਨ੍ਹਾਂ ਨੂੰ ਪੜ੍ਹਾਉਣਾ ਪਵੇਗਾ, ਉਨ੍ਹਾਂ ਨੂੰ ਚੰਗੀ ਸਿਹਤ ਦੇਣੀ ਪਵੇਗੀ ਅਤੇ ਰੁਜ਼ਗਾਰ ਮੁਹੱਈਆ ਕਰਾਉਣਾ ਪਵੇਗਾ। ਇਹ ਸੁਚੱਜੀਆਂ ਨੀਤੀਆਂ ਅਤੇ ਪ੍ਰਤੀਬੱਧ ਲੀਡਰਸ਼ਿਪ ਰਾਹੀਂ ਹੀ ਕੀਤਾ ਜਾ ਸਕਦਾ ਹੈ। ਚੋਣਾਂ ਤੋਂ ਪਹਿਲਾਂ ਛੋਟੀਆਂ ਮੋਟੀਆਂ ਰਿਆਇਤਾਂ ਦੇਣ; ਕੁਝ ਪੈਸੇ, ਸ਼ਰਾਬ ਜਾਂ ਖਾਣਾ ਵਰਤਾਉਣ ਨਾਲ ਇਹ ਸਭ ਕੁਝ ਸੰਭਵ ਨਹੀਂ ਹੋ ਸਕਦਾ। ਸਾਲ ਭਰ ਚੋਣਾਂ ਦਾ ਇਹ ਚੱਕਰ ਚੱਲਣ ਕਰਕੇ ਸਿਆਸੀ ਪਾਰਟੀਆਂ ਦਾ ਇਕੋ ਇਕ ਮੰਤਵ ਚੋਣਾਂ ਜਿੱਤਣਾ ਬਣ ਕੇ ਰਹਿ ਜਾਂਦਾ ਹੈ ਅਤੇ ਨੀਤੀਆਂ ਘੜਨ ਤੇ ਸ਼ਾਸਨ ਲਈ ਕੋਈ ਸਮਾਂ ਹੀ ਨਹੀਂ ਬਚਦਾ। ਚੋਣਾਂ ਸੱਤਾ ਲਈ ਮਹਿਜ਼ ਇਕ ਸਾਧਨ ਹਨ ਅਤੇ ਸਿਰਫ ਸੱਤਾ ਦੀ ਖਾਤਰ ਸੱਤਾ ਨਹੀਂ ਹੋਣੀ ਚਾਹੀਦੀ ਸਗੋਂ ਵੋਟਰ ਉਨ੍ਹਾਂ ਨੂੰ ਸੱਤਾ ਇਸ ਲਈ ਸੌਂਪਦੇ ਹਨ ਤਾਂ ਕਿ ਉਨ੍ਹਾਂ ਦੀ ਜ਼ਿੰਦਗੀ ਦੀਆਂ ਹਾਲਤਾਂ ਵਿਚ ਕੁਝ ਸੁਧਾਰ ਆ ਸਕੇ। ਚੋਣਾਂ ਮੌਕੇ ਵੀ ਮਹਿਜ਼ ਫੋਕੀ ਨਾਅਰੇਬਾਜ਼ੀ ਅਤੇ ਜੁਮਲੇਬਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਇਸ ਦੀ ਬਜਾਇ ਉਨ੍ਹਾਂ ਨੀਤੀਆਂ ਦਾ ਖੁਲਾਸਾ ਕਰਨਾ ਚਾਹੀਦਾ ਹੈ ਜਿਨ੍ਹਾਂ ਰਾਹੀਂ ਲੋਕਾਂ ਦੀ ਭਲਾਈ ਕੀਤੀ ਜਾ ਸਕਦੀ ਹੈ।

ਇੱਥੇ ਹੀ ਲੋਕਰਾਜ ਦੇ ਦੂਜੇ ਸਤੰਭਾਂ ਨੂੰ ਅੱਗੇ ਆ ਕੇ ਭੂਮਿਕਾ ਨਿਭਾਉਣ ਤੇ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਤਾਂ ਕਿ ਚੋਣਾਂ ਲਈ ਸਮੁੱਚਾ ਸਿਆਸੀ ਸੰਵਾਦ ਵੋਟਰਾਂ ਨੂੰ ਗੁੰਮਰਾਹ ਕਰਨ ਵਾਲੇ ਸ਼ਰਾਰਤੀ ਤੇ ਚਲਾਕ ਅਨਸਰਾਂ ਦੇ ਹੱਥਾਂ ਵਿਚ ਨਾ ਚਲਿਆ ਜਾਵੇ। ਮੀਡੀਆ ਨੂੰ ਵਿਕਾਸ, ਸਿਹਤ, ਸਿੱਖਿਆ ਅਤੇ ਸੁਰੱਖਿਆ ਦੇ ਬੁਨਿਆਦੀ ਮੁੱਦਿਆਂ 'ਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ ਜਦੋਂਕਿ ਨਿਆਂਪਾਲਿਕਾ ਨੂੰ ਫੌਜਦਾਰੀ ਨਿਆਂ ਪ੍ਰਣਾਲੀ 'ਤੇ ਸਰਗਰਮ ਨਿਗਰਾਨੀ ਰੱਖਣੀ ਚਾਹੀਦੀ ਹੈ ਤਾਂ ਕਿ ਅਪਰਾਧੀ ਅਨਸਰਾਂ ਨੂੰ ਸਿਆਸਤ ਵਿਚ ਦਾਖਲ ਹੋਣ ਤੋਂ ਰੋਕਿਆ ਜਾ ਸਕੇ। ਚੋਣ ਕਮਿਸ਼ਨ ਨੂੰ ਚੋਣਾਂ ਲਈ ਮਹਿਜ਼ ਰਾਹ ਪੱਧਰਾ ਕਰਨ ਵਾਲੀ ਸੰਸਥਾ ਹੀ ਨਹੀਂ ਬਣਨਾ ਚਾਹੀਦਾ ਸਗੋਂ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਚੋਣਾਂ ਤੋਂ ਪਹਿਲਾਂ, ਦੌਰਾਨ ਤੇ ਬਾਅਦ ਵਿਚ ਸਾਰੀਆਂ ਸਿਆਸੀ ਪਾਰਟੀਆਂ ਲਈ ਬਰਾਬਰੀ ਵਾਲਾ ਮੈਦਾਨ ਮੁਹੱਈਆ ਹੋ ਸਕੇ। ਚੋਣ ਕਮਿਸ਼ਨ ਦਾ ਮੁੱਖ ਧਿਆਨ ਇਹ ਯਕੀਨੀ ਬਣਾਉਣ 'ਤੇ ਹੋਣਾ ਚਾਹੀਦਾ ਹੈ ਕਿ ਵੋਟਰ ਸਾਫ ਸੁਥਰੇ ਤੇ ਆਜ਼ਾਦਾਨਾ ਮਾਹੌਲ ਵਿਚ ਮਤਦਾਨ ਕਰ ਕੇ ਆਪਣੀ ਆਵਾਜ਼ ਸੁਣਾ ਸਕਣ।

ਆਓ, ਹੁਣ ਸਾਡੀਆਂ ਸਿਆਸੀ ਪਾਰਟੀਆਂ ਦੀਆਂ ਚੋਣ ਪ੍ਰਚਾਰ ਮੁਹਿੰਮਾਂ ਦੀ ਬਰਤਾਨੀਆ, ਯੂਰੋਪ ਅਤੇ ਅਮਰੀਕਾ ਜਿਹੇ ਪ੍ਰੌਢ ਲੋਕਰਾਜਾਂ ਦੀਆਂ ਸਿਆਸੀ ਪਾਰਟੀਆਂ ਨਾਲ ਤੁਲਨਾ ਕਰੀਏ। ਬਰਤਾਨੀਆ ਵਿਚ ਕੰਜ਼ਰਵੇਟਿਵ ਅਤੇ ਲੇਬਰ, ਅਮਰੀਕਾ ਵਿਚ ਡੈਮੋਕਰੈਟਿਕ ਅਤੇ ਰਿਪਬਲਿਕਨ ਪਾਰਟੀ, ਜਰਮਨੀ ਤੇ ਕਈ ਹੋਰ ਯੂਰੋਪੀ ਦੇਸ਼ਾਂ ਵਿਚ ਕ੍ਰਿਸ਼ਚੀਅਨ ਡੈਮੋਕਰੈਟ, ਸੋਸ਼ਲਿਸਟ ਤੇ ਗਰੀਨ ਪਾਰਟੀ ਆਪੋ ਆਪਣੀ ਵਿਚਾਰਧਾਰਾ ਤੇ ਸੰਕਲਪ ਦਾ ਡੱਟ ਕੇ ਖੁਲਾਸਾ ਕਰਦੀਆਂ ਹਨ। ਮਿਸਾਲ ਦੇ ਤੌਰ 'ਤੇ ਅਮਰੀਕਾ ਵਿਚ ਬਹੁਤੇ ਨਾਗਰਿਕ ਦੋਵੇਂ ਪ੍ਰਮੁੱਖ ਪਾਰਟੀਆਂ 'ਚੋਂ ਇਕ ਜਾਂ ਦੂਜੀ ਨਾਲ ਸਪੱਸ਼ਟ ਰੂਪ ਵਿਚ ਜੁੜੇ ਹੁੰਦੇ ਹਨ ਅਤੇ ਉਹ ਉਨ੍ਹਾਂ ਪਾਰਟੀਆਂ ਦੇ ਏਜੰਡੇ ਅਤੇ ਅਹਿਮ ਮੁੱਦਿਆਂ 'ਤੇ ਉਨ੍ਹਾਂ ਦੇ ਸਟੈਂਡ ਤੋਂ ਚੰਗੀ ਤਰ੍ਹਾਂ ਵਾਕਫ ਹੁੰਦੇ ਹਨ। ਪਾਰਟੀਆਂ ਦੇ ਏਜੰਡੇ ਮੁੱਖ ਤੌਰ 'ਤੇ ਲੋਕਾਂ ਦੀਆਂ ਆਰਥਿਕ ਲੋੜਾਂ ਅਤੇ ਸਿੱਖਿਆ, ਸਿਹਤ, ਤਕਨਾਲੋਜੀ, ਰੱਖਿਆ ਖੇਤਰ ਆਦਿ ਦੇ ਸਮੁੱਚੇ ਵਿਕਾਸ ਨਾਲ ਜੁੜੇ ਹੁੰਦੇ ਹਨ।

ਇਨ੍ਹਾਂ ਤੋਂ ਇਲਾਵਾ ਪਾਰਟੀਆਂ ਵੱਲੋਂ ਜਲਵਾਯੂ ਤਬਦੀਲੀ ਅਤੇ ਵਾਤਾਵਰਨ ਜਿਹੇ ਅਹਿਮ ਮੁੱਦਿਆਂ ਦੀ ਘੋਖ ਹੁੰਦੀ ਰਹਿੰਦੀ ਹੈ ਅਤੇ ਇਨ੍ਹਾਂ 'ਤੇ ਉਨ੍ਹਾਂ ਵੱਲੋਂ ਲਈ ਜਾਂਦੀ ਪੁਜ਼ੀਸ਼ਨ ਦਾ ਖੁਲਾਸਾ ਹੁੰਦਾ ਰਹਿੰਦਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਉਨ੍ਹਾਂ ਦੀ ਡੈਮੋਕਰੈਟਿਕ ਪਾਰਟੀ ਨੇ ਹਾਲ ਹੀ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਇਕ ਸਪੱਸ਼ਟ ਯੋਜਨਾ ਆਮ ਲੋਕਾਂ ਤੇ ਕਾਂਗਰਸ ਸਾਹਮਣੇ ਰੱਖੀ ਸੀ। ਇਸ ਉਪਰ ਕਈ ਮਹੀਨਿਆਂ ਤੋਂ ਚਰਚਾ ਚੱਲਦੀ ਰਹੀ ਤੇ ਆਖਰਕਾਰ ਦੋਵੇਂ ਪਾਰਟੀਆਂ ਦੀ ਸਹਿਮਤੀ ਨਾਲ ਇਹ ਪਾਸ ਹੋ ਗਈ ਹੈ। ਚੋਖੀ ਤਾਦਾਦ ਵਿਚ ਕਰਾਸ ਵੋਟਿੰਗ ਹੋਣ ਤੋਂ ਅਮਰੀਕੀ ਲੋਕਤੰਤਰ ਦੇ ਲਚਕ ਮਾਦੇ ਦਾ ਪਤਾ ਚਲਦਾ ਹੈ ਕਿ ਇਹ ਦਲਗਤ ਰਾਜਨੀਤੀ ਦਾ ਮੁਹਤਾਜ ਨਹੀਂ ਹੈ। ਗੌਰਤਲਬ ਹੈ ਕਿ ਕਿਸੇ ਖਾਸ ਮੁੱਦੇ 'ਤੇ ਕਰਾਸ ਵੋਟਿੰਗ ਦਾ ਇਹ ਹਰਗਿਜ਼ ਮਤਲਬ ਨਹੀਂ ਹੈ ਕਿ ਉੱਥੋਂ ਦੀਆਂ ਪਾਰਟੀਆਂ ਕਿਸੇ ਲਾਲਚਵੱਸ ਆਪਣਾ ਮਤ ਬਦਲ ਲੈਂਦੀਆਂ ਹਨ। ਦਰਅਸਲ, ਉੱਥੇ ਵੱਡੇ ਪੱਧਰ 'ਤੇ ਦਲਬਦਲੀ ਸੁਣਨ ਨੂੰ ਨਹੀਂ ਮਿਲਦੀ। ਰਾਜਨੀਤੀ ਵਿਚ ਸਾਫਗੋਈ ਸਭ ਤੋਂ ਉਪਰ ਗਿਣੀ ਜਾਂਦੀ ਹੈ ਜਿਸ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ।

ਇਕ ਖਰਬ ਡਾਲਰ ਦੀ ਇਸ ਯੋਜਨਾ ਵਿਚ ਸਾਫ ਤੌਰ 'ਤੇ ਸੜਕਾਂ, ਪੁਲਾਂ, ਬਿਜਲੀ ਚਾਰਜਿੰਗ ਸਟੇਸ਼ਨਾਂ ਆਦਿ 'ਤੇ ਕੀਤੇ ਜਾਣ ਵਾਲੇ ਖਰਚ ਦੇ ਵੇਰਵੇ ਦਿੱਤੇ ਗਏ ਹਨ ਅਤੇ ਇਨ੍ਹਾਂ ਪ੍ਰੋਜੈਕਟਾਂ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਲਈ ਕਾਂਗਰਸ ਦੀਆਂ ਕਮੇਟੀਆਂ ਨਿਗਰਾਨੀ ਰੱਖਣਗੀਆਂ। ਇਹੋ ਜਿਹਾ ਲੋਕਤੰਤਰ ਵੀ ਟਰੰਪ ਵਰਗੇ ਕਿਸੇ ਨੇਤਾ ਨੂੰ ਵੀ ਅੱਗੇ ਲਿਆ ਸਕਦਾ ਹੈ, ਪਰ ਅਮਰੀਕੀ ਲੋਕਾਂ ਨੂੰ ਉਸ ਤੇ ਉਸ ਦੀ ਰਾਜਨੀਤੀ ਨਾਲ ਵੀ ਸਿੱਝਣਾ ਆਉਂਦਾ ਹੈ। ਮੈਂ ਸਿਰਫ ਅਮਰੀਕਾ ਦੀ ਮਿਸਾਲ ਦਿੱਤੀ ਹੈ, ਪਰ ਹੋਰਨਾਂ ਲੋਕਤੰਤਰਾਂ ਦਾ ਕੰਮਕਾਜ ਵੀ ਇਵੇਂ ਦਾ ਹੀ ਹੈ। ਦੂਜੇ ਪਾਸੇ, ਸਾਡਾ ਲੋਕਤੰਤਰ ਬਿੰਬਾਂ, ਧਰਮ ਤੇ ਜਾਤ ਦੇ ਪ੍ਰਤੀਕਾਂ ਅਤੇ ਚੋਣਾਂ ਤੋਂ ਕੁਝ ਦੇਰ ਪਹਿਲਾਂ ਲੋਕਾਂ ਨੂੰ ਦਿੱਤੇ ਜਾਂਦੇ ਫਾਇਦਿਆਂ 'ਤੇ ਬਹੁਤ ਜ਼ਿਆਦਾ ਟੇਕ ਰੱਖ ਕੇ ਚਲਦਾ ਹੈ। ਸਾਨੂੰ ਚੇਤੇ ਰੱਖਣ ਦੀ ਲੋੜ ਹੈ ਕਿ ਇਕ ਵਿਕਸਤ ਸਮਾਜ ਬਣਨ ਲਈ ਕੋਈ ਛੋਟਾ ਰਸਤਾ ਨਹੀਂ ਹੈ। ਕੌਮੀ ਨੀਤੀਆਂ, ਏਜੰਡੇ ਅਤੇ ਪ੍ਰਤੀਬੱਧ ਆਗੂ ਹੀ ਮਾਅਨੇ ਰੱਖਦੇ ਹਨ। ਇਕ ਨਵੀਂ ਪੀੜ੍ਹੀ ਅੱਗੇ ਆ ਰਹੀ ਹੈ ਜੋ ਪੁਰਾਣੇ ਵਿਚਾਰਾਂ ਨਾਲ ਬੱਝੀ ਨਹੀਂ ਹੋਈ। ਦੇਸ਼ ਨੂੰ ਇਨ੍ਹਾਂ ਦੀ ਤਾਕਤ ਤੇ ਇਨ੍ਹਾਂ ਦੀ ਕਾਬਲੀਅਤ ਦਾ ਲਾਹਾ ਲੈਣਾ ਚਾਹੀਦਾ ਹੈ ਤੇ ਅਜਿਹਾ ਮਾਹੌਲ ਮੁਹੱਈਆ ਕਰਾਉਣਾ ਚਾਹੀਦਾ ਹੈ ਜਿੱਥੇ ਇਹ ਆਪਣਾ ਹੁਨਰ ਦਿਖਾ ਸਕਣ। ਇਹ ਨਾ ਹੋਵੇ ਕਿ ਦੂਜੇ ਦੇਸ਼ ਹੀ ਸਾਡੇ ਨੌਜਵਾਨਾਂ ਦਾ ਲਾਭ ਲੈਂਦੇ ਰਹਿਣ।

***ਆਓ, ਹੁਣ ਭਾਰਤ ਦੀਆਂ ਸਿਆਸੀ ਪਾਰਟੀਆਂ ਦੀਆਂ ਚੋਣ ਪ੍ਰਚਾਰ ਮੁਹਿੰਮਾਂ ਦੀ ਬਰਤਾਨੀਆ, ਯੂਰੋਪ ਅਤੇ ਅਮਰੀਕਾ ਜਿਹੇ ਪ੍ਰੌਢ ਲੋਕਰਾਜਾਂ ਦੀਆਂ ਸਿਆਸੀ ਪਾਰਟੀਆਂ ਨਾਲ ਤੁਲਨਾ ਕਰੀਏ। ਬਰਤਾਨੀਆ ਵਿਚ ਕੰਜ਼ਰਵੇਟਿਵ ਅਤੇ ਲੇਬਰ, ਅਮਰੀਕਾ ਵਿਚ ਡੈਮੋਕਰੈਟਿਕ ਅਤੇ ਰਿਪਬਲਿਕਨ ਪਾਰਟੀ, ਜਰਮਨੀ ਤੇ ਕਈ ਹੋਰ ਯੂਰੋਪੀ ਦੇਸ਼ਾਂ ਵਿਚ ਕ੍ਰਿਸ਼ਚੀਅਨ ਡੈਮੋਕਰੈਟ, ਸੋਸ਼ਲਿਸਟ ਤੇ ਗਰੀਨ ਪਾਰਟੀ ਆਪੋ ਆਪਣੀ ਵਿਚਾਰਧਾਰਾ ਤੇ ਸੰਕਲਪ ਦਾ ਡੱਟ ਕੇ ਖੁਲਾਸਾ ਕਰਦੀਆਂ ਹਨ। ਮਿਸਾਲ ਦੇ ਤੌਰ 'ਤੇ ਅਮਰੀਕਾ ਵਿਚ ਬਹੁਤੇ ਨਾਗਰਿਕ ਦੋਵੇਂ ਪ੍ਰਮੁੱਖ ਪਾਰਟੀਆਂ 'ਚੋਂ ਇਕ ਜਾਂ ਦੂਜੀ ਨਾਲ ਸਪੱਸ਼ਟ ਰੂਪ ਵਿਚ ਜੁੜੇ ਹੁੰਦੇ ਹਨ ਅਤੇ ਉਹ ਉਨ੍ਹਾਂ ਪਾਰਟੀਆਂ ਦੇ ਏਜੰਡੇ ਅਤੇ ਅਹਿਮ ਮੁੱਦਿਆਂ 'ਤੇ ਉਨ੍ਹਾਂ ਦੇ ਸਟੈਂਡ ਤੋਂ ਚੰਗੀ ਤਰ੍ਹਾਂ ਵਾਕਫ ਹੁੰਦੇ ਹਨ। ਪਾਰਟੀਆਂ ਦੇ ਏਜੰਡੇ ਮੁੱਖ ਤੌਰ 'ਤੇ ਲੋਕਾਂ ਦੀਆਂ ਆਰਥਿਕ ਲੋੜਾਂ ਅਤੇ ਸਿੱਖਿਆ, ਸਿਹਤ, ਤਕਨਾਲੋਜੀ, ਰੱਖਿਆ ਖੇਤਰ ਆਦਿ ਦੇ ਸਮੁੱਚੇ ਵਿਕਾਸ ਨਾਲ ਜੁੜੇ ਹੁੰਦੇ ਹਨ। ਇਨ੍ਹਾਂ ਤੋਂ ਇਲਾਵਾ ਪਾਰਟੀਆਂ ਵੱਲੋਂ ਜਲਵਾਯੂ ਤਬਦੀਲੀ ਅਤੇ ਵਾਤਾਵਰਨ ਜਿਹੇ ਅਹਿਮ ਮੁੱਦਿਆਂ ਦੀ ਘੋਖ ਹੁੰਦੀ ਰਹਿੰਦੀ ਹੈ ਅਤੇ ਇਨ੍ਹਾਂ 'ਤੇ ਉਨ੍ਹਾਂ ਵੱਲੋਂ ਲਈ ਜਾਂਦੀ ਪੁਜ਼ੀਸ਼ਨ ਦਾ ਖੁਲਾਸਾ ਹੁੰਦਾ ਰਹਿੰਦਾ ਹੈ।***

# ਪੰਡੋਰਾ ਪੇਪਰ: ਧਨ ਕੁਬੇਰਾਂ ਦੇ ਕਾਲੇ ਕਾਰੇ

***ਪਨਾਮਾ ਪੇਪਰਜ਼ ਤੋਂ ਬਾਅਦ ਪੰਡੋਰਾ ਪੇਪਰਜ਼ ਨੇ ਦੁਨੀਆ ਭਰ ਦੇ ਧਨਾਢਾਂ ਦਾ ਚਿਹਰਾ ਨੰਗਾ ਕਰ ਦਿੱਤਾ ਹੈ। ਇਹ ਬੁਨਿਆਦੀ ਰੂਪ ਵਿਚ ਟੈਕਸ ਚੋਰੀ ਹੈ। ਇਹ ਉਹ ਟੈਕਸ ਹੈ ਜਿਹੜਾ ਆਮ ਲੋਕਾਂ ਨੂੰ ਸਹੂਲਤਾਂ ਦੇਣ ਲਈ ਵਰਤਿਆ ਜਾਣਾ ਸੀ ਪਰ ਇਨ੍ਹਾਂ ਧਨਾਢਾਂ ਨੇ ਟੇਢੇ ਢੰਗ ਨਾਲ ਇਹ ਟੈਕਸ ਆਪੇ ਹੜੱਪ ਲਿਆ, ਸਿੱਟੇ ਵਜੋਂ ਸਰਕਾਰਾਂ ਨੇ ਆਮ ਲੋਕਾਂ ਉਤੇ ਹੋਰ ਟੈਕਸ ਲਾਇਆ ਅਤੇ ਉਨ੍ਹਾਂ ‘ਤੇ ਬੋਝ ਵਧਾਇਆ। ਸ੍ਰੀ ਹਰੀਪਾਲ ਨੇ ਆਪਣੇ ਇਸ ਲੇਖ ਵਿਚ ਇਸ ਤਾਣੇ-ਬਾਣੇ ਨੂੰ ਬਹੁਤ ਸਰਲ ਰੂਪ ਵਿਚ ਬਿਆਨ ਕੀਤਾ ਹੈ।***

**ਹਰੀਪਾਲ**
**ਫੋਨ: 403-714-4816**

ਦੁਨੀਆ ਭਰ ਵਿਚ ਲੋਕ ਭੁੱਖਮਰੀ, ਗਰੀਬੀ, ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ। ਕੰਮ ਕਰਨ ਵਾਲੇ ਲੋਕ ਦਿਨ ਰਾਤ ਦੀ ਪਰਵਾਹ ਕੀਤੇ ਬਿਨਾ ਭੱਜੇ ਫਿਰਦੇ ਹਨ, ਫਿਰ ਵੀ ਲੋਕਾਂ ਤੋਂ ਬਿੱਲ ਹੀ ਮਸਾਂ ਭਰੇ ਜਾਂਦੇ ਹਨ। ਕੰਮ ਕਰਨ ਵਾਲੇ ਲੋਕਾਂ ਤੋਂ ਆਪਣੇ ਪਰਿਵਾਰਾਂ ਕੋਲ ਬੈਠਣ ਦਾ ਕੀਮਤੀ ਸਮਾਂ ਵੀ ਖੋਹ ਲਿਆ ਗਿਆ ਹੈ। ਦੁਨੀਆ ਭਰ ਦੇ ਪੱਚੀ ਫੀਸਦ ਚੁੱਲ੍ਹੇ ਸਿਰਫ ਦਿਨ ਵਿਚ ਇੱਕ ਅੱਧੀ ਵਾਰ ਹੀ ਤਪਦੇ ਹਨ। ਪ੍ਰਾਈਵੇਟ ਸਕੂਲਾਂ ਦੇ ਦੁਕਾਨ-ਨੁਮਾ ਬਿਜ਼ਨਸ ਨੇ ਸਰਕਾਰੀ ਸਕੂਲ ਸਿਸਟਮ ਫੇਲ੍ਹ ਕਰ ਦਿੱਤਾ ਹੈ, ਜਾਂ ਕਰ ਰਿਹਾ ਹੈ। ਹਸਪਤਾਲ ਵੀ ਗਰੀਬ ਲੋਕਾਂ ਦੇ ਵੱਸ ਦਾ ਰੋਗ ਨਹੀਂ ਰਹੇ। ਤੀਹ ਪੈਂਤੀ ਹਜ਼ਾਰ ਲੋਕ ਹਰ ਰੋਜ਼ ਭੁੱਖ ਨਾਲ ਮਰ ਰਹੇ ਹਨ। ਹਰ ਸਾਲ ਲੱਖਾਂ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਬਹੁਤ ਜਗ੍ਹਾ ਔਰਤਾਂ ਆਪਣਾ ਸਰੀਰ ਵੇਚ ਕੇ ਬੱਚਿਆਂ ਦਾ ਢਿੱਡ ਭਰਦੀਆਂ ਹਨ। ਬਲਾਤਕਾਰ, ਮਾਰ-ਧਾੜ, ਚੋਰੀ-ਚਕਾਰੀ, ਗੁੰਡਾਗਰਦੀ ਪ੍ਰਧਾਨ ਹੋ ਰਹੀ ਹੈ। ਕਿਤੇ ਲੋਕ ਹੜ੍ਹ ਨਾਲ ਮਰ ਰਹੇ ਹਨ ਅਤੇ ਕਿਤੇ ਸੋਕੇ ਨਾਲ। ਇਸ ਸਭ ਕਾਸੇ ਦੇ ਜ਼ਿੰਮੇਵਾਰ ਉਹ ਲੋਕ ਹਨ ਜੋ ਲੋਕ ਕਰੋੜਾਂ ਦੀ ਆਮਦਨ ਹੋਣ ਦੇ ਬਾਵਜੂਦ ਟੈਕਸ ਨਹੀਂ ਦਿੰਦੇ ਸਗੋਂ ਪੈਸੇ ਦੇ ਜ਼ੋਰ ਨਾਲ ਰਾਜਭਾਗ 'ਤੇ ਵੀ ਕਾਬਜ਼ ਹੋ ਰਹੇ ਹਨ।

ਲੋਕਾਂ ਦਾ ਪੈਸਾ ਚੋਰੀ ਕਰ ਕੇ, ਲੋਕਾਂ ਤੇ ਰਾਜ ਕਰਦੇ ਹਨ ਅਤੇ ਹੋਰ ਪੈਸਾ ਇਕੱਠਾ ਕਰਨ ਲਈ ਆਪਣੀਆਂ ਬਣਾਈਆਂ ਕਠਪੁਤਲੀ ਸਰਕਾਰਾਂ ਤੋਂ ਕਾਨੂੰਨ ਵੀ ਬਣਵਾ ਰਹੇ ਹਨ। ਲੋਕਤੰਤਰ ਨੂੰ ਇਹਨਾਂ ਲੋਕਾਂ ਨੇ ਮਜ਼ਾਕ ਬਣਾ ਦਿੱਤਾ ਹੈ ਅਤੇ ਸੰਵਿਧਾਨ ਨੂੰ ਇਹ ਲੋਕ ਮੋਮ ਦੇ ਪੁਤਲੇ ਤੋਂ ਵੱਧ ਕੁਝ ਨਹੀ ਸਮਝਦੇ। ਹੁਣੇ ਹੁਣੇ ਸਾਹਮਣੇ ਆਈਆਂ ਪੰਡੋਰਾ ਪੇਪਰਜ਼ ਦੀਆਂ ਫਾਈਲਾਂ ਤੋਂ ਤੁਸੀਂ ਇਹਨਾਂ ਲੋਕਾਂ ਦੇ ਕੰਮ ਦੇਖ ਸਕਦੇ ਹੋ। ਗਰੀਬੀ ਲਈ ਇਹ ਲੋਕ ਗਰੀਬਾਂ ਨੂੰ ਹੀ ਜ਼ਿੰਮੇਵਾਰ ਠਹਿਰਾਉਂਦੇ ਹਨ ਪਰ ਗਰੀਬ ਲੋਕ ਆਲਸੀ ਨਹੀਂ ਹਨ; ਉਂਜ, ਇਹਨਾਂ ਧਨ ਕੁਬੇਰਾਂ ਨੇ ਗਰੀਬਾਂ ਤੋਂ ਸਾਰੇ ਹੀਲੇ ਵਸੀਲੇ ਖੋਹ ਲਏ ਹਨ ਅਤੇ ਸਮਾਜ ਦਾ ਸੰਤੁਲਨ ਹੀ ਵਿਗਾੜ ਦਿੱਤਾ ਹੈ। ਆਓ ਜ਼ਰਾ ਪੰਡੋਰਾ ਪੇਪਰਾਂ ਤੇ ਝਾਤ ਮਾਰੀਏ ਅਤੇ ਦੇਖੀਏ ਕਿ ਇਹ ਲੋਕ ਦੌਲਤ ਇਕੱਠੀ ਕਰਨ ਲਈ ਕਿਸ ਹੱਦ ਤੱਕ ਜਾ ਸਕਦੇ ਹਨ।

ਪੰਡੋਰਾ ਪੇਪਰਜ ਸਾਡੇ ਸਮਿਆਂ ਦੀ ਸਭ ਤੋਂ ਮਹਿੰਗੀ ਟੈਕਸ ਹੈਵਨ ਫਾਈਲਾਂ ਦੀ ਰਿਪੋਰਟ ਹੈ। ਇਹ ਪਨਾਮਾ ਪੇਪਰ ਅਤੇ ਪੈਰਾਡਾਈਜ਼ ਪੇਪਰਾਂ ਦੀਆਂ ਸੰਯੁਕਤ ਫਾਈਲਾਂ ਹਨ, ਇਸ ਕਰਕੇ ਇਹਨਾਂ ਦਾ ਨਾਂ ਪੰਡੋਰਾ ਪੇਪਰ ਪੈ ਗਿਆ ਹੈ। ਇਹ ਰਿਪੋਰਟ ਦੱਸਦੀ ਹੈ ਕਿ 330 ਸਿਆਸਤਦਾਨ, 90 ਦੇਸ਼ ਅਤੇ 35 ਦੇ ਕਰੀਬ ਦੇਸ਼ਾਂ ਦੇ ਮੁਖੀ ਜਾਂ ਸਾਬਕਾ ਸ਼ਾਸਕ, ਰਾਜਦੂਤ, ਪ੍ਰਧਾਨਾਂ ਦੇ ਸਲਾਹਕਾਰ, ਫੌਜਾਂ ਦੇ ਜਰਨੈਲ ਅਤੇ ਸੈਂਟਰਲ ਬੈਂਕ ਦੇ ਗਵਰਨਰ ਤੱਕ ਇਸ ਫਰਾਡ ਵਿਚ ਸ਼ਾਮਿਲ ਹਨ।

ਆਈ.ਸੀ.ਆਈ.ਜੇ. (ਇੰਟਰਨੈਸ਼ਨਲ ਕੰਸਟੋਰੀਅਮ ਆਫ ਇਨਵੈਸਟੀਗੇਟਿਵ ਜਰਨਲਿਟਸ ਜਿਸ ਦਾ ਮੁੱਖ ਦਫਤਰ ਵਾਸ਼ਿੰਗਟਨ ਡੀ.ਸੀ. ਵਿਚ ਹੈ) 14 'ਆਫ ਸ਼ੋਰ' (ਆਪਣੇ ਮੁਲਕ ਦੀਆਂ ਹੱਦਾਂ ਤੋਂ ਬਾਹਰ) ਸਰਵਿਸ ਪ੍ਰੋਵਾਈਡਰ ਦੀ ਪੜਤਾਲ ਕਰਕੇ ਇਹ ਰਿਪੋਰਟ ਛਾਪੀ। ਇਹ ਸਰਵਿਸ ਪ੍ਰੋਵਾਈਡਰ ਕੰਪਨੀਆਂ ਇਹਨਾਂ ਟੈਕਸ ਚੋਰਾਂ ਨੂੰ ਸ਼ੈੱਲ ਕੰਪਨੀਆਂ ਦੀਆਂ ਸਹੂਲਤਾਂ ਮੁਹੱਈਆ ਕਰਵਾ ਕੇ ਪੈਸੇ ਦੀ ਅਦਲਾ-ਬਦਲੀ ਨੂੰ ਸੌਖਾ ਕਰਵਾਉਂਦੀਆਂ ਸਨ।

ਲੇਖ ਅੱਗੇ ਤੋਰਨ ਤੋਂ ਪਹਿਲਾਂ ਪਾਠਕਾਂ ਨੂੰ ਸ਼ੈੱਲ ਕੰਪਨੀਆਂ ਵਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ ਕਿ ਇਹ ਕੰਪਨੀਆਂ ਕਿਵੇਂ ਕੰਮ ਕਰਦੀਆਂ ਹਨ।

ਸ਼ੈੱਲ ਕੰਪਨੀਆਂ ਕੀ ਹਨ? ਇੱਕ ਉਦਾਹਰਨ ਨਾਲ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਫਰਜ਼ ਕਰੋ, ਤੁਸੀਂ ਕੈਨੇਡਾ ਵਿਚ ਰਹਿ ਰਹੇ ਹੋ, ਭਾਵ ਕੈਨੇਡੀਅਨ ਹੋ, ਤੇ ਤੁਹਾਡੀ ਕੰਪਨੀ ਦਾ ਲਾਭ 10 ਲੱਖ ਡਾਲਰ ਹੋ ਗਿਆ ਹੈ। ਤੁਹਾਨੂੰ ਪਤਾ ਹੈ ਕਿ ਦਸ ਲੱਖ 'ਤੇ ਟੈਕਸ ਬਹੁਤ ਦੇਣਾ ਪਵੇਗਾ ਅਤੇ ਤੁਸੀਂ ਐਨਾ ਟੈਕਸ ਨਹੀਂ ਦੇਣਾ ਚਾਹੁੰਦੇ। ਤੁਸੀਂ ਬਲੀਜ (ਇੱਕ ਦੇਸ਼ ਦਾ ਨਾਂ ਜਿੱਥੇ ਟੈਕਸ ਦਰ ਜ਼ੀਰੋ ਫੀਸਦ ਹੈ) ਵਿਚ ਕੰਪਨੀ ਰਜਿਸਟਰ ਕਰਵਾ ਦਿੰਦੇ ਹੋ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਉਸ ਦੇ ਅਹੁਦੇਦਾਰ ਥਾਪ ਦਿੰਦੇ ਹੋ। ਇਹ ਕੰਪਨੀ ਸਿਰਫ ਕਾਗਜ਼ਾਂ ਵਿਚ ਹੈ, ਇਸ ਦੀ ਕੋਈ ਭੌਤਿਕ ਹੋਂਦ ਨਹੀਂ, ਬੱਸ ਤੁਸੀਂ ਇਸ ਕੰਪਨੀ ਦੇ ਨਾਂ 'ਤੇ ਮੇਲਬੌਕਸ ਲਿਆ ਹੈ। ਹੁਣ ਤੁਸੀਂ ਆਪਣੇ ਲਾਭ ਵਿਚੋਂ 8 ਲੱਖ ਡਾਲਰ ਇਸ ਕੰਪਨੀ ਦੇ ਖਾਤੇ ਵਿਚ ਪਾ ਦਿੰਦੇ ਹੋ। ਇਸ 8 ਲੱਖ 'ਤੇ ਤੁਹਾਨੂੰ ਕੋਈ ਟੈਕਸ ਨਹੀਂ ਦੇਣਾ ਪਵੇਗਾ ਕਿਉਂਕਿ ਤੁਸੀਂ ਇਹ ਵਿਦੇਸ਼ ਜਾਂ 'ਆਫ ਸ਼ੋਰ' ਪੂੰਜੀ ਨਿਵੇਸ਼ ਕੀਤਾ ਹੈ ਅਤੇ ਕੈਨੇਡਾ ਵਿਚ ਤੁਹਾਨੂੰ ਸਿਰਫ ਦੋ ਲੱਖ ਡਾਲਰ 'ਤੇ ਹੀ ਟੈਕਸ ਦੇਣਾ ਪਵੇਗਾ। ਹੁਣ ਤੁਸੀਂ ਆਪਣੀ ਬਲੀਜ ਵਾਲੀ ਕੰਪਨੀ ਦੇ ਨਾਂ 'ਤੇ ਕੈਨੇਡਾ ਵਿਚ ਕੋਈ ਪ੍ਰਾਪਰਟੀ ਖਰੀਦ ਲੈਂਦੇ ਹੋ, ਤੁਹਾਨੂੰ ਕੋਈ ਟੈਕਸ ਨਹੀਂ ਪਵੇਗਾ ਕਿਉਂਕਿ ਦੂਜੇ ਦੇਸ਼ ਦੀ ਕੰਪਨੀ ਨੇ ਕੈਨੇਡਾ ਵਿਚ ਪੈਸਾ ਨਿਵੇਸ਼ ਕੀਤਾ ਹੈ। ਇਹ ਅਸਲ ਵਿਚ ਤੁਹਾਡਾ ਹੀ ਪੈਸਾ ਹੈ। ਇਸ ਤਰ੍ਹਾਂ ਤੁਸੀਂ ਅੱਠ ਲੱਖ ਡਾਲਰ 'ਤੇ ਦਿੱਤਾ ਜਾਣ ਵਾਲਾ ਟੈਕਸ ਬਚਾ ਲਿਆ। ਇਹ ਸਭ ਭਾਵੇਂ ਗੈਰ ਕਾਨੂੰਨੀ ਨਹੀਂ ਪਰ ਅਨੈਤਿਕ ਤਾਂ ਹੈ। ਹੁਣ ਸਰਕਾਰ ਨੇ ਤਾਂ ਆਪਣਾ ਟੈਕਸ ਪੂਰਾ ਕਰਨਾ ਹੈ, ਫਿਰ ਸਰਕਾਰ ਆਮ ਲੋਕਾਂ 'ਤੇ ਟੈਕਸ ਦਾ ਹੋਰ ਬੋਝ ਪਾਉਂਦੀ ਹੈ ਜਿਸ ਨਾਲ ਆਮ ਗਰੀਬ ਲੋਕ ਹੋਰ ਗਰੀਬ ਹੋ ਰਹੇ ਹਨ। ਅੱਠ ਘੰਟੇ ਹਰ ਰੋਜ਼ ਅਤੇ 40 ਘੰਟੇ ਕੰਮ ਕਰਨ ਦੀ ਜਿਹੜੀ ਲੜਾਈ ਅਸੀਂ ਜਿੱਤੀ ਸੀ, ਉਹ ਤਾਂ ਕਦ ਦੀ ਖਤਮ ਹੋ ਚੁੱਕੀ ਹੈ। ਹੁਣ ਤਾਂ ਲੋਕ ਹਫਤੇ ਦੇ ਸੱਤਰ ਜਾਂ ਅੱਸੀ ਘੰਟੇ ਕੰਮ ਕਰਦੇ ਹਨ, ਤਾਂ ਕਿਤੇ ਜਾ ਕੇ ਵੇਲਾ ਪੂਰਾ ਹੁੰਦਾ ਹੈ। ਰਿਟਾਇਰ ਹੋਏ ਲੋਕ ਵੀ ਪਾਰਟ ਟਾਈਮ ਨੌਕਰੀਆਂ ਲੱਭਦੇ ਫਿਰਦੇ ਹਨ ਕਿਉਂਕਿ ਪੈਨਸ਼ਨ ਨਾਲ ਗੁਜ਼ਾਰਾ ਨਹੀਂ ਹੁੰਦਾ।




***ਮਾਹਰ ਕਹਿੰਦੇ ਹਨ ਕਿ ਜੇ ਇਹ ਚੋਰ ਮੋਰੀਆਂ ਬੰਦ ਹੋ ਜਾਣ ਤਾਂ ਮੁਲਕਾਂ ਵੱਲੋਂ ਗਿਣਾਇਆ ਜਾਂਦਾ ‘ਘਾਟਾ’ ਆਪਣੇ ਆਪ ਹੀ ਖਤਮ ਹੋ ਜਾਵੇਗਾ। ਜੇ ਇਹਨਾਂ ਧਨ ਕੁਬੇਰਾਂ ਤੇ ਨੱਥ ਨਹੀਂ ਪਾਈ ਗਈ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਕੀ ਹਾਲ ਹੋਵੇਗਾ, ਇਹ ਸੋਚ ਕੇ ਰੂਹ ਕੰਬ ਉਠਦੀ ਹੈ।***

ਹੁਣ ਇਹਨਾਂ ਫਾਈਲਾਂ ਤੋਂ ਪਤਾ ਲੱਗਿਆ ਕਿ 45 ਦੇਸ਼ਾਂ ਦੇ 130 ਅਰਬਪਤੀ ਜਿਨ੍ਹਾਂ ਵਿਚ ਇਕੱਲੇ ਰੂਸ ਦੇ 46 ਅਰਬਪਤੀ ਹਨ, ਨੇ ਸ਼ੈੱਲ ਕੰਪਨੀਆਂ ਬਣਾ ਕੇ ਆਪਣੇ ਮੁਲਕਾਂ ਦਾ ਟੈਕਸ ਚੋਰੀ ਕੀਤਾ ਹੈ। ਇਹਨਾਂ ਵਿਚ ਮੁੱਖ ਨਾਂ ਇੰਗਲੈਂਡ ਦਾ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ, ਰੂਸ ਦਾ ਪ੍ਰਧਾਨ ਵਲਾਦੀਮੀਰ ਪੂਤਿਨ, ਜੌਰਡਨ ਦਾ ਰਾਜਾ, ਅਨਿਲ ਅੰਬਾਨੀ, ਸਚਿਨ ਤੇਂਦੂਲਕਰ, ਪੌਪ ਸਟਾਰ ਸ਼ਕੀਰਾ ਦੇ ਨਾਂ ਵਰਨਣ ਯੋਗ ਹਨ। ਆਈ.ਸੀ.ਆਈ.ਜੇ. ਨੇ 150 ਮੀਡੀਆ ਸਹਿਯੋਗੀਆਂ ਨਾਲ ਰਲ ਕੇ ਪੱਤਰਕਾਰੀ ਦੇ ਖੇਤਰ ਵਿਚ ਇਤਿਹਾਸ ਰਚਿਆ ਹੈ। ਲੱਗਭੱਗ 2 ਸਾਲ ਆਈ.ਸੀ.ਆਈ.ਜੇ. ਨੇ 600 ਪੱਤਰਕਾਰਾਂ ਦੀ ਮਦਦ ਨਾਲ 117 ਦੇਸ਼ਾਂ ਦੇ ਅਮੀਰਾਂ ਦੀ ਪੜਤਾਲ ਕੀਤੀ। ਰਿਪੋਰਟਰਾਂ ਨੇ ਕਲਿਫਸਾਈਡ ਮੈਨਸ਼ਨ ਕੈਲੀਫੋਰਨੀਆ, ਡੋਮੀਨੀਕਨ ਰਿਪਬਲਿਕ ਵਿਚ ਗੰਨੇ ਦਾ ਵੱਡਾ ਫਾਰਮ, ਇਕ ਪ੍ਰਦੂਸ਼ਿਤ ਫੈਕਟਰੀ ਜੋ ਇਟਲੀ ਵਿਚ ਹੈ ਤੇ ਬਹੁਮੰਜ਼ਲੇ ਟਾਵਰ ਜਿਹੜੇ ਡੁਬਈ ਵਿਚ ਹਨ ਤੇ ਇੱਕ ਤੁਰਕੀ ਦੇ ਹਸਪਤਾਲ ਦੇ ਮਾਲਕਾਂ ਦੀ ਛਾਣ-ਬਾਣ ਕੀਤੀ ਹੈ। ਨਾਲ ਹੀ ਪੰਜਾਹ ਸਾਲ ਤੱਕ ਪੁਰਾਣੇ ਦਸਤਾਵੇਜ਼ਾਂ ਦੀ ਖੋਜ ਕੀਤੀ ਗਈ ਹੈ ਪਰ ਬਹੁਤੇ ਦਸਤਾਵੇਜ਼ ਪਿਛਲੇ ਪੱਚੀ ਸਾਲਾਂ ਵਾਲੇ ਹਨ ਜਿਹਨਾਂ ਤੋਂ 29000 ਧਨ ਕੁਬੇਰਾਂ ਦਾ ਪਤਾ ਲੱਗਿਆ ਹੈ। ਇਹਨਾਂ ਨੇ ਟੈਕਸ ਬਚਾਉਣ ਲਈ ਦੂਜੇ ਮੁਲਕਾਂ ਵਿਚ ਆਪਣੀਆਂ ਕੰਪਨੀਆਂ ਖੋਲ੍ਹੀਆਂ। ਪੰਜ ਸਾਲ ਪਹਿਲਾਂ ਪਨਾਮਾ ਪੇਪਰਜ਼ ਵਿਚ ਜਿੰਨੇ ਟੈਕਸ ਚੋਰਾਂ ਦੇ ਨਾਂ ਆਏ ਸਨ, ਹੁਣ ਇਹਨਾਂ ਦੀ ਗਿਣਤੀ ਕਈ ਗੁਣਾ ਵਧ ਗਈ ਹੈ। ਪਨਾਮਾ ਪੇਪਰਜ਼ ਵੀ ਕਿਸੇ ਲਾਅ-ਫਰਮ ਵਿਚੋਂ ਲੀਕ ਹੋਏ ਸਨ। 'ਆਫ ਸ਼ੋਰ' ਕੰਪਨੀ ਭਾਵੇਂ ਕਾਨੂੰਨੀ ਹੈ ਪਰ ਇਹ ਰਿਸ਼ਵਤ ਦੇ ਪੈਸੇ ਨੂੰ, ਟੈਕਸ ਚੋਰੀ ਨੂੰ, ਡਰੱਗ ਦੇ ਪੈਸੇ ਨੂੰ ਅਤੇ ਅਤਿਵਾਦੀ ਸੰਗਠਨਾਂ ਨੂੰ ਪੈਸਾ ਪਹੁੰਚਾਉਣ ਲਈ ਸ਼ੀਲਡ ਦਿੰਦੀ ਹੈ। ਜਦੋਂ ਸਰਕਾਰਾਂ ਦੇ ਅਹੁਦੇਦਾਰ ਮੁਲਕ ਲਈ, ਦੂਜੇ ਦੇਸ਼ਾਂ ਦੀਆਂ ਕੰਪਨੀਆ ਨਾਲ ਜੰਗੀ ਸਾਜ਼ੋ-ਸਮਾਨ ਜਾਂ ਹੋਰ ਜਹਾਜ਼ ਜਾਂ ਵਸਤਾਂ ਲੈਣ ਲਈ ਜਾਂ ਆਪਣੇ ਮੁਲਕਾਂ ਦੇ ਕੱਚਾ ਮਾਲ਼ ਕੱਢਣ ਦੇ ਠੇਕੇ ਦੇਣ ਲਈ ਕਮਿਸ਼ਨ ਵਗੈਰਾ ਲੈਂਦੇ ਹਨ ਤਾਂ ਲੋਕਾਂ ਤੋਂ ਪੈਸਾ ਛੁਪਾਉਣ ਲਈ ਇਹਨਾਂ ਸ਼ੈੱਲ ਕੰਪਨੀਆਂ ਦੇ ਖਾਤੇ ਵਰਤੇ ਜਾਂਦੇ ਹਨ।

ਗਰੀਬ ਦੇਸ਼ ਇਹਨਾਂ ਟੈਕਸ ਹੈਵਨ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਇਹ ਪੈਸਾ ਜੇਕਰ ਸਰਕਾਰਾਂ ਕੋਲ ਆਵੇ ਤਾਂ ਸਕੂਲਾਂ, ਹਸਪਤਾਲਾਂ, ਸੜਕਾਂ, ਪੁਲਾਂ ਲਈ ਪੈਸੇ ਦੀ ਕਮੀ ਨਾ ਆਵੇ। ਪੰਡੋਰਾ ਪੇਪਰਾਂ ਦੇ ਲੀਕ ਹੋਣ ਤੋਂ ਬਾਅਦ ਪਤਾ ਲੱਗਿਆ ਕਿ ਇਹ ਟੈਕਸ ਚੋਰੀ ਕਰਨ ਵਾਲੇ ਲੀਡਰ ਜਾਂ ਧਨ ਕੁਬੇਰ ਪੈਸੇ ਨੂੰ ਕਾਨੂੰਨੀ ਸ਼ਿਕੰਜਿਆਂ ਤੋਂ ਬਹੁਤ ਦੂਰ ਲੈ ਜਾਂਦੇ ਹਨ। ਇਹਨਾਂ ਪੇਪਰਾਂ ਨੇ ਦੱਸ ਦਿੱਤਾ ਹੈ ਕਿ ਜੌਰਡਨ ਦਾ ਰਾਜਾ ਅਬਦੁੱਲਾ, ਚੈੱਕ ਰਿਪਬਲਿਕ ਦਾ ਪ੍ਰਧਾਨ ਮੰਤਰੀ, ਇਕੁਆਡੋਰ ਦਾ ਪ੍ਰਧਾਨ ਮੰਤਰੀ, ਕੀਨੀਆ ਅਲ ਸਲਵਾਡੋਰ ਤੇ ਪਨਾਮਾ ਦੇ ਲੀਡਰ ਕਿਵੇਂ ਆਪਣੇ ਮੁਲਕਾਂ ਦਾ ਪੈਸਾ ਚੋਰੀ ਕਰਕੇ ਇਹਨਾਂ ਟੈਕਸ ਹੈਵਨ ਵਿਚ ਪਹੁੰਚਾ ਦਿੰਦੇ ਹਨ। ਇਸ ਰਿਪੋਰਟ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਅਮਰੀਕਾ ਵਿਚ ਸਭ ਤੋਂ ਵੱਧ ਟੈਕਸ ਚੋਰੀ ਦਾ ਪੈਸਾ ਆਉਂਦਾ ਹੈ, ਹਾਲਾਂਕਿ ਅਮਰੀਕਾ ਟੈਕਸ ਚੋਰੀ ਲਈ ਦੂਜੇ ਮੁਲਕਾਂ ਨੂੰ ਨਿੰਦਦਾ ਹੈ। ਪੰਡੋਰਾ ਪੇਪਰਾਂ ਵਿਚ 206 ਅਮਰੀਕੀ ਟਰਸਟ, 15 ਸੂਬਿਆਂ ਅਤੇ 22 ਟਰਸਟ ਕੰਪਨੀਆਂ ਦੇ ਲੇਖੇ ਜੋਖੇ ਹਨ। ਇਹ ਪੇਪਰ ਦਰਸਾਉਂਦੇ ਹਨ ਕਿ ਦਹਿ ਲੱਖਾਂ (ਟੈਕਸ ਚੋਰੀ ਦੇ) ਡਾਲਰ ਕਿਵੇਂ ਕੈਰੇਬੀਅਨ ਦੇਸ਼ਾਂ ਤੋਂ ਅਮਰੀਕਾ ਦੀ ਸਟੇਟ ਸਾਊਥ ਡਕੋਟਾ ਵਿਚ ਟਰਾਂਸਫਰ ਕੀਤੇ ਜਾਂਦੇ ਹਨ। ਇਹ ਰਿਪੋਰਟ ਦੱਸਦੀ ਹੈ ਕਿ ਕਿਵੇਂ ਅਮਰੀਕਾ ਦੀ ਇੱਕ ਕੰਪਨੀ 'ਬੇਕਰ ਮੈਕੰਜੀ' ਅਮੀਰਾਂ ਨੂੰ ਟੈਕਸ ਚੋਰੀ ਕਰਨ ਲਈ ਰਾਹ ਦੱਸਦੀ ਹੈ। ਤੀਹ ਹਜ਼ਾਰ ਕੰਪਨੀਆਂ ਦੇ ਰਿਕਾਰਡ ਅੰਗਰੇਜ਼ੀ, ਸਪੈਨਿਸ਼, ਚੀਨੀ, ਕੋਰੀਅਨ, ਗਰੀਕ ਅਤੇ ਰੂਸੀ ਭਾਸ਼ਾ ਵਿਚ ਵੀ ਮਿਲ਼ਦੇ ਹਨ। ਇਹਨਾਂ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਅਨਰਜੀ, ਟੈਕਨਾਲੋਜੀ ਅਤੇ ਵੱਡੀਆਂ ਵੱਡੀਆਂ ਪ੍ਰਾਪਰਟੀਆਂ ਦੇ ਸੌਦੇ ਕਿਵੇਂ ਹੁੰਦੇ ਹਨ। ਆਈ.ਸੀ.ਆਈ.ਜੇ. ਨੇ ਇਹ ਸਾਰੇ ਦਸਤਾਵੇਜ਼ ਡੇਟਾ ਬੇਸ ਵਿਚ ਸਾਂਭ ਦਿੱਤੇ ਹਨ।

ਪੰਡੋਰਾ ਪੇਪਰਾਂ ਨੇ ਦੁਨੀਆ ਭਰ ਦੇ ਟੈਕਸ ਸਿਸਟਮ, ਅੰਡਰ ਗਰਾਊਂਡ ਆਰਥਿਕਤਾ ਅਤੇ ਚੋਰੀ ਦਾ ਪੈਸਾ ਕਿਵੇਂ ਇੱਧਰ ਉੱਧਰ ਕੀਤਾ ਜਾਂਦਾ ਹੈ, ਇਸ ਸਭ ਕਾਸੇ ਦੀ ਪੋਲ ਖੋਲ੍ਹ ਦਿੱਤੀ ਹੈ। ਇਹ ਉਹ ਦਸਤਾਵੇਜ਼ ਹੈ ਜੋ ਆਉਣ ਵਾਲੀਆਂ ਨਸਲਾਂ ਨੂੰ ਇਹਨਾਂ ਤੋਂ ਬਚਾਅ ਕਰਨ ਦਾ ਰਾਹ ਦੱਸਣਗੇ। ਜੇਕਰ ਥੋੜ੍ਹੇ ਜਿਹੇ ਸ਼ਰੀਫਜ਼ਾਦਿਆਂ ਦੇ ਨਾਵਾਂ 'ਤੇ ਨਿਗ੍ਹਾ ਮਾਰੀਏ ਤਾਂ ਅਸੀਂ ਹੈਰਾਨ ਹੋ ਜਾਂਦੇ ਹਾਂ:

1) ਕਿੰਗ ਅਬਦੁੱਲਾ (ਜੌਰਡਨ) ਦੁਨੀਆ ਭਰ ਵਿਚ 15 ਮੈਨਸ਼ਨ ਲਈ ਬੈਠਾ ਹੈ ਜਿਹਨਾਂ ਦੀ ਕੀਮਤ 8 ਬਿਲੀਅਨ ਡਾਲਰ ਦੇ ਲੱਗਭੱਗ ਹੈ। ਉਸ ਨੇ 36 ਸ਼ੈੱਲ ਕੰਪਨੀਆਂ ਬਣਾਈਆਂ ਹੋਈਆਂ ਹਨ। ਦੂਜੇ ਪਾਸੇ ਜੌਰਡਨ ਆਰਥਿਕ ਮੰਦਹਾਲੀ ਨਾਲ ਜੂਝ ਰਿਹਾ ਹੈ ਅਤੇ ਹਮੇਸ਼ਾ ਆਈ.ਐਮ.ਐਫ. ਅੱਗੇ ਝੋਲੀ ਅੱਡ ਕੇ ਖੜ੍ਹਾ ਰਹਿੰਦਾ ਹੈ। ਕਿੰਗ ਅਬਦੁੱਲਾ ਦੀ ਈਮੇਲ ਵੀ ਕਿਸੇ ਕੋਡ ਦੇ ਨਾਮ 'ਤੇ ਆਉਂਦੀ ਹੈ।

2) ਇਮਰਾਨ ਖਾਨ (ਪਾਕਿਸਤਾਨ ਦਾ ਪ੍ਰਧਾਨ ਮੰਤਰੀ) ਜਿਸ ਨੇ ਸਿਰਫ ਇਸੇ ਮੁੱਦੇ ਤੇ ਚੋਣਾਂ ਲੜੀਆਂ ਸਨ ਕਿ ਉਹ ਪਾਕਿਸਤਾਨ ਦਾ ਪੈਸਾ ਬਾਹਰਲੇ ਮੁਲਕਾਂ ਨੂੰ ਨਹੀਂ ਜਾਣ ਦੇਵੇਗਾ ਪਰ ਜਦ ਆਪਣਾ ਦਾਅ ਲੱਗਿਆ ਤਾਂ ਆਪ ਵੀ ਚੋਰਾਂ ਦਾ ਸਾਥੀ ਬਣ ਗਿਆ। ਉਸ ਦੇ ਦੋ ਮੰਤਰੀਆਂ ਦਾ ਨਾਂ ਵੀ ਇਹਨਾਂ ਪੇਪਰਾਂ ਵਿਚ ਬੋਲਦਾ ਹੈ।

3) ਰੂਸ ਦਾ ਪ੍ਰਧਾਨ ਵਲਾਦੀਮੀਰ ਪੂਤਿਨ ਦਾ ਨਾਂ ਇਹਨਾਂ ਪੰਡੋਰਾ ਪੇਪਰਾਂ ਵਿਚ ਬੋਲਦਾ ਹੈ। ਉਸ ਦੇ ਪ੍ਰਾਪੇਗੰਡਾਮੈਨ ਅਤੇ ਪੂਤਿਨ ਤੇ ਸਵੇਤਲਾਨਾ ਕਰਵੇਨੋਆ ਦੀ ਧੀ ਐਲਿਜ਼ਬਥ ਦਾ ਨਾਂ ਵੀ ਇਹਨਾਂ ਵਿਚ ਸ਼ਾਮਲ ਹੈ। ਯਾਦ ਰਹੇ ਕਿ ਸਵੇਤਲਾਨਾ ਕਿਸੇ ਵਕਤ ਪੂਤਿਨ ਦੇ ਘਰ ਦੀ ਸਫਾਈ ਕਰਦੀ ਹੁੰਦੀ ਸੀ, ਪੂਤਿਨ ਨੇ ਸਵੇਤਲਾਨਾ ਨਾਲ ਅੱਜ ਤੱਕ ਇਸ ਰਿਸ਼ਤੇ ਨੂੰ ਕੋਈ ਨਾਂ ਨਹੀਂ ਦਿੱਤਾ।


4) ਲਿਬਨਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਜੀਬ ਮਿਕਾਤੀ, ਲਿਬਨਾਨ ਦੀ ਸੈਂਟਰਲ ਬੈਂਕ ਦੇ ਗਵਰਨਰ ਰਿਆਜ਼ ਸਲਾਮ ਵੀ ਇਹਨਾਂ ਸ਼ਰੀਫਜ਼ਾਦਿਆਂ ਵਿਚ ਸ਼ਾਮਲ ਹਨ। ਅੱਜ ਲਿਬਨਾਨ ਦਾ ਇਹ ਹਾਲ ਹੈ ਕਿ ਗਰੀਬੀ ਤੋਂ ਤੰਗ ਆਏ ਲੋਕ ਤ੍ਰਾਹ-ਤ੍ਰਾਹ ਕਰ ਰਹੇ ਹਨ। ਲੋਕ ਆਪਣੀਆਂ ਰੋਜ਼ਮੱਰਾ ਜ਼ਰੂਰਤਾਂ ਵੀ ਪੂਰੀਆਂ ਨਹੀਂ ਕਰ ਸਕਦੇ।

5) ਚੈੱਕ ਰਿਪਬਲਿਕ ਦੇ ਪ੍ਰਧਾਨ ਮੰਤਰੀ ਆਂਦਰੇ ਬੇਬਿਸ ਨੇ 2009 ਵਿਚ 16 ਕਰੋੜ ਡਾਲਰ ਦੀ ਪ੍ਰਾਪਰਟੀ ਬਾਹਰਲੇ ਮੁਲਕਾਂ ਵਿਚ ਖਰੀਦੀ।

6) ਭਾਰਤ ਦੇ ਹਰਮਨ ਪਿਆਰੇ ਕ੍ਰਿਕਟਰ ਸਚਿਨ ਤੇਂਦੂਲਕਰ, ਉਸ ਦੀ ਪਤਨੀ ਅਤੇ ਉਸ ਦਾ ਸਹੁਰਾ ਵੀ ਇਸ ਖੇਡ ਦੇ ਖਿਡਾਰੀ ਹਨ। ਭਾਰਤ ਵਿਚੋਂ ਹੋਰ ਵੀ ਜਿਵੇਂ ਨੀਰਵ ਮੋਦੀ, ਵਿਨੋਦ ਅਡਾਨੀ, ਅਨਿਲ ਅੰਬਾਨੀ (ਜਿਸ ਦੀਆਂ ਭਾਰਤ ਤੋਂ ਬਾਹਰ 18 ਜਾਇਦਾਦਾਂ ਹਨ) ਅਤੇ 300 ਦੇ ਕਰੀਬ ਬਾਲੀਵੁੱਡ ਨਾਲ ਸਬੰਧਤ ਤੇ ਸਿਆਸੀ ਲੋਕ ਇਨ੍ਹਾਂ ਪੰਡੋਰਾ ਪੇਪਰਾਂ ਵਿਚ ਸ਼ਾਮਲ ਹਨ।

ਜੇਕਰ ਕੈਨੇਡਾ ਦੀ ਗੱਲ ਕਰੀਏ ਤਾਂ 500 ਕੈਨੇਡੀਅਨਾਂ ਸਣੇ ਆਪਣੇ ਸਕੇਟਿੰਗ ਸਟਾਰ 'ਐਲਵਿਸ ਸਟਾਈਕੋ' ਅਤੇ 4000 ਦੇ ਲੱਗਭੱਗ ਕੈਨੇਡੀਅਨ ਟਰਸਟਾਂ ਦਾ ਨਾਂ ਇਹਨਾਂ ਪੇਪਰਾਂ ਵਿਚ ਬੋਲਦਾ ਹੈ। ਚਾਰ ਸਾਲ ਪਹਿਲਾਂ ਲੀਕ ਹੋਏ ਪਨਾਮਾ ਪੇਪਰਾਂ ਤੋਂ ਬਾਅਦ ਵੀ ਕੈਨੇਡਾ ਨੇ ਚੋਰ ਮੋਰੀਆਂ ਬੰਦ ਨਹੀਂ ਕੀਤੀਆਂ। ਇਹਨਾਂ ਅਮੀਰਾ ਨੂੰ ਖੁਸ਼ ਕਰਨ ਲਈ ਕੈਨੇਡੀਅਨ ਸਰਕਾਰ ਕਿੱਥੋਂ ਤੱਕ ਜਾ ਸਕਦੀ ਹੈ, ਜ਼ਰਾ ਸਰਕਾਰ ਦੇ ਪਿਛਲੇ ਕਾਲ ਦੀ ਕਾਰਗੁਜ਼ਾਰੀ ਦੇਖੋ। ਜਦੋਂ ਪਿਛਲੀ ਲਿਬਰਲ ਸਰਕਾਰ ਵੇਲੇ ਨਿਊ ਡੈਮੋਕਰੇਟਾਂ ਨੇ ਬਿੱਲ ਲਿਆਂਦਾ ਕਿ ਅਮੀਰਾਂ 'ਤੇ ਟੈਕਸ ਦੀ ਦਰ ਸਿਰਫ 1% ਵਧਾ ਦਿੱਤੀ ਜਾਵੇ ਤਾਂ ਲਿਬਰਲ ਸਰਕਾਰ ਨੇ 'ਬਲੌਕ ਕਿਊਬਕ' ਨਾਲ ਰਲ ਕੇ ਇਹ ਬਿੱਲ ਪਾਸ ਨਹੀਂ ਹੋਣ ਦਿੱਤਾ। ਸਾਡੀ ਕੈਨੇਡੀਅਨ ਰੈਵੇਨਿਊ ਏਜੰਸੀ ਕੋਲ ਵੀ ਇੰਨੀ ਪਾਵਰ ਨਹੀਂ ਕਿ ਉਹ ਇਹਨਾਂ ਅਮੀਰਜ਼ਾਦਿਆਂ ਨੂੰ ਹੱਥ ਪਾ ਸਕੇ। ਕੋਈ ਨਿੱਕਾ ਮੋਟਾ ਬਿਜ਼ਨਸ ਵਾਲਾ ਘੇਰ ਲਿਆ ਅਤੇ ਉਸ ਨੂੰ ਫਾਈਨ ਕਰਕੇ ਬੱਲੇ ਬੱਲੇ ਕਰਵਾ ਲਈ ਪਰ ਵੱਡੇ ਮਗਰਮੱਛਾਂ ਵੱਲ ਝਾਕਣ ਦੀ ਇਹਨਾਂ ਦੀ ਜੁਰਅਤ ਨਹੀਂ।

ਮਾਹਰ ਕਹਿੰਦੇ ਹਨ ਕਿ ਜੇ ਇਹ ਚੋਰ ਮੋਰੀਆਂ ਬੰਦ ਹੋ ਜਾਣ ਤਾਂ ਮੁਲਕਾਂ ਵੱਲੋਂ ਗਿਣਾਇਆ ਜਾਂਦਾ 'ਘਾਟਾ' ਆਪਣੇ ਆਪ ਹੀ ਖਤਮ ਹੋ ਜਾਵੇਗਾ। ਜੇ ਇਹਨਾਂ ਧਨ ਕੁਬੇਰਾਂ ਤੇ ਨੱਥ ਨਹੀਂ ਪਾਈ ਗਈ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਕੀ ਹਾਲ ਹੋਵੇਗਾ, ਇਹ ਸੋਚ ਕੇ ਰੂਹ ਕੰਬ ਉਠਦੀ ਹੈ।


**ਖੱਬਿਓਂ: ਰੂਸ ਦਾ ਰਾਸ਼ਟਰਪਤੀ ਵਲਾਦੀਮੀਰ ਪੂਤਿਨ, (ਵਿਚਕਾਰ) ਇੰਗਲੈਂਡ ਦਾ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਅਤੇ (ਸੱਜੇ) ਭਾਰਤੀ ਦਾ ਕ੍ਰਿਕਟ ਖਿਡਾਰੀ ਸਚਿਨ ਤੇਂਦੂਲਕਰ ਜਿਨ੍ਹਾਂ ਦਾ ਨਾਂ ਪੰਡੋਰਾ ਪੇਪਰਜ਼ ਵਿਚ ਬੋਲਿਆ ਹੈ।**


# ਗੁਰੂ ਨਾਨਕ ਬਾਣੀ ਦੀ ਪ੍ਰਸੰਗਿਕਤਾ ਤੇ ਮਾਰਕਸਵਾਦ

*ਸ. ਗੁਰਬਚਨ ਸਿੰਘ ਪੰਜਾਬ ਦੇ ਉਨ੍ਹਾਂ ਚਿੰਤਕਾਂ ਦੀ ਢਾਣੀ ਵਿਚੋਂ ਹਨ ਜਿਹੜੇ ਮਾਰਕਸਵਾਦ ਅਤੇ ਸਿੱਖੀ ਦੇ ਸੁਮੇਲ ਤੋਂ ਪੈਦਾ ਹੋਣ ਵਾਲੀਆਂ ਵੱਡੀਆਂ ਅਤੇ ਸਥਾਈ ਤਬਦੀਲੀਆਂ ਦੀ ਡਟ ਕੇ ਪੈਰਵਾਈ ਕਰਦੇ ਹਨ। ਇਸ ਲੇਖ ਵਿਚ ਉਨ੍ਹਾਂ ਗੁਰੂ ਨਾਨਕ ਅਤੇ ਕਾਰਲ ਮਾਰਕਸ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਇਨ੍ਹਾਂ ਲਿਖਤਾਂ ਨੂੰ ਅੱਜ ਦੇ ਪ੍ਰਸੰਗ ਵਿਚ ਵਿਚਾਰਨ ਦਾ ਯਤਨ ਕੀਤਾ ਹੈ। ਨਾਲ ਹੀ ਉਨ੍ਹਾਂ ਕਮਿਊਨਿਸਟਾਂ ਦੀ ਪਹੁੰਚ ਬਾਰੇ ਕੁਝ ਬੁਨਿਆਦੀ ਸਵਾਲ ਵੀ ਉਠਾਏ ਹਨ।*



ਗੁਰੂ ਨਾਨਕ

*ਗੁਰਬਾਣੀ ਅਨੁਸਾਰ ਮਨੁੱਖ ਨੂੰ ਖਾਣ ਜੋਗੀ ਦਾਲ ਲੂਣ ਅਤੇ ਘਿਉ ਚਾਹੀਦਾ ਹੈ। ਤਨ ਉਤੇ ਪਾਉਣ ਲਈ ਕੁਝ ਕੱਪੜੇ ਚਾਹੀਦੇ ਹਨ। ਪੈਰਾਂ ਵਿਚ ਪਾਉਣ ਲਈ ਇਕ ਜੋੜੀ ਜੁਤੀ ਚਾਹੀਦੀ ਹੈ। ਖਾਣ ਲਈ ਲੋੜੀਂਦਾ ਅਨਾਜ, ਦੁੱਧ ਪੀਣ ਲਈ ਲਵੇਰੀ ਗਾਂ ਮੱਝ ਅਤੇ ਸਵਾਰੀ ਲਈ ਚੰਗੀ ਘੋੜੀ ਚਾਹੀਦੀ ਹੈ। ਗ੍ਰਹਿਸਤੀ ਜੀਵਨ ਲਈ ਆਪਣੀ ਘਰ ਦੀ ਔਰਤ ਹੀ ਚੰਗੀ ਹੈ। ਮਨੁੱਖ ਦੀਆਂ ਬਸ ਏਨੀਆਂ ਕੁ ਹੀ ਲੋੜਾਂ ਹਨ। ਏਂਗਲਜ਼ ਨੇ ਮਨੁਖੀ ਲੋੜਾਂ ਦੀ ਵਿਆਖਿਆ ਇਸੇ ਰੂਪ ਵਿਚ ਕੀਤੀ ਹੈ: ਭੋਜਨ, ਵਿਰੋਧੀ ਲਿੰਗ ਦਾ ਇਕ ਜੀਵ, ਕਿਤਾਬਾਂ, ਬਾਤਚੀਤ, ਬਹਿਸਾਂ, ਸਰਗਰਮੀਆਂ, ਵਰਤੋਂ ਯੋਗ ਵਸਤੂਆਂ ਦੀ ਹੋਂਦ।*



ਕਾਰਲ ਮਾਰਕਸ

ਮਾਰਕਸਵਾਦ ਦੇ ਪ੍ਰਗਟ ਹੋਣ ਤੋਂ ਕਰੀਬ ਤਿੰਨ ਸਦੀਆਂ ਪਹਿਲਾਂ ਭਾਈ ਗੁਰਦਾਸ ਨੇ ਗੁਰੂ ਨਾਨਕ ਦੇ ਆਗਮਨ ਬਾਰੇ ਲਿਖਿਆ ਹੈ:

ਨਮਸਕਾਰੁ ਗੁਰਦੇਵ ਕੋ ਸਤਿ ਨਾਮੁ ਜਿਸ ਮੰਤ੍ਰ ਸੁਣਾਇਆ।

ਭਵਜਲ ਵਿਚੋਂ ਕਢਿ ਕੇ ਮੁਕਤਿ ਪਦਾਰਥਿ ਮਾਹਿ ਸਮਾਇਆ। (ਵਾਰ 1, ਪਉੜੀ 1)

ਗੁਰੂ ਨਾਨਕ ਨੂੰ ਨਮਸਕਾਰ ਕਰਦਿਆਂ ਭਾਈ ਗੁਰਦਾਸ ਇਹ ਬਚਨ ਕਰ ਰਹੇ ਹਨ ਕਿ ਗੁਰੂ ਸਾਹਿਬ ਨੇ ਮਨੁਖਤਾ ਨੂੰ ਸਤਿ ਨਾਮੁ ਦਾ ਆਤਮਿਕ ਗਿਆਨ ਦੇ ਕੇ ਹਰ ਤਰ੍ਹਾਂ ਦੇ ਪੂਰਬਲੇ ਭਰਮਜਾਲ ਤੋਂ ਮੁਕਤ ਕਰ ਦਿਤਾ। ਗੁਰੂ ਸਾਹਿਬ ਨੇ ਸਮੁਚੀ ਮਾਨਵਤਾ ਨੂੰ ਮੁਕਤ ਪਦਾਰਥ (ਮੈਟਰ ਇਨ ਮੋਸ਼ਨ) ਭਾਵ ਪਹਿਲੇ ਸਾਰੇ ਭਰਮਜਾਲ ਤੋਂ ਮੁਕਤ ਹੋ ਕੇ ਇਸ ਸੰਸਾਰ ਵਿਚ ਨਵੀਂ ਜ਼ਿੰਦਗੀ ਜਿਊਣ ਦਾ ਆਤਮਿਕ ਗਿਆਨ ਦਿਤਾ।



ਗੁਰਬਚਨ ਸਿੰਘ
ਫੋਨ: +91-98156-98451

ਗੁਰੂ ਸਾਹਿਬ ਨੇ ਮਨੁਖਤਾ ਨੂੰ ਕਿਹੜੇ ਪੂਰਬਲੇ ਭਰਮਜਾਲ ਤੋਂ ਮੁਕਤ ਕਰਵਾਇਆ?

ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਯੋਗੁ ਮਿਟਾਇਆ।

ਸੰਸਾ ਇਹੁ ਸੰਸਾਰੁ ਹੈ ਜਨਮ ਮਰਨ ਵਿਚਿ ਦੁਖੁ ਸਵਾਇਆ।

ਜਮ ਦੰਡੁ ਸਿਰੌਂ ਨ ਉਤਰੇ ਸਾਕਤਿ ਦੁਰਜਨ ਜਨਮੁ ਗਵਾਇਆ।

ਚਰਨ ਗਹੇ ਗੁਰਦੇਵ ਦੇ ਸਤਿ ਸਬਦੁ ਦੇ ਮੁਕਤਿ ਕਰਾਇਆ। (ਵਾਰ 1, ਪਉੜੀ 1)

ਭਾਈ ਗੁਰਦਾਸ ਦੇ ਬਚਨ ਹਨ ਕਿ ਗੁਰੂ ਨਾਨਕ ਨੇ ਮਨੁਖ ਦੇ ਆਤਮ ਭਾਵ ਉਸ ਦੀ ਸੋਚ ਅਤੇ ਉਸ ਦੇ ਮਨ ਵਿਚੋਂ ਵਾਰ-ਵਾਰ ਜੰਮਣ ਮਰਨ ਦਾ ਡਰ ਹਮੇਸ਼ਾ ਲਈ ਖਤਮ ਕਰ ਦਿਤਾ। ਮਰਨ ਤੋਂ ਬਾਅਦ ਪੈਦਾ ਹੋਣ ਵਾਲੇ ਵਿਛੋੜੇ ਦੇ ਸ਼ੰਕੇ (ਨਰਕ-ਸਵਰਗ ਅਤੇ ਪੁਨਰ ਜਨਮ ਦੇ ਭਰਮਜਾਲ) ਅਤੇ ਇਨ੍ਹਾਂ ਸ਼ੰਕਿਆਂ ਨਾਲ ਪੈਦਾ ਹੋਣ ਵਾਲੇ ਸਾਰੇ ਮਾਨਸਿਕ ਰੋਗ (ਡਰ) ਵੀ ਸਦਾ ਲਈ ਨਵਿਰਤ ਕਰ ਦਿਤੇ। ਇਹ ਸ਼ੰਕਾ ਵੀ ਸਦਾ ਲਈ ਖਤਮ ਕਰ ਦਿਤਾ ਕਿ ਇਹ ਸੰਸਾਰ ਭਰਮ ਭਾਵ ਮਾਇਆ (ਛਲਾਵਾ) ਹੈ ਅਤੇ ਜੰਮਣ ਮਰਨ ਵਿਚ ਸਵਾਏ ਦੁਖ ਭਾਵ ਦੁਖ ਹੀ ਦੁਖ ਹਨ। ਸਾਕਤ ਭਾਵ ਸ਼ਕਤੀ ਦੇ ਪੁਜਾਰੀ ਮਨੁਖ ਦੇ ਦਿਮਾਗ ਵਿਚ ਹਮੇਸ਼ਾ ਮਰਨ ਤੋਂ ਬਾਅਦ ਮਨ ਕਲਪਿਤ ਜਮਾਂ ਦੇ ਦੰਡ ਦੇਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਉਹ ਆਪਣੀ ਸਾਰੀ ਜ਼ਿੰਦਗੀ ਇਸ ਡਰ ਨਾਲ ਹੀ ਲੰਘਾ ਦਿੰਦਾ ਹੈ। ਭਾਈ ਗੁਰਦਾਸ ਉਸ ਗੁਰੂ ਨੂੰ ਚਰਨ ਬੰਦਨਾ ਕਰਦੇ ਹਨ, ਜਿਸ ਨੇ ਸਤਿ ਸਬਦੁ ਦਾ ਗਿਆਨ ਦੇ ਕੇ ਮਨੁਖ ਨੂੰ ਸਦਾ ਲਈ ਯਮਾਂ ਦੇ ਇਸ ਡਰ ਤੋਂ ਵੀ ਮੁਕਤ ਕਰ ਦਿਤਾ।

ਖੋਲਿ ਕਿਵਾਰ ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ॥ ਪੰਨਾ 383)

ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥ (ਪੰਨਾ 433)

ਯਥਾ ਗੁਰੂ ਸਾਹਿਬ ਨੇ ਸਾਡੀ ਅਕਲ ਦੇ ਦਰਵਾਜ਼ੇ ਖੋਲ੍ਹ ਕੇ ਇਹ ਅਨੁਭਵੀ ਸੋਝੀ ਦਿਤੀ ਹੈ ਕਿ ਪੁਨਰ ਜਨਮ ਦੀ ਕੋਈ ਹੋਂਦ ਨਹੀਂ। ਕਰਤਾ ਆਪ ਹੀ ਆਪਣੇ ਨਾਲ ਮੇਲ ਕਰਵਾ ਲੈਂਦਾ ਹੈ ਅਤੇ ਪੁਨਰ ਜਨਮ ਨਿਰੋਲ ਇਕ ਭਰਮ ਹੈ। ਕਰਤਾ (ਸਿਰਜਣਹਾਰ) ਦੇ ਹੁਕਮ ਅਨੁਸਾਰ ਹੀ ਸੰਸਾਰ ਵਿਚ ਆਉਣ-ਜਾਣ ਭਾਵ ਜੰਮਣ-ਮਰਨ ਬਣਿਆ ਹੋਇਆ ਹੈ।

ਬਿਨਾਂ ਕਿਸੇ ਭੂਮਿਕਾ ਦੇ ਗੁਰੂ ਗ੍ਰੰਥ ਸਾਹਿਬ ਦਾ ਆਰੰਭ ੧ਓ ਸਤਿ ਨਾਮੁ ਨਾਲ ਕੀਤਾ ਗਿਆ ਹੈ। ਯਥਾ ਗੁਰੂ ਨਾਨਕ ਗੁਰਮਤਿ ਦਾ ਆਰੰਭ ੧ਓ ਦੇ ਇਸ ਆਤਮਿਕ ਗਿਆਨ ਨਾਲ ਕਰਦੇ ਹਨ ਕਿ ਸਾਡੇ ਆਲੇ-ਦੁਆਲੇ ਚਾਰ-ਚੁਫੇਰੇ ਫੈਲਿਆ ਪਸਰਿਆ ਇਹ ਅਸੀਮ ਬ੍ਰਹਮ (ਬ੍ਰਹਿਮੰਡੀ ਆਕਾਰ - ਦ੍ਰਿਸ਼ਟਗੋਚਰ ਹੁੰਦਾ 'ਸੰਸਾਰ' (ਜਗਤ) ਜਿਸ ਦਾ ਅੰਸ਼ ਹੈ ਅਤੇ ਦਿਸਦੀ ਕੁਦਰਤ ਜਿਸ ਦਾ ਪ੍ਰਗਟ ਰੂਪ ਹੈ) ਅੰਕ ਗਣਿਤ ਦੇ ਹਿੰਦਸੇ ਇਕ ਦਾ ਵਿਸਥਾਰ ਹੈ। ਹੋਰ ਦੂਜਾ ਕਿਤੇ ਕੋਈ ਨਜਰ ਨਹੀਂ ਆਉਂਦਾ।

ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥ (ਪੰਨਾ 292)

ਇਹ ਵਿਸਥਾਰ ਸਤਿ (ਸਚ) ਭਾਵ ਹਕੀਕਤ ਹੈ। ਯਥਾਰਥ ਹੈ। ਹੋਂਦ ਰੂਪੀ ਸਚ ਹੈ। ਇਸ ਅਸੀਮ ਬ੍ਰਹਿਮੰਡੀ ਵਿਸਥਾਰ ਦੀ ਆਕਾਰ ਰੂਪੀ ਹੋਂਦ ਹੋਣ ਕਰ ਕੇ ਇਹ ਨਾਮ ਸਰੂਪ ਹੈ। ਇਸ ਦਾ ਨਾਮ ਕਰਨ ਕੀਤਾ ਜਾ ਸਕਦਾ ਹੈ। ਇਹ ਸਤਿ ਨਾਮ ਹੈ।

ਗੁਰੂ ਨਾਨਕ ਸਾਹਿਬ ਨੇ ਕੁਦਰਤ ਅਤੇ ਮਨੁਖ ਦੀ ਰਚਨਾ ਬਾਰੇ ਆਪਣੇ ਤੋਂ ਪਹਿਲੀਆਂ ਚਲੀਆਂ ਆਉਂਦੀਆਂ ਸਾਰੀਆਂ ਕਲਪਿਤ ਧਾਰਨਾਵਾਂ ਨੂੰ ਨਕਾਰ ਕੇ ਇਹ ਆਤਮਿਕ ਗਿਆਨ ਦਿਤਾ ਕਿ ਇਹ ਦਿਸਦਾ ਅਤੇ ਅੰਤਹੀਣ ਅਣਦਿਸਦਾ ਪਸਾਰਾ ਅੰਕ ਗਣਿਤ ਦੇ ਇਕ ਦਾ ਵਿਸਥਾਰ ਹੈ ਅਤੇ ਮਨੁਖ ਇਸ ਪਸਾਰੇ ਦਾ ਹੀ ਇਕ ਅਟੁਟ ਅੰਗ ਹੈ।

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (ਪੰਨਾ 695)

ਨਿਕਟਿ ਜੀਅ ਕੈ ਸਦ ਹੀ ਸੰਗਾ ਕੁਦਰਤਿ ਵਰਤੈ ਰੂਪ ਅਰੁ ਰੰਗਾ॥ (ਪੰਨਾ 376)

ਯਕੀਨਨ ਗੁਰੂ ਸਾਹਿਬ ਨੇ ਇਹ ਆਤਮਿਕ ਗਿਆਨ ਵੀ ਦਿਤਾ ਕਿ ਕੁਦਰਤੀ ਨੇਮਾਂ (ਹੁਕਮੁ) ਵਿਚ ਰਹਿ ਕੇ ਜ਼ਿੰਦਗੀ ਜਿਊਣਾ ਬੰਦੇ ਦੀ ਮਜਬੂਰੀ ਹੈ। ਬੰਦਾ ਕੁਦਰਤੀ ਨੇਮਾਂ ਨੂੰ ਉਲੰਘ ਕੇ ਸਹਿਜ ਤੇ ਸਿਹਤਮੰਦ ਜ਼ਿੰਦਗੀ ਨਹੀਂ ਜੀਅ ਸਕਦਾ।

ਹਰਿ ਜੀਉ ਕੀ ਹੈ ਸਭ ਸਿਰਕਾਰਾ॥ ਏਹੁ ਜਮੁ ਕਿਆ ਕਰੇ ਵਿਚਾਰਾ॥

ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ॥ (ਪੰਨਾ 1054)

ਯਥਾ ਇਹ ਸਾਰੀ ਸਰਕਾਰ ਹਰਿ ਜੀਉ ਦੀ ਹੈ। ਇਥੇ ਹਰਿ ਜੀਉ ਦੀ ਸਰਕਾਰ ਦਾ ਹੁਕਮ ਚਲਦਾ ਹੈ।

(ਇਹ ਹਰਿ ਜੀਉ ਕੌਣ ਹੈ? ਗੁਰੂ ਅਮਰ ਦਾਸ ਜੀ ਨੇ ਹਰਿ ਜੀਉ ਦੀ ਵਿਆਖਿਆ ਕੀਤੀ ਹੈ: ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪ ਹੈ ਹਰਿ ਰੂਪੁ ਨਦਰੀ ਆਇਆ॥ (ਪੰਨਾ 922) ਯਥਾ ਆਪਣੇ ਚਾਰਤੁਫੇਰੇ ਫੈਲਿਆ ਇਹ ਸੰਸਾਰ ਜੋ ਤੂੰ ਵੇਖ ਰਿਹਾ ਹੈ, ਇਹ ਹਰਿ ਜੀਉ ਦਾ ਪ੍ਰਗਟ ਰੂਪ ਹੈ ਅਤੇ ਇਸ ਵਿਚੋਂ ਹੀ ਹਰਿ ਜੀਉ ਨਜਰ ਆਉਂਦੇ ਹਨ।)

ਯਥਾ ਇਹ ਅੰਤਹੀਣ ਬ੍ਰਹਿਮੰਡੀ ਪਸਾਰਾ ਹੁਕਮੁ (ਕੁਦਰਤੀ ਨੇਮਾਂ) ਅਨੁਸਾਰ ਚਲ ਰਿਹਾ ਹੈ। ਜਿਸ ਜਮ ਦਾ ਨਾਂ ਲੈ ਕੇ ਬ੍ਰਾਹਮਣਵਾਦ ਹੁਣ ਤਕ ਮਨੁਖ ਜਾਤੀ ਨੂੰ ਡਰਾਉਂਦਾ ਆਇਆ ਹੈ, ਉਸ ਬਾਰੇ ਗੁਰਮਤਿ ਦੀ ਧਾਰਨਾ ਹੈ ਕਿ ਇਸ ਵਿਚਾਰੇ ਜਮ ਦੀ ਕੀ ਔਕਾਤ ਹੈ, ਕਿ ਇਹ ਹਰਿ ਜੀਉ ਦੀ ਸਰਕਾਰ ਦੇ ਹੁਕਮ ਭਾਵ ਕੁਦਰਤੀ ਨੇਮਾਂ ਵਿਚ ਕੋਈ ਦਖਲ ਦੇ ਸਕੇ। ਕੁਦਰਤੀ ਨੇਮਾਂ (ਹੁਕਮੁ) ਅਨੁਸਾਰ ਜੰਮਿਆ ਬੰਦਾ, ਸਾਰੀ ਉਮਰ ਇਨ੍ਹਾਂ ਨੇਮਾਂ ਵਿਚ ਰਹਿ ਕੇ ਹੀ ਆਪਣਾ ਜੀਵਨ ਬਤੀਤ ਕਰਦਾ ਹੈ ਅਤੇ ਇਥੋਂ ਤਕ ਕਿ ਉਹ ਆਪਣਾ ਹਰ ਸਾਹ ਵੀ ਇਨ੍ਹਾਂ ਨੇਮਾਂ ਅਨੁਸਾਰ ਹੀ ਲੈਂਦਾ ਹੈ।

ਮਨੁਖ ਦੇ ਆਤਮਿਕ ਗਿਆਨ ਵਿਚ ਪ੍ਰਗਟ ਹੋਇਆ ਇਹ ਇਨਕਲਾਬ ਸੀ। ਮਨੁਖੀ ਚੇਤਨਾ ਨੂੰ ਇਸ ਨੇ ਨਵਾਂ ਗਿਆਨ ਦਿਤਾ। ਇਸ ਨੇ ਹੁਣ ਤਕ ਪ੍ਰਚਲਤ ਮਨੂੰਵਾਦੀ ਸੋਚ ਅਤੇ ਬ੍ਰਾਹਮਣੀ ਕਰਮਕਾਂਡ ਦਾ ਪੂਰਨ ਰੂਪ ਵਿਚ ਖੰਡਨ ਕੀਤਾ ਕਿ ਇਹ ਦ੍ਰਿਸਟਮਾਨ ਸੰਸਾਰ (ਜਗਤ) ਅਸਲੀਅਤ ਨਹੀਂ ਬਲਕਿ ਮਹਿਜ਼ ਛਲਾਵਾ (ਮਾਇਆ) ਹੈ। ਹੁਣ ਤਕ ਫਿਲਾਸਫੀ ਦਾ ਇਹ ਅਹਿਮ ਸੁਆਲ ਬਣਿਆ ਹੋਇਆ ਹੈ ਕਿ ਕੀ ਅਸਲ ਸੰਸਾਰ ਸਾਡੀ ਚੇਤਨਾ ਤੋਂ ਬਾਹਰ ਹੋਂਦ ਰਖਦਾ ਹੈ ਜਾਂ ਨਹੀਂ?

ਯਕੀਨਨ ਗੁਰਬਾਣੀ ਦੀ ਇਸ ਵਿਆਖਿਆ ਨੇ ਇਹ ਆਤਮਿਕ ਗਿਆਨ ਵੀ ਦਿਤਾ ਕਿ ਮਨੁਖੀ ਆਜ਼ਾਦੀ ਦੀ ਸੀਮਾ ਹੈ। ਮਨੁਖ ਨੇ ਆਪਣੀ ਸਾਰੀ ਜ਼ਿੰਦਗੀ ਕੁਦਰਤੀ ਨੇਮਾਂ ਵਿਚ ਰਹਿ ਕੇ ਹੀ ਜਿਊਣੀ ਹੈ। ਉਹ ਕੁਦਰਤੀ ਨੇਮਾਂ ਤੋਂ ਬਾਹਰ ਨਹੀਂ ਜਾ ਸਕਦਾ। ਕੁਦਰਤੀ ਨੇਮਾਂ ਦੇ ਜ਼ਾਬਤੇ ਵਿਚ ਰਹਿਣ ਦੀ ਜਾਚ ਮਨੁਖ ਆਪਣੇ ਮਨ ਨੂੰ ਜਾਗਰਿਤ ਕਰ ਕੇ ਹੀ ਸਿਖ ਸਕਦਾ ਹੈ। ਮਨ ਨੂੰ ਜਾਗਰਿਤ ਕਰਨ ਦਾ ਭਾਵ ਮਨ ਨੂੰ ਸਾਧਣਾ ਹੈ। (ਮਨੁ ਸਾਧੇ ਸਿਧਿ ਹੋਇ॥) ਮਨ ਨੂੰ ਸਾਧ ਕੇ ਹੀ ਆਪਣੇ ਸਰੀਰ ਦੀਆਂ ਕੁਦਰਤੀ ਲੋੜਾਂ ਨੂੰ ਜਾਣਿਆ ਜਾ ਸਕਦਾ ਹੈ ਅਤੇ ਗੈਰ ਕੁਦਰਤੀ ਇਛਾਵਾਂ (ਤ੍ਰਿਸਨਾ) ਤੋਂ ਮੁਕਤੀ ਪਾਈ ਜਾ ਸਕਦੀ ਹੈ।

ਏਹੁ ਤ੍ਰਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥ (ਪੰਨਾ 919)

ਇਹੀ ਮਨੁਖੀ ਮੁਕਤੀ ਭਾਵ ਮਨੁਖੀ ਆਜ਼ਾਦੀ ਹੈ। ਇਸ ਆਤਮਿਕ ਗਿਆਨ ਨੇ 'ਹੁਕਮਿ ਰਜਾਈ ਚਲਣਾ' ਅਤੇ 'ਮਨਿ ਜੀਤੈ ਜਗੁ ਜੀਤੁ' ਦੀ ਨਵੀਂ ਜੀਵਨ ਜੁਗਤਿ ਦਸੀ। ਗੁਰੂ ਸਾਹਿਬ ਨੇ ਇਸ ਜੀਵਨ ਜੁਗਤ ਦੇ ਆਧਾਰ ਉਤੇ ਸਮੁਚੇ ਮਨੁਖੀ ਸਮਾਜ ਨੂੰ ਨਵੇਂ ਸਿਰਿਓਂ ਜਥੇਬੰਦ ਕਰਨ ਦਾ ਸਿਰਫ ਐਲਾਨ ਹੀ ਨਹੀਂ ਕੀਤਾ ਸਗੋਂ ਜਥੇਬੰਦ ਕਰਕੇ ਦਿਖਾਇਆ। ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਗਏ ਖਾਲਸਾ ਪੰਥ ਦਾ ਗੁਰੂ ਨਾਨਕ ਸਾਹਿਬ ਦੀ ਫਿਲਾਸਫੀ ਨਾਲ ਇਹੀ ਰਿਸ਼ਤਾ ਹੈ। ਮਨੁਖੀ ਆਜ਼ਾਦੀ, ਬਰਾਬਰੀ, ਭਾਈਚਾਰਾ ਤੇ ਇਨਸਾਫ ਇਸ ਜੀਵਨ ਜੁਗਤ ਦਾ ਅਟੁਟ ਅੰਗ ਹਨ।

ਇਸ ਆਤਮਿਕ ਇਨਕਲਾਬ ਦੀ ਸਪਸ਼ਟ ਨਿਸ਼ਾਨਦੇਹੀ ਕਰਦਿਆਂ ਮਾਰਕਸ ਦਾ ਕਹਿਣਾ ਹੈ, "ਉਚੀ ਪਧਰ ਦੀ ਆਤਮਿਕ ਆਜ਼ਾਦੀ ਵਿਕਸਿਤ ਕਰਨ ਲਈ ਸਮਾਜ (ਮਨੁਖ) ਹਰ ਹਾਲਤ ਵਿਚ ਆਪਣੀਆਂ ਸਰੀਰਕ ਲੋੜਾਂ ਦੇ ਬੰਦਨ ਨੂੰ ਤੋੜੇ। ਉਹ ਆਪਣੀ ਸਰੀਰਕ ਗੁਲਾਮੀ ਤੋਂ ਮੁਕਤ ਹੋਵੇ। ਉਸ ਕੋਲ ਸਿਰਜਣਸ਼ੀਲ ਆਤਮਿਕ ਸਰਗਰਮੀ ਕਰਨ ਅਤੇ ਆਤਮਿਕ ਅਨੰਦ ਮਾਣਨ ਲਈ ਖੁਲ੍ਹਾ ਸਮਾ ਹੋਵੇ।"

ਇਥੇ ਸੁਆਲ ਪੈਦਾ ਹੁੰਦਾ ਹੈ ਕਿ ਸਮਾਜ ਅਤੇ ਮਨੁਖ ਆਪਣੀਆਂ ਸਰੀਰਕ ਲੋੜਾਂ ਦੇ ਬੰਦਨ ਨੂੰ ਕਿਵੇਂ ਤੋੜੇ? ਕੀ ਉਹ ਆਪਣੀਆਂ ਸਾਰੀਆਂ ਸਰੀਰਕ ਲੋੜਾਂ ਨੂੰ ਤਿਆਗ ਦੇਵੇ, ਜਿਵੇਂ ਭਾਰਤੀ ਜਤੀ ਜੋਗੀ ਸੰਨਿਆਸੀ ਕਰਦੇ ਰਹੇ ਹਨ?

ਇਸ ਸੁਆਲ ਦਾ ਜੁਆਬ ਲੱਭਣ ਲਈ ਮਾਰਕਸ ਨੇ ਆਪਣੇ ਤੋਂ ਪਹਿਲੀ ਸਾਰੀ ਫਿਲਾਸਫੀ ਦੀ ਪੁਣਛਾਣ ਕੀਤੀ ਹੈ ਜਿਸ ਦੀ ਜਾਣਕਾਰੀ ਉਸ ਨੇ ਆਪਣੀਆਂ ਛੇ 'ਨੋਟ ਬੁਕਾਂ' ਵਿਚ ਦਿਤੀ ਹੈ। ਇਸ ਜਾਣਕਾਰੀ ਅਨੁਸਾਰ, ਇਹ ਕੁਦਰਤ (ਬ੍ਰਹਿਮੰਡੀ ਸਚ) ਹਮੇਸ਼ਾ ਇਸੇ ਤਰ੍ਹਾਂ ਸੀ ਅਤੇ ਹਮੇਸ਼ਾ ਇਸੇ ਤਰ੍ਹਾਂ ਰਹੇਗੀ। ਇਸ ਦੀ ਹੋਂਦ ਸਦੀਵੀ ਹੈ। ਇਹ ਆਦਿ ਸਚ ਹੈ, ਇਹੀ ਜੁਗਾਦਿ ਸਚ ਹੈ, ਇਹੀ ਵਰਤਮਾਨ ਦਾ ਸਚ ਹੈ ਅਤੇ ਇਹੀ ਭਵਿਖ ਦਾ ਸਚ ਹੈ। ਇਹ ਸੰਸਾਰ ਸਚ ਹੈ। ਇਸ ਸਚ ਬਾਰੇ ਚੇਤੰਨ ਹੋਇਆ ਮਨੁਖੀ ਮਨ ਹੀ ਆਪਣੇ ਸਰੀਰ ਦੀਆਂ ਕੁਦਰਤੀ ਲੋੜਾਂ ਦੀ ਸੁਚੇਤ ਪਛਾਣ ਕਰਨ ਦੇ ਯੋਗ ਬਣਦਾ ਹੈ। ਮਨੁਖੀ ਮਨ ਕੁਦਰਤ ਦੀ ਸਿਰਮੌਰ ਸਿਰਜਣਾ ਹੈ। ਇਹ ਮਾਰਕਸਵਾਦੀ ਪਦਾਰਥਵਾਦ ਦਾ ਸਾਰ ਤੱਤ ਹੈ।

ਫਰੈਡ੍ਰਿਕ ਏਂਗਲਜ਼ ਨੇ ਪਦਾਰਥਵਾਦ ਨੂੰ ਆਪਣੇ ਇਨ੍ਹਾਂ ਸ਼ਬਦਾਂ ਵਿਚ ਸਪਸ਼ਟ ਕੀਤਾ ਹੈ:

"ਇਹ ਸੁਆਲ ਕਿ ਬੁਨਿਆਦੀ ਕੀ ਹੈ - ਮਨੁਖੀ ਮਨ ਜਾਂ ਕੁਦਰਤ - ਨੇ ਚਰਚ ਨੂੰ ਸੰਬੋਧਨ ਹੁੰਦਿਆਂ ਇਸ ਧਾਰਨਾ ਦਾ ਰੂਪ ਲਿਆ - ਕੀ ਸੰਸਾਰ ਦੀ ਰਚਨਾ ਰਬ ਨੇ ਬਣਾਈ ਹੈ ਜਾਂ ਅੰਤਹੀਣ ਕਾਲ ਤੋਂ ਸੰਸਾਰ ਇਵੇਂ ਹੀ ਹੋਂਦ ਰਖਦਾ ਆ ਰਿਹਾ ਹੈ?

... ਇਸ ਸੁਆਲ ਦਾ ਜੁਆਬ ਦੇਣ ਵਾਲੇ ਫਿਲਾਸਫਰ ਦੋ ਵਡੇ ਧੜਿਆਂ ਵਿਚ ਵੰਡੇ ਹੋਏ ਸਨ। ਜਿਹੜੇ ਕੁਦਰਤ ਨਾਲੋਂ ਮਨੁਖੀ ਮਨ ਨੂੰ ਸਿਰਮੌਰ ਮੰਨਦੇ ਸਨ ਅਤੇ ਅੰਤਿਮ ਤੌਰ ਉਤੇ ਕਿਸੇ ਵੀ ਤਰ੍ਹਾਂ ਸੰਸਾਰ ਦੀ ਰਚਨਾ ਹੋਈ ਮੰਨਦੇ ਸਨ - ਉਹ ਆਦਰਸ਼ਵਾਦੀ ਧੜਾ ਬਣੇ ਅਤੇ ਦੂਜੇ ਜਿਹੜੇ ਕੁਦਰਤ ਨੂੰ ਸਿਰਮੌਰ ਮੰਨਦੇ ਸਨ, ਉਹ ਸਾਰੇ ਪਦਾਰਥਵਾਦੀਆਂ ਦੀਆਂ ਅਡ-ਅਡ ਧਿਰਾਂ ਵਿਚ ਸ਼ੁਮਾਰ ਹੁੰਦੇ ਸਨ। ਆਦਰਸ਼ਵਾਦ ਅਤੇ ਪਦਾਰਥਵਾਦ - ਇਹ ਦੋ ਪ੍ਰਪਾਟੀਆਂ - ਮੌਲਿਕ ਰੂਪ ਵਿਚ ਇਸ ਤੋਂ ਬਗੈਰ ਹੋਰ ਕੋਈ ਅਹਿਮੀਅਤ ਨਹੀਂ ਸਨ ਰਖਦੀਆਂ ਅਤੇ ਇਥੇ ਵੀ ਅਸੀਂ ਇਨ੍ਹਾਂ ਦੀ ਵਰਤੋਂ ਇਸ ਤੋਂ ਬਿਨਾਂ ਕਿਸੇ ਹੋਰ ਭਾਵਨਾ ਨਾਲ ਨਹੀਂ ਕਰ ਰਹੇ।

... ਸੋਚ ਵਿਚ ਉਲਝਣਾਂ ਉਦੋਂ ਪੈਦਾ ਹੁੰਦੀਆਂ ਹਨ, ਜਦੋਂ ਇਨ੍ਹਾਂ ਪ੍ਰਪਾਟੀਆਂ ਨੂੰ ਕੁਝ ਹੋਰ ਅਰਥ ਦਿਤੇ ਜਾਂਦੇ ਹਨ।"

ਆਲਮੀ ਕਮਿਊਨਿਸਟ ਲਹਿਰ ਆਪਣੇ ਬਾਨੀਆਂ ਦੇ ਉਕਤ ਬਿਆਨੇ ਪਦਾਰਥਵਾਦ ਦੀ ਥਾਹ ਨਹੀਂ ਪਾ ਸਕੀ। ਇਸ ਲਈ ਹੀ ਉਹ 'ਕਮਿਊਨਿਜ਼ਮ' ਦੇ ਮਿਥੇ ਨਿਸ਼ਾਨੇ ਤੋਂ ਖੁੰਝ ਗਈ ਹੈ। ਮਾਰਕਸਵਾਦ ਅਨੁਸਾਰ ਸਾਰੇ ਉਹ ਲੋਕ ਪਦਾਰਥਵਾਦੀ ਹਨ, ਜਿਹੜੇ ਇਹ ਮੰਨਦੇ ਹਨ ਕਿ ਅੰਤਹੀਣ ਕਾਲ ਤੋਂ ਇਹ ਸੰਸਾਰ ਇਵੇਂ ਹੀ ਹੋਂਦ ਰਖਦਾ ਆ ਰਿਹਾ ਹੈ ਅਤੇ ਸਾਰੇ ਉਹ ਲੋਕ ਆਦਰਸ਼ਵਾਦੀ ਹਨ, ਜਿਹੜੇ ਕਿਸੇ ਨਾ ਕਿਸੇ ਰੂਪ ਵਿਚ ਇਹ ਮੰਨਦੇ ਹਨ ਕਿ ਇਸ ਸੰਸਾਰ ਦੀ ਰਚਨਾ ਕਿਸੇ ਮਨ-ਕਲਪਿਤ 'ਰਬ' ਨੇ ਬਣਾਈ ਹੈ। ਪਦਾਰਥਵਾਦ ਦੇ ਇਸ ਤਤ ਨੂੰ ਬੁਝੇ ਬਿਨਾਂ ਆਲਮੀ ਕਮਿਊਨਿਸਟ ਲਹਿਰ ਆਪਣੇ ਮਿਥੇ ਨਿਸ਼ਾਨੇ ਵੱਲ ਅਗੇ ਨਹੀਂ ਵਧ ਸਕਦੀ।

ਪਦਾਰਥਵਾਦੀ ਫਿਲਾਸਫੀ ਦੇ ਆਤਮਿਕ ਗਿਆਨ ਨਾਲ ਮਨੁਖੀ ਚੇਤਨਾ ਵਿਚੋਂ ਸਰਬ-ਸ਼ਕਤੀਮਾਨ ਕਰਾਮਾਤੀ ਰਬ ਦਾ ਬਣਿਆ ਮਨ-ਕਲਪਿਤ ਬਿੰਬ ਤਾਂ ਖਤਮ ਹੋ ਗਿਆ, ਪਰ ਉਸ ਦੀ ਥਾਂ ਸਰਬ-ਸ਼ਕਤੀਮਾਨ ਜਿਊਂਦੀ ਜਾਗਦੀ ਕੁਦਰਤ ਨੇ ਲੈ ਲਈ। ਕੁਦਰਤ ਜਿਹੜੀ ਮਨੁਖ ਦੇ ਅੰਦਰ ਵੀ ਹੈ ਅਤੇ ਬਾਹਰ ਵੀ। ਮਨੁਖ ਕੁਦਰਤ ਦੀ ਪੈਦਾਵਾਰ ਹੈ ਅਤੇ ਕੁਦਰਤ ਉਤੇ ਹੀ ਹੋਂਦ ਰਖਦਾ ਹੈ। ਮਨ-ਕਲਪਿਤ ਰਬ ਦੀ ਕਰਾਮਾਤੀ ਸ਼ਕਤੀ ਦਾ ਬਣਿਆ ਭਰਮ ਤਾਂ ਟੁਟ ਗਿਆ ਪਰ ਪਦਾਰਥਵਾਦੀ ਫਿਲਾਸਫੀ ਦੇ ਗਿਆਨ ਨੇ ਇਹ ਜਾਣਕਾਰੀ ਵੀ ਦਿਤੀ ਕਿ ਕੁਦਰਤੀ ਨੇਮਾਂ ਦੇ ਜ਼ਾਬਤੇ ਵਿਚ ਰਹਿਣਾ ਮਨੁਖ ਦੀ ਹੋਣੀ ਹੈ।

ਮਾਰਕਸ ਨੇ ਯੂਨਾਨ ਦੇ ਪਦਾਰਥਵਾਦੀ ਐਪੀਕਿਉਰੀਅਨ ਫਿਲਾਸਫਰਾਂ ਦੇ ਹਵਾਲੇ ਨਾਲ ਲਿਖਿਆ ਹੈ, 'ਉਹ ਵਿਦਵਾਨ ਜਿਹੜੇ ਨੌਜਵਾਨਾਂ ਨੂੰ ਤਾੜਦੇ ਹਨ ਕਿ ਸਵੈਮਾਣ ਨਾਲ ਜੀਉ ਅਤੇ ਬਜ਼ੁਰਗਾਂ ਨੂੰ ਕਹਿੰਦੇ ਹਨ ਕਿ ਸਵੈਮਾਣ ਨਾਲ ਮਰੋ, ਉਹ ਮੂਰਖ ਹਨ। ਨਾ ਸਿਰਫ ਇਸ ਲਈ ਕਿ ਉਹ ਸਿਰਫ ਜਿਊਣ ਦੀ ਇਛਾ ਪ੍ਰਗਟ ਕਰਦੇ ਹਨ ਸਗੋਂ ਇਸ ਲਈ ਵੀ ਕਿਉਂਕਿ ਸਵੈਮਾਣ ਨਾਲ ਜਿਊਣਾ ਅਤੇ ਸਵੈਮਾਣ ਨਾਲ ਮਰਨਾ ਇਕੋ ਹੀ ਗੱਲ ਹੈ। ਤਰਕਸੰਗਤ, ਸਵੈਮਾਣ ਨਾਲ ਭਰਪੂਰ ਅਤੇ ਸੁਚਜਾ ਜੀਵਨ ਜੀਵੇ ਬਿਨਾਂ ਅਨੰਦਮਈ ਜੀਵਨ ਜਿਊਣਾ ਅਸੰਭਵ ਹੈ ਅਤੇ ਅਨੰਦਮਈ ਜ਼ਿੰਦਗੀ ਜੀਵੇ ਬਿਨਾਂ ਤਰਕਸੰਗਤ, ਸਵੈਮਾਣ ਨਾਲ ਭਰਪੂਰ ਅਤੇ ਸੁਚਜਾ ਜੀਵਨ ਜਿਊਣਾ ਅਸੰਭਵ ਹੈ।'

ਅਨੰਦਮਈ ਜ਼ਿੰਦਗੀ ਦੀ ਇਸ ਮਾਰਕਸਵਾਦੀ ਧਾਰਨਾ ਅਨੁਸਾਰ ਤਰਕਸੰਗਤ ਜ਼ਿੰਦਗੀ ਜਿਊਣ ਦਾ ਭਾਵ ਆਪਣੀਆਂ ਤਰਕਸੰਗਤ ਕੁਦਰਤੀ ਲੋੜਾਂ ਨੂੰ ਸੁਚੇਤ ਰੂਪ ਵਿਚ ਪਛਾਣ ਕੇ ਜਿਊਣਾ ਹੈ। ਭਾਵ ਸਾਮਰਾਜੀ ਖਪਤਕਾਰੀ ਦੀ ਵਹਿਸ਼ਤ ਦੇ ਸ਼ਿਕਾਰ ਹੋਣ ਤੋਂ ਸੁਚੇਤ ਰੂਪ ਵਿਚ ਬਚਣਾ ਹੈ। ਮਾਰਕਸ ਨੇ ਇਹ ਵੀ ਕਿਹਾ ਹੈ ਕਿ ਆਪਣੇ ਵਿਕਾਰਾਂ ਦਾ ਗਿਆਨ ਮਨੁਖੀ ਮੁਕਤੀ ਦੀ ਸ਼ੁਰੂਆਤ ਹੈ।

ਜਦੋਂ ਆਪਣੇ ਸਰੀਰ ਦੀਆਂ ਤਰਕਸੰਗਤ ਲੋੜਾਂ ਦੀ ਸੁਚੇਤ ਪਛਾਣ ਕਰਕੇ, ਅਣਮਨੁਖੀ ਇਛਾਵਾਂ (ਤ੍ਰਿਸਨਾ) ਤੋਂ ਮੁਕਤੀ ਮਿਲ ਜਾਏ ਤਾਂ ਫਿਰ ਆਪਣੇ ਮਨੁਖੀ ਸਵੈਮਾਣ ਨੂੰ ਬਣਾਈ ਰਖਣ ਲਈ ਆਪਣੇ ਸਦਾਚਾਰ ਦੀ ਕੀਮਤ ਉਤੇ ਕਿਸੇ ਨਾਲ ਸਮਝੌਤਾ ਕਰਨ ਦੀ ਲੋੜ ਨਹੀਂ ਪੈਂਦੀ ਪਰ ਇਹ ਸਿਰਫ ਤਾਂ ਹੀ ਸੰਭਵ ਹੈ ਜੇ ਮਨੁਖ ਸੁਚੱਜਾ ਸਾਦਾ ਜੀਵਨ ਜੀਵੇ। ਯਥਾਰਥ ਉਤੇ ਟੇਕ ਰਖ ਕੇ ਆਪਣੀ ਅਸਲੀ ਕੁਦਰਤੀ ਨਾਸਵੰਤ ਹੋਂਦ ਨੂੰ ਪਛਾਣੇ ਅਤੇ ਮੌਤ ਦੇ ਸਦੀਵੀ ਡਰ ਅਤੇ ਆਪਣੇ ਮਨ ਦੇ ਇਕਲਾਪੇ ਕਾਰਨ ਪੈਦਾ ਹੁੰਦੀ ਉਦਾਸੀ ਦੇ ਆਲਮ ਵਿਚੋਂ ਬਾਹਰ ਨਿਕਲੇ। ਮੌਤ ਦੀ ਅਟਲ ਸਚਾਈ ਨੂੰ ਪ੍ਰਵਾਨ ਕਰ ਕੇ ਆਪਣੀਆਂ ਤਰਕਸੰਗਤ ਸਰੀਰੀ ਲੋੜਾਂ ਦੀ ਪੂਰਤੀ ਕਰਦਿਆਂ ਹੋਇਆਂ ਪੂਰਨ ਸਮਾਜੀ ਹੋ ਕੇ ਵਿਚਰਨਾ ਹੀ ਆਤਮਿਕ ਆਜ਼ਾਦੀ ਦਾ ਭੇਤ ਹੈ। ਮਾਰਕਸ ਅਨੁਸਾਰ ਸਵੈਮਾਣ ਨਾਲ ਭਰਪੂਰ ਤਰਕਸੰਗਤ ਸੁਚਜਾ ਅਤੇ ਅਨੰਦਮਈ ਜੀਵਨ ਜਿਊਣ ਦਾ ਇਹੀ ਭਾਵਅਰਥ ਹੈ।

ਆਪਣੇ-ਆਪ ਨੂੰ ਇਸ ਸਚ ਦੇ ਧਾਰਨੀ ਬਣਾਓ ਕਿ ਮੌਤ ਸਾਡੇ ਲਈ ਕੋਈ ਮਾਇਨੇ ਨਹੀਂ ਰਖਦੀ। ਕਿਉਂਕਿ ਸਾਰਾ ਕੁਝ ਜੋ ਵੀ ਚੰਗਾ ਜਾਂ ਮਾੜਾ ਹੈ, ਉਸ ਦਾ ਆਧਾਰ ਚੇਤਨਾ (ਹੋਸ਼) ਹੈ ਅਤੇ ਮੌਤ ਚੇਤਨਾ ਦਾ ਖਾਤਮਾ ਹੈ। ਇਸ ਲਈ ਇਹ ਸਹੀ ਸਮਝ ਕਿ ਮੌਤ ਸਾਡੇ ਵਾਸਤੇ ਕੋਈ ਮਾਇਨੇ ਨਹੀਂ ਰਖਦੀ, ਸਾਡੇ ਸੀਮਤ (ਗੁਰਮਤਿ ਦੀ ਭਾਸ਼ਾ ਵਿਚ ਨਾਸਵੰਤ ਅਤੇ ਬੋਧੀ ਭਾਸ਼ਾ ਵਿਚ ਅਨਿਤ) ਜੀਵਨ ਨੂੰ ਰਹਿਣ ਯੋਗ ਬਣਾਉਂਦੀ ਹੈ।

***(ਬਾਕੀ ਅਗਲੇ ਸਫੇ 'ਤੇ)***

ਅਸੀਂ ਆਪਣੀ ਸੀਮਤ ਜ਼ਿੰਦਗੀ ਨੂੰ ਵਧਾ ਕੇ ਨਹੀਂ ਸਗੋਂ ਅਮਰਤਾ ਦੀ ਭਟਕਣਾ ਵਿਚੋਂ ਬਾਹਰ ਨਿਕਲ ਕੇ ਹੀ ਇਸ ਦਾ ਅਨੰਦ ਮਾਣ ਸਕਦੇ ਹਾਂ। ਉਹ ਮਨੁਖ ਮੌਤ ਦੀ ਦਹਿਸ਼ਤ ਤੋਂ ਸਦਾ ਲਈ ਛੁਟਕਾਰਾ ਪਾ ਲੈਂਦਾ ਹੈ ਜੋ ਇਹ ਸਮਝ ਜਾਂਦਾ ਹੈ ਕਿ ਮੌਤ ਕੋਈ ਦਹਿਸ਼ਤ ਨਹੀਂ। ਇਸ ਲਈ ਉਹ ਮਨੁਖ ਮੂਰਖ ਹੈ, ਜਿਹੜਾ ਇਹ ਕਹਿੰਦਾ ਹੈ ਕਿ ਉਹ ਮੌਤ ਤੋਂ ਇਸ ਲਈ ਨਹੀਂ ਡਰਦਾ ਕਿਉਂਕਿ ਮੌਤ ਜਦੋਂ ਆਉਂਦੀ ਹੈ, ਦੁਖ ਦਿੰਦੀ ਹੈ, ਸਗੋਂ ਉਹ ਮੌਤ ਤੋਂ ਇਸ ਲਈ ਡਰਦਾ ਹੈ ਕਿਉਂਕਿ ਇਹ ਦੁਖ ਦਾ ਕਾਰਨ ਬਣਦੀ ਹੈ, ਜਦੋਂ ਕਿ ਇਹ ਅਜੇ ਆਉਣੀ ਹੈ। ਉਹ ਮਨੁਖ ਸਿਆਣਪ ਦਾ ਭੇਤ ਪਾ ਲੈਂਦਾ ਹੈ ਜੋ ਮਰਨ ਵੇਲੇ ਵੀ ਓਨੀ ਹੀ ਸਹਿਜਤਾ ਨਾਲ ਮਰ ਸਕਦਾ ਹੈ, ਜਿਵੇਂ ਉਹ ਜੰਮਣ ਵੇਲੇ ਸੀ।

ਏਂਗਲਜ਼ ਨੇ ਸਪਸ਼ਟ ਕੀਤਾ ਹੈ ਕਿ ਆਪਣੀਆ ਲੋੜਾਂ ਦੀ ਸੁਚੇਤ ਪਛਾਣ ਹੀ ਮਨੁਖੀ ਆਜ਼ਾਦੀ ਦਾ ਭੇਤ ਹੈ। ਮਾਰਕਸ ਨੇ ਮਨੁਖ ਦੀਆਂ ਤਰਕਸੰਗਤ ਇਛਾਵਾਂ ਨੂੰ ਵੀ ਸਪਸ਼ਟ ਕੀਤਾ ਹੈ। ਮਨੁਖ ਦੀਆਂ ਕੁਝ ਇਛਾਵਾਂ ਕੁਦਰਤੀ ਹਨ। ਬਾਕੀ ਸਾਰੀਆਂ ਇਛਾਵਾਂ ਬੇਲੋੜੀਆਂ ਹਨ। ਕੁਦਰਤੀ ਇਛਾਵਾਂ ਵਿਚੋਂ ਕੁਝ ਲੋੜੀਂਦੀਆਂ ਹਨ, ਬਾਕੀ ਕੁਦਰਤੀ ਹਨ। ਲੋੜੀਂਦੀਆਂ ਇਛਾਵਾਂ ਵਿਚੋਂ ਕੁਝ ਖੁਸ਼ੀ ਲਈ ਲੋੜੀਂਦੀਆਂ ਹਨ ਅਤੇ ਬਾਕੀ ਖੁਦ ਜ਼ਿੰਦਗੀ ਲਈ ਲੋੜੀਂਦੀਆਂ ਹਨ। ਇਨ੍ਹਾਂ ਇਛਾਵਾਂ ਦੀ ਸਹੀ ਸਮਝ ਭਾਵ ਆਪਣੇ ਸਰੀਰ ਦੀਆਂ ਤਰਕਸੰਗਤ ਲੋੜਾਂ ਦੀ ਸੁਚੇਤ ਪਛਾਣ ਸਰੀਰ ਨੂੰ ਤੰਦਰੁਸਤੀ ਅਤੇ ਆਤਮਾ ਨੂੰ ਸ਼ਾਂਤੀ ਬਖਸ਼ਦੀ ਹੈ। ਇਕ ਅਨੰਦਮਈ ਜ਼ਿੰਦਗੀ ਜਿਊਣ ਦਾ ਇਹੀ ਭੇਤ ਹੈ। ਕਿਉਂਕਿ ਸਾਰੇ ਮਨੁਖੀ ਕਾਰਜਾਂ ਦਾ ਮੰਤਵ ਤਨ ਦੀ ਪੀੜਾ ਤੋਂ ਮੁਕਤ ਅਤੇ ਮਨ ਦੀਆਂ ਉਲਝਣਾਂ ਤੋਂ ਰਹਿਤ ਜੀਵਨ ਜਿਊਣਾ ਹੈ। ਜੇ ਤੁਸੀਂ ਕੁਦਰਤੀ ਲੋੜਾਂ ਅਨੁਸਾਰ ਜਿਊਂਦੇ ਹੋ ਤਾਂ ਤੁਸੀਂ ਕਦੀ ਵੀ ਗਰੀਬ ਨਹੀਂ ਹੋਵੋਗੇ ਪਰ ਜੇ ਤੁਸੀਂ ਇਛਾਵਾਂ ਅਨੁਸਾਰ ਜਿਊਂਦੇ ਹੋ ਤਾਂ ਤੁਸੀਂ ਕਦੀ ਵੀ ਅਮੀਰ ਨਹੀਂ ਹੋਵੋਗੇ। ਕੁਦਰਤੀ ਲੋੜਾਂ ਸੀਮਤ ਹਨ, ਜਦੋਂ ਕਿ ਇਛਾਵਾਂ ਦੀ ਮੰਗ ਅਸੀਮ ਹੈ। ਅਮੀਰੀ ਕੁਦਰਤੀ ਨੇਮਾਂ ਅਨੁਸਾਰ ਹੰਢਾਈ ਗਰੀਬੀ ਹੈ। (ਗੁਰਮਤਿ ਅਨੁਸਾਰ - ਗਰੀਬੀ ਗਦਾ ਹਮਾਰੀ॥ (ਪੰਨਾ 628) ਕੁਦਰਤ ਦੀ ਦੌਲਤ ਸੀਮਤ ਹੈ ਅਤੇ ਸੌਖੀ ਪ੍ਰਾਪਤ ਹੋ ਜਾਂਦੀ ਹੈ ਪਰ ਹਵਾਈ ਇਛਾਵਾਂ (ਤ੍ਰਿਸਨਾ) ਦੀ ਪੂਰਤੀ ਦੀ ਮੰਗ ਅਸੀਮ ਹੈ, ਜਿਹੜੀ ਕਿ ਨਿਰੋਲ ਭਟਕਣਾ ਹੈ।

ਮਨੁਖੀ ਆਜ਼ਾਦੀ ਅਤੇ ਮਨੁਖੀ ਲੋੜਾਂ ਦੇ ਰਿਸ਼ਤੇ ਬਾਰੇ ਏਂਗਲਜ਼ ਨੇ ਲਿਖਿਆ ਹੈ, "ਮਨੁਖੀ ਆਜ਼ਾਦੀ ਦਾ ਭਾਵ ਆਪਣੀਆਂ ਕੁਦਰਤੀ ਲੋੜਾਂ ਦੀ ਸੁਚੇਤ ਪਛਾਣ ਕਰਨੀ ਤੇ ਉਨ੍ਹਾਂ ਦੇ ਆਧਾਰ ਉਤੇ ਆਪਣੇ ਆਪ ਨੂੰ ਸਵੈ-ਜ਼ਬਤ ਵਿਚ ਰਖਣਾ ਅਤੇ ਕੁਦਰਤ ਦੇ ਜ਼ਾਬਤੇ ਵਿਚ ਰਹਿਣਾ ਹੈ।"

ਮਾਰਕਸ ਨੂੰ ਜਦੋਂ ਪੁਛਿਆ ਗਿਆ ਕਿ ਮਨੁਖ ਵਿਚਲੇ ਕਿਹੜੇ ਗੁਣ ਨੂੰ ਉਹ ਸਭ ਤੋਂ ਚੰਗਾ ਸਮਝਦਾ ਹੈ, ਤਾਂ ਉਸ ਦਾ ਜੁਆਬ ਸੀ: ਸਾਦਗੀ। ਕਮਿਊਨਿਸਟ ਤਰਜ਼ ਦੀ ਜ਼ਿੰਦਗੀ ਜਿਊਣ ਲਈ ਜਿਥੇ ਆਪਣੀਆਂ ਤਰਕਸੰਗਤ ਭਾਵ ਸੀਮਤ ਸਰੀਰੀ ਲੋੜਾਂ ਦੀ ਸੁਚੇਤ ਪਛਾਣ ਕਰਨੀ ਜ਼ਰੂਰੀ ਹੈ, ਉਥੇ ਸੁਚੇਤ ਰੂਪ ਵਿਚ ਆਪਣੇ ਵਿਕਾਰਾਂ ਉਤੇ ਕਾਬੂ ਪਾਉਣਾ ਵੀ ਜ਼ਰੂਰੀ ਹੈ। ਇਸੇ ਕਰਕੇ ਮਾਰਕਸ ਨੇ ਇਹ ਨੋਟ ਕੀਤਾ ਹੈ ਕਿ ਆਪਣੇ ਵਿਕਾਰਾਂ ਦਾ ਗਿਆਨ ਹੀ ਮਨੁਖੀ ਮੁਕਤੀ ਦੀ ਸ਼ੁਰੂਆਤ ਹੈ। ਕਿਉਂਕਿ ਵਿਕਾਰ ਭਾਵ ਬੇਕਾਬੂ ਇੰਦ੍ਰਿਆਵੀ ਜਜ਼ਬੇ ਕਿਸੇ ਵੀ ਮਨੁਖ ਦੇ ਆਤਮਿਕ ਅਤੇ ਮਾਨਸਿਕ ਵਿਕਾਸ ਵਿਚ ਵਡੀ ਰੁਕਾਵਟ ਬਣਦੇ ਹਨ। ਜਦੋਂ ਮਨੁਖ ਨੂੰ ਆਪਣੇ ਵਿਕਾਰਾਂ ਦਾ ਗਿਆਨ ਹੁੰਦਾ ਹੈ, ਉਦੋਂ ਹੀ ਉਹ ਆਪਣੇ ਇਨ੍ਹਾਂ ਬੇਕਾਬੂ ਇੰਦ੍ਰਿਆਵੀ ਜਜ਼ਬਿਆਂ ਉਤੇ ਕਾਬੂ ਪਾਉਣ ਦੇ ਸੁਚੇਤ ਯਤਨ ਕਰਦਾ ਹੈ। ਉਦੋਂ ਹੀ ਪੜਚੋਲ ਸਵੈ-ਪੜਚੋਲ ਦਾ ਅੰਤਰਮੁਖੀ ਕਾਰਜ ਆਰੰਭ ਹੁੰਦਾ ਹੈ। ਇਹੀ ਅਨੰਦਮਈ ਜ਼ਿੰਦਗੀ ਦੀ ਸ਼ੁਰੂਆਤ ਹੈ। ਇਹੀ ਮਨ ਦੀ ਮੁਕਤੀ ਭਾਵ ਮਨੁਖ ਦੀ ਆਤਮਿਕ ਆਜ਼ਾਦੀ ਹੈ। ਇਹੀ ਕਮਿਊਨਿਜ਼ਮ ਦੀ ਚੇਤੰਨ ਸੋਚ ਹੈ। ਇਹੀ ਆਤਮਿਕ ਇਨਕਲਾਬ ਹੈ।



ਮਾਰਕਸ ਨੇ ਇਸੇ ਆਤਮਿਕ ਇਨਕਲਾਬ ਦੀ ਨਿਸ਼ਾਨਦੇਹੀ ਕੀਤੀ ਹੈ। ਪਰ ਨਾਸਤਿਕ ਕਮਿਊਨਿਸਟਾਂ ਨੇ ਇਸ ਆਤਮਿਕ ਇਨਕਲਾਬ ਨੂੰ ਅਣਗੌਲਿਆ ਕਰਕੇ ਮਾਰਕਸ ਵਲੋਂ ਮਨੁਖ ਜਾਤੀ ਦੀ ਸਦੀਵੀ ਮੁਕਤੀ ਦੇ ਮਿਥੇ ਕਾਰਜ ਨੂੰ ਤਿਲਾਂਜਲੀ ਦੇ ਦਿਤੀ ਹੈ। ਇਸੇ ਦਾ ਖਮਿਆਜ਼ਾ ਸਮੁਚੀ ਮਨੁਖ ਜਾਤੀ ਅਤੇ ਆਲਮੀ ਕਮਿਊਨਿਸਟ ਲਹਿਰ ਨੂੰ ਭੁਗਤਣਾ ਪੈ ਰਿਹਾ ਹੈ।

ਕਾਰਲ ਮਾਰਕਸ ਨੇ ਆਪਣੇ ਸਿਧਾਂਤ ਦੇ ਤਤ ਵਜੋਂ ਇਕ ਨਾਅਰਾ ਬੁਲੰਦ ਕੀਤਾ ਸੀ, "ਹਰ ਮਨੁਖ ਕੋਲੋਂ ਉਸ ਦੀ ਸਮਰਥਾ ਅਨੁਸਾਰ ਕੰਮ ਲਿਆ ਜਾਵੇਗਾ ਅਤੇ ਹਰ ਮਨੁਖ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕੀਤੀ ਜਾਵੇਗੀ।"

ਗੁਰਬਾਣੀ ਦੀ ਧਾਰਨਾ ਹੈ: ਹੇ ਮੂਰਖ ਮਨਾਂ! ਕਾਹਦਾ ਮਾਣ ਕਰਦਾ ਹੈ। ਮਾਲਕ ਦੇ ਭਾਣੇ ਵਿਚ ਕਿਸੇ ਵੇਲੇ ਵੀ ਮੌਤ ਆ ਸਕਦੀ ਹੈ। ਬੇਲੋੜੇ ਸੁਆਦਾਂ ਨੂੰ ਤਿਆਗਣ ਨਾਲ ਹੀ ਸਹਿਜ ਹੋਈਦਾ ਹੈ। ਸਰੀਰ ਲਈ ਬੇਲੋੜਾ ਪਰ ਸਿਰਫ ਸੁਆਦ ਲਈ ਖਾਧਾ ਭੋਜਨ ਸਰੀਰ ਨੂੰ ਬਿਮਾਰ ਕਰਦਾ ਹੈ। ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰਥਾ ਘਟਾਉਂਦਾ ਹੈ। ਆਪਣੀਆਂ ਮਨੁਖੀ ਲੋੜਾਂ ਦੀ ਸੁਚੇਤ ਪਛਾਣ ਕਰ ਕੇ ਹੀ ਸੁਖੀ ਰਿਹਾ ਜਾ ਸਕਦਾ ਹੈ। ਅੰਤ ਨੂੰ ਇਹ ਵਡੇ-ਵਡੇ ਆਲੀਸ਼ਾਨ ਘਰ ਛਡਣੇ ਪੈਣੇ ਹਨ। ਇਥੇ ਸਦਾ ਲਈ ਨਹੀਂ ਰਹਿਣਾ। ਕੁਝ ਖਾ ਪੀ ਕੇ ਬਾਕੀ ਸਾਂਭਣ ਦਾ ਫਾਇਦਾ ਤੇ ਤਾਂ ਹੀ ਹੋਣਾ ਹੈ ਜੇ ਦੁਬਾਰਾ ਇਸ ਸੰਸਾਰ ਵਿਚ ਆਉਣਾ ਹੋਵੇ। ਇਸ ਲਈ ਐਵੇਂ ਵਡੇ-ਵਡੇ ਘਰਾਂ ਕਾਰਾਂ ਕੋਠੀਆਂ ਦੇ ਸੁਪਨੇ ਲੈਣੇ ਛਡ ਅਤੇ ਆਪਣੀਆਂ ਸੀਮਤ ਮਨੁਖੀ ਲੋੜਾਂ ਦੀ ਪੂਰਤੀ ਦੇ ਯਤਨ ਕਰ।

ਗੁਰਬਾਣੀ ਅਨੁਸਾਰ ਮਨੁਖ ਨੂੰ ਖਾਣ ਜੋਗੀ ਦਾਲ ਲੂਣ ਅਤੇ ਘਿਉ ਚਾਹੀਦਾ ਹੈ। ਤਨ ਉਤੇ ਪਾਉਣ ਲਈ ਕੁਝ ਕਪੜੇ ਚਾਹੀਦੇ ਹਨ। ਪੈਰਾਂ ਵਿਚ ਪਾਉਣ ਲਈ ਇਕ ਜੋੜੀ ਜੁਤੀ ਚਾਹੀਦੀ ਹੈ। ਖਾਣ ਲਈ ਲੋੜੀਂਦਾ ਅਨਾਜ, ਦੁਧ ਪੀਣ ਲਈ ਲਵੇਰੀ ਗਾਂ ਮਝ ਅਤੇ ਸਵਾਰੀ ਲਈ ਚੰਗੀ ਘੋੜੀ ਚਾਹੀਦੀ ਹੈ। ਗ੍ਰਹਿਸਤੀ ਜੀਵਨ ਲਈ ਆਪਣੀ ਘਰ ਦੀ ਔਰਤ ਹੀ ਚੰਗੀ ਹੈ। ਮਨੁਖ ਦੀਆਂ ਬਸ ਏਨੀਆਂ ਕੁ ਹੀ ਲੋੜਾਂ ਹਨ। ਏਂਗਲਜ਼ ਨੇ ਮਨੁਖੀ ਲੋੜਾਂ ਦੀ ਵਿਆਖਿਆ ਇਸੇ ਰੂਪ ਵਿਚ ਕੀਤੀ ਹੈ: ਭੋਜਨ, ਵਿਰੋਧੀ ਲਿੰਗ ਦਾ ਇਕ ਜੀਵ, ਕਿਤਾਬਾਂ, ਬਾਤਚੀਤ, ਬਹਿਸਾਂ, ਸਰਗਰਮੀਆਂ, ਵਰਤੋਂ ਯੋਗ ਵਸਤੂਆਂ ਦੀ ਹੋਂਦ।

ਗੁਰੂ ਨਾਨਕ ਸਾਹਿਬ ਨੇ ਸੁਚੇਤ ਰੂਪ ਵਿਚ ਆਪਣਾ ਆਤਮਿਕ ਅਤੇ ਮਾਨਸਿਕ ਵਿਕਾਸ ਕਰਨ ਲਈ ਮਨੁਖ ਨੂੰ ਤਿੰਨ ਸੰਕਲਪ ਦਿਤੇ ਹਨ। ਗੁਰਮਤਿ ਦੇ ਇਨ੍ਹਾਂ ਤਿੰਨਾਂ ਸੰਕਲਪਾਂ ਦੀ ਮਾਰਕਸ ਪੁਸ਼ਟੀ ਕਰਦਾ ਹੈ:

1. 'ਹਉਮੈ' ਦਾ ਤਿਆਗ; ਭਾਵ ਆਪਣੀ ਨਾਸਵੰਤ ਹੋਂਦ ਦੀ ਪਛਾਣ ਤੋਂ ਚੇਤੰਨ ਹੋਣਾ ਅਤੇ ਸੰਗਤੀ ਰੂਪ ਵਿਚ ਸਮੂਹ ਦਾ ਅੰਗ ਬਣ ਕੇ ਜ਼ਿੰਦਗੀ ਜਿਊਣਾ। ਸਮੂਹ ਤੋਂ ਟੁਟੀ ਹੋਈ ਤੇ ਨਿਜ ਤਕ ਸੁੰਗੜੀ ਹੋਈ ਆਪਣੀ ਮਾਨਸਿਕਤਾ ਤੋਂ ਛੁਟਕਾਰਾ ਪਾਉਣਾ।

ਇਸ ਪ੍ਰਤੀ ਮਾਰਕਸ ਦਾ ਆਪਣਾ ਕਥਨ ਹੈ, "ਸਵੈ ਤਕ ਸੁੰਗੜੀ ਅਤੇ ਨਿਜ ਤਕ ਸਿਮਟੀ ਹੋਈ ਹੋਂਦ, ਹਉਮੈ-ਹੰਕਾਰ ਤਕ ਸੁੰਗੜਿਆ ਮਨੁਖ ਹੈ, ਸੋਚ ਦੀ ਪਧਰ ਉਤੇ ਸ਼ੁਧ ਹਉਮੈ ਦਾ ਸਾਕਾਰ ਰੂਪ।" (ਮਾਰਕਸ: ਇਕੋਨੋਮਿਕ ਐਂਡ ਫਿਲੋਸੋਫਿਕ ਮੇਨੂਸਕਰਿਪਟਸ ਆਫ 1844)

2. ਤ੍ਰਿਸ਼ਨਾ ਤੋਂ ਛੁਟਕਾਰਾ ਪਾਉਣਾ; ਭਾਵ ਆਪਣੀਆਂ ਕੁਦਰਤੀ ਅਤੇ ਮਨੁਖੀ ਲੋੜਾਂ ਤੋਂ ਵਧ ਦੀਆਂ ਇਛਾਵਾਂ ਦੀ ਪੂਰਤੀ ਲਈ ਆਪਣੇ ਭਟਕਦੇ ਮਨ ਉਤੇ ਸਵੈ-ਕਾਬੂ ਪਾਉਣਾ।

ਇਸ ਧਾਰਨਾ ਪ੍ਰਤੀ ਮਾਰਕਸ ਦਾ ਕਥਨ ਹੈ, "ਉਚੀ ਪਧਰ ਦੀ ਆਤਮਿਕ ਆਜ਼ਾਦੀ ਵਿਕਸਿਤ ਕਰਨ ਲਈ ਸਮਾਜ (ਮਨੁਖ) ਹਰ ਹਾਲਤ ਵਿਚ ਆਪਣੀਆਂ ਸਰੀਰਕ ਲੋੜਾਂ ਦੇ ਬੰਦਨ ਨੂੰ ਤੋੜੇ। ਉਹ ਸਰੀਰਕ ਲੋੜਾਂ ਦੀ ਗੁਲਾਮੀ ਤੋਂ ਮੁਕਤ ਹੋਵੇ, ਤਾਂ ਕਿ ਉਸ ਕੋਲ ਮੌਲਿਕ ਸਿਰਜਣਾ ਕਰਨ ਅਤੇ ਆਤਮਿਕ ਅਨੰਦ ਮਾਣਨ ਲਈ ਖੁਲ੍ਹਾ ਸਮਾ ਹੋਵੇ।"

3. ਹੁਕਮ ਮੰਨਣਾ, ਭਾਵ ਕੁਦਰਤ ਦੇ ਦਸਤੂਰ ਵਿਚ ਰਹਿ ਕੇ ਤਥਾ ਕੁਦਰਤੀ ਨੇਮਾਂ ਨੂੰ ਮੰਨ ਕੇ ਜ਼ਿੰਦਗੀ ਜਿਊਣਾ।

"ਮਨੁਖ ਦੀ ਸਾਰੀ ਮੁਹਾਰਿਤ ਇਸ ਹਕੀਕਤ ਵਿਚ ਮੌਜੂਦ ਹੈ, ਕਿ ਉਸ ਕੋਲ ਬਾਕੀ ਸਾਰੇ ਜੀਵਾਂ ਨਾਲੋਂ ਵਾਧੂ ਗੁਣ ਹੈ ਕਿ ਉਹ ਕੁਦਰਤ ਦੇ ਨੇਮਾਂ ਨੂੰ ਜਾਣਨ ਅਤੇ ਉਨ੍ਹਾਂ ਨੂੰ ਠੀਕ ਤਰ੍ਹਾਂ ਲਾਗੂ ਕਰਨ ਦੇ ਯੋਗ ਹੈ।" (ਫ੍ਰੈਡਰਿਕ ਏਂਗਲਜ਼)

ਸੁਆਲ ਪੈਦਾ ਹੋ ਸਕਦਾ ਹੈ ਕਿ ਇਹ ਧਾਰਨਾਵਾਂ ਹੁਣ ਤਕ ਕਮਿਊਨਿਸਟ ਲਹਿਰ ਦੇ ਸਮਝ ਵਿਚ ਕਿਉਂ ਨਹੀਂ ਆਈਆਂ?

ਇਸ ਦਾ ਜੁਆਬ ਹੈ ਕਿ ਹੁਣ ਤਕ ਦੀ ਕਮਿਊਨਿਸਟ ਲਹਿਰ ਨੇ ਮਾਰਕਸ ਦੀ ਵਿਕਸਿਤ ਕੀਤੀ ਕਮਿਊਨਿਸਟ ਫਿਲਾਸਫੀ ਨੂੰ ਕੋਈ ਅਹਿਮੀਅਤ ਨਹੀਂ ਦਿਤੀ। ਉਹ ਦਵੰਦਵਾਦੀ ਪਦਾਰਥਵਾਦ ਤੇ ਇਤਿਹਾਸਕ ਪਦਾਰਥਵਾਦ ਬਾਰੇ ਕਿਆਫੇ ਲਾਉਂਦੀ ਰਹੀ ਪਰ ਇਸ ਨੂੰ ਆਪਣੇ ਜੀਵਨ ਵਿਚ ਲਾਗੂ ਨਹੀਂ ਕਰ ਸਕੀ। ਮਨੁਖ ਦੇ ਆਤਮਿਕ ਅਤੇ ਮਾਨਸਿਕ ਵਿਕਾਸ ਤੋਂ ਬਿਨਾਂ ਸਾਰੇ ਧਰਮਾਂ ਦਾ ਮੂਲ ਅਧਾਰ 'ਦਇਆ ਅਤੇ ਸੰਤੋਖ' ਭਾਵ ਪਰਉਪਕਾਰ ਦਾ ਜਜ਼ਬਾ ਮਨੁਖੀ ਜ਼ਿੰਦਗੀ ਦਾ ਅੰਗ ਨਹੀਂ ਬਣ ਸਕਦਾ। ਪਰਉਪਕਾਰ ਦੇ ਇਸ ਜਜ਼ਬੇ ਤੋਂ ਬਿਨਾਂ ਮਾਰਕਸ ਦੇ ਕਮਿਊਨਿਜ਼ਮ ਦਾ ਸੰਕਲਪ ਸਪਸ਼ਟ ਨਹੀਂ ਹੁੰਦਾ। ਮਾਰਕਸ ਦੀ ਕਮਿਊਨਿਜ਼ਮ ਦੀ ਕੀਤੀ ਗਈ ਵਿਆਖਿਆ ਅਨੁਸਾਰ, "ਕੁਦਰਤ ਨਾਲ ਆਪਣੇ ਅਟੁਟ ਰਿਸ਼ਤੇ ਨੂੰ ਅਨੁਭਵ ਕਰਦਿਆਂ ਅਤੇ ਉਸ ਦੇ ਜਾਣੇ ਹੋਏ ਨੇਮਾਂ ਵਿਚ ਆਪਣੀ ਜ਼ਿੰਦਗੀ ਜਿਊਂਦਿਆਂ ਹੋਇਆਂ, ਪਰਉਪਕਾਰੀ ਮਨੁਖ ਬਣ ਕੇ ਬਾਕੀ ਦੇ ਸਮਾਜ ਨੂੰ ਬਦਲਣ ਦੇ ਰਾਹ ਪੈਣਾ ਹੀ ਕਮਿਊਨਿਜ਼ਮ ਹੈ।" ਇਹੀ ਧਾਰਨਾ ਗੁਰਮਤਿ ਦੀ ਹੈ: ਆਪਿ ਮੁਕਤੁ ਮੁਕਤ ਕਰੈ ਸੰਸਾਰੁ॥ (ਪੰਨਾ 295)

---

# ਹੇ ਗੁਰੂ

ਹੇ ਗੁਰੂ,
ਅਸੀਂ ਤੇਰੇ ਸ਼ਬਦ ਦੇ ਪੁਜਾਰੀ
ਤੇਰੀਆਂ ਸੂਰਜੀ ਪੈੜਾਂ ਦੇ ਪਾਂਧੀ
ਤੇਰੇ ਪੈਰੋਕਾਰ ਅਖਵਾਉਂਦੇ ਹਾਂ
ਪਰ ਸੱਚ ਇਹ ਹੈ ਕਿ,
ਅਸੀਂ ਤੇਰੀਆਂ ਪੈੜਾਂ ਦੇਖ
ਘਬਰਾਉਂਦੇ ਹਾਂ।

ਸੱਚ ਵਰਸਾਉਂਦੀ, ਤੇਰੀ ਬਾਣੀ ਤੋਂ
ਰੇਸ਼ਮੀ ਰੁਮਾਲਾ ਲਾਹ, ਸ਼ਬਦ ਨਹੀਂ ਪੜ੍ਹਦੇ
ਅਰਥ ਨਹੀਂ ਸਮਝਦੇ
ਸਗੋਂ ਪੜ੍ਹੇ-ਪੜ੍ਹਾਏ ਪਾਠਾਂ ਦੀ
ਸੇਵਾ ਕਰਦੇ ਹਾਂ
ਗੋਲਕ ਵਿੱਚ ਸਿੱਕਾ ਪਾ, ਕੂਲੇ ਵਿਛੌਣੇ 'ਤੇ
ਮੱਥਾ ਰਗੜ, ਸਿਰ ਝੁਕਾ
ਤੇਰੇ ਪੈਰੋਕਾਰ ਹੋਣ ਦਾ,
ਭੁਲੇਖਾ ਪਾਲਦੇ ਹਾਂ।
ਲੈ ਸੁਣ!
ਅਜੇ ਕੱਲ੍ਹ ਹੀ, ਅਲਮਾਰੀ 'ਚ ਪਈਆਂ
ਕਿਤਾਬਾਂ ਫਰੋਲਦਿਆਂ
ਕਿਤਾਬਾਂ 'ਤੇ ਜੰਮੀ ਮਿੱਟੀ ਝਾੜਦਿਆਂ
ਤੇਰੀਆਂ ਉਦਾਸੀਆਂ ਦਾ ਨਕਸ਼ਾ
ਹੱਥ ਲੱਗਿਆ ਹੈ
ਤੂੰ ਕਿੱਥੇ ਚੱਲਿਆ, ਕਿੱਥੇ ਪੁੱਜਿਆ?
ਮੋਢੇ 'ਤੇ ਸੱਚ ਦੀ ਪੋਟਲੀ ਲਟਕਾ
ਮਰਦਾਨੇ ਨੂੰ ਆਪਣਾ ਸਾਥੀ ਬਣਾ
ਦੂਰ-ਦੂਰ ਤੱਕ ਜਾਂਦੀਆਂ
ਤੇਰੀਆਂ ਪੈੜਾਂ ਵੇਖ
ਤੇਰੇ ਪੈਰਾਂ 'ਚ ਪਈਆਂ ਬਿਆਈਆਂ ਵੇਖ
ਤੇਰੇ ਤਨ 'ਤੇ ਜੰਮੀ ਮਿੱਟੀ ਵੇਖ
ਮੈਂ ਵਾਹਿਗੁਰੂ ਤਾਂ ਕਿਹਾ
ਪਰ ਤੇਰੀਆਂ
ਇਹ ਲੰਬੀਆਂ ਵਾਟਾਂ ਦਾ ਮਕਸਦ
ਤੇਰਾ ਉਪਦੇਸ਼, ਮੇਰੇ ਚੇਤਿਆਂ 'ਚੋਂ
ਨਿਕਲ ਗਿਆ ਹੈ
ਤੇ ਮੈਂ, ਕਾਗਜ਼ 'ਤੇ ਛਪੇ ਨਕਸ਼ੇ ਨੂੰ ਹੀ
ਮੱਥਾ ਟੇਕ ਲਿਆ ਹੈ।
ਤੇਰੀ ਸੱਚੇ ਸੌਦੇ ਵਾਲੀ ਸਾਖੀ ਵੀ ਯਾਦ ਹੈ
ਤੂੰ ਸੱਚਾ ਸੌਦਾ ਕਰ ਕੇ ਵਿਖਾਇਆ
ਤਾਂ ਜੋ ਅਸੀਂ, ਸੱਚੇ ਸੌਦਾਗਰ ਬਣੀਏ
ਸੱਚ ਦਾ ਵਿਉਪਾਰ ਕਰੀਏ
ਪਰ ਅਸੀਂ ਤਾਂ,
ਸੱਚੇ ਸੌਦੇ ਦੇ ਨਾਮ 'ਤੇ ਚੱਲਦੇ
ਝੂਠੇ ਬਲਾਤਕਾਰੀ ਡੇਰਿਆਂ ਦੇ
ਪੈਰੋਕਾਰ ਬਣ ਗਏ
ਵੋਟਾਂ ਬਟੋਰ ਕੇ,
ਸਮੇਂ-ਸਮੇਂ ਸਿਰ ਸਰਕਾਰ ਬਣ ਗਏ।
ਤੇ ਵੇਖ,
ਅਸੀਂ ਆਪਣੀਆਂ ਹੱਟੀਆਂ ਦੇ ਨਾਮ ਵੀ
ਤੇਰੇ ਨਾਮ 'ਤੇ ਰੱਖਦੇ ਹਾਂ
ਰੋਜ਼ ਸਵੇਰੇ, ਤੇਰੀ ਸੋਭਾ ਸਿੰਘੀ ਫੋਟੋ ਨੂੰ
ਧੂਫ ਦਾ ਧੂੰਆਂ ਸੁੰਘਾ, ਹੱਟੀ ਖੋਲ੍ਹਦੇ ਹਾਂ
ਸਾਰਾ ਦਿਨ ਘੱਟ ਤੋਲਦੇ ਹਾਂ ਤੇ
ਮਲਿਕ ਭਾਗੋ ਬਣ, ਤੇਰੇ ਲਾਲੋਆਂ ਦੀ
ਰੱਤ ਨਿਚੋੜਦੇ ਹਾਂ।
ਤੱਤੀ ਤਵੀ ਦਾ ਸੇਕ,
ਸਾਨੂੰ ਭੁੱਲ ਗਿਆ ਹੈ
ਏਅਰ ਕੰਡੀਸ਼ਨ ਕਮਰੇ ਵਿੱਚ ਬੈਠਾ
ਤੇਰਾ ਸਿੱਖ
ਰਾਜਨੀਤੀ ਦੀ ਤੱਕੜੀ 'ਚ ਤੁਲ ਗਿਆ ਹੈ
ਚਮਕੌਰ ਦੀ ਗੜ੍ਹੀ ਤੇ
ਸਰਹੰਦ ਦੀ ਦੀਵਾਰ ਵੀ
ਹੁਣ ਕੱਚੀਆਂ ਨਹੀਂ ਰਹੀਆਂ
ਅਸੀਂ ਸੰਗਮਰਮਰੀ ਬਣਾ ਲਈਆਂ ਹਨ।
ਆਪ ਜਾਂ ਆਪਣੇ ਪੁੱਤਰਾਂ ਨੂੰ
ਮੰਤਰੀ ਬਣਾਉਣ ਲਈ,
ਵੋਟਾਂ ਹਥਿਆਉਣ ਲਈ
ਇਨ੍ਹਾਂ ਪਵਿੱਤਰ ਗੁਰ-ਧਾਮਾਂ 'ਤੇ
ਚਗਲ ਰਾਜਨੀਤੀ ਦੀਆਂ ਸਟੇਜਾਂ
ਉਸਾਰਦੇ ਹਾਂ
ਝੂਠ 'ਚ ਲਿਬੜੇ ਭਾਸ਼ਣਾਂ ਨਾਲ
ਲੋਕਾਂ ਦੇ ਮਨਾਂ ਵਿੱਚ,
ਭਰਮ ਭੁਲੇਖੇ ਪਾਲਦੇ ਹਾਂ
ਆਪਣੀ ਕਿਸਮ ਦੇ ਬਾਬਰ ਅਬਦਾਲੀ ਬਣ
ਆਪਣੇ ਲੋਕਾਂ ਦੀਆਂ ਹਿੱਕਾਂ ਸਾੜਦੇ ਹਾਂ।
ਦੁਸ਼ਮਣਾਂ ਨੂੰ ਪਾਣੀ ਪਿਲਾਉਂਦਾ
ਜ਼ਖ਼ਮਾਂ 'ਤੇ ਮੱਲ੍ਹਮ ਲਗਾਉਂਦਾ
ਤੇਰਾ ਪਿਆਰਾ ਭਾਈ ਘਨ੍ਹੱਈਆ
ਸਾਨੂੰ ਭੁੱਲ ਗਿਆ ਹੈ।
ਹੁਣ ਤਾਂ ਅਸੀਂ
ਆਪਣੀ ਹਉਮੈ ਦੀ ਜਿੱਤ ਲਈ
ਇੱਕ ਦੂਸਰੇ ਦੀ ਪੱਗ ਉਤਾਰ,
ਪੈਰਾਂ 'ਚ ਰੋਲਦੇ ਹਾਂ
ਇੱਕ ਦੂਜੇ ਦੀ ਦਾੜ੍ਹੀ ਨੋਚਦੇ ਹਾਂ।
ਹੁਣ ਵੰਡ ਕੇ ਖਾਣਾ, ਦੂਰ ਦੀ ਗੱਲ
ਅਸੀਂ ਤਾਂ ਆਪਣਿਆਂ ਦੇ ਹੱਥੋਂ
ਖੋਹ ਕੇ ਖਾਣਾ ਸਿੱਖ ਲਿਆ ਹੈ
ਕੇਵਲ ਤੇ ਕੇਵਲ ਆਪਣੇ ਪੇਟ ਨੂੰ ਹੀ
ਆਪਣੀ ਜ਼ਿੰਦਗੀ ਮਿੱਥ ਲਿਆ ਹੈ।
ਹੇ ਗੁਰੂ!
ਮੈਂ ਕੀ ਕਹਾਂ
ਏਹੀ ਕਿ ਇੱਕ ਵਾਰ ਫੇਰਾ ਪਾ ਜਾ
ਸੜਦੀ ਬਲਦੀ ਧਰਤੀ ਉੱਤੇ
ਆਪਣਾ ਗੀਤ ਰਬਾਬੀ ਗਾ ਜਾ।
ਪਰ ਮੈਂ ਤੈਨੂੰ ਇਹ ਨਹੀਂ ਕਹਿਣਾ
ਕਿਉਂਕਿ, ਤੂੰ ਸਾਨੂੰ
ਸ਼ਬਦ ਦਾ ਪੁਜਾਰੀ ਬਣਾਇਆ ਹੈ
ਆਪਣੇ ਸਰੀਰ ਦੇ ਨਹੀਂ
ਆਪਣੀ ਸੋਚ ਦੇ ਲੜ ਲਾਇਆ ਹੈ
ਤੇਰਾ ਸ਼ਬਦ, ਤੇਰਾ ਸਿਧਾਂਤ, ਤੇਰੀ ਸੋਚ
ਜੋ ਚਾਨਣ ਹੈ, ਜੋ ਜੀਵਨ ਲਈ ਸੇਧ ਹੈ
ਜਿਹਦੇ ਵਿੱਚ ਨਾ ਤੇਰ ਹੈ, ਨਾ ਮੇਰ ਹੈ
ਕੇਵਲ ਤੇ ਕੇਵਲ ਸਰਬੱਤ ਹੈ,
ਪਿਆਰ ਹੈ, ਅਪਣੱਤ ਹੈ
ਤੂੰ ਸਾਨੂੰ, ਆਪਣਾ ਸ਼ਬਦ ਪੜ੍ਹਨ
ਤੇ ਸਮਝਣ ਦੀ ਸੁਮੱਤ ਬਖ਼ਸ਼
ਆਪਣੇ ਸੱਚੇ ਪੈਰੋਕਾਰ ਤੇ
ਇਨਸਾਨ ਬਣਨ ਦਾ ਬਲ ਬਖ਼ਸ਼।

***-ਸੁਰਿੰਦਰ ਗੀਤ***

# ਮਨ ਨੀਵੇਂ ਮੱਤਾਂ ਉਚੀਆਂ

ਮੈਂ ਕਰਾਂ ਮੁੜ ਮੁੜ ਕੇ ਸ਼ੁਕਰਾਨਾ ਜੀ,
ਜਿਨ੍ਹਾਂ ਚਲਾਇਆ ਸੀ ਮੋਦੀ ਖਾਨਾ ਜੀ।
ਜਿਨ੍ਹਾਂ ਦਾ 'ਜਪੁਜੀ ਸਾਹਿਬ' ਖ਼ਜ਼ਾਨਾ ਜੀ,
ਮੇਰੇ ਸਤਿਗੁਰ ਦੀਆਂ ਉਚੀਆਂ ਸ਼ਾਨਾ ਜੀ।
ਜਿੱਥੇ ਜਾਤ-ਪਾਤ ਦਾ ਕੋਈ ਰੌਲਾ ਨੀ,
ਜਿਨ੍ਹਾਂ ਦਾ ਦਰਬਾਰ ਬੜਾ ਹੀ ਸੁੱਚਾ ਏ।
ਅਸੀਂ ਨੀਵੇਂ ਹਾਂ ਤਾਂ ਕੀ ਹੋਇਆ,
ਸਾਡਾ 'ਬਾਬਾ ਨਾਨਕ' ਉੱਚਾ ਏ।
ਵੰਡ ਕੇ ਛਕੀ ਦਾ ਹੱਕ ਕਿਸੇ ਦਾ ਨੀ ਖੋਹੀਦਾ।
ਗੁਰੂ ਆਪਣੇ ਤੋਂ ਬੇਮੁਖ ਨਹੀਓਂ ਹੋਈਦਾ।
ਸਭ ਨੂੰ ਮੇਰਾ ਮਾਲਕ ਖਵਾਉਂਦਾ ਲਾਜ਼ਮੀ।
ਭਾਵੇਂ ਤਾਜ਼ੀਆਂ ਜਾਂ ਰੁੱਖੀਆਂ।
'ਬਾਬੇ ਨਾਨਕ' ਦੇ ਸਿੰਘ ਰੱਖਦੇ।
ਮਨ ਨੀਵੇਂ ਮੱਤਾਂ ਉੱਚੀਆਂ।

***-ਮਨਦੀਪ ਖਾਨਪੁਰੀ, ਹੁਸ਼ਿਆਰਪੁਰ***

---

## ਅਰਜਨਾ ਅਵਾਰਡੀ 'ਸਿਮਰ ਚਕਰ' ਦਾ ਬਾਬਾ ਮਹਿੰਦਰ ਸੈਕਟਰੀ

(ਸਫਾ 20 ਦਾ ਬਾਕੀ)

ਇਹ ਕੈਸਾ ਮਰਨ ਸੀ! ਬਹਾਦਰ ਸਦਾਉਣ ਵਾਲੇ ਪੰਜਾਬੀ ਕਿੰਨੇ ਡਰਪੋਕ ਹੋ ਗਏ ਸਨ?

ਮੈਂ ਅਗਵਾੜ ਦੇ ਪੰਚ ਦਲਜੀਤ ਸਿੰਘ ਕੋਲ ਗਿਆ ਕਿ ਚਲੋ ਪੁਲਿਸ ਚੌਕੀ ਚੱਲ ਕੇ ਇਤਲਾਹ ਦੇਈਏ। ਨੰਬਰਦਾਰ ਮੇਜਰ ਸਿੰਘ ਕਿੰਗਰੇ ਨੂੰ ਨਾਲ ਲੈ ਲਿਆ ਤੇ ਬਾਹਰ ਖੇਤਾਂ 'ਚ ਰਹਿੰਦੇ ਸਰਪੰਚ ਸੁਰਜੀਤ ਸਿੰਘ ਨੂੰ ਵੀ ਉਠਾਲ ਲਿਆ। ਹਠੂਰ ਚੌਕੀ ਵਿਚ ਇਤਲਾਹ ਦਿੱਤੀ ਤਾਂ ਉਨ੍ਹਾਂ ਨੇ ਤੁਰਦਿਆਂ-ਕਰਦਿਆਂ ਘੰਟਾ ਲਾ ਦਿੱਤਾ। ਪੁਲਿਸ ਪਿੰਡ ਆਈ ਤਾਂ ਕਾਫੀ ਲੋਕ 'ਕੱਠੇ ਹੋ ਗਏ। ਮਹਿੰਦਰ ਦੇ ਮੁੰਡੇ ਨੇ ਦੱਸਿਆ ਕਿ ਜਦੋਂ ਉਸ ਦਾ ਪਾਪਾ ਪੈੜਾਂ ਤੋਂ ਘਰ ਆਇਆ ਸੀ ਤਾਂ ਮਗਰੇ ਈ ਦੋ ਬੰਦੇ ਆ ਗਏ ਸਨ। ਬਰਾਂਡੇ 'ਚ ਖੜ੍ਹ ਕੇ ਉਨ੍ਹਾਂ ਨੇ ਪਾਪੇ ਤੋਂ ਪਿਸਤੌਲ ਮੰਗਿਆ ਸੀ। ਉਹਨੇ ਕਹਿ-'ਤਾ ਮੈਂ ਠਾਣੇ ਜਮ੍ਹਾਂ ਕਰਾ ਆਇਆਂ। ਜਦੋਂ ਉਹ ਝੋਲੇ 'ਚੋਂ ਆਪਣੇ ਹਥਿਆਰ ਕੱਢਣ ਲੱਗੇ ਤਾਂ ਮੈਂ ਪੁੱਛਿਆ, 'ਇਹ ਕੀ ਕਰਦੇ ਓਂ?' ਏਨੇ 'ਚ ਪਾਪਾ ਬਾਹਰ ਨੂੰ ਭੱਜਿਆ ਬਈ ਕੰਧ ਟੱਪ-ਜੂੰ। ਉਹ ਮਗਰੇ ਭੱਜੇ ਤੇ ਬ੍ਰੱਸਟ ਮਾਰ ਕੇ ਕੰਧ ਟੱਪਣ ਲੱਗੇ ਨੂੰ ਸਿੱਟ ਲਿਆ। ਅਸੀਂ ਪਿਛਲੇ ਬਾਰ ਥਾਣੀ ਨਿਕਲ ਗਏ ਜਿਸ ਨਾਲ ਸਾਡਾ ਬਚਾਅ ਹੋ ਗਿਆ।

ਪੁਲਿਸ ਨੇ ਮਾੜੀ ਮੋਟੀ ਲਿਖਾ-ਪੜ੍ਹੀ ਕੀਤੀ ਤੇ ਲਾਸ਼ ਪੋਸਟ ਮਾਰਟਮ ਲਈ ਜਗਰਾਓਂ ਭੇਜ ਦਿੱਤੀ। ਜਿੱਦਣ ਭੋਗ ਪਿਆ ਅਸੀਂ ਚਾਰ ਪੰਜ ਜਣਿਆਂ ਨੇ ਬਣਦੀ ਸਰਦੀ ਸ਼ਰਧਾਂਜਲੀ ਦਿੱਤੀ। ਸ਼ਰਧਾਂਜਲੀ ਸਮਾਗਮ ਉਤੇ ਵੀ ਲੋਕ ਡਰ ਦੇ ਮਾਰੇ ਲੁਕ ਛਿਪ ਕੇ ਪੁੱਜੇ ਪਰ ਕੋਈ ਵੱਡਾ ਲੀਡਰ ਨਾ ਪੁੱਜਾ। ਮਗਰੋਂ ਭੇਤੀਆਂ ਨੇ ਭੇਤ ਖੋਲ੍ਹਿਆ ਕਿ ਸਾਧਾਰਨ ਪੱਧਰ ਦੇ ਕਾਮਰੇਡ ਮਹਿੰਦਰ ਸੈਕਟਰੀ ਨੂੰ ਮਾਰਨ ਦਾ ਤਾਂ ਮਕਸਦ ਹੀ ਹੋਰ ਸੀ। ਰਿਵਾਲਵਰ ਲੈਣ ਦਾ ਤਾਂ ਬਹਾਨਾ ਬਣਾਇਆ ਗਿਆ ਸੀ। ਉਨ੍ਹਾਂ ਨੇ ਆਪਣੇ ਹੀ ਲਹੂ-ਮਾਸ ਪੰਜਾਬੀ ਭਰਾ ਨੂੰ ਇਸ ਲਈ ਮਾਰ ਦਿੱਤਾ ਸੀ ਕਿ ਉਸ ਦੇ ਭੋਗ ਸਮਾਗਮ 'ਤੇ ਸ਼ਰਧਾਂਜਲੀਆਂ ਦੇਣ ਲਈ ਪਾਰਟੀ ਦੇ ਵੱਡੇ ਲੀਡਰ ਆਉਣਗੇ ਤੇ ਉਹ ਉਨ੍ਹਾਂ ਦਾ ਸ਼ਿਕਾਰ ਕਰ ਕੇ ਵੱਡੀਆਂ ਸੁਰਖ਼ੀਆਂ ਲੁਆਉਣਗੇ!

# ਦਰਦ ਕਹਾਣੀ ਵਾਲਾ ਚਿੱਤਰ: ਕਤਲੇਆਮ ਤੋਂ ਬਾਅਦ

***ਦਿੱਲੀ ਵੱਸਦੀ ਚਿੱਤਰਕਾਰ ਅਰਪਨਾ ਕੌਰ ਦਾ ਚਿੱਤਰ 'ਆਫਟਰ ਦਿ ਮੈਸੇਕਰ' 1984 ਵਿਚ ਹੋਏ ਸਿੱਖ ਕਤਲੇਆਮ ਦਾ ਦਰਦ ਬਿਆਨ ਕਰ ਰਿਹਾ ਹੈ। ਚਿੱਤਰ ਵਿਚ ਬਹੁਤ ਸਾਰੀਆਂ ਗੁੱਝੀਆਂ ਗੱਲਾਂ ਹਨ। ਚਿੱਤਰਕਾਰੀ ਦੀਆਂ ਰਮਜ਼ਾਂ ਸਮਝਣ ਵਾਲੇ ਸ਼ਾਇਰ ਅਤੇ ਕਲਾ ਸਮੀਖਿਅਕ ਜਗਤਾਰਜੀਤ ਸਿੰਘ ਨੇ ਇਸ ਚਿੱਤਰ ਅੰਦਰ ਖੌਲਦੀ ਖਾਮੋਸ਼ੀ ਦੀ ਬਾਤ ਆਪਣੇ ਇਸ ਲੇਖ ਵਿਚ ਪਾਈ ਹੈ।***



*ਅਰਪਨਾ ਕੌਰ ਦਾ ਚਿੱਤਰ 'ਆਫਟਰ ਦਿ ਮੈਸੇਕਰ' (ਕਤਲੇਆਮ ਤੋਂ ਬਾਅਦ)।*

ਅਰਪਨਾ ਕੌਰ ਦੇ ਚਿੱਤਰ ਦਾ ਸਿਰਲੇਖ 'ਆਫਟਰ ਦਿ ਮੈਸੇਕਰ' ਵਾਪਰ ਚੁੱਕੀ ਤ੍ਰਾਸਦੀ ਵੱਲ ਸੰਕੇਤ ਕਰਦਾ ਹੈ। ਤ੍ਰਾਸਦੀ ਕਿਨ੍ਹਾਂ ਕਾਰਨਾਂ ਕਰਕੇ ਅਤੇ ਕਿਵੇਂ ਕਿਵੇਂ ਵਾਪਰੀ, ਬਾਬਤ ਇਹ ਦ੍ਰਿਸ਼ ਕੁਝ ਨਹੀਂ ਕਹਿੰਦਾ। ਇਸ ਵਾਸਤੇ ਸਾਨੂੰ ਬੀਤੇ ਸਮੇਂ ਦੀਆਂ ਘਟਨਾਵਾਂ ਨੂੰ ਦੇਖਣਾ ਜਾਣਨਾ ਪਵੇਗਾ ਜਿਨ੍ਹਾਂ ਦਾ ਸਬੰਧ ਸਿੱਖਾਂ ਅਤੇ ਪੰਜਾਬ ਨਾਲ ਹੈ।

ਭਾਰਤੀ ਪੰਜਾਬ ਪ੍ਰਤੀ ਹੁਕਮਰਾਨਾਂ ਦਾ ਰਵੱਈਆ ਸਦਾ ਬੇਗਾਨਿਆਂ ਵਾਲਾ ਰਿਹਾ ਹੈ। ਕੇਂਦਰੀ ਨੀਤੀਆਂ ਨੇ ਇੱਥੇ ਦੇ ਲੋਕਾਂ ਨੂੰ ਸਦਾ ਬੇਚੈਨੀ ਵੱਲ ਧੱਕੀ ਰੱਖਿਆ। ਇਨ੍ਹਾਂ ਨੀਤੀਆਂ ਦਾ ਸਿਖਰ ਜੂਨ ਚੁਰਾਸੀ ਵਜੋਂ ਸਾਹਮਣੇ ਆਉਂਦਾ ਹੈ,



**ਜਗਤਾਰਜੀਤ ਸਿੰਘ**
**ਫੋਨ: +91-98990-91186**

ਜਦੋਂ ਭਾਰਤੀ ਫੌਜ ਦਰਬਾਰ ਸਾਹਿਬ ਉੱਪਰ ਹਮਲਾ ਕਰ ਕੇ ਅਕਾਲ ਤਖਤ ਸਾਹਿਬ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਉਂਦੀ ਹੈ। ਹੋਂਦ ਨੂੰ ਸੱਟ ਵੱਜੀ ਦੇਖ ਕੇ ਸਿੱਖ ਸੁਰੱਖਿਆ ਕਰਮੀਆਂ ਨੇ ਵੇਲੇ ਦੀ ਪ੍ਰਧਾਨ ਮੰਤਰੀ ਦਾ ਕਤਲ ਕਰ ਦਿੱਤਾ। ਫਲਸਰੂਪ, ਸਿੱਖਾਂ ਦਾ ਕਤਲੇਆਮ ਹੋਇਆ। ਦਿੱਲੀ ਅਤਿ ਪ੍ਰਭਾਵਿਤ ਥਾਵਾਂ ਵਿਚੋਂ ਇਕ ਸੀ।

ਅਰਪਨਾ ਕੌਰ ਉਸ ਵੇਲੇ ਦੇ ਨਿੱਜੀ ਅਨੁਭਵਾਂ ਨੂੰ ਚਿੱਤਰਾਂ/ਚਿੱਤਰ ਲੜੀ ਰਾਹੀਂ ਸਾਕਾਰ ਕਰਦੀ ਹੈ। ਉਹਦੀ ਬਣਾਈ ਪੇਂਟਿੰਗ ਦਾ ਆਕਾਰ 60 ਇੰਚ ਗੁਣਾ 84 ਇੰਚ ਹੈ। ਕੈਨਵਸ ਉੱਪਰ ਜੋ ਦਿਖਾਈ ਦੇ ਰਿਹਾ, ਉਸ ਤੋਂ ਅਨੇਕ ਗੁਣਾ ਵੱਧ ਹੌਲਨਾਕ ਧਰਤੀ ਉੱਪਰ ਵਾਪਰ ਚੁੱਕਾ ਸੀ। 'ਮੈਸੇਕਰ' ਸ਼ਬਦ ਦਾ ਅਰਥ ਬੇਰਹਿਮੀ ਨਾਲ ਕੀਤੀ ਗਈ ਵੱਢ-ਟੁੱਕ ਹੈ। ਚਿੱਤਰ ਕਿਸੇ ਵੱਢੇ-ਟੁੱਕੇ ਸਰੀਰ ਦੀ ਬਾਤ ਨਹੀਂ ਪਾਉਂਦਾ। ਸਾਰੇ ਕੈਨਵਸ ਉੱਪਰ ਲਹੂ ਦੀ ਇਕ ਚਿੱਟ ਤੱਕ ਨਹੀਂ। ਦਰਸ਼ਕ ਨੂੰ ਹੈਰਾਨੀ ਹੋ ਸਕਦੀ ਹੈ ਕਿ ਜ਼ਖਮ ਦੀ ਗੱਲ ਤਾਂ ਕੀਤੀ ਜਾ ਰਹੀ ਹੈ ਪਰ ਜ਼ਖਮ ਕਿਤੇ ਦਿਖਾਈ ਨਹੀਂ ਦੇ ਰਿਹਾ।

1984 ਦੇ ਬਣੇ ਇਸ ਦ੍ਰਿਸ਼ ਵਿਚ ਚਾਰ ਆਕਾਰ ਹਨ। ਇਕ ਨਿਰਜਿੰਦ ਸਰੀਰ ਇਕ ਪਾਸਿਓਂ ਦੂਜੇ ਪਾਸੇ ਵੱਲ ਵਹਿ ਰਿਹਾ ਹੈ। ਦੂਜਾ ਵਿਅਕਤੀ ਧਰਤੀ ਉੱਪਰ ਬੈਠਾ ਉਲਟ ਦਿਸ਼ਾ ਵੱਲ ਦੇਖ ਰਿਹਾ ਹੈ। ਦੂਰ ਪਰ੍ਹਾਂ ਇਕ ਜੋੜਾ ਆਪਣੀ ਮੌਜ-ਮਸਤੀ ਵਿਚ ਮਗਨ ਹੈ।

ਵੱਢ-ਟੁੱਕ ਤੋਂ ਬਾਅਦ ਘਰੋਂ-ਬੇਘਰ ਹੋਏ ਲੋਕਾਂ ਨੂੰ ਆਰਜ਼ੀ ਸ਼ਰਨਾਰਥੀ ਕੈਂਪ ਵਿਚ ਟਿਕਾਇਆ ਗਿਆ। ਸੁਰੱਖਿਅਤ ਰਹਿ ਗਏ ਸਿੱਖ ਭਾਈਚਾਰੇ ਦੇ ਅਤੇ ਹੋਰ ਲੋਕ ਇਮਦਾਦ ਕਰਨਇਨ੍ਹਾਂ ਥਾਵਾਂ ਵੱਲ ਤੁਰ ਪਏ। ਬਣਦੀ-ਸਰਦੀ ਇਮਦਾਦੀ ਸਮੱਗਰੀ ਲੈ ਚਿੱਤਰਕਾਰ ਅਰਪਨਾ ਕੌਰ ਅਤੇ ਉਸ ਦੀ ਮਾਂ ਅਜੀਤ ਕੌਰ (ਉੱਘੀ ਲੇਖਕ) ਉਨ੍ਹਾਂ ਟਿਕਾਣਿਆਂ, ਕੈਂਪ ਵੱਲ ਗਈਆਂ ਜਿੱਥੇ ਦੁਖੀ ਲੋਕ ਰਹਿ ਰਹੇ ਸਨ। ਪੇਂਟਰ ਨੇ ਜੋ-ਜੋ ਦੇਖਿਆ, ਉਹ ਦੇਖਣਯੋਗ ਨਹੀਂ ਸੀ। ਦ੍ਰਿਸ਼ ਮੰਨਣਯੋਗ, ਸਹਿਣਯੋਗ ਨਹੀਂ ਸਨ। ਦੋਵੇਂ ਜਣੀਆਂ ਨੇ ਕਈ ਦਿਨ, ਕਈ ਫੇਰੇ ਮਾਰੇ। ਦੇਖੇ ਦ੍ਰਿਸ਼ ਪ੍ਰੇਸ਼ਾਨ ਕਰਨ ਵਾਲੇ ਸਨ। ਅਰਪਨਾ ਕੌਰ ਦੇ ਦ੍ਰਵਿਤ ਮਨ ਨੇ ਪ੍ਰਗਟਾਵੇ ਲਈ ਕੈਨਵਸ ਨੂੰ ਚੁਣਿਆ। ਅਜੀਤ ਕੌਰ ਨੇ ਸ਼ਬਦਾਂ ਦਾ ਆਸਰਾ ਲਿਆ।

ਅਤਿ-ਵੱਡੇ ਸਮੂਹ ਦੀ ਅਤਿ-ਨਿੱਕੇ ਸਮੂਹ ਪ੍ਰਤੀ ਨਫਰਤੀ ਹਿੰਸਾ ਨੇ ਇਤਿਹਾਸ ਦੇ ਨਾਲੋ-ਨਾਲ ਰਚਨਾਤਮਕਤਾ ਨੂੰ ਵੀ ਬਦਲਿਆ। ਅਰਪਨਾ ਕੌਰ ਨੇ ਦੋ ਪੜਾਅ ਛੋਹੇ। ਪਹਿਲੇ ਪੜਾਅ ਨੂੰ 'ਆਫਟਰ ਦੀ ਮੈਸੇਕਰ' ਦਾ ਨਾਂ ਦਿੱਤਾ। ਇਸ ਸਿਰਲੇਖ ਵਾਲੇ ਕੰਮ ਦੀ ਗਿਣਤੀ ਸੰਭਵ ਹੈ, ਤਿੰਨ-ਚਾਰ ਦੇ ਕਰੀਬ ਹੈ। ਇਸੇ ਦਾ ਵਿਸਥਾਰ 'ਲਾਈਫ ਗੋਜ਼ ਔਨ' ਵਿਚ ਦਿਖਾਈ ਦਿੰਦਾ ਹੈ। ਇਸ ਪੜਾਅ ਦੇ ਚਿੱਤਰਾਂ ਦੀ ਗਿਣਤੀ ਵੀ ਜ਼ਿਆਦਾ ਹੈ। ਦੋਵਾਂ ਲੜੀਆਂ ਦੇ ਕੇਂਦਰ ਵਿਚ ਵਾਪਰਿਆ ਦੁਖਾਂਤ ਹੀ ਹੈ। ਦੂਸਰਾ ਖੰਡ ਬਣਾਉਂਦੇ ਸਮੇਂ ਸਥਿਤੀ ਨੂੰ ਗੰਭੀਰਤਾ, ਗਹਿਰਾਈ, ਦਰਸ਼ਨ ਪੱਖੋਂ ਵਿਚਾਰਿਆ ਗਿਆ ਹੈ। ਦੋਵੇਂ ਵੇਲੇ ਆਉਣ ਵਾਲੇ ਮੋਟਿਫਾਂ ਵਿਚ ਜ਼ਿਆਦਾ ਭਿੰਨਤਾ ਨਹੀਂ।

'ਆਫਟਰ ਦਿ ਮੈਸੇਕਰ' ਨਾਂ ਵਾਲੇ ਚਿੱਤਰ ਦੇਖੇ-ਸੁਣੇ ਵੇਰਵਿਆਂ ਦਾ ਪ੍ਰਗਟਾਵਾ ਹਨ ਪਰ ਉਪਭਾਵੁਕ ਪ੍ਰਗਟਾਵਾ ਨਹੀਂ। ਇਕ ਤੱਥ ਸ਼ਿੱਦਤ ਨਾਲ ਇਕ ਕੈਨਵਸ ਤੋਂ ਦੂਜੇ ਕੈਨਵਸ ਅੰਦਰ ਦਾਖਲ ਹੋ ਰਿਹਾ ਮਹਿਸੂਸ ਕੀਤਾ ਜਾ ਸਕਦਾ ਹੈ ਅਤੇ ਉਹ ਹੈ ਹਿੰਸਾ ਦੇ ਸ਼ਿਕਾਰ ਲੋਕਾਂ ਪ੍ਰਤੀ ਦੇਖਣ ਵਾਲਿਆਂ ਦੀ 'ਉਦਾਸੀਨਤਾ'।

ਇਸ ਦ੍ਰਿਸ਼ ਵਿਚ ਖੱਬੇ ਤੋਂ ਸੱਜੇ ਵੱਲ ਵਗਦਾ ਪਾਣੀ, ਧਰਤੀ ਅਤੇ ਉਸ ਤੋਂ ਪਾਰ ਆਸਮਾਨ ਹੈ। ਜੋ ਵੀ ਹੋ/ਦਿਸ ਰਿਹਾ ਹੈ ਖੁੱਲ੍ਹੇ ਆਸਮਾਨ ਥੱਲੇ ਹੀ ਹੈ। ਪ੍ਰਕਿਰਤੀ ਦੇ ਬਹੁਤ ਵਿਸ਼ਾਲ, ਅਨੰਤ ਪਾਸਾਰ ਦਾ ਅਤਿ ਸੂਖਮ ਰੂਪ ਦਰਸ਼ਕ ਦੇ ਸਾਹਮਣੇ ਹੈ। ਵਿਅਕਤੀ ਪ੍ਰਕਿਰਤੀ ਦਰਮਿਆਨ ਟਿਕੇ ਹੋਏ ਹਨ। ਜੇ ਪ੍ਰਕਿਰਤੀ ਦੇ ਤਿੰਨ ਰੂਪ (ਪਾਣੀ, ਧਰਤੀ, ਆਸਮਾਨ) ਦਿਸਦੇ ਹਨ ਤਾਂ ਵਿਅਕਤੀ ਦੇ ਵੀ ਤਿੰਨ ਰੂਪ (ਮਰਿਆ ਜਾਂ ਮਾਰਿਆ, ਜੀਵਨ ਜੀਅ ਚੁੱਕਾ, ਜੀਵਨ ਰੰਗ-ਰਸ ਮਾਣਦਾ ਜੋੜਾ) ਹੀ ਕੈਨਵਸ ਦਾ ਅੰਗ ਬਣੇ ਹਨ।

ਇਕੱਤੀ ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਉਪਰੰਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸਿੱਖਾਂ ਖਿਲਾਫ ਹਿੰਸਾ ਹੋਈ। ਦਿੱਲੀ ਸ਼ਹਿਰ ਕੇਂਦਰੀ ਅਤੇ ਅਤਿ ਪ੍ਰਭਾਵਿਤ ਥਾਂ ਹੋ ਨਿਬੜਦੀ ਹੈ। ਸ਼ੁਰੂ ਹੋਈ ਹਿੰਸਾ ਤਿੰਨ-ਚਾਰ ਨਵੰਬਰ ਤੱਕ ਖੁੱਲ੍ਹੇ ਅਤੇ ਲੁਕਵੇਂ ਰੂਪ ਵਿਚ ਜਾਰੀ ਰਹਿੰਦੀ ਹੈ। ਇਸ ਹਿੰਸਾ ਦੇ ਲਪੇਟੇ ਅੰਦਰ ਅਣਜੰਮੇ ਬੱਚੇ ਤੋਂ ਲੈ ਕੇ ਡੰਗੋਰੀ ਆਸਰੇ ਜੀਵਨ ਜੀਅ ਰਿਹਾ ਸ਼ਖਸ ਤਕ ਆਇਆ ਸੀ।

ਅਰਪਨਾ ਕੌਰ ਦੀ ਪੇਂਟਿੰਗ ਦੇ ਮੂਹਰਲੇ ਹਿੱਸੇ ਵਗਦੀ ਜਲਧਾਰ ਉੱਪਰ ਮੂਧੇ ਮੂੰਹ ਪਿਆ ਸ਼ਖਸ ਰੁੜ੍ਹਦਾ ਜਾ ਰਿਹਾ ਹੈ।

ਸਪਸ਼ਟ ਹੀ ਇਹ ਨਿਰਜਿੰਦ ਸਰੀਰ ਹੈ। ਕੁਝ ਹੋਰ ਤੱਤ ਵੀ ਇਸ ਦੀ ਪੁਸ਼ਟੀ ਕਰਦੇ ਹਨ। ਸਰੀਰ ਦਾ ਰੰਗ ਸਿਆਹ ਰੰਗਤ ਵੱਲ ਦਾ ਹੈ। ਇਹ ਰੰਗ ਮੌਤ/ਸੋਗ ਨਾਲ ਵੀ ਜੁੜਿਆ ਹੋਇਆ ਹੈ। ਸਰੀਰ ਦੇ ਅੰਗਾਂ ਵਿਚ ਕੋਈ ਨਕਲੋ-ਹਰਕਤ ਨਹੀਂ। ਆਮ ਤੌਰ 'ਤੇ ਪਾਣੀ ਵਿਚ ਡਿੱਗਣ ਵਾਲਾ ਖੁਦ ਨੂੰ ਜਿਊਂਦਾ ਰੱਖਣ ਵਾਸਤੇ ਹੱਥ-ਪੈਰ ਮਾਰਦਾ ਹੈ ਪਰ ਇੱਥੇ ਇੰਦਾਂ ਦਾ ਕੋਈ ਸੰਕੇਤ ਨਹੀਂ।

ਖਿਆਲ ਆ ਸਕਦਾ ਹੈ, ਕੀ ਮਰਨ ਵਾਲੇ ਨੇ ਖੁਦ ਨੂੰ ਵਗਦੇ ਪਾਣੀ ਹਵਾਲੇ ਕਰ ਮਾਰ ਲਿਆ ਹੈ? ਕਿਉਂਕਿ ਸਰੀਰ ਉੱਪਰ ਕੋਈ ਜ਼ਖਮ ਦਿਖਾਈ ਨਹੀਂ ਦੇ ਰਿਹਾ। ਇੰਦਾਂ ਉਹ ਹਿੰਸਾ ਦਾ ਸ਼ਿਕਾਰ ਨਹੀਂ ਪਰ ਜ਼ਰੂਰੀ ਨਹੀਂ ਚਿੱਤਰ ਰਚੇਤਾ ਹਰ ਨਿੱਕੇ-ਨਿੱਕੇ ਵੇਰਵੇ ਨੂੰ ਰੂਪ ਦੇਵੇ। ਕੈਨਵਸ ਉੱਪਰ ਪਾਣੀ ਦੀ ਹੋਂਦ ਦੋ ਅਰਥ ਦਿੰਦੀ ਹੈ। ਚਿਤੇਰੇ ਦੇ ਸ਼ਬਦਾਂ ਅਨੁਸਾਰ, ਇਹ ਸਮੇਂ ਰੂਪ ਵਿਚ ਆਇਆ ਹੈ। ਜਿਵੇਂ ਸਮਾਂ ਨਿਰੰਤਰ ਪ੍ਰਵਾਹ ਵਿਚ ਰਹਿੰਦਾ ਹੈ, ਠੀਕ ਉਸੇ ਤਰ੍ਹਾਂ ਵਗਦਾ ਪਾਣੀ ਅਸਥਿਰ ਰਹਿੰਦਾ ਹੈ। ਨਾ ਇਹ ਪੱਖ ਵਿਚ ਵਿਚਰਦਾ ਹੈ, ਨਾ ਹੀ ਵਿਰੋਧ ਵਿਚ। ਵਹਿੰਦਾ ਪਾਣੀ ਤੇਜ਼ ਗਤੀ ਵਿਚ ਹੈ, ਲਹਿਰਾਂ ਇਹੋ ਦੱਸਦੀਆਂ ਹਨ। ਦੂਜਾ, ਵਹਾਅ ਦਾ ਰੰਗ ਨੀਲੇ ਤੋਂ ਕਾਲਾ ਹੋ ਰਿਹਾ ਹੈ ਜਿਉਂ-ਜਿਉਂ ਉਹ ਥੱਲੇ ਵੱਲ ਆਉਂਦਾ ਹੈ, ਜੀਵਨ ਤੋਂ ਮੌਤ ਵੱਲ ਦਾ ਸੰਕੇਤ ਦਰਸਾਉਂਦਾ ਹੈ।

ਰੁੜ੍ਹਦੀ ਜਾਂਦੀ ਦੇਹ ਦੇ ਥੱਲੇ ਵੱਲ ਸਫਦ ਪਰਛਾਵਾਂ ਦਿਸਦਾ ਹੈ ਪਰ ਪਰਛਾਵਾਂ ਤਾਂ ਸਿਆਹ ਹੁੰਦਾ ਹੈ। ਸਾਧਾਰਨ ਰਾਇ ਹੋ ਸਕਦੀ ਹੈ, ਚਿੱਤਰਕਾਰ ਇਕ ਵਿੱਥ ਰਚ ਰਿਹਾ ਹੈ ਦੇਹ ਅਤੇ ਪਾਣੀ ਵਿਚਾਲੇ ਜਿਸ ਕਰਕੇ ਉਸ ਸਫੈਦ ਰੰਗ ਵਰਤ ਲਿਆ ਹੈ।

ਰੁੜ੍ਹੇ ਜਾ ਰਹੇ ਬੰਦੇ ਤੋਂ ਬਾਅਦ ਪ੍ਰਮੁੱਖ ਆਕਾਰ ਧਰਤੀ ਉੱਪਰ ਬੈਠੇ, ਹੁੱਕਾ ਪੀ ਰਹੇ ਵਡੇਰੀ ਉਮਰ ਦੇ ਆਦਮੀ ਦਾ ਹੈ। ਦੋਵਾਂ ਆਕ੍ਰਿਤੀਆਂ ਦਾ ਆਪਸੀ ਸਬੰਧ ਨਹੀਂ ਬਣਦਾ। ਇਸ ਦੇ ਬਾਵਜੂਦ ਦੋਵਾਂ ਵਿਚਾਲੇ ਅਟੁੱਟ ਸਬੰਧ ਹੈ, ਭਾਵੇਂ ਇਹ ਵਿਰੋਧੀ ਸੁਭਾਅ ਵਾਲਾ ਹੈ। ਆਮ ਮਾਨਵੀ ਫਿਤਰਤ ਹੈ ਕਿ ਅੱਖਾਂ ਅੱਗੇ ਚੰਗਾ-ਮਾੜਾ ਕਾਰਾ ਵਾਪਰਦਾ ਦੇਖ ਉਹ ਉਸ ਵੱਲ ਉਲਰ ਪੈਂਦਾ ਹੈ। ਮਦਦਗਾਰ ਬਣੇ ਜਾਂ ਨਾ, ਭੀੜ ਦਾ ਹਿੱਸਾ ਜ਼ਰੂਰ ਬਣ ਜਾਂਦਾ ਹੈ। ਕੈਨਵਸ ਉੱਪਰ ਆਏ ਇਸ ਸ਼ਖਸ ਦਾ ਧਿਆਨ ਰੁੜ੍ਹੇ ਜਾ ਰਹੇ ਮਰੇ ਪ੍ਰਾਣੀ ਵੱਲ ਰੰਚ ਮਾਤਰ ਨਹੀਂ ਜਾਂਦਾ। ਹੁੱਕਾ ਪੀਣਾ ਆਰਾਮ-ਪਸੰਦੀ ਨੂੰ ਦਰਸਾਉਂਦਾ ਹੈ। ਮੂੰਹ ਉੱਚਾ ਕਰ ਦੂਜੇ ਪਾਸੇ ਵੱਲ ਦੇਖਣਾ ਅਤਿ ਹਉਮੈ ਦਾ ਪ੍ਰਦਰਸ਼ਨ ਹੈ।

ਆਰਜਾ ਪੱਖੋਂ ਇਹ ਵੱਡਾ ਪ੍ਰਤੀਤ ਹੁੰਦਾ ਹੈ। ਵੱਡੇ ਨੇ ਸਮਾਜ, ਆਲੇ-ਦੁਆਲੇ ਨੂੰ ਦੇਖਿਆ ਪਰਖਿਆ ਹੋਣ ਸਦਕਾ, ਉਹਦੀ ਸਮਝ ਸੰਤੁਲਿਤ ਹੋਣੀ ਚਾਹੀਦੀ ਹੈ ਜੋ ਨਹੀਂ ਹੈ। ਦੁੱਖ ਦੀ ਗੱਲ ਇਹੋ ਹੈ। ਇਹ ਅਣਹੋਣੀ ਪੇਂਟਰ ਦੀ ਮਨੋਕਲਪਨਾ ਨਹੀਂ ਸਗੋਂ ਹਕੀਕਤ ਆਧਾਰਿਤ ਚਿੱਤਰਨ ਹੈ। ਪੇਸ਼ਕਾਰੀ ਦੀ ਸਥਿਤੀ-ਪ੍ਰਸਥਿਤੀ ਭਾਵੇਂ ਹਟਵੀਂ ਹੈ। ਦਿੱਲੀ ਨੇ ਹਿੰਸਾ ਦਾ ਵਿਕਰਾਲ ਰੂਪ ਦੇਖਿਆ। ਮਾਰਦਿਆਂ ਨੂੰ ਕਿਸੇ ਰੋਕਿਆ ਨਹੀਂ। ਮਰਦਿਆਂ ਦੀ ਕਿਸੇ ਨੇ ਮਦਦ ਨਹੀਂ ਕੀਤੀ। ਇਸ ਵਰਤਾਰੇ ਦਾ ਅਪਵਾਦ ਕਿਤੇ-ਕਿਤੇ ਮਿਲ ਜਾਂਦਾ ਹੈ। ਚਿੱਤਰ ਵਿਚ ਵੀ ਸਾਰੇ ਚਰਿੱਤਰ ਸੁਚੇਤ-ਅਚੇਤ ਵਾਪਰ ਚੁੱਕੀ ਤ੍ਰਾਸਦੀ ਵੱਲ ਧਿਆਨ ਨਹੀਂ ਦੇ ਰਹੇ।

ਜੇ ਸਮੂਹ ਪੱਖੋਂ ਦੇਖੀਏ ਤਾਂ ਮਰਿਆ ਵਿਅਕਤੀ ਇਕ ਪਾਸੇ ਹੈ ਜਦੋਂਕਿ ਬਾਕੀ ਤਿੰਨਾਂ ਦੀ ਵੱਖਰੀ ਸੰਗਠਿਤ ਇਕਾਈ ਬਣਦੀ ਹੈ। ਮਰ ਚੁੱਕੇ ਵਿਅਕਤੀ ਨਾਲ ਉਹ ਕਿਸੇ ਵੀ ਪੱਧਰ ਉੱਪਰ ਨਹੀਂ ਜੁੜਦੇ। ਹਮਦਰਦੀ ਜਾਂ ਤੀਮਾਰਦਾਰੀ ਤਾਂ ਦੂਰ ਦੀ ਗੱਲ ਹੈ।

ਇਕ ਹੋਰ ਗੱਲ ਇਹ ਸਾਹਮਣੇ ਆਉਂਦੀ ਹੈ ਕਿ ਕੈਨਵਸ ਅਨੁਸਾਰ ਮਰਨ ਵਾਲਾ ਗਿਣਤੀ ਪੱਖੋਂ ਇਕ ਹੈ ਜਦੋਂਕਿ ਅਣਡਿੱਠ ਕਰਨ ਵਾਲੇ ਤਿੰਨ। ਅਗਰਭੂਮੀ ਉੱਪਰ ਜੋ ਕੁਝ ਦਿਸ ਰਿਹਾ ਹੈ, ਉਹ ਹੋਰਾਂ ਦੇ ਕਾਰ-ਵਿਹਾਰ ਨੂੰ ਪ੍ਰਭਾਵਿਤ ਨਹੀਂ ਕਰ ਰਿਹਾ।

ਜ਼ਮੀਨ ਉੱਪਰ ਬੈਠੇ ਵਿਅਕਤੀ ਤੋਂ ਕੁਝ ਵਿੱਥ 'ਤੇ ਜਵਾਨ ਜੋੜੀ ਜੀਵਨ ਨੂੰ ਮਾਣ ਰਹੀ ਹੈ। ਇਹ ਸੁਭਾਵਿਕ ਕਿਰਿਆ ਹੈ ਪਰ ਜਾਇਜ਼ ਨਹੀਂ। ਜਦ ਚਿੱਤਰ ਸਿਰਲੇਖ ਜਾਂ ਚਿੱਤਰ-ਪ੍ਰਸੰਗ ਵਿਚਾਰਦੇ ਹਾਂ ਤਾਂ ਝੁਕੇ ਰੁੱਖ ਨਾਲ ਬੰਨ੍ਹੀ ਪੀਂਘ ਚੜ੍ਹ ਹੁਲਾਰੇ ਲੈ ਰਹੀ ਮੁਟਿਆਰ ਨੂੰ ਉਸ ਦਾ ਚਾਹਵਾਨ ਦੇਖ ਰਿਹਾ ਹੈ। ਇਹ ਵੀ ਸੰਸਾਰ ਹੈ, ਦੋ ਜਣਿਆਂ ਦਾ ਪਰ ਇਹ ਮੁਕੰਮਲ ਸੰਸਾਰ ਨਹੀਂ। ਲੱਗਦਾ ਹੈ ਉਨ੍ਹਾਂ ਦੀ ਉਮਰ ਨੇ ਉਨ੍ਹਾਂ ਨੂੰ ਨਿੱਜ ਤੱਕ ਸੁੰਗੇੜ ਦਿੱਤਾ ਹੈ।

ਮੰਨਿਆ ਜਾਂਦਾ ਹੈ ਕਿ ਸਮਾਜ ਪਰਿਵਾਰ ਹੈ। ਸਮਾਜ ਦੀ ਇਕਾਈ ਪਰਿਵਾਰ ਦਾ ਆਪਣਾ ਨੇਮ ਪ੍ਰਬੰਧ ਹੁੰਦਾ ਹੈ। ਜੇ ਨੇਮਾਂ ਦੀ ਅਚੇਤ-ਸੁਚੇਤ ਪਾਲਣਾ ਹੋ ਰਹੀ ਹੈ ਤਾਂ ਸਾਰਾ ਕੁਝ ਠੀਕ-ਠਾਕ ਚਲਦਾ ਰਹਿੰਦਾ ਹੈ। ਜੇ ਨਹੀਂ ਤਾਂ ਸਾਰਾ ਕੁਝ ਉਲਟ-ਪੁਲਟ ਜਾਂਦਾ ਹੈ। ਇਹ ਦ੍ਰਿਸ਼ ਉਸੇ ਉਲਟ-ਪੁਲਟ ਦੀ ਪੇਸ਼ਕਾਰੀ ਹੈ। ਇਕ ਸ਼ਖਸ ਮਰ ਚੁੱਕਾ ਹੈ। ਦੂਜਾ ਉਸ ਵੱਲ ਧਿਆਨ ਨਾ ਦੇ ਕੇ ਆਪਣੀ ਆਦਤ ਨੂੰ ਤ੍ਰਿਪਤ ਕਰ ਰਿਹਾ ਹੈ। ਜੋੜਾ ਆਪਣੀ ਚੜ੍ਹਦੀ ਉਮਰ ਦੀ ਮਦ ਮਾਣ ਰਿਹਾ ਹੈ। ਤਣਾਅ ਪਹਿਲੀ ਅਤੇ ਅੰਤਿਮ ਇਕਾਈ ਵਿਚ ਹੈ। ਦੇਸ਼ ਦੇ ਵੱਖ-ਵੱਖ ਖਿੱਤੇ ਸਿੱਖਾਂ ਦਾ ਸ਼ਰੇਆਮ ਕਤਲੇਆਮ ਜਰ ਰਹੇ ਸਨ ਜਦੋਂਕਿ ਜਨਤਾ ਦਾ ਵਡੇਰਾ ਹਿੱਸਾ ਆਪਣੀ ਅਖੌਤੀ ਦੇਸ਼ਭਗਤੀ, ਸਰਮਾਏ, ਬਹੂਬਲ ਦੇ ਨਸ਼ੇ ਵਿਚ ਸੀ।

ਵਹਿ ਰਿਹਾ ਪਾਣੀ ਸਭ ਤੱਤਾਂ ਤੋਂ ਵੱਧ ਹਲਚਲ ਵਾਲਾ ਤੱਤ ਹੈ। ਇੱਥੇ ਇਹ ਸਮੇਂ ਨੂੰ ਦਰਸਾ ਰਿਹਾ ਹੈ। ਸਮਾਂ ਨਿਰੰਤਰ ਗਤੀਸ਼ੀਲ ਸੁਭਾਅ ਵਾਲਾ ਹੁੰਦਾ ਹੈ। ਪੇਂਟਰ ਅਰਪਨਾ ਕੌਰ ਪਾਣੀ ਨੂੰ ਵੱਖਰੇ ਅਰਥ ਵਿਚ ਬਿਆਨਦੀ ਹੈ, "ਭਾਸ਼ਾ ਦੇ ਦੋ ਰੂਪ ਹੁੰਦੇ ਹਨ। ਇਕ ਭਾਸ਼ਾ ਆਮ ਬੋਲਚਾਲ ਦੀ ਹੁੰਦੀ ਹੈ ਅਤੇ ਦੂਜੀ ਇਸ ਤੋਂ ਵੱਖਰੀ ਜਿਸ ਦਾ ਸਬੰਧ ਸਾਹਿਤ ਜਾਂ ਕਲਾ ਖੇਤਰ ਨਾਲ ਹੁੰਦਾ ਹੈ। ਇਹ ਨਹੀਂ ਕਿ ਸਾਹਿਤਕ ਭਾਸ਼ਾ ਜਾਂ ਕਲਾ ਭਾਸ਼ਾ ਆਮ ਭਾਸ਼ਾ ਵੱਲੋਂ ਸਵੀਕਾਰੀ ਗਈ ਹੋਵੇ। ਪਾਣੀ ਜੀਵਨ ਦਿੰਦਾ ਹੈ, ਇਹ ਸਰਬ ਸਵੀਕਾਰਿਆ ਤੱਥ ਹੈ। ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਪਰ ਮੈਂ ਜਦ ਸਮੁੰਦਰ ਕੰਢੇ ਖੜ੍ਹੀ ਹੁੰਦੀ ਹਾਂ ਤਾਂ ਮੈਨੂੰ ਸਮੇਂ ਦਾ ਅਹਿਸਾਸ ਹੁੰਦਾ ਹੈ। ਮੈਂ ਮਹਿਸੂਸ ਕਰਦੀ ਹਾਂ ਇਕ ਦਿਨ ਇਹ ਮੈਨੂੰ ਰੋੜ੍ਹ ਕੇ ਲੈ ਜਾਵੇਗਾ। ਮੈਂ ਮਹਿਸੂਸ ਕਰਦੀ ਹਾਂ ਕਿ ਇਕ ਦਿਨ ਇਹ ਮੈਨੂੰ ਆਪਣੀ ਗਹਿਰਾਈ ਵਿਚ ਸਮੋਅ ਲਵੇਗਾ। ਮੈਂ ਪਾਣੀ ਨੂੰ 'ਸਮੇਂ ਦੇ ਪ੍ਰਤੀਕ' ਵਜੋਂ ਲਿਆ ਹੈ। ਜਦੋਂ ਮੈਂ ਇਹ ਕੰਮ ਸ਼ੁਰੂ ਕੀਤਾ ਤਾਂ ਮੈਨੂੰ ਸਮੇਂ ਅਤੇ ਮੌਤ ਵਾਸਤੇ ਪ੍ਰਤੀਕ ਦੀ ਲੋੜ ਸੀ। ਕਾਫੀ ਸੋਚ-ਵਿਚਾਰ ਬਾਅਦ ਮੈਂ ਪਾਣੀ ਦੀ ਚੋਣ ਕੀਤੀ। ਇਸ ਤਰ੍ਹਾਂ ਇਹ ਦੋ ਵਿਪਰੀਤ ਦਿਸ਼ਾਵਾਂ ਨੂੰ ਛੋਂਹਦਾ ਹੈ, ਜ਼ਿੰਦਗੀ ਅਤੇ ਮੌਤ ਨੂੰ।"

ਇਹ ਵਿਚਾਰ ਚਿੱਤਰ ਨੂੰ ਖਾਸ ਬਣਾਉਂਦਾ ਹੈ। ਸਤਹੀ ਪੱਧਰ ਉਪਰ ਦੇਖਣ ਨਾਲ ਲੱਗਦਾ ਹੈ ਕਿ ਧਰਤੀ ਦੋ ਨੀਲੇ ਪ੍ਰਵਾਹਾਂ ਦੇ ਵਿਚ-ਵਿਚਾਲੇ ਹੈ। ਮੂਹਰਲੇ ਪ੍ਰਵਾਹ ਵਿਚ ਮੌਤ ਹੈ ਅਤੇ ਉਪਰਲੇ ਪ੍ਰਵਾਹ ਵਿਚ ਜੀਵਨ, ਮੋਹ, ਸੰਗ-ਸਾਥ ਹੈ।


ਕੈਨਵਸ ਦੀ ਵੰਡ ਤਿੰਨ ਭਾਗਾਂ ਵਿਚ ਹੋਈ ਹੈ ਜੋ ਲੇਟਵੀਂ ਅਤੇ ਸਮਾਨਾਂਤਰ ਨਹੀਂ। ਵੰਡ ਕੋਣਿਕ ਤੋਂ ਹਲਕੀ ਕੋਣਿਕ ਹੁੰਦੀ ਜਾਂਦੀ ਹੈ। ਸਪਾਟ ਧਰਾਤਲ ਕਿਸੇ ਅੰਗ ਦਾ ਹਿੱਸਾ ਨਹੀਂ ਬਣਿਆ। ਗੂੜ੍ਹੇ ਰੰਗ ਵਿਚ ਸਫਦ ਦੀ ਮਿਲਾਵਟ ਕਰ ਉਸ ਨੂੰ ਹਲਕਾ ਕਰ ਲਿਆ ਗਿਆ ਹੈ। ਬੁਰਸ਼ ਛੋਹਾਂ ਨਾਲ ਰਚਿਆ ਟੈਕਸਚਰ 'ਲਘੂ ਚਿੱਤਰ' ਵਿਚ ਨਹੀਂ ਮਿਲਦਾ। ਲਘੂ ਚਿੱਤਰਾਂ ਦੇ ਚਿਤੇਰਿਆਂ ਦੇ ਕੰਮ ਵਿਚ ਬਾਰੀਕੀ ਹੁੰਦੀ ਹੈ। ਸਪੇਸ ਥੋੜ੍ਹਾ ਹੋਣ ਕਾਰਨ ਹਰ ਵਸਤੂ, ਇਕਾਈ ਨੂੰ ਧਿਆਨ, ਠਹਿਰਾਅ ਨਾਲ ਬਣਾਇਆ ਜਾਂਦਾ ਹੈ। ਇਸ ਦ੍ਰਿਸ਼ ਰਚਨਾ ਵਿਚ ਹੂ-ਬ-ਹੂ ਉਹ ਗੁਣ-ਲੱਛਣ ਨਹੀਂ ਜਿਹੜੇ ਲਘੂ ਚਿੱਤਰਾਂ ਵਿਚ ਹੁੰਦੇ ਹਨ।

ਤਿੰਨਾਂ ਹਿੱਸਿਆਂ ਦਾ ਆਪਣਾ ਆਕਾਰ ਅਤੇ ਰੰਗ ਯੋਜਨਾ ਹੈ। ਤਿੰਨੋਂ ਥਾਈਂ ਪੇਸ਼ ਵਿਅਕਤੀਆਂ ਦੀ ਸਥਿਤੀ ਵੀ ਭਿੰਨਤਾ ਵਾਲੀ ਹੈ। ਇਸੇ ਵਿਸ਼ੇ ਨੂੰ ਆਧਾਰ ਬਣਾ ਕੇ ਅਰਪਨਾ ਕੌਰ ਲੜੀਵਾਰ ਕੰਮ ਆਰੰਭਦੀ ਹੈ ਜਿਸ ਨੂੰ 'ਵਰਲਡ ਗੋਜ਼ ਔਨ' ਦਾ ਨਾਂ ਦਿੱਤਾ ਜਾਂਦਾ ਹੈ। ਉਹ ਵਿਚਾਰ, ਗਹਿਰਾਈ, ਅਰਥ ਵਿਸਥਾਰ ਪੱਖੋਂ ਦਰਸ਼ਕ ਮਨ ਉੱਪਰ ਵੱਖਰੀ ਛਾਪ ਛੱਡਦੀ ਹੈ।



*ਚਿੱਤਰਕਾਰ ਅਰਪਨਾ ਕੌਰ ਆਪਣੇ ਇਕ ਹੋਰ ਚਿੱਤਰ ਨਾਲ।*

# ਸਾਧਾਰਨ ਤੋਂ ਅਸਾਧਾਰਨ ਬਣੀ 'ਦੋਸਤੀ' ਦਾ ਜਲਵਾ








*ਫਿਲਮ 'ਦੋਸਤੀ' ਦਾ ਪੋਸਟਰ, (ਵਿਚਕਾਰ) ਫਿਲਮ ਦਾ ਇਕ ਦ੍ਰਿਸ਼ ਅਤੇ (ਐਨ ਸੱਜੇ) 'ਦੋਸਤੀ' ਤੋਂ ਹਿੱਟ ਹੋਈ ਸੰਗੀਤ ਜੋੜੀ ਲਕਸ਼ਮੀ ਕਾਂਤ ਪਿਆਰੇ ਲਾਲ।*

ਸਾਰਾ ਕੁਝ ਤੁਹਾਡੇ ਹੱਥ ਨਹੀਂ ਹੁੰਦਾ, ਕੁਝ ਚੀਜ਼ਾਂ ਨੇ ਹੋਣਾ ਹੀ ਹੁੰਦਾ ਹੈ।

1964 ਦਾ ਜ਼ਿਕਰ ਹੈ। ਰਾਜਸ਼੍ਰੀ ਪ੍ਰੋਡਕਸ਼ਨ ਦਾ ਪੂਰਾ ਨਾਮ ਹੋ ਚੁੱਕਾ ਸੀ। ਉਨ੍ਹਾਂ ਦੇ ਹਿੱਸੇ ਵਿਚ ਬਹੁਤ ਸਾਰੀਆਂ ਚੰਗੀਆਂ ਪਰਿਵਾਰਕ ਫਿਲਮਾਂ ਆਈਆਂ। ਰਾਜਸ਼੍ਰੀ ਪ੍ਰੋਡਕਸ਼ਨ ਦਾ ਹਿਸਾਬ ਕਿਤਾਬ ਦੇਖਣ ਵਾਲਿਆਂ ਨੇ ਮਾਲਕ ਤਾਰਾਚੰਦ ਬੜਜਾਤੀਆ ਨੂੰ ਦੱਸਿਆ ਕਿ ਪੂਰੇ ਸਾਲ ਦੇ ਹਿਸਾਬ ਕਿਤਾਬ ਨੂੰ 'ਹਿਸਾਬ' ਵਿਚ ਲਿਆਉਣ ਲਈ ਕੋਈ ਅਜਿਹੀ ਫਿਲਮ ਬਣਾਈ ਜਾਵੇ ਜਿਸ ਵਿਚੋਂ ਮੁਨਾਫੇ ਦੀ ਗੁੰਜਾਇਸ਼ ਨਾ ਹੋਵੇ ਬਲਕਿ ਹਾਨੀ ਦੀਆਂ ਸਫਾ ਭਰ ਲਈਆਂ ਜਾਣ।

ਉਨ੍ਹਾਂ ਅਜਿਹੀ ਫਿਲਮ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਅਖੀਰ ਅਜਿਹੀ ਕਹਾਣੀ ਸੋਚੀ ਗਈ ਜਿਸ ਤੇ ਔਸਤ ਪੱਧਰ ਦੀ ਫਿਲਮ ਬਣ ਸਕੇ।

ਇਹ ਦੋ ਦੋਸਤਾਂ ਦੀ ਕਹਾਣੀ ਸੀ ਜੋ ਗਰੀਬ ਹਨ ਅਤੇ ਲਾਚਾਰ ਵੀ ਤੇ ਅਪਾਹਜ ਵੀ। ਉਦੋਂ ਤੱਕ ਦਰਸ਼ਕਾਂ ਦੀ ਮਾਨਸਿਕਤਾ ਇਸ ਪੱਧਰ ਤਕ ਨਹੀਂ ਸੀ ਵਧੀ ਕਿ ਫਿਲਮ ਦੇ ਨਾਇਕਾਂ ਨੂੰ ਅਪਾਹਜ ਗਰੀਬ ਦੇਖ ਸਕਣ। ਇਹ ਸ਼ਾਇਦ ਇਸ ਲਈ ਕੀਤਾ ਗਿਆ ਕਿਉਂਕਿ ਨਿਰਮਾਤਾ ਚਾਹੁੰਦੇ ਸਨ ਕਿ ਫਿਲਮ ਔਸਤ ਬਣੇ, ਔਸਤ ਜਿਹੀ ਸਫਲ ਰਹੇ। ਦੋਵਾਂ ਦੋਸਤਾਂ ਦੀ ਭੂਮਿਕਾਵਾਂ ਨਿਭਾਉਣ ਲਈ ਵੀ ਨਵੇਂ ਅਭਿਨੇਤਾਵਾਂ ਦੀ ਚੋਣ ਕੀਤੀ ਗਈ। ਇਹ ਦੋਵੇਂ ਹੀ ਫਿਲਮਾਂ ਵਿਚ ਨਵੇਂ ਸਨ: ਇਕ ਸੀ ਸੁਧੀਰ ਕੁਮਾਰ ਅਤੇ ਦੂਜੇ ਅਭਿਨੇਤਾ ਸਨ ਸੁਸ਼ੀਲ ਕੁਮਾਰ। ਛੋਟੀ ਜਿਹੀ ਭੂਮਿਕਾ ਲਈ ਸੰਜੇ ਖਾਨ ਨੂੰ ਵੀ ਲੈ ਲਿਆ ਗਿਆ ਜੋ ਉਦੋਂ ਆਪਣੀ ਜਗ੍ਹਾ ਬਣਾਉਣ ਲਈ ਸੰਘਰਸ਼ ਕਰ ਰਹੇ ਸਨ।

ਲਕਸ਼ਮੀਕਾਂਤ-ਪਿਆਰੇ ਲਾਲ ਦੀ ਪਹਿਲੀ ਫਿਲਮ ਰਿਲੀਜ਼ ਹੋ ਚੁੱਕੀ ਸੀ, ਦੂਜੀ ਅਜੇ ਰਿਲੀਜ਼ ਹੋਣੀ ਸੀ। ਉਨ੍ਹਾਂ ਦੀ ਪਹਿਲੀ ਫਿਲਮ 'ਪਾਰਸ ਮਨੀ' ਦਾ ਸੰਗੀਤ ਬਹੁਤ ਪਸੰਦ ਕੀਤਾ ਗਿਆ ਸੀ ਪਰ ਉਹ ਅਜੇ ਵੀ ਸੰਘਰਸ਼ਸ਼ੀਲ ਸਨ। 'ਦੋਸਤੀ' ਜੋ ਛੋਟੇ ਬਜਟ ਦੀ ਫਿਲਮ ਸੀ, ਦਾ ਸੰਗੀਤ ਤਿਆਰ ਕਰਨ ਲਈ ਕਿਸੇ ਵੱਡੇ ਸੰਗੀਤਕਾਰ ਨੇ ਹਾਮੀ ਨਹੀਂ ਸੀ ਭਰੀ।

ਲਕਸ਼ਮੀਕਾਂਤ-ਪਿਆਰੇ ਲਾਲ, ਦੋਵੇਂ ਨਵੇਂ ਸੰਗੀਤਕਾਰ ਸਨ। ਤਾਰਾਚੰਦ ਬੜਜਾਤੀਆ ਨੇ ਆਪਣੀ ਇਸ ਫਿਲਮ ਲਈ ਸੰਗੀਤ ਦਾ ਕੰਮ ਉਨ੍ਹਾਂ ਨੂੰ ਦੇ ਦਿੱਤਾ। ਇਹ ਦੋਵੇਂ ਸੰਗੀਤਕਾਰ ਪ੍ਰਤਿਭਾ ਦੇ ਧਨੀ ਸਨ ਤੇ ਉਨ੍ਹਾਂ ਨੇ ਇਸ ਮੌਕੇ ਨੂੰ ਸੁਨਹਿਰੀ ਮੌਕਾ ਸਮਝਦਿਆਂ ਧੁਨਾਂ ਤਿਆਰ ਕੀਤੀਆਂ, ਨਵੇਂ ਵਾਦ-ਯੰਤਰ ਅਤੇ ਇੰਸਟਰੂਮੈਂਟਸ ਇਸਤੇਮਾਲ ਕੀਤੇ।

ਤਰਜ਼ਾਂ ਕੀ ਸਨ, ਬੱਸ ਕਮਾਲ! ਫਿਲਮ ਵਿਚ ਪੰਜ ਗੀਤ ਮੁਹੰਮਦ ਰਫੀ ਨੇ ਗਾਏ ਅਤੇ ਸਿਰਫ ਇੱਕ ਗੀਤ ਲਤਾ ਮੰਗੇਸ਼ਕਰ ਦੇ ਹਿੱਸੇ ਆਇਆ ਸੀ। ਫਿਲਮ ਦੇ ਗੀਤ ਮਸ਼ਹੂਰ ਗੀਤਕਾਰ ਮਜਰੂਹ ਸੁਲਤਾਨਪੁਰੀ ਨੇ ਲਿਖੇ ਸਨ।

1964 ਵਿਚ ਜਦੋਂ 'ਦੋਸਤੀ' ਰਿਲੀਜ਼ ਹੋਈ ਤਾਂ ਰਿਲੀਜ਼ ਹੁੰਦਿਆਂ ਹੀ ਫਿਲਮ ਦੀ ਥਾਂ ਇਸ ਦੇ ਗੀਤਾਂ ਦੀ ਧੁੰਮ ਪੈ ਗਈ। ਜ਼ਿਆਦਾਤਰ ਗੀਤ ਉਦਾਸ ਸਨ। ਸਿੱਧੇ ਆਤਮਾ ਵਿਚ ਉਤਰ ਜਾਣ ਵਾਲੇ। ਛੇਤੀ ਹੀ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਏ। ਆਪਣੀ ਰਿਲੀਜ਼ ਹੋਈ ਦੂਜੀ ਫਿਲਮ ਨਾਲ ਹੀ ਲਕਸ਼ਮੀਕਾਂਤ-ਪਿਆਰੇ ਲਾਲ ਦਾ ਫਿਲਮ ਸੰਗੀਤ ਵਿਚ ਵੱਡਾ ਮੁਕਾਮ ਬਣ ਗਿਆ। ਉਨ੍ਹਾਂ ਨੂੰ ਸਰਬੋਤਮ ਫਿਲਮ ਸੰਗੀਤਕਾਰ ਦੇ ਤੌਰ ਫਿਲਮਫੇਅਰ ਐਵਾਰਡ ਵੀ ਦਿੱਤਾ ਗਿਆ।

ਸਤਿਅਨ ਬੋਸ ਨਿਰਦੇਸ਼ਤ 'ਦੋਸਤੀ' ਦੇ ਦੋਵੇਂ ਅਭਿਨੇਤਾ ਫਿਰ ਦੁਬਾਰਾ ਜਾਦੂ ਨਹੀਂ ਦਿਖਾ ਸਕੇ। ਬਹੁਤ ਸਾਰੇ ਫਿਲਮ ਸਮੀਖਿਅਕਾਂ ਦਾ ਮੰਨਣਾ ਹੈ ਕਿ ਫਿਲਮ ਦਾ ਸੰਗੀਤ ਇੰਨਾ ਮਹਾਨ ਸੀ ਕਿ ਅਭਿਨੇਤਾਵਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਜ਼ਿਆਦਾ ਮੌਕਾ ਨਹੀਂ ਸੀ ਮਿਲਿਆ। ਉਨ੍ਹਾਂ ਦੇ ਕੰਮ ਬਾਰੇ ਜ਼ਿਆਦਾ ਚਰਚਾ ਨਹੀਂ ਹੋਈ।

ਤਾਰਚੰਦ ਬੜਜਾਤੀਆ ਨੂੰ ਔਸਤ ਕਮਾਈ ਦਰਕਾਰ ਸੀ ਪਰ ਇਸ ਫਿਲਮ ਦੀ ਕਮਾਈ ਨੇ ਬਹੁਤ ਸਾਰੇ ਪਿਛਲੇ ਰਿਕਾਰਡ ਵੀ ਤੋੜ ਦਿੱਤੇ।

ਇਕ ਹੋਰ ਦਿਲਚਸਪ ਪ੍ਰਸੰਗ ਲਿਖੇ ਜਾਣਾ ਜ਼ਰੂਰੀ ਹੈ। 1964 ਵਿਚ ਹੀ ਰਾਜ ਖੋਸਲਾ ਦੀ ਚਰਚਿਤ ਫਿਲਮ 'ਵੋਹ ਕੌਨ ਥੀ' ਰਿਲੀਜ਼ ਹੋਈ ਸੀ। ਫਿਲਮ ਦੇ ਸੰਗੀਤਕਾਰ ਮਦਨ ਮੋਹਨ ਸਨ। ਉਹ ਆਪਣੇ ਕੰਮ ਦੇ ਧਨੀ ਸਨ। ਫਿਲਮ ਵਿਚ ਲਤਾ ਦੇ ਗਾਏ ਬਿਹਤਰੀਨ ਗੀਤ ਸ਼ਾਮਲ ਸਨ; ਜਿਵੇਂ 'ਲਗ ਜਾ ਗਲੇ', 'ਜੋ ਹਮਨੇ ਦਾਸਤਾਂ ਅਪਨੀ ਸੁਨਾਈ' ਆਦਿ। ਲਤਾ ਮੰਗੇਸ਼ਕਰ ਨੂੰ ਪੂਰਾ ਭਰੋਸਾ ਸੀ ਕਿ ਉਸ ਸਾਲ ਦਾ ਫਿਲਮਫੇਅਰ ਐਵਾਰਡ ਇਸੇ ਫਿਲਮ ਨੂੰ ਮਿਲੇਗਾ ਪਰ ਇਹ ਐਵਾਰਡ 'ਦੋਸਤੀ' ਨੂੰ ਮਿਲਿਆ ਜਿਸ ਵਿਚ ਮੁਹੰਮਦ ਰਫੀ ਦੇ ਪੰਜ ਗੀਤ ਸਨ।

ਔਸਤ ਫਿਲਮ ਬਣਾਉਣ ਦੀ ਸੋਚ ਕੇ ਬਣਾਈ 'ਦੋਸਤੀ' ਹਿੰਦੁਸਤਾਨੀ ਫਿਲਮਾਂ ਵਿਚ ਮੀਲ ਦੇ ਪੱਥਰ ਦੇ ਤੌਰ 'ਤੇ ਯਾਦ ਕੀਤੀ ਜਾਂਦੀ ਹੈ ਅਤੇ ਯਾਦ ਕੀਤੀ ਜਾਂਦੀ ਰਹੇਗੀ।

**-ਤਰਸੇਮ ਬਸਰ**

# ਕ੍ਰਿਤੀ ਸੈਨਨ ਦੀ 'ਗਣਪਤ' ਦਾ ਸ੍ਰੀਗਣੇਸ਼

ਅਦਾਕਾਰਾ ਕ੍ਰਿਤੀ ਸੈਨਨ ਨੇ ਦੱਸਿਆ ਕਿ ਉਸ ਨੇ ਯੂ.ਕੇ. ਵਿਚ ਆਪਣੀ ਅਗਲੀ ਫਿਲਮ 'ਗਣਪਤ' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। 'ਕੁਈਨ' ਅਤੇ 'ਸੁਪਰ 30' ਵਰਗੀਆਂ ਮਸ਼ਹੂਰ ਫਿਲਮਾਂ ਲਈ ਜਾਣੇ ਜਾਂਦੇ ਫਿਲਮ ਨਿਰਮਾਤਾ ਵਿਕਾਸ ਬਹਿਲ ਦੇ ਨਿਰਦੇਸ਼ਨ ਹੇਠ ਬਣ ਰਹੀ ਇਸ ਫਿਲਮ ਵਿਚ ਅਦਾਕਾਰ ਟਾਈਗਰ ਸ਼ਰਾਫ ਵੀ ਅਹਿਮ ਭੂਮਿਕਾ ਨਿਭਾਵੇਗਾ। ਸੈਨਨ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਫਿਲਮ ਦੇ ਇੱਕ ਸੀਨ ਦੀ 41 ਸੈਕਿੰਡ ਦੀ ਵੀਡੀਓ ਸਾਂਝੀ ਕੀਤੀ ਹੈ ਜਿਸ ਵਿਚ ਉਹ ਮੋਟਰਸਾਈਕਲ ਚਲਾਉਂਦੀ ਦਿਖਾਈ ਦੇ ਰਹੀ ਹੈ। ਉਸ ਨੇ ਕੈਪਸ਼ਨ ਵਿਚ ਲਿਖਿਆ, "ਸ਼ੂਟਿੰਗ ਦਾ ਕੰਮ ਸ਼ੁਰੂ... ਯੂ.ਕੇ. ਵਿਚ ਜੱਸੀ ਵਜੋਂ ਆਪਣੇ 'ਗਣਪਤ' ਦੇ ਸਫਰ ਨੂੰ ਐਕਸ਼ਨ ਭਰਪੂਰ ਅਤੇ ਬਹੁਤ ਹੀ ਮਜ਼ੇਦਾਰ ਢੰਗ ਨਾਲ ਸ਼ੁਰੂ ਕਰਨ ਲਈ ਬਹੁਤ ਖੁਸ਼ ਹਾਂ।" ਕਰੋਨਾ ਮਹਾਮਾਰੀ ਤੋਂ ਬਾਅਦ 'ਗਣਪਤ' ਜ਼ਰੀਏ ਸੈਨਨ 'ਹੀਰੋਪੰਤੀ' ਦੇ ਸਹਿ-



ਅਦਾਕਾਰ ਟਾਈਗਰ ਸ਼ਰਾਫ ਨਾਲ ਮੁੜ ਤੋਂ ਕੰਮ ਕਰਨ ਜਾ ਰਹੀ ਹੈ ਜਿਸ ਨੇ ਪਿਛਲੇ ਹਫਤੇ ਨਵੀਂ ਫਿਲਮ ਲਈ ਸ਼ੂਟਿੰਗ ਸ਼ੁਰੂ ਕੀਤੀ ਸੀ। ਬਹਿਲ, ਵਾਸ਼ੂ ਭਗਨਾਨੀ, ਦੀਪਸ਼ਿਖਾ ਦੇਸਮੁੱਖ ਅਤੇ ਜੈਕੀ ਭਗਨਾਨੀ ਵੱਲੋਂ ਪ੍ਰੋਡਿਊਸ ਕੀਤੀ ਜਾ ਰਹੀ ਇਹ ਫਿਲਮ ਅਗਲੇ ਸਾਲ 23 ਦਸੰਬਰ ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋਵੇਗੀ।

27 ਜੁਲਾਈ 1990 ਨੂੰ ਜਨਮੀ ਕ੍ਰਿਤੀ ਸੈਨਨ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ 2014 ਵਿਚ ਤੈਲਗੂ ਫਿਲਮ ਨਾਲ ਕੀਤਾ ਸੀ। ਫਿਰ 2014 ਵਿਚ ਹੀ ਉਸ ਦੀ ਪਹਿਲੀ ਹਿੰਦੀ ਫਿਲਮ 'ਹੀਰੋਪੰਤੀ' ਆਈ ਜਿਸ ਲਈ ਉਸ ਨੂੰ ਫਿਲਮਫੇਅਰ ਇਨਾਮ ਵੀ ਦਿੱਤਾ ਗਿਆ। ਇਸ ਤੋਂ ਬਾਅਦ ਉਸ ਨੇ 'ਬਰੇਲੀ ਕੀ ਬਰਫੀ', 'ਲੁਕਾ ਛਿਪੀ', 'ਪਾਨੀਪਤ', 'ਅੰਗਰੇਜ਼ੀ ਮੀਡੀਅਮ' ਵਰਗੀਆਂ ਫਿਲਮਾਂ ਵਿਚ ਕੰਮ ਕੀਤਾ। ਕ੍ਰਿਤੀ ਹੁਣ ਵੀ ਤੈਲਗੂ ਸਿਨੇਮੇ ਨਾਲ ਡੂੰਘੀ ਜੁੜੀ ਹੋਈ ਹੈ। ਉਸ ਦਾ ਕਹਿਣਾ ਹੈ ਕਿ ਫਿਲਮਾਂ ਬਣਾਉਣ ਦੇ ਮਾਮਲੇ ਵਿਚ ਤੈਲਗੂ ਸਿਨੇਮੇ ਦੀ ਕੋਈ ਰੀਸ ਨਹੀਂ।

# ਅੰਮ੍ਰਿਤਾ ਰਾਓ ਦਾ 'ਵਿਵਾਹ'

ਅਦਾਕਾਰ ਸ਼ਾਹਿਦ ਕਪੂਰ ਅਤੇ ਅਦਾਕਾਰਾ ਅੰਮ੍ਰਿਤਾ ਰਾਓ ਦੀ ਸਾਲ 2006 ਵਿਚ ਰਿਲੀਜ਼ ਹੋਈ ਫਿਲਮ 'ਵਿਵਾਹ' ਦੇ 15 ਸਾਲ ਪੂਰੇ ਹੋ ਗਏ ਹਨ। ਅਦਾਕਾਰਾ ਨੇ ਫਿਲਮ ਦੀ ਸ਼ੂਟਿੰਗ ਸਮੇਂ ਦੀਆਂ ਯਾਦਾਂ ਅਤੇ ਚੁਣੌਤੀਆਂ ਨੂੰ ਯਾਦ ਕੀਤਾ। ਅੰਮ੍ਰਿਤਾ ਨੇ ਆਖਿਆ" "ਇਹ ਫਿਲਮ ਮੇਰੇ ਕਰੀਅਰ ਵਿਚ 'ਮੁਗਲ-ਏ-ਆਜ਼ਮ' ਅਤੇ 'ਹਮ ਆਪ ਕੇ ਕੌਨ' ਵਾਂਗ ਹੈ। ਇਸ ਫਿਲਮ ਦਾ ਨਿਰਦੇਸ਼ਨ ਸੂਰਜ ਆਰ. ਬੜਜਾਤੀਆ ਨੇ ਕੀਤਾ ਸੀ ਅਤੇ ਫਿਲਮ ਦੀ ਕਹਾਣੀ ਇੱਕ ਵਿਆਹੇ ਜੋੜੇ ਪੂਨਮ ਅਤੇ ਪ੍ਰੇਮ ਦੁਆਲੇ ਘੁੰਮਦੀ ਹੈ। ਅੰਮ੍ਰਿਤਾ ਨੇ ਆਖਿਆ, "ਵਿਵਾਹ ਦੀ ਸ਼ੂਟਿੰਗ ਦੀਆਂ ਬਹੁਤ ਸਾਰੀਆਂ ਪਿਆਰੀਆਂ ਯਾਦਾਂ ਹਨ ਪਰ ਸਿਖਰ ਉਦੋਂ ਹੁੰਦਾ ਹੈ ਜਦੋਂ ਪੂਨਮ ਝੁਲਸ ਜਾਂਦੀ ਹੈ। ਅਸੀਂ ਅੱਗ ਨਾਲ ਝੁਲਸੇ ਦੇ ਜ਼ਖਮਾਂ ਨੂੰ ਦੇਖਣ ਅਤੇ ਅੱਧ ਤੋਂ ਵੱਧ ਸੜੇ ਵਿਅਕਤੀ ਦੀ ਪੀੜਾ ਜਾਨਣ ਲਈ ਹਸਪਤਾਲਾਂ ਦਾ ਦੌਰਾ ਹੀ ਨਹੀਂ ਕੀਤਾ ਸਗੋਂ ਸਾਡੇ



ਕੋਲ ਸੈੱਟ 'ਤੇ ਸਲਾਹ ਮਸ਼ਵਰੇ ਲਈ ਡਾਕਟਰ ਮੌਜੂਦ ਸੀ।"

# ਤਾਪਸੀ ਪੰਨੂ ਹੁਣ 'ਸ਼ਾਬਾਸ਼ ਮਿੱਠੂ'

ਅਦਾਕਾਰਾ ਤਾਪਸੀ ਪੰਨੂ ਨੇ ਆਖਿਆ ਕਿ ਉਸ ਨੇ ਆਪਣੀ ਆਉਣ ਵਾਲੀ ਫਿਲਮ 'ਸ਼ਾਬਾਸ਼ ਮਿੱਠੂ' ਦੀ ਸ਼ੂਟਿੰਗ ਦਾ ਕੰਮ ਨਿਬੇੜ ਲਿਆ ਹੈ। ਇਹ ਫਿਲਮ ਭਾਰਤੀ ਕ੍ਰਿਕਟ ਖਿਡਾਰਨ ਮਿਤਾਲੀ ਰਾਜ ਦੇ ਜੀਵਨ ਬਾਰੇ ਹੈ, ਜਿਸ 'ਚ ਤਾਪਸੀ ਭਾਰਤੀ ਮਹਿਲਾ ਕ੍ਰਿਕਟ ਦੀ ਕਪਤਾਨ ਦੀ ਭੂਮਿਕਾ ਵਿਚ ਨਜ਼ਰ ਆਏਗੀ। 34 ਸਾਲਾ ਅਦਾਕਾਰਾ ਨੇ ਸੋਸ਼ਲ ਮੀਡੀਆ 'ਤੇ ਇਕ ਤਸਵੀਰ ਸਾਂਝੀ ਕਰਦਿਆਂ ਫਿਲਮ ਦੀ ਸ਼ੂਟਿੰਗ ਮੁਕੰਮਲ ਹੋਣ ਬਾਰੇ ਖੁਲਾਸਾ ਕੀਤਾ। ਤਾਪਸੀ ਨੇ ਆਖਿਆ, "ਅਸੀਂ ਜਲਦ ਦੀ ਹੀ ਫਿਲਮ 'ਸ਼ਾਬਾਸ਼ ਮਿੱਠੂ' ਲੈ ਕੇ ਆ ਰਹੇ ਹਾਂ ਜਿਸ ਦੀ ਸ਼ੂਟਿੰਗ ਮੁਕੰਮਲ ਹੋ ਚੁੱਕੀ ਹੈ। ਵਿਸ਼ਵ ਕੱਪ 2022! ਲਈ ਤਿਆਰ ਰਹੋ।" ਇਸ ਫਿਲਮ ਦਾ ਨਿਰਦੇਸ਼ਨ ਸ੍ਰੀਜੀਤ ਮੁਖਰਜੀ ਨੇ ਕੀਤਾ ਹੈ ਜਿਨ੍ਹਾਂ ਨੇ ਫਿਲਮਸਾਜ਼ ਰਾਹੁਲ ਢੋਲਕੀਆ ਦੀ ਥਾਂ ਲਈ ਸੀ। ਰਾਹੁਲ ਨੇ ਆਪਣੇ ਰੁਝੇਵੇਂ ਕਾਰਨ ਇਹ ਪ੍ਰੋਜੈਕਟ ਛੱਡ ਦਿੱਤਾ ਸੀ। 'ਸ਼ਾਬਾਸ਼ ਮਿੱਠੂ' ਦੀ ਸ਼ੂਟਿੰਗ ਅਪਰੈਲ ਮਹੀਨੇ ਮੁੰਬਈ ਵਿਚ ਹੋਣੀ ਸੀ ਪਰ ਕਰੋਨਾ ਦੀ ਦੂਜੀ ਲਹਿਰ ਕਾਰਨ ਇਸ ਨੂੰ ਟਾਲ ਦਿੱਤਾ ਗਿਆ ਸੀ।



ਇਸ ਦੀ ਸ਼ੂਟਿੰਗ ਲੰਡਨ ਦੇ ਲਾਰਡ ਕ੍ਰਿਕਟ ਸਟੇਡੀਅਮ ਵਿਚ ਕੀਤੀ ਗਈ ਹੈ।

ਤਾਪਸੀ ਪੰਨੂ ਨੇ ਮਿਤਾਲੀ ਰਾਜ ਦੀ ਸਿਫਤ ਕੀਤੀ ਹੈ ਜੋ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਕ੍ਰਿਕਟਰ ਬਣੀ ਹੈ। ਤਾਪਸੀ, ਸ੍ਰੀਜੀਤ ਮੁਖਰਜੀ ਦੇ ਨਿਰਦੇਸ਼ਨ ਹੇਠ ਬਣ ਰਹੀ ਫਿਲਮ 'ਸ਼ਾਬਾਸ਼ ਮਿੱਤੂ' ਵਿਚ ਮਿਤਾਲੀ ਰਾਜ ਦਾ ਕਿਰਦਾਰ ਨਿਭਾ ਰਹੀ ਹੈ ਜਿਸ ਨੂੰ ਮਹਿਲਾ ਕ੍ਰਿਕਟ ਦੇ ਇਕ ਰੋਜ਼ਾ ਟੈਸਟ ਵਿਚ ਸਭ ਤੋਂ ਵੱਧ ਦੌੜਾਂ ਹਾਸਲ ਕਰਨ ਦਾ ਮਾਣ ਪ੍ਰਾਪਤ ਹੈ। ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਭਾਰਤੀ ਮਹਿਲਾ ਟੀਮ ਦੀ ਕਪਤਾਨ ਨੂੰ ਸਨਮਾਨੇ ਜਾਣ ਦੀ ਵੀਡੀਓ ਸਾਂਝੀ ਕਰਦਿਆਂ ਤਾਪਸੀ ਨੇ ਟਵੀਟ ਕੀਤਾ, "ਉਸ ਦੀ ਪ੍ਰਸ਼ੰਸਾ ਬਾਰੇ ਥਕਾ ਦੇਣ ਵਾਲੀ ਲੰਮੀ ਜਾਣ-ਪਛਾਣ ਸੁਣ ਕੇ ਮੈਨੂੰ ਲੱਗਦਾ ਹੈ ਕਿ ਉਹ ਅਸਲ ਵਿਚ ਫਿਲਮ ਦੀ ਨਹੀਂ, ਬਲਕਿ ਉਸ ਉੱਤੇ ਇੱਕ ਸੀਰੀਜ਼ ਬਣਾਏ ਜਾਣ ਦੀ ਹੱਕਦਾਰ ਹੈ।" ਤਾਪਸੀ ਨੇ ਸਾਂਝੀ ਕੀਤੀ ਤਸਵੀਰ ਦੇ ਨਾਲ ਕੈਪਸ਼ਨ ਲਿਖੀ, "ਅੱਠ ਸਾਲ ਦੀ ਸੀ, ਜਦੋਂ ਕਿਸੇ ਨੇ ਸੁਪਨਾ ਦਿਖਾਇਆ ਸੀ ਕਿ ਇੱਕ ਦਿਨ ਆਵੇਗਾ, ਜਦੋਂ ਕ੍ਰਿਕਟ ਸਿਰਫ ਪੁਰਸ਼ਾਂ ਦੀ ਖੇਡ ਨਹੀਂ ਹੋਵੇਗੀ, ਸਾਡੀ ਵੀ ਇੱਕ ਟੀਮ ਹੋਵੇਗੀ, ਇੱਕ ਪਛਾਣ ਹੋਵੇਗੀ... 'ਵਿਮੈਨ ਇਨ ਬਲਿਊ' ਆ ਰਹੇ ਹਾਂ... #ਸ਼ਾਬਾਸ਼ ਮਿੱਠੂ... ਫਿਲਮ ਦੀ ਸ਼ੂਟਿੰਗ ਮੁਕੰਮਲ! ਵਰਲਡ ਕੱਪ 2022 ਦੇ ਮਜ਼ੇ ਲੈਣ ਲਈ ਤਿਆਰ ਰਹੋ।" ਆਈ.ਸੀ.ਸੀ. ਮਹਿਲਾ ਕ੍ਰਿਕਟ ਵਰਲਡ ਕੱਪ ਅਗਲੇ ਸਾਲ ਮਾਰਚ-ਅਪਰੈਲ ਮਹੀਨੇ ਨਿਊਜ਼ੀਲੈਂਡ ਵਿਚ ਹੋਣ ਜਾ ਰਿਹਾ ਹੈ ਅਤੇ ਮਿਤਾਲੀ ਰਾਜ ਦੀ ਕਪਤਾਨੀ ਹੇਠ ਭਾਰਤ ਦਾ ਉਦੇਸ਼ ਤੀਜੀ ਵਾਰ ਫਾਈਨਲ ਵਿਚ ਪਹੁੰਚਣਾ ਤੇ ਵਰਲਡ ਕੱਪ ਜਿੱਤਣਾ ਹੈ, ਇਸ ਲਈ ਆਤਮਕਥਾ ਨੂੰ ਜ਼ਿਆਦਾ ਸਮਾਂ ਨਹੀਂ ਦਿੱਤਾ ਜਾ ਸਕਦਾ ਸੀ।"

ੴ ਸਤਿਗੁਰ ਪ੍ਰਸਾਦਿ॥

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤ ਨੂੰ

# ਕੋਟਾਨਿ ਕੋਟਿ ਵਧਾਈ

ਆਓ, ਗੁਰੂ ਸਾਹਿਬ ਜੀ ਦੇ 552 ਵੇਂ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਮਾਣਦੇ ਹੋਏ ਗੁਰੂ ਜੀ ਦੀਆਂ ਸਿੱਖਿਆਵਾਂ, ਉਪਦੇਸ਼ ਅਤੇ ਪਾਵਨ ਬਚਨਾਂ ਤੋਂ ਸੇਧ ਲੈ ਕੇ ਦੁਨੀਆ ਭਰ ਵਿਚ ਸ਼ਾਂਤੀ, ਭਾਈਚਾਰਾ ਅਤੇ ਸਦਭਾਵਨਾ ਫੈਲਾਉਣ ਦਾ ਯਤਨ ਕਰੀਏ


ਮਨਜੀਤ ਸਿੰਘ ਰਾਜਪੁਰ ਭਾਈਆਂ


ਪਰਮਵੀਰ ਸਿੰਘ, ਸ਼ਿਕਾਗੋ


ਮਨਜਿੰਦਰ ਸਿੰਘ,ਸ਼ਿਕਾਗੋ


ਅਮਰੀਕ ਸਿੰਘ ਸ਼ਿਕਾਗੋ

ਵਲੋਂ:

ਸ. ਅਮਰੀਕ ਸਿੰਘ ਸ਼ਿਕਾਗੋ ਅਤੇ ਸਮੁੱਚਾ ਅਮਰ ਕਾਰਪੈਟਸ ਪਰਿਵਾਰ

**Amar Carpets Inc.**
2423 W Devon Ave. Chicago IL 60659
Ph: 773-508-5253, 773-507-8043
Fax: 773-508-5249

**Best Flooring & Carpet Ltd**
2761 W. Algonquin Rd., Algonquin, IL 60102
Paramvir Singh, Ph: 773-956-0718
bestflooring13@gmail.com